ਮਜ੍ਹਬੀ ਸਿਖਾਂ ਦਾ ਇਤਿਹਾਸ

ਲੇਖਕ :-
ਸ: ਸ਼ਮਸ਼ੇਰ ਸਿੰਘ "ਅਸ਼ੋਕ"

ਪ੍ਰਕਾਸ਼ਕ :
ਬਾਬਾ ਜੀਵਨ ਸਿੰਘ ਮੈਮੋਰੀਅਲ ਐਂਡ ਰੀਸਰਚ ਟ੍ਰਸਟ
ਲੰਡਨ

50/=

੧ ਓ ਵਾਹਿਗੁਰੂ ਜੀ ਕੀ ਫ਼ਤਹਿ ॥

ਪ੍ਰਾਚੀਨ ਖੋਜ ਦੇ ਨੁਕਤਾ-ਨਿਗਾਹ ਤੋਂ :—

ਮਜ਼੍ਹਬੀ ਸਿੱਖਾਂ ਦਾ ਇਤਿਹਾਸ

ਜਿਸ ਵਿਚ ਆਦਿ ਕਾਲ ਤੋਂ ਲੈ ਕੇ ਵਰਤਮਾਨ ਕਾਲ ਤਕ ਪੰਜਾਂ ਦਰਿਆਵਾਂ ਦੀ ਮਾਤ-ਭੂਮੀ ਦੇ ਆਦੀ ਵਸਨੀਕ ਚੂੜਾਮਣਿ ਸੈਨਿਕ ਰੰਘਰੇਟੇ ਅਥਵਾ

ਮਜ਼੍ਹਬੀ ਸਿੱਖਾਂ ਦੇ

ਅਮਰ ਸ਼ਹੀਦ ਬਾਬਾ ਜੀਵਨ ਸਿੰਘ

ਤੇ ਉਨ੍ਹਾਂ ਦੇ ਖ਼ਾਨਦਾਨ ਸਮੇਤ, ਸਾਰੇ ਤਾਰੀਖ਼ੀ ਹਾਲਾਤ ਵੇਰਵੇ ਸਹਿਤ ਦਰਜ ਹਨ ।

ਲੇਖਕ :

ਸ: ਸ਼ਮਸ਼ੇਰ ਸਿੰਘ ਅਸ਼ੋਕ

ਹਿਸਟੋਰੀਅਨ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ।

ਪ੍ਰਕਾਸ਼ਕ :

ਕਰਤਾਰ ਸਿੰਘ ਨੱਯਰ

ਹੰਸਲੋ, ਮਿਡਲ ਸੈਕਸ, ਲੰਡਨ (ਯੂ.ਕੇ.)

(੧੯੭੯-੮੦)

PDF ਵਿਚੋਂ - ਪੰਨਾ 1 ਤੋਂ 16 ਤੱਕ + 6 ਵਰਕੇ।
ਪੰਨਾ -17 ਤੋਂ ਅਖੀਰ ਤੱਕ + 30 ਵਰਕੇ।

ਪਹਿਲੀ ਵਾਰ : ੩੦੦੦–ਸਤੰਬਰ ੧੯੮੭

ਤਤਕਰਾ ਪੰਨਾ - 41 ਤੇ ਹੈ।

41 ਤੋਂ 47 ਤੱਕ PDF ਤੇ

ਪ੍ਰਕਾਸ਼ਕ : ਕਰਤਾਰ ਸਿੰਘ ਨੱਯਰ
ਹੰਸਲੋ, ਮਿਡਲ ਸੈਕਸ,
ਲੰਡਨ (ਯੂ.ਕੇ.)

K. S. NEIYYAR
88-Cambridge Close Hounslow Middx,
TW-4 7-BG, London U.K.
Phone : 01-572-8829

K. S. NEIYYAR
R-424, Mall Road, Model Town,
Jallandhar City (Punjab) India

ਪ੍ਰਿੰਟਰ : ਜਸਪਾਲ ਪ੍ਰਿੰਟਿੰਗ ਪ੍ਰੈਸ,
ਕਟੜਾ ਘਨੀਆਂ, ਅੰਮ੍ਰਿਤਸਰ।
ਫੋਨ : ੪੧੦੬੬

ਸਮਰਪਣ !

ਉਹਨਾਂ ਮਹਾਨ ਸ਼ਹੀਦਾਂ, ਜਿਹਨਾਂ ਸਾਹਿਬੇ-ਕਮਾਲ
ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਆਦਰਸ਼ਾਂ
ਤੇ ਟੁਰਦੇ ਹੋਏ, ਧਰਮ, ਦੇਸ਼ ਤੇ ਕੌਮ
ਲਈ ਕੁਰਬਾਨੀਆਂ ਦਿਤੀਆਂ ।

ਰੰਘਰੇਟੇ ਗੁਰੂ ਕੇ ਬੇਟੇ

ਗਿਆਨੀ ਹੀਰਾ ਸਿੰਘ 'ਦਰਦ'

ਭਾਈ ਜੈਤਾ ਦਿੱਲੀ ਵਿਚੋਂ,
ਸੀਸ ਗੁਰੂ ਦਾ ਲਯਾਇਆ।
ਖ਼ੁਸ਼ ਹੋ ਕੇ ਦਸਵੇਂ ਗੁਰੂ ਬੋਲੇ,
ਛਾਤੀ ਨਾਲ ਲਗਾਇਆ।
ਧੰਨ ਸਿੱਖੀ ਤੇ ਧੰਨ ਕਮਾਈ,
ਧੰਨ ਕਹੋ ਰੰਘਰੇਟੇ।
ਕੌਣ ਅਛੂਤ ਇਨ੍ਹਾਂ ਨੂੰ ਆਖੇ,
ਇਹ ਹਨ ਗੁਰੂ ਕੇ ਬੇਟੇ।

(ਰਸਾਲਾ ਫੁਲਵਾੜੀ, ਅਪ੍ਰੈਲ, ੧੯੨੮)



कृषि राज्य मंत्री
भारत
नई दिल्ली-११०००१

MINISTER OF STATE, AGRICULTURE
INDIA
NEW DELHI-110001

October 19, 1987.

MESSAGE

I appreciate the efforts made by Shri Kartar Singh Nayyar in collecting detailed information on the life history of Baba Jeevan Singh and members of his family. Baba Jeevan Singh was a great martyr and at the great risk of his life, he carried the served head of Guru Teg Bahadurji from Delhi to Anandpur Saheb. Guru Govind Singhji had awarded him the honour of "Rangrete Guru-ke-Bete" in token of his appreciation for the exemplary courage and bravery exhibited by him. He also served the Sikh religion as a great devotee. I am sure his teachings will inspire many others.

I wish Shri Nayyar all success in his earnest efforts.

(YOGENDRA MAKWANA)
19. x. '87



ਮਜ਼ਹਬੀ ਸਿੱਖਾਂ ਦੇ ਇਤਿਹਾਸ ਬਾਰੇ

ਪੁਸਤਕ 'ਮਜ਼ਹਬੀ ਸਿਖਾਂ ਦਾ ਇਤਿਹਾਸ' ਲਿਖਣ ਲਈ ਸਰਦਾਰ ਸ਼ਮਸ਼ੇਰ ਸਿੰਘ ਜੀ ਅਸ਼ੋਕ ਨੂੰ ਬੜੀ ਇਤਿਹਾਸਿਕ ਅਤੇ ਮਿਥਿਹਾਸਿਕ ਖੋਜ ਕਰਨੀ ਪਈ ਹੈ, ਜਿਸ ਲਈ ਸਮੂਹ ਮਜ਼ਹਬੀ ਸਿਖ ਬਰਾਦਰੀ ਉਹਨਾਂ ਦੀ ਰਿਣੀ ਹੈ। ਉਹਨਾਂ ਸਵਰਗਪੁਰੀ ਪਧਾਰਨ ਤੋਂ ਪਹਿਲਾਂ ਇਤਿਹਾਸ ਦੇ ਉਹ ਪਾਸੇ ਉਜਾਗਰ ਕੀਤੇ ਹਨ ਜੋ ਅਜੇ ਤਕ ਕਿਸੇ ਇਤਿਹਾਸਕਾਰ ਨੇ ਨਹੀਂ ਫਰੋਲੇ ਸਨ ਅਤੇ ਅਛੂਤੇ ਸਨ।

ਇਹਨਾਂ ਅਛੂਤੇ ਪੰਨਿਆਂ ਨੂੰ ਫਰੋਲਣ ਅਤੇ ਇਕ ਪੁਸਤਕ ਦੇ ਰੂਪ ਵਿਚ ਕਲਮਬੰਦ ਕਰਾਉਣ ਦਾ ਸਿਹਰਾ ਸਰਦਾਰ ਕਰਤਾਰ ਸਿੰਘ ਨੱਯਰ ਲੰਡਨ ਨਿਵਾਸੀ ਦੇ ਸਿਰ ਜਾਂਦਾ ਹੈ। ਉਹਨਾਂ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ।

ਨੱਯਰ ਸਾਹਿਬ ਵਲਾਇਤ ਵਿਚ ਰਹਿ ਕੇ ਗੁਰਸਿਖੀ ਦੀ ਸੇਵਾ ਕਰਦੇ ਰਹੇ ਅਤੇ ਇਹ ਇਤਿਹਾਸਿਕ ਪੁਸਤਕ ਉਘੇ ਅਤੇ ਮਹਾਨ ਵਿਦਵਾਨ ਸਰਦਾਰ ਸ਼ਮਸ਼ੇਰ ਸਿੰਘ ਜੀ ਅਸ਼ੋਕ ਪਾਸੋਂ ਲਿਖਵਾ ਕੇ ਮਜ਼ਹਬੀ ਸਿਖ ਬਰਾਦਰੀ ਅਤੇ ਸਮੁਚੇ ਸਿਖ ਪੰਥ ਸਾਹਮਣੇ ਬਾਬਾ ਜੀਵਨ ਸਿੰਘ ਜੀ ਅਤੇ ਹੋਰ ਮਹਾਂਬੀਰ ਯੋਧਿਆਂ ਦਾ ਇਤਿਹਾਸ ਜਿਹਨਾਂ ਮਹਾਨ ਕੁਰਬਾਨੀਆਂ ਕੀਤੀਆਂ ਸਨ, ਲਿਆਂਦਾ ਹੈ। ਏਨਾ ਵੱਡਾ ਕੰਮ ਇਕ ਗੁਰੂ ਘਰ ਦਾ ਪ੍ਰੇਮੀ ਹੀ ਕਰ ਸਕਦਾ ਹੈ।

ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਨੇ ਜੋ ਇਹ ਗੱਲ ਪੰਨਾ ੬੯ ਤੇ ਲਿਖੀ ਹੈ, ਜੋ ਭਾਈ ਜੈਤੇ ਨਾਲ ਉਸ ਸਮੇਂ ਦਿੱਲੀ ਵਾਸੀ ਭਾਈ ਨਾਨੋ ਸਿੰਘ ਨਾਮੀ ਇਕ ਛੀਂਬਾ ਸਿਖ ਵੀ ਸੀ, ਇਸ ਗੱਲ ਦਾ ਵੇਰਵਾ ਕਿਸੇ ਇਤਿਹਾਸਿਕ ਪੁਸਤਕ ਯਾ ਗਰੰਥ ਵਿਚ ਨਹੀਂ ਮਿਲਦਾ। ਇਹ ਗੱਲ ਉਹਨਾਂ ਕੇਵਲ ਕਵੀ ਕੇਸਰ ਸਿੰਘ ਜੀ ਛਿੱਬਰ ਦੇ

ਕਥਨ ਅਨੁਸਾਰ ਲਿਖੀ ਹੈ। ਜਿਥੋਂ ਤਕ ਇਤਿਹਾਸਿਕ ਗਰੰਥਾਂ ਦਾ ਸਬੰਧ ਹੈ, ਬਾਬਾ ਜੀ ਇਕੱਲੇ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿੱਤਰ ਸੀਸ ਦਿੱਲੀ ਤੋਂ ਲੈ ਕੇ ਅਨੰਦਪੁਰ ਸਾਹਿਬ ਪੁਜੇ ਸਨ ਅਤੇ ਬਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਗੇ ਬੜੇ ਆਦਰ ਨਾਲ ਜਾ ਰਖਿਆ ਸੀ ਅਤੇ ਨਾਲ ਹੀ ਗੁਰ-ਗੱਦੀ ਦੀਆਂ ਨਿਸ਼ਾਨੀਆਂ ਪੰਜ ਪੈਸੇ ਤੇ ਨਰੇਲ ਵੀ ਪੇਸ਼ ਕਰ ਦਿਤਾ। ਉਸ ਸਮੇਂ ਬਾਲ-ਗੁਰੂ ਜੀ ਮਹਾਰਾਜ ਨੇ ਬਾਬਾ ਜੀ ਨੂੰ ਆਪਣੀ ਛਾਤੀ ਨਾਲ ਲਾਇਆ ਅਤੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਮਹਾਨ ਵਰ ਬਖਸ਼ਿਸ਼ ਕੀਤਾ। ਏਡੇ ਵਡੇ ਵਰ ਦਾ ਮਾਨ ਸਿਖ ਪੰਥ ਵਿਚ ਕਿਸੇ ਹੋਰ ਮਨੁੱਖ ਨੂੰ ਪ੍ਰਾਪਤ ਨਹੀਂ ਹੈ। ਬਾਬਾ ਜੀ ਬਾਰੇ ਕਿਸੇ ਕਵੀ ਨੇ ਇਸ ਇਸ ਤਰ੍ਹਾਂ ਲਿਖਿਆ ਹੈ :

ਸਰਬ ਜਗਤ ਦੀ ਚਿਟੀ ਚਾਦਰ
ਸੀਸ ਲਿਆਂਦਾ ਜਿਸ ਕਰ ਆਦਰ

ਮੈਂ ਇਸ ਪੁਸਤਕ ਨੂੰ ਜੇ ਮਜ਼ਹਬੀ ਸਿਖਾਂ ਦਾ ਇਤਿਹਾਸ ਨਾ ਕਹਿ ਕੇ ਸਮੂਹ ਸਿਖੀ ਅਤੇ ਹਿੰਦੂ ਧਰਮ ਦੇ ਰਖਵਾਲਿਆਂ ਦਾ ਇਤਿਹਾਸ ਕਹਾਂ ਤਾਂ ਕੋਈ ਹਰਜ ਦੀ ਗੱਲ ਨਹੀਂ ਹੈ।


ਮੇਰੀ ਅਕਾਲ ਪੁਰਖ ਪਾਸ ਅਰਦਾਸ ਹੈ ਕਿ ਸਰਦਾਰ ਕਰਤਾਰ ਸਿੰਘ ਨੱਯਰ ਨੂੰ ਗੁਰੂ ਪੰਥ ਅਤੇ ਸਮੁਚੇ ਭਾਰਤ ਦੀ ਵੱਧ ਤੋਂ ਵੱਧ ਸੇਵਾ ਕਰਨ ਦਾ ਬਲ ਬਖਸ਼ਣ।

ਗੁਰੂ ਪੰਥ ਦਾ ਦਾਸ—

ਗੁਰਮੁਖ ਸਿੰਘ ਸੰਧੂ

ਸਾਬਕਾ ਕੰਟਰੋਲਰ, ਇੰਪੋਰਟ ਅਤੇ ਐਕਸਪੋਰਟ
ਅਤੇ ਮੈਨੇਜਿੰਗ ਡਾਇਰੈਕਟਰ ਪ੍ਰੀਸ਼ਦ
ਐਕਸਪੋਰਟ ਕਾਰਪੋਰੇਸ਼ਨ, ਅੰਮ੍ਰਿਤਸਰ





ਬਾਬਾ ਜੀਵਨ ਸਿੰਘ ਜ
ਦੇ
ਕੁਝ ਸ਼ਸਤਰ

ਇਕ ਚਿੱਠੀ

ਸ੍ਰੀਮਾਨ ਸਰਦਾਰ ਕਰਤਾਰ ਸਿੰਘ ਜੀ ਨੱਯਰ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਾਨੂੰ ਪਤਾ ਲੱਗਾ ਹੈ ਕਿ ਆਪ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਜੀਵਨੀ ਤੇ ਇਕ ਪੁਸਤਕ ਲਿਖ ਰਹੇ ਹੋ। ਸਾਡੇ ਪਾਸ ਬਾਬਾ ਜੀ ਨਾਲ ਸੰਬੰਧਤ ਸ਼ਸਤਰ ਹਨ, ਜੋ ਸਾਡੇ ਪ੍ਰਵਾਰ ਪਾਸ ਸਦੀਆਂ ਤੋਂ ਚਲੇ ਆ ਰਹੇ ਹਨ। ਉਹਨਾਂ ਸ਼ਸਤਰਾਂ ਦੀ ਫੋਟੋ ਤੁਹਾਨੂੰ ਭੇਜ ਰਹੇ ਹਾਂ। ਆਪ ਜੀ ਦੀ ਬੜੀ ਕਿਰਪਾ ਹੋਵੇਗੀ ਜੇ ਤੁਸੀਂ ਇਹਨਾਂ ਸ਼ਸਤਰਾਂ ਦੀ ਫੋਟੋ ਸੰਗਤਾਂ ਦੇ ਦਰਸ਼ਨਾਂ ਵਾਸਤੇ ਆਪਣੀ ਪੁਸਤਕ ਵਿਚ ਛਪਵਾਉਣ ਦੀ ਕ੍ਰਿਪਾਲਤਾ ਕਰੋਗੇ।

ਗੁਰੂ ਪੰਥ ਦਾ ਦਾਸ–
ਮਹਾਂਬੀਰ ਸਿੰਘ
ਗੁ: ਅਕਾਲਗੜ੍ਹ ਝਬਾਲ ਰੋਡ ਅੰਮ੍ਰਿਤਸਰ
(ਸ੍ਰੀ ਨਨਕਾਣਾ ਸਾਹਿਬ ਵਾਲੇ)

੩੦-੭-੮੭



ਬਾਬਾ ਜੀਵਨ ਸਿੰਘ ਜੀ ਗੁਰੂ
ਤੇਗ ਬਹਾਦਰ ਜੀ ਦਾ ਸੀਸ ਸ੍ਰੀ
ਅਨੰਦਪੁਰ ਸਾਹਿਬ ਵਿਖੇ ਗੁਰੂ
ਗੋਬਿੰਦ ਸਿੰਘ ਜੀ ਨੂੰ ਭੇਟ ਕਰ
ਰਹੇ ਹਨ

ਮੁੱਢਲੀ ਜਾਣ-ਪਛਾਣ

ਰੰਘਰੇਟੇ ਅਥਵਾ ਮਜ਼੍ਹਬੀ ਸਿੱਖ ਖ਼ਾਨਦਾਨ ਬਾਰੇ ਕੋਈ ਹੋਰ ਇਤਿਹਾਸਿਕ ਵੇਰਵੇ ਦੇਣ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਖ਼ਾਨਦਾਨ ਦੀ ਉਪਜ ਬਿਪਜ ਕਿਥੋਂ ਤੇ ਕਿਵੇਂ ਹੋਈ ਤੇ ਫੇਰ ਇਹ ਖਾਨਦਾਨ ਸਤਿਜੁਗ, ਤਰੇਤਾ, ਦੁਆਪਰ ਥੀਂ ਹੁੰਦਾ ਹੋਇਆ ਹੁਣ ਕਲਿਜੁਗ ਦੇ ਸਮੇਂ (ਵਰਤਮਾਨ ਕਾਲ) ਵਿਚ ਕਿਸ ਨੌਬਤ ਤਕ ਪੁੱਜਾ ਹੈ। ਇਸ ਖਾਨਦਾਨ ਦੀ ਅਜ ਕਲ ਕੀ ਹਾਲਤ ਹੈ ਤੇ ਭਵਿੱਖ ਇਸ ਦਾ ਪਹਿਲਾਂ ਵਾਂਗੂ ਹੀ ਧੁੰਦਲਾ ਰਹਿਣਾ ਹੈ ਜਾਂ ਉੱਜਲ ਹੋਣ ਦੀ ਆਸ ਹੈ।

ਸੰਸਾਰ ਦੇ ਲਗਭਗ ਸਾਰੇ ਹੀ ਖ਼ਾਨਦਾਨ ਪਹਿਲੇ ਪਹਿਲ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਮਹਾਂ-ਵਾਕ ਅਨੁਸਾਰ ਇਕ ਰਾਮ (ਅਕਾਲ ਪੁਰਖ ਵਾਹਿਗੁਰੂ) ਦੀ ਅੰਸ਼ ਹੋਣ ਕਰ ਕੇ ਆਪਣੇ ਆਪ ਵਿਚ ਬੜਾ ਬੁਲੰਦ ਰੁਤਬਾ ਰੱਖਦੇ ਆਏ ਹਨ। ਪਰ ਪਿਛੋਂ 'ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ' ਦੇ ਕਥਨ ਅਨੁਸਾਰ ਪਹਿਲਾਂ ਮਨੁੱਖੀ ਚਾਰ-ਵਰਣ (ਸ਼੍ਰੇਣੀਆਂ) ਤੇ ਫੇਰ ਉਹਨਾਂ ਤੋਂ ਜੇਹੇ 'ਕਰਮ ਕਮਾਇ' ਦੇ ਅਨੁਸਾਰ ਅਨੇਕ ਉੱਚੀਆਂ-ਨੀਵੀਆਂ ਜਾਤਾਂ ਪੈਦਾ ਹੋਣੀਆਂ ਇਕ ਕੁਦਰਤੀ ਗੱਲ ਸੀ। ਸੋ ਇਸੇ ਕਾਰਣ ਪੰਜਾਬ ਵਿਚ ਆਰਯਾਂ ਦੇ ਆਉਣ ਤੋਂ ਪਹਿਲਾਂ ਏਥੇ ਦ੍ਰਾਵਿੜ ਜਾਤਿ ਦੇ ਲੋਕ ਵਸਦੇ ਸਨ, ਜਿਨ੍ਹਾਂ ਵਿਚੋਂ ਇਕ ਸੈਨਿਕ ਜਾਤਿ ਚੂੜਾਮਣੀ ਨਾਂ ਕਰ ਕੇ ਮਸ਼ਹੂਰ ਸੀ। ਇਹੋ ਜਾਤਿ ਸ਼ਸਤ੍ਰਧਾਰੀ ਹੋਣ ਕਰ ਕੇ ਧਾਣਕ ਜਾਤਿ ਦੇ ਨਾਂ ਹੇਠ ਇਸ ਦੇਸ਼ ਦੀ ਰੱਖਿਆ ਕਰਦੀ ਰਹੀ ਸੀ। ਤੀਰ-ਕਮਾਣ ਉਨ੍ਹਾਂ ਦਾ ਦੂਰ-ਮਾਰ ਕਰਨ ਵਾਲਾ ਹਥਿਆਰ ਸੀ। ਕਮਾਣ ਦਾ ਦੂਜਾ ਨਾਂ ਹੈ ਧਨੁਖ, ਇਸ ਲਈ ਧਨੁਖਧਾਰੀ ਹੋਣ ਕਰ ਕੇ ਇਸ ਜਾਤਿ ਦੇ ਆਮ ਸਿਪਾਹੀ ਧਾਣਕ ਕਹੇ ਜਾਂਦੇ ਸਨ ਤੇ ਉਨ੍ਹਾਂ ਦੇ ਫੌਜੀ ਸਰਦਾਰ ਚੂੜਾਮਣਿ (ਸਿਪਹ ਸਾਲਾਰ) ਆਦਿ ਨਾਮਾਂ ਨਾਲ ਪ੍ਰਸਿੱਧ ਸਨ।

ਜਦ ਆਰਯ ਲੋਕ, ਜੋ ਭੇਡਾਂ, ਬੱਕਰੀਆਂ ਤੇ ਮੱਝਾਂ ਗਾਈਆਂ ਦੇ ਚਰਵਾਹੇ ਹੋਣ ਕਰ ਕੇ ਇਕ ਪ੍ਰਕਾਰ ਦਾ ਜੰਗਲੀ ਜੀਵਨ ਗੁਜ਼ਾਰਦੇ ਸਨ, ਬੜੇ ਭਾਰੇ ਟਿੱਡੀ

ਦਲਾਂ ਵਾਂਗੂ ਧਾਵਾ ਕਰ ਕੇ ਇਥੇ ਆਏ ਤਾਂ ਵਪਾਰੀ ਤਬਕੇ ਦੇ ਪੂੰਜੀਪਤਿ ਦ੍ਰਾਵਿੜ ਲੋਕ, ਜੋ ਮੋਹਿੰਜੋਦਾਰੋ, ਹੜੱਪਾ, ਟੈਕਸਿਲਾ ਆਦਿ ਨਗਰਾਂ ਵਿਚ ਅਮੀਰੀ ਦਾ ਜੀਵਨ ਗੁਜ਼ਾਰਦੇ ਸਨ, ਥੋੜੇ ਜਿਹੇ ਟਾਕਰੇ ਤੋਂ ਬਾਅਦ ਹੀ ਆਰਯਾਂ ਤੋਂ ਡਰਦੇ ਮਾਰੇ ਦੇਸ਼ ਛੱਡ ਕੇ ਦੱਖਣੀ ਭਾਰਤ ਵਿਚ ਨੱਸ ਗਏ ਤੇ ਪਿੱਛੇ ਰਹੇ ਘੱਟ-ਗਿਣਤੀ ਦੇ ਸੈਨਿਕ ਲੋਕ ਜੋ ਰਣ ਵਿਚ ਪਿੱਠ ਦੇ ਕੇ ਕਿਸੇ ਪਾਸੇ ਨੱਸਣਾ, ਗੁਨਾਹ ਸਮਝਦੇ ਸਨ, ਇਸ ਲਈ ਉਹ ਲੜਦੇ-ਭਿੜਦੇ ਏਥੇ ਹੀ ਰਹਿ ਗਏ, ਤੇ ਪਹਾੜੀ ਇਲਾ-ਕਿਆਂ ਵਿਚ ਰਹਿ ਕੇ ਔਖੇ ਸੌਖੇ ਸਮਾਂ ਗੁਜ਼ਾਰਨ ਲੱਗੇ। ਇਸ ਜਿੱਤ ਦੇ ਗੁਮਾਨ ਵਿਚ ਆਰਯ ਲੋਕ ਖੁਦ ਤਾਂ ਸੁਰ ਅਥਵਾ ਦੇਵਤੇ ਅਖਵਾਏ ਅਤੇ ਦ੍ਰਾਵਿੜਾਂ ਦੇ ਚੂੜਾਮਣਿ ਸੈਨਿਕਾਂ ਨੂੰ ਉਹਨਾਂ ਨੇ ਅਸੁਰ ਅਥਵਾ ਦੈਂਤ ਅਥਵਾ ਚੂੜੇ ਕਰਾਰ ਦੇ ਦਿੱਤਾ। ਫੇਰ ਅਨੇਕਾਂ ਦੇਵ-ਦਾਨਵੀ ਸੰਗ੍ਰਾਮਾਂ ਵਿਚ ਜਦ ਉਹ ਲੋਕ ਆਰਯਾਂ ਦੇ ਮੁਕਾਬਲੇ ਤੇ ਹਾਰ ਕੇ ਹੋਰ ਵੀ ਘਟਦੇ ਘਟਦੇ ਘਟ ਗਏ ਤੇ ਪੂਰੀ ਤਰ੍ਹਾਂ ਆਰਯਾਂ ਦੇ ਮਤੀਹ ਹੋ ਗਏ ਤਾਂ ਉਸ ਸਮੇਂ ਵੈਦਿਕ ਕਾਲ ਤੋਂ ਬਾਅਦ ਪੁਰਾਣਿਕ ਕਾਲ ਵਿਚ ਆਰਯਾਂ ਦੀ ਮਨ-ਮੰਨੀ ਵਰਣ ਵਿਵਸਥਾ ਕਾਇਮ ਹੋਣ ਤੇ ਸਭ ਤੋਂ ਨੀਵੇਂ ਸ਼ੂਦ੍ਰ ਇਕ ਅਲੱਗ ਜਾਤੀ ਵਜੋਂ ਬਣ ਚੁਕੇ ਸਨ, ਇਸ ਲਈ ਦ੍ਰਾਵਿੜਾਂ ਦੇ ਚੂੜਾਮਣਿ ਸੈਨਿਕਾਂ ਨੂੰ ਧਾਣਕ ਅਥਵਾ ਧਨੁਖਧਾਰੀ ਚੰਡਾਲ ਕਰਾਰ ਦਿਤਾ ਗਿਆ।

ਭਗਵਾਨ ਮਨੂ ਦੇ ਕਥਨ ਅਨੁਸਾਰ, ਜਿਵੇਂ ਕਿ ਉਸ ਨੇ ਆਪਣੇ ਮਾਨਵ ਧਰਮ ਸ਼ਾਸਤ੍ਰ ਦੇ ਦਸਵੇਂ ਅਧਿਆਇ ਦੇ ੫੧-੫੪ਵੇਂ ਸ਼ਲੋਕਾਂ ਵਿਚ ਲਿਖਿਆ ਹੈ, 'ਚੰਡਾਲਾਂ ਤੇ ਸੈਂਸੀਆਂ ਦਾ ਨਿਵਾਸ ਪਿੰਡੋਂ ਬਾਹਰ ਹੋਣਾ ਚਾਹੀਏ। ਇਹਨਾਂ ਦੇ ਨਿਖਿੱਧ ਭਾਂਡੇ ਹੋਣ, ਕੁੱਤੇ ਤੇ ਗਧੇ ਇਨ੍ਹਾਂ ਦੀ ਧਨ-ਸੰਪਦਾ ਹੋਵੇ, ਮਰੇ ਹੋਏ ਲੋਕਾਂ ਦੇ ਵਸਤਰ ਜਾਂ ਫਟੇ ਪੁਰਾਣੇ ਚੀਥੜੇ ਇਨ੍ਹਾਂ ਨੂੰ ਹੰਢਾਉਣ ਵਾਸਤੇ ਦਿਤੇ ਜਾਣ, ਟੁੱਟੇ-ਫੁੱਟੇ ਭਾਂਡੇ ਰੋਟੀ ਖਾਣ ਪਕਾਣ ਵਾਸਤੇ ਹੋਣ ਤੇ ਲੋਹੇ ਦੇ ਕੜੇ, ਛੱਲੇ ਆਦਿ ਇਹਨਾਂ ਦੇ ਗਹਿਣੇ ਹੋਣ। ਜਦੋਂ ਕੋਈ ਧਰਮ ਸੰਬੰਧੀ ਅਨੁਸ਼ਠਾਨ ਜਾਂ ਯੋਗ-ਕਰਮ ਹੁੰਦਾ ਹੋਵੇ ਤਾਂ ਲੋਕਾਂ ਨੂੰ ਇਹਨਾਂ ਦੇ ਦਰਸ਼ਨ ਕਰਨ ਦੀ ਮਨਾਹੀ ਹੈ। ਇਹਨਾਂ ਦੇ ਵਿਆਹ ਤੇ ਹੋਰ ਲੈਣ-ਦੇਣ ਦੇ ਵਿਹਾਰਿਕ ਕੰਮ ਵੀ ਇਹਨਾਂ ਦੀ ਆਪਣੀ ਜਾਤਿ ਤਕ ਹੀ ਸੀਮਿਤ ਹੋਣ। ਜੇ ਇਹਨਾਂ ਨੂੰ ਅੰਨ ਦੇਣਾ ਹੋਵੇ ਤਾਂ ਆਪਣੇ ਹੱਥੀਂ ਨਹੀਂ, ਸਗੋਂ ਕਿਸੇ ਹੋਰ ਭਾਂਡੇ ਵਿਚ ਰੱਖ ਕੇ ਕਿਸੇ ਨੌਕਰ ਦੇ ਹੱਥੀਂ ਦੇਣਾ ਚਾਹੀਏ। ਇਹਨਾਂ ਚੰਡਾਲਾਂ ਤੇ ਸੈਂਸੀਆਂ ਨੂੰ ਰਾਤ ਦੇ ਸਮੇਂ ਪਿੰਡਾਂ ਵਿਚ ਫਿਰਨ ਦੀ ਆਗਿਆ ਨਹੀਂ ਹੈ।'

ਫਿਰ ਇਸ ਤੋਂ ਅੱਗੇ ਮਨੂ ਭਗਵਾਨ ਨੇ ਸ਼ਲੋਕ ੫੫-੫੬ ਵਿਚ ਲਿਖਿਆ ਹੈ

ਕਿ ਜੇ ਚੰਡਾਲਾਂ ਤੇ ਸੈਂਸੀਆਂ ਨੂੰ ਆਪਣੇ ਕਿਸੇ ਕੰਮ ਪਿੰਡਾਂ ਵਿਚ ਆਉਣ ਦੀ ਲੋੜ ਪਵੇ ਤਾਂ ਉਹ ਆਪਣੇ ਹੱਥਾਂ ਵਿਚ ਕਿਸੇ ਚੀਜ਼ ਦਾ ਨਿਸ਼ਾਨ ਲੈ ਕੇ ਆਉਣ, ਤਾਂਕਿ ਆਸਾਨੀ ਨਾਲ ਪਛਾਣੇ ਜਾ ਸਕਣ ਤੇ ਲਾਵਾਰਿਸ ਮੁਰਦਿਆਂ ਨੂੰ ਪਿੰਡੋਂ ਬਾਹਰ ਲਿਜਾ ਕੇ ਸਾੜਨ ਦੀ ਉਹਨਾਂ ਨੂੰ ਆਗਿਆ ਹੈ। ਇਸੇ ਤਰ੍ਹਾਂ ਜਿਹਨਾਂ ਅਪਰਾਧੀਆਂ ਨੂੰ ਰਾਜੇ ਵਲੋਂ ਮੌਤ ਦੀ ਸਜ਼ਾ ਹੋਈ ਹੋਵੇ ਉਹਨਾਂ ਨੂੰ ਬਾਹਰ ਕਤਲਗਾਹ ਜਾਂ ਸ਼ਮਸ਼ਾਨ ਭੂਮੀ ਆਦਿ ਥਾਵੀਂ ਲਿਜਾ ਕੇ ਕਤਲ ਕਰਨ ਜਾਂ ਫਾਂਸੀ ਦੇਣ ਦਾ ਤੇ ਉਹਨਾਂ ਦੇ ਕਪੜੇ ਲਾਹ ਲਿਜਾਣ ਦਾ ਚੰਡਾਲਾਂ ਨੂੰ ਪੂਰਾ ਪੂਰਾ ਅਧਿਕਾਰ ਹੈ।'

ਇਹ ਹਨ ਮਾਨਵ ਧਰਮ ਸ਼ਾਸਤਰ ਦੇ ਅਟੱਲ ਹੁਕਮ, ਜਿਹਨਾਂ ਦੇ ਅਨੁਸਾਰ ਉਸ ਸਮੇਂ ਚੂੜਾਮਣਿ ਧਾਣਕ (ਸੈਨਿਕਾਂ) ਨਾਲ ਉਹਨਾਂ ਨੂੰ ਨੀਵੇਂ ਦਰਜੇ ਦੇ ਸ਼ੂਦ੍ਰ ਕਰਾਰ ਦੇ ਕੇ ਬੜਾ ਨੀਚ-ਪੁਣੇ ਦਾ ਵਿਹਾਰ ਉਸ ਵਕਤ ਦੇ ਆਰਯਾ ਹਾਕਮਾਂ ਵਲੋਂ ਕੀਤਾ ਜਾਂਦਾ ਸੀ।

ਹੁਣ ਏਥੇ ਸਵਾਲ ਪੈਦਾ ਹੁੰਦਾ ਹੈ ਕਿ ਇਹ ਚੂੜਾਮਣਿ ਧਾਣਕ (ਸੈਨਾਪਤਿ) ਜਾਤਿ ਦੇ ਲੋਕ ਇਥੋਂ ਦੇ ਆਦਿ ਵਾਸੀ ਸਨ ਜਾਂ ਆਰਯ ਲੋਕ, ਜਿਹੜੇ ਕਿ ਇਥੇ ਪਿਛੋਂ ਹਮਲਾ-ਆਵਰ ਹੋ ਕੇ ਆਏ ਤੇ ਉਹਨਾਂ ਨੇ ਦ੍ਰਾਵਿੜਾਂ ਨੂੰ ਇਥੋਂ ਦੱਖਣੀ ਭਾਰਤ ਵਲ ਭਜਾਇਆ ਸੀ। ਸਿਖਾਂ ਦੇ ਪ੍ਰਸਿੱਧ ਇਤਿਹਾਸਕਾਰ ਸਰਦਾਰ ਕਰਮ ਸਿੰਘ (ਹਿਸਟੋਰੀਅਨ) ਦੇ ਕਥਨ ਅਨੁਸਾਰ ਮਜ਼੍ਹਬੀ (ਧਾਣਕ) ਜਾਤਿ ਦੇ ਲੋਕ ਏਥੇ ਆਰਯਾਂ ਤੋਂ ਢੇਰ ਸਮਾਂ ਪਿੱਛੋਂ ਜੱਟਾਂ (ਜਰਤਿਕਾਂ) ਦੇ ਨਾਲ ਮੱਧ ਏਸ਼ੀਆ ਤੋਂ ਆ ਕੇ ਉਨ੍ਹਾਂ ਦੇ ਨਾਲ ਹੀ ਏਥੇ ਪੱਛਮੀ ਪੰਜਾਬ ਵਿਚ ਅਬਾਦ ਹੋਏ ਸਨ, ਪਰ ਇਹ ਉਨ੍ਹਾਂ ਦੀ ਖੋਜ, ਜੋ ਨਿਰੋਲ ਕਿਸੇ ਪਰੰਪਰਾਗਤ ਦਲੀਲ ਉਤੇ ਆਧਾਰਿਤ ਹੈ, ਠੀਕ ਨਹੀਂ ਕਹੀ ਜਾ ਸਕਦੀ, ਕਿਉਂਕਿ ਮਜ਼੍ਹਬੀ (ਧਾਣਕ) ਜਾਤਿ ਦੇ ਲੋਕਾਂ ਨੂੰ ਏਥੇ ਜੱਟਾਂ ਦੇ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੀਆਂ ਜੁਝਾਊ ਰੁਚੀਆਂ ਕਾਰਣ ਅਸੁਰ ਚੰਡਾਲ, ਦੈਂਤ, ਰਾਖਸ ਆਦਿ ਕਹਿ ਕੇ ਦੁਰਕਾਰਿਆ ਜਾਂਦਾ ਸੀ, ਲਗਭਗ ਸਾਰੇ ਹੀ ਪੁਰਾਣਿਕ ਗ੍ਰੰਥਾਂ ਤੇ ਉਹਨਾਂ ਵਿਚ ਕਥਨ ਕੀਤੇ ਹੋਏ ਦੇਵਣਦਾਨਵਾਂ ਦੇ ਜੁੱਧਾਂ ਤੋਂ ਇਸ ਗੱਲ ਦੇ ਸਬੂਤ ਮਿਲਦੇ ਹਨ, ਇਸ ਲਈ ਇਸ ਸੰਬੰਧ ਵਿਚ ਸਰਦਾਰ ਕਰਮ ਸਿੰਘ ਹਿਸਟੋਰੀਅਨ ਦੇ ਇਸ ਕਥਨ ਨੂੰ ਕੋਈ ਖਾਸ ਮਹੱਤਵ ਨਹੀਂ ਦਿਤਾ ਜਾ ਸਕਦਾ ਕਿ ਮਜ਼੍ਹਬੀ ਲੋਕ ਜੱਟਾਂ ਦੇ ਨਾਲ ਮੱਧ ਏਸ਼ੀਆ ਤੋਂ ਆਏ ਸਨ, ਪਰ ਹਾਂ ਇਸ ਗੱਲੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੱਟ ਜਿਵੇਂ ਮੁੱਢ ਕਦੀਮ ਤੋਂ ਲੜਾਕੇ ਸੁਭਾਉ ਦੇ ਵਿਅਕਤੀ ਹਨ, ਇਸੇ ਤਰ੍ਹਾਂ

ਮਜ਼ੁਬੀ ਸਿਖ ਵੀ ਸੁਭਾਵਿਕ ਹੀ ਇਸੇ ਤਰ੍ਹਾਂ ਦੇ ਹਨ। ਤੇ ਇਹਨਾਂ ਦੇ ਪਰਸਪਰ ਕੱਦ-ਕਾਠ ਤੇ ਹੋਰ ਜਾਤੀ ਕੰਮ-ਕਾਜ ਵੀ ਆਪਸ ਵਿਚ ਵਧੇਰੇ ਜੱਟਾਂ ਨਾਲ ਹੀ ਮੇਲ ਖਾਂਦੇ ਹਨ। ਇਸ ਲਈ ਉਹਨਾਂ ਨੂੰ ਇਕ ਦੂਜੇ ਤੋਂ ਕਿਸੇ ਹੀਲੇ ਅਲੱਗ ਨਹੀਂ ਕੀਤਾ ਜਾ ਸਕਦਾ।

ਚੂੜਾਮਣਿ ਜਾਂ ਧਾਣਕ ਲੋਕ ਪੁਰਾਣਿਕ ਜਾਂ ਬ੍ਰਾਹਮਣੀ ਕਾਲ ਤੋਂ ਬਾਅਦ ਰਾਜਪੂਤੀ ਕਾਲ ਵਿਚ ਜਿਵੇਂ ਪੱਛਮੀ ਪੰਜਾਬ ਵਿਚ ਰਹਿੰਦੇ ਹੋਏ ਗੱਖੜਾਂ ਤੇ ਖੋਖਰਾਂ ਦੀ ਸ਼ਕਲ ਵਿਚ ਰਾਜਪੂਤ ਬਣ ਕੇ ਪਲਟ ਗਏ, ਇਹ ਇਸ ਪ੍ਰਗਤੀਸ਼ੀਲ ਜਾਤੀ ਬਾਰੇ ਕੋਈ ਅਲੌਕਿਕ ਘਟਨਾ ਨਹੀਂ ਹੈ, ਕਿਉਂਕਿ ਮਹਾਂ-ਭਾਰਤ ਦੇ ਕਰਣ ਪਰਬ (ਅਧਿਆਇ ੪੩-੪੪) ਦੇ ਕਥਨ ਅਨੁਸਾਰ ਵਾਹੀਕ ਦੇਸ ਅਥਵਾ ਪੰਜਾਬ ਦੇ ਲੋਕ ਆਪੋ ਆਪਣੇ ਜਾਤੀ ਸੁਭਾਉ ਜਾਂ ਗੁਣ-ਕਰਮ ਦੇ ਅਨੁਸਾਰ ਹਮੇਸ਼ਾਂ ਇਕ ਜਾਤਿ ਤੋਂ ਦੂਜੀ ਵਿਚ ਬਦਲਦੇ ਹੀ ਰਹੇ ਹਨ, ਇਸ ਲਈ ਉਹਨਾਂ ਵਿਚੋਂ ਹੀ ਜੇ ਧਾਣਕ ਵੀ ਗੱਖੜ ਜਾਂ ਖੋਖਰ ਜਾਤਿ ਦੀ ਸ਼ਕਲ ਵਿਚ ਰਾਜਪੂਤ ਬਣ ਕੇ ਤਬਦੀਲ ਹੋ ਗਏ ਤਾਂ ਇਹ ਕੋਈ ਅਨ-ਇਤਿਹਾਸਿਕ ਜਾਂ ਗੈਰ-ਕੁਦਰਤੀ ਗੱਲ ਨਹੀਂ ਹੈ। ਅਜਿਹੇ ਜਾਤਿ ਪ੍ਰਵਰਤਨ ਕੇਵਲ ਪ੍ਰਾਚੀਨ ਕਾਲ ਵਿਚ ਹੀ ਨਹੀਂ ਸਗੋਂ ਵਰਤਮਾਨ ਕਾਲ ਵਿਚ ਵੀ ਇਹੋ ਜਾਤਿ ਪ੍ਰਵਰਤਨ ਹੁੰਦੇ ਆਮ ਵੇਖਣ ਚਾਖਣ ਵਿਚ ਨਜ਼ਰ ਆਉਂਦੇ ਹਨ ਜਿਨ੍ਹਾਂ ਨੂੰ ਕਿਸੇ ਹੀਲੇ ਰੋਕਿਆ ਨਹੀਂ ਜਾ ਸਕਦਾ।

ਫੇਰ ਇਹ ਧਾਣਕ ਜਾਂ ਮਜ਼ਹਬੀ ਲੋਕ ਰਾਜਪੂਤੀ ਕਾਲ ਤੇ ਮੁਸਲਿਮ ਕਾਲ (ਸੁਲਤਾਨ ਕਾਲ) ਤੇ ਮੁਗਲ ਕਾਲ ਥੀਂ ਹੁੰਦੇ ਹੋਏ ਸਮੇਂ ਦੀਆਂ ਥਪੇੜਾਂ ਕਾਰਣ ਮੁਸੱਲੀ, ਹਲਾਲ ਖੋਰ, ਖਾਕਰੋਬ ਆਦਿ ਅਨੇਕਾਂ ਉਪਾਧੀਆਂ ਧਾਰਣ ਕਰ ਕੇ ਛੇਕੜ ਗੁਰੂ ਨਾਨਕ ਕਾਲ ਵਿਚ (ਜੋ ਸੰਨ ੧੪੬੯ ਤੋਂ ੧੭੦੮ ਈ: ਤਕ) ਦਸ ਗੁਰੂਆਂ ਦੇ ਸਮੇਂ ਨਾਲ ਇਕ-ਰਸ ਸਬੰਧਿਤ ਮੰਨਿਆ ਜਾਂਦਾ ਹੈ, ਰਾਜਪੂਤਾਂ ਤੋਂ ਰੰਘੜ ਜਾਂ ਰੰਘਰੇਟੇ ਤੇ ਫੇਰ ਗੁਰੂ ਕੇ ਬੇਟੇ ਬਣ ਕੇ ਖਾਲਸਾ ਪੰਥ ਦੇ ਅਨਿੱਖੜਵੇਂ ਅੰਗ ਕਿਵੇਂ ਬਣ ਗਏ, ਇਹ ਤਾਰੀਖੀ ਅਸਲੀਅਤ ਇਸ ਪੁਸਤਕ ਦੇ ਗੁਰੂ ਨਾਨਕ-ਕਾਲ ਨਾਲ ਸਬੰਧਿਤ ਵੇਰਵਿਆਂ ਵਿਚੋਂ ਖਾਸ ਤੌਰ ਤੇ ਵੇਖਣ ਤੇ ਵਿਚਾਰਨ ਯੋਗ ਹੈ।

ਰੰਘਰੇਟੇ ਸਿਖਾਂ ਨੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ (ਜੈਤਾ) ਜੀ ਦੇ ਸਮੇਂ ਤੋਂ ਸ੍ਰੀ ਦਸਮੇਸ਼ ਜੀ ਦੇ ਰਣਜੀਤ ਨਗਾਰੇ ਦੀ ਧਮਕ ਨਾਲ ਨਾ ਕੇਵਲ ਬਾਈਧਾਰ ਦੇ ਪਹਾੜੀ ਰਾਜਿਆਂ ਤੇ ਦਿੱਲੀ ਦੇ ਮੁਗਲ ਸਮਰਾਟ ਔਰੰਗਜ਼ੇਬ ਆਲਮ-ਗੀਰ ਦਾ ਤਖਤਾ ਹੀ ਨਹੀਂ ਪਲਟਿਆ, ਸਗੋਂ ਅਠਾਰ੍ਹਵੀਂ ਸਦੀ ਵਿਚ ਆਪਣੀ

ਮਜ਼ਹਬਕ ਅਜ਼ਾਦੀ ਦੀ ਜਦੋ-ਜਹਿਦ ਕਾਰਣ ਪਹਿਲਾਂ ਸਿਖਾਂ ਦੀਆਂ ਬਾਰ੍ਹਾਂ ਮਿਸਲਾਂ ਤੇ ਫੇਰ ਪੰਜਾਬ ਵਿਚ ਸਿਖ ਰਾਜ ਕਾਇਮ ਕਰ ਕੇ ਸ੍ਰੀ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਮਹਾਂਵਾਕ ਨੂੰ, ਜਿਸ ਦੀ ਇਕ ਇਹ ਤੁਕ ਹੈ, 'ਇਨ ਗਰੀਬ ਸਿੱਖਨ ਕਉ ਦਿਉਂ ਬਾਦਸ਼ਾਹੀ' ਨਾ ਕੇਵਲ ਸੱਚਾ ਤੇ ਸਫਲ ਸਾਬਤ ਹੀ ਕੀਤਾ ਸਗੋਂ ਅਮਲੀ ਰੂਪ ਵਿਚ ਇਕ ਅਟੱਲ ਸੱਚਾਈ ਜਾਂ ਕਰਾਮਾਤ ਵਾਂਗੂ ਪ੍ਰਤੱਖ ਕਰ ਕੇ ਵੀ ਵਿਖਾ ਦਿਤਾ।

ਪ੍ਰਸਿੱਧ ਇਤਿਹਾਸਕਾਰ ਸਰਦਾਰ ਕਰਮ ਸਿੰਘ ਹਿਸਟੋਰੀਅਨ ਦੇ ਕਥਨ ਅਨੁਸਾਰ ਮਜ਼੍ਹਬੀ ਸਿਖ ਪਹਿਲਾਂ ਚੂੜੇ, ਧਾਣਕ, ਖਾਕਰੋਬ, ਆਦਿ ਕਿਸੇ ਵੀ ਨਾਂ ਨਾਲ ਪ੍ਰਸਿੱਧ ਸਨ, ਪਰ ਜਦ ਇਹ ਸਿਖ ਗੁਰੂਆਂ ਦੇ ਅਨੁਯਾਈ ਹੋਣ ਤੇ ਪਾਹੁਲ ਜਾਂ ਅੰਮ੍ਰਿਤ-ਪਾਨ ਕਰ ਕੇ ਸਿਖ ਬਣ ਗਏ ਤਾਂ ਇਹ ਗੁਰੂ ਕੇ ਬੇਟੇ ਬਣ ਗਏ ਤੇ ਮਜ਼੍ਹਬੀ ਸਿਖ ਸਰਦਾਰ ਨਾਂ ਨਾਲ ਪ੍ਰਸਿੱਧ ਹੋਏ ਤੇ ਇਹਨਾਂ ਨੇ ਉਹ ਸਾਰੇ ਹੀ ਕੰਮ, ਜੋ ਹੋਰ ਆਮ ਅਛੂਤ ਜਾਤਾਂ ਦੇ ਲੋਕ ਕਰਦੇ ਸਨ, ਛੱਡ ਦਿਤੇ ਤੇ ਇਕ-ਰਸ ਨਿਸਚਿਤ ਗੁਰਸਿੱਖੀ ਬਿਬੇਕ ਦੇ ਰਾਹ ਉਤੇ ਚੱਲਣ ਲੱਗ ਪਏ। ਇਸ ਤਰ੍ਹਾਂ ਗੁਰ-ਸਿਖੀ ਦੀ ਰਹਿਤ ਰਹਿੰਦਿਆਂ ਹੋਇਆਂ ਇਹਨਾਂ ਨੇ ਜੋ ਜੋ ਕੰਮ ਬਹਾਦਰੀ ਦੇ ਕੀਤੇ ਉਹ ਸਿਖ ਇਤਿਹਾਸ ਵਿਚ ਆਪਣੀ ਮਿਸਾਲ ਆਪ ਹਨ। ਜੇ ਸੱਚ ਪੁਛੋ ਤਾਂ ਪੰਜਾਬ ਵਿਚ ਸਿਖ ਰਾਜ ਦੀ ਕਾਇਮੀ ਦਰਅਸਲ ਇਹਨਾਂ ਦੀਆਂ ਬੇ-ਮਿਸਾਲ ਕੁਰਬਾਨੀਆਂ ਦਾ ਹੀ ਇਕ ਨਤੀਜਾ ਸੀ ਜਿਸ ਉਤੇ ਪੰਜਾਬ ਜਿਤਨਾ ਵੀ ਮਾਣ ਕਰੇ ਥੋੜਾ ਹੈ।

ਸਿੱਖ ਰਾਜ ਤੋਂ ਬਾਅਦ ਜਦ ਪੰਜਾਬ ਸਰਕਾਰ ਅੰਗਰੇਜ਼ੀ ਦੇ ਕਬਜ਼ੇ ਵਿਚ ਆਇਆ ਤਾਂ ਸਮੇਂ ਦੀ ਲੋੜ ਦੇ ਮੁਤਾਬਿਕ ਸਰਕਾਰ ਅੰਗਰੇਜ਼ੀ ਵਲੋਂ ਸਿਖਾਂ ਦੀ ਫੌਜੀ ਭਰਤੀ ਹੋਣ ਤੇ ਦੋ ਰੰਘਰੇਟੇ ਸਿਖ ਭਰਤੀ ਹੋਏ, ਉਹ ਮਜ਼ਹਬੀ ਸਿਖ ਅਖਵਾਣ ਵਿਚ ਆਪਣਾ ਫ਼ਖ਼ਰ ਸਮਝਣ ਲੱਗੇ। ਇਸ ਲਈ ਸਰਕਾਰ ਅੰਗਰੇਜ਼ੀ ਨੇ ਮਜ਼੍ਹਬੀ ਸਿਖਾਂ ਦੀਆਂ ਜੋ ਅਲੱਗ ਰਜਮੈਂਟਾਂ ਬਣਾਈਆਂ ਉਹ ਇਸੇ ਨਾਂ ਨਾਲ ਪ੍ਰਸਿੱਧ ਹੋਈਆਂ। ਉਹਨਾਂ ਮਜ਼੍ਹਬੀ ਸਿਖ ਰਜਮੈਂਟਾਂ ਦੇ ਪੈਨਸ਼ਨ-ਯਾਫ਼ਤਾ ਜਿਤਨੇ ਵੀ ਮਜ਼੍ਹਬੀ ਸਿਖ ਸਰਦਾਰ ਹੁਣ ਮਿਲਦੇ ਹਨ ਉਹ ਆਪਣੇ ਆਪ ਨੂੰ ਹਮੇਸ਼ਾਂ ਉੱਚੀ ਸ੍ਰੇਣੀ ਦੇ ਸਿੰਘ ਸਮਝਦੇ ਹਨ ਤੇ ਨੀਵੀਆਂ ਜਾਤਾਂ ਨਾਲ ਉਹਨਾਂ ਨੇ ਆਪਣੇ ਰਿਸ਼ਤੇ-ਨਾਤੇ ਵੀ ਵਰਜਿਤ ਕਰਾਰ ਦੇ ਦਿਤੇ ਹਨ। ਇਸੇ ਕਾਰਣ ਉਹ ਆਪਣੇ ਆਪ ਨੂੰ ਮਜ਼੍ਹਬੀ ਸਿਖ ਸਰਦਾਰ ਦੀ ਥਾਵੇਂ ਹਰਿਜਨ ਜਾਂ ਅਛੂਤ ਅਖਵਾਉਣ ਵਿਚ ਹੱਤਕ ਮੰਨਦੇ ਹਨ।

ਸਿਖ ਇਤਿਹਾਸ ਵਿਚ ਮਜ਼ੁਬੀ ਜਾਂ ਰੰਘਰੇਟੇ ਸਿੰਘਾਂ ਦਾ ਰੁਤਬਾ ਬਹੁਤ ਇਸੇ ਕਾਰਣ ਬੁਲੰਦ ਹੈ ਕਿ ਉਹ ਗੁਰੂ ਨਾਨਕ-ਦਸਮੇਸ਼ ਦੀ ਸਿਖੀ ਵਿਚ ਮਨ ਬਚਨ, ਕਰਮ ਤੋਂ ਪੱਕੇ ਤੇ ਖਾਲਸੱਈ ਰਹਿਤ-ਬਹਿਤ ਦੇ ਪੂਰੇ ਧਾਰਨੀ ਸਨ ਮਜ਼ਹਬੀ ਸਿਖਾਂ ਦੇ ਇਸ ਇਤਿਹਾਸ ਵਿਚ ਇਕ ਕੌਮੀਅਤ ਦੇ ਨੁਕਤਾ-ਨਿਗਾ ਤੋਂ ਪੁਰਾਤਨ ਕਾਲ ਤੋਂ ਇਸ ਚੂੜਾਮਣੀ ਸੈਨਿਕ ਰਾਸ਼ਟਰੀ ਸੰਸਥਾ ਦਾ ਵਰਤਮਾ ਕਾਲ ਤਕ ਸਮੇਂ ਸਮੇਂ ਦੇ ਅਨੁਸਾਰ ਕੀ ਕੁਝ ਰੂਪ ਬਦਲਦਾ ਆਇਆ ਹੈ ਤੇ ਹੁ ਉਹ ਕਿਸ ਰੂਪ ਵਿਚ ਹੈ ਅਤੇ ਭਵਿੱਖ ਉਸ ਦਾ ਸਮੇਂ ਦੇ ਇਸ ਵਿਕਟ ਅੰਤਰਾਲ ਵਿਚੋਂ ਵਿਕਸ ਕੇ ਕਿਹੋ ਜਿਹਾ ਤੇ ਕਿਸੇ ਸ਼ਕਲ ਵਿਚ ਝਲਕੇਗਾ, ਇਹੋ ਅਨੁਮਾ ਲਗਾਉਣਾ ਤੇ ਇਸ ਦਾ ਸਹੀ ਟੀਚਾ ਨਿਸਚਿਤ ਕਰਨਾ ਇਸ ਇਤਿਹਾਸਿਕ ਰੂਪ-ਰੇਖਾ ਦਾ ਅਸਲ ਮੰਤਵ ਹੈ। ਆਸ ਹੈ ਗੁਰਮਤਿ-ਪ੍ਰੇਮੀ ਤੇ ਵਿਚਾਰਸ਼ੀਲ ਪਾਠਕ ਇਸ ਸਦਭਾਵਨਾ ਵਲ ਵਿਸ਼ੇਸ਼ ਤੌਰ ਤੇ ਧਿਆਨ ਦੇਣਗੇ।

ਸ੍ਰੀ ਅੰਮ੍ਰਿਤਸਰ
੨ ਨਵੰਬਰ, ੧੯੭੯

—ਸ਼ਮਸ਼ੇਰ ਸਿੰਘ ਅਸ਼ੋਕ

ਅਰੰਭਕ ਸ਼ਬਦ

'ਸ਼ਹੀਦ' ਕੌਮਾਂ ਦੀ ਜਿੰਦ-ਜਾਨ ਤੇ ਅਣਖ-ਈਮਾਨ ਹੁੰਦੇ ਹਨ। ਉਹ ਆਪਣੇ ਜੀਵਨਾਂ ਦੀਆਂ ਅਹੂਤੀਆਂ ਦੇ ਕੇ ਕੌਮ ਨੂੰ ਨਵ-ਜੀਵਨ ਬਖਸ਼ਦੇ ਹਨ। ਆਪ ਬਰਬਾਦ ਹੋ ਕੇ ਕੌਮ ਨੂੰ ਅਬਾਦ ਕਰਦੇ ਹਨ।

ਸ਼ਹੀਦ ਕਿਸੇ ਗਿਣਤੀ ਵਿਚ ਨਹੀਂ ਪੈਂਦੇ, ਆਪਣੇ ਹਾਣ-ਲਾਭ ਨੂੰ ਨਹੀਂ ਵਿਚਾਰਦੇ, ਸ੍ਵੈ-ਹਿਤਾਂ ਨੂੰ ਨਹੀਂ ਚਿਤਾਰਦੇ, ਹਉਮੈ ਤੇ ਪ੍ਰਤਿਭਾ ਤੋਂ ਬੇਪ੍ਰਵਾਹ ਹੋ ਕੇ ਹਿਮਾਲਾ ਪ੍ਰਬਤ ਵਾਂਗ ਅਟੱਲ ਲਗਨ ਨਾਲ ਆਪਣੇ ਉਲੀਕੇ ਰਾਹ ਤੇ ਟੁਰਦੇ ਹਨ। ਸੁੱਤੀ ਕੌਮ ਨੂੰ ਜਗਾਉਣ ਲਈ, ਕੌਮ ਦੇ ਗਲੋਂ ਗੁਲਾਮੀ ਦੀਆਂ ਜੰਜ਼ੀਰਾਂ ਲਾਹੁਣ ਲਈ, ਜ਼ਿੰਦਗੀਆਂ ਤੋਂ ਬੇ-ਨਿਆਜ਼ ਹੋ ਕੇ ਪ੍ਰਵਾਨਿਆਂ ਵਾਂਗ, ਦੇਸ਼ ਤੇ ਕੌਮ ਤੋਂ ਕੁਰਬਾਨ ਹੁੰਦੇ ਹਨ।

ਸ਼ਹੀਦੀ ਘਟਨਾ ਨਹੀਂ ਤਜਰਬਾ ਹੈ। ਜਿਤਨਾ ਕਿਸੇ ਦਾ ਵੱਡਾ ਵਿਸ਼ਵਾਸ ਹੁੰਦਾ ਹੈ, ਉਤਨਾ ਹੀ ਵੱਡਾ ਤਜਰਬਾ ਹੁੰਦਾ ਹੈ ਤੇ ਜਿਤਨਾ ਵੱਡਾ ਤਜਰਬਾ ਹੁੰਦਾ ਹੈ, ਉਤਨੀ ਹੀ ਵੱਡੀ ਸ਼ਹੀਦੀ ਹੁੰਦੀ ਹੈ।

''ਸ਼ਹੀਦੀ ਵਿਚਾਰਾਂ ਦੇ ਠੀਕ ਹੋਣ ਦਾ ਸਬੂਤ ਨਹੀਂ। ਆਪਣੇ ਵਿਚਾਰਾਂ ਪ੍ਰਤੀ ਵਫਾਦਾਰੀ ਦਾ ਪ੍ਰਮਾਣ ਹੈ। ਸ਼ਹੀਦੀ ਇਕ ਫਰਜ਼ ਹੈ, ਜਿਸ ਨੂੰ ਨਿਭਾਉਣ ਲਈ ਬੁੱਧ ਵਰਗੇ ਤਿਆਗ, ਈਸਾ ਵਰਗੇ ਸਬਰ ਅਤੇ ਗੁਰੂ ਅਰਜਨ ਦੇਵ ਵਰਗੇ ਸੰਤੋਖ ਦੀ ਲੋੜ ਹੈ।''

ਸ਼ਹੀਦ ਮੌਤ ਦੇ ਅਰਥ ਬਦਲ ਦੇਂਦਾ ਹੈ। ਆਮ ਲੋਕਾਂ ਦਾ ਮੁੱਲ ਉਹਨਾਂ ਦੇ ਜੀਉਣ ਹੁਨਰ ਅਨੁਸਾਰ ਪੈਂਦਾ ਹੈ, ਪਰ ਸ਼ਹੀਦ ਦਾ ਮੁੱਲ ਉਸ ਦੇ ਮਰਨ-ਢੰਗ-ਅਨੁਸਾਰ ਹੁੰਦਾ ਹੈ। ਹਰ ਮਨੁੱਖ ਆਪਣੀ ਇੱਛਾ ਵਿਰੁੱਧ ਮਰਦਾ ਹੈ, ਪਰ ਸ਼ਹੀਦ ਆਪਣੀ ਮਰਜ਼ੀ ਨਾਲ ਮਰਦਾ ਹੈ।

ਸ਼ਹੀਦ ਬੇ-ਖ਼ੌਫ਼ ਤੇ ਬੇਪ੍ਰਵਾਹ ਹੁੰਦਾ ਹੈ। ਉਸ ਨੂੰ ਡਰਾਉਣਾ ਤੇ ਦਬਾਉਣਾ ਸਰਕਾਰਾਂ ਤੇ ਹੁਕਮਰਾਨਾਂ ਦੀ ਸ਼ਕਤੀ ਤੋਂ ਬਾਹਰ ਹੁੰਦਾ ਹੈ। ਕਿਉਂਕਿ ਕੋਈ

ਹੁਕਮਰਾਨ ਸ਼ਹੀਦ ਦੇ ਸਰੀਰ ਨੂੰ ਤਾਂ ਮੁਕਾ ਸਕਦਾ ਹੈ, ਪਰ ਉਸ ਦੇ ਜਜ਼ਬੇ ਨੂੰ ਨਹੀਂ ਦਬਾ ਸਕਦਾ।

ਸ਼ਹੀਦ ਕਿਸੇ ਫੌਜ ਦਾ ਨਹੀਂ, ਆਪਣੇ ਆਪ ਦਾ ਸਿਪਾਹ-ਸਲਾਰ ਹੁੰਦਾ ਹੈ। ਉਸ ਦੀ ਲੜਾਈ ਦਾ ਆਰੰਭ ਉਸ ਦੀ ਸ਼ਹਾਦਤ ਤੋਂ ਹੁੰਦਾ ਹੈ। ਉਸ ਦੀ ਸਭ ਤੋਂ ਵੱਡੀ ਪ੍ਰਾਪਤੀ–ਸੁੱਤੀ ਕੌਮ ਨੂੰ ਬੇ-ਦਾਰ ਕਰਨਾ ਅਤੇ ਜ਼ਾਲਮ ਤੇ ਅੱਤਿਆਚਾਰੀ ਹੁਕਮਰਾਨ ਵਿਰੁਧ ਜੂਝ ਕੇ ਉਸ ਦੇ ਹਿਰਦੇ ਵਿਚ ਭੈਅ ਦੀ ਜਵਾਲਾ ਉਤਪੰਨ ਕਰਨਾ ਹੈ।

ਸ਼ਹੀਦ ਦੇ ਅਰਥ ਗਵਾਹੀ ਦੇਣ ਦੇ ਹੁੰਦੇ ਹਨ, ਭਾਵ ਆਪਣੇ ਵਿਸ਼ਵਾਸਾਂ ਲਈ ਪ੍ਰਾਣਾਂ ਦੀ ਅਹੂਤੀ ਦੇਣ ਦੇ ਹਨ।

ਭਾਰਤ ਵਿਚ ਸ਼ਹੀਦੀ ਦਾ ਸੰਕਲਪ ਮੁਸਲਮਾਨ ਲੈ ਕੇ ਆਏ, ਪਰ ਦੇਸ਼ ਵਿਚ ਸਿੱਖਾਂ ਨੇ ਸ਼ਹੀਦੀ ਨੂੰ ਸਾਕਾਰਤਾ ਦਾ ਰੂਪ ਦਿਤਾ। ਸ੍ਰੀ ਗੁਰੂ ਅਰਜਨ ਦੇਵ ਜੀ, ਨਾ ਕੇਵਲ ਸਿਖ ਧਰਮ ਦੇ ਹੀ ਪਹਿਲੇ ਸ਼ਹੀਦ ਹਨ; ਸਗੋਂ ਮਧਯ-ਕਾਲੀਨ ਭਾਰਤੀ-ਧਾਰਮਿਕ ਇਤਿਹਾਸ ਦੇ ਪ੍ਰਥਮ ਸ਼ਹੀਦ ਹਨ। ਗੁਰੂ ਸਾਹਿਬ ਦੀ ਸ਼ਹਾਦਤ ਨੇ ਸ਼ਹੀਦੀ ਦੀ ਪ੍ਰੇਰਨਾ ਨੂੰ ਪੰਜਾਬ ਵਿਚ ਉਹ ਬਲ ਤੇ ਸਾਹਸ ਦਿਤੀ ਕਿ ਇਹ ਇਕ ਇਤਿਹਾਸਿਕ ਸੱਚਾਈ ਹੈ ਕਿ ਦੇਸ਼-ਕੌਮ ਤੇ ਧਰਮ ਤੋਂ ਕੁਰਬਾਨ ਹੋਣ ਵਾਲੇ ਜਿਤਨੇ ਸ਼ਹੀਦ ਪੰਜਾਬ ਤੇ ਵਿਸ਼ੇਸ਼ ਕਰ ਕੇ 'ਸਿਖ ਕੌਮ' ਨੇ ਪੈਦਾ ਕੀਤੇ ਹਨ, ਉਤਨੇ ਬਾਕੀ ਸਾਰੇ ਹਿੰਦੁਸਤਾਨ ਨੇ ਨਹੀਂ ਕੀਤੇ।

ਸਭ ਸ਼ਹੀਦ ਮਹਾਨ ਹਨ। ਕਿਸੇ ਦਾ ਦਰਜਾ ਘਟ ਨਹੀਂ, ਪਰ ੨੨ ਦਸੰਬਰ ੧੭੦੪ ਈਸਵੀ ਨੂੰ ਚਮਕੌਰ ਦੇ ਮੈਦਾਨਿ-ਜੰਗ ਵਿਚ, ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਤੋਂ ਆਪਣਾ ਸੀਸ ਨਿਛਾਵਰ ਕਰਨ ਵਾਲੇ ਭਾਈ ਜੀਵਨ ਸਿੰਘ (ਜੈਤਾ ਜੀ) ਦਾ ਸਥਾਨ ਵਿਸ਼ੇਸ਼ ਹੈ। ਮਾਤਾ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਨਾਲ ਦੁਸ਼ਮਨ ਫੌਜ ਦਾ ਟਾਕਰਾ ਕਰਦੇ ਹੋਏ ਆਪਣੇ ਮਹਿਬੂਬ–ਗੁਰੂ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦੀ ਜਾਮ ਪੀਤਾ।

ਦਸੰਬਰ ੧੭੦੪ ਈਸਵੀ ਦੇ ਆਖਰੀ ਦਸ ਦਿਨ ਸਾਹਿਬੇ-ਰਹਿਮਤ–ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਬੜੇ ਸੰਕਟ-ਭਰੇ ਦਿਨ ਸਨ। ੨੦ ਦਸੰਬਰ ਦੀ ਰਾਤ ਨੂੰ, ਜਦ ਜ਼ੋਰਦਾਰ ਬਾਰਸ਼ ਹੋ ਰਹੀ ਸੀ, ਗੁਰੂ ਜੀ ਨੇ ਆਪਣੇ ਪ੍ਰਵਾਰ ਤੇ ੧੫੦੦ ਸਾਥੀਆਂ ਨਾਲ ਅਨੰਦਪੁਰ ਦਾ ਕਿਲ੍ਹਾ ਛੱਡਿਆ, ਕੀਰਤਪੁਰ ਤੋਂ ਥੋੜਾ ਅਗੇ ਗਏ ਸਨ ਕਿ ਸਭ ਕਸਮਾਂ ਤੇ ਸੁਗੰਧਾਂ ਨੂੰ ਭੁੱਲ ਕੇ ਮੁਗਲ ਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਹਮਲਾ ਕਰ ਦਿਤਾ। ਗੁਰੂ ਜੀ ਨੇ ਭਾਈ ਮਨੀ ਸਿੰਘ

(ਸ਼ਹੀਦ) ਦੇ ਸਪੁੱਤਰ ਭਾਈ ਉਦੇ ਸਿੰਘ ਨੂੰ ਦੁਸ਼ਮਣਾਂ ਨੂੰ ਰੋਕਣ ਦਾ ਆਦੇਸ਼ ਦਿਤਾ ਤੇ ਆਪ ਅਗੇ ਵਧਦੇ ਰਹੇ। ਭਾਈ ਜੀ ਆਪਣੇ ਸਾਥੀਆਂ ਨਾਲ ਦੁਸ਼ਮਣ ਦਾ ਟਾਕਰਾ ਕਰਦੇ ਹੋਏ 'ਸ਼ਾਹੀ-ਟਿਬੀ' ਦੀ ਲੜਾਈ ਵਿਚ ਸ਼ਹੀਦ ਹੋ ਗਏ। ਬਾਰਸ਼ ਕਾਰਣ ਸਰਸਾ ਨਦੀ ਵਿਚ ਹੜ੍ਹ ਆ ਗਿਆ ਸੀ। ਗੁਰੂ ਜੀ ਪਾਣੀ ਉਤਰਣ ਦੀ ਉਡੀਕ ਕਰ ਰਹੇ ਸਨ ਕਿ ਮੁਗ਼ਲ ਫੌਜ ਪਹੁੰਚ ਗਈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਅਗੇ ਵੱਧ ਕੇ ਦੁਸ਼ਮਣ ਨੂੰ ਰੋਕਣ ਦਾ ਯਤਨ ਕੀਤਾ ਕਿ ਉਹ ਦੁਸ਼ਮਣ ਦੇ ਘੇਰੇ ਵਿਚ ਆ ਗਏ। ਭਾਈ ਜੀਵਨ ਸਿੰਘ, ਕੁਝ ਸਾਥੀਆਂ ਨਾਲ ਦੁਸ਼ਮਣ ਤੇ ਭੁੱਖੇ ਸ਼ੇਰਾਂ ਵਿਚ ਜਾ ਪਏ ਤੇ ਦੁਸ਼ਮਣ ਦੇ ਪੈਰ ਉਖਾੜ ਦਿਤੇ।

ਜਦ ਗੁਰੂ ਜੀ ਸਰਸਾ ਨਦੀ ਤੋਂ ਪਾਰ ਆਏ ਤਾਂ ਉਹਨਾਂ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੇ ਇਲਾਵਾ ਗਿਣਤੀ ਦੇ ਜਿਹੜੇ ਸਿੰਘ ਸਨ, ਉਹਨਾਂ ਵਿਚ ਭਾਈ ਜੀਵਨ ਸਿੰਘ ਵੀ ਇਕ ਸਨ।

ਨਿਰਭੈ, ਸੂਰਬੀਰ, ਦਲੇਰ ਤੇ ਬੇ-ਡੋਲ ਭਾਈ ਜੈਤਾ ਜੀ ਦਾ ਜਨਮ ੧੬੫੮ ਈਸਵੀ ਦੇ ਨੇੜੇ, ਰਾਮਦਾਸਪੁਰਾ, ਜ਼ਿਲਾ ਅੰਮ੍ਰਿਤਸਰ ਦੇ ਇਕ ਪਿੱਛੇ ਰਹੇ ਸ਼੍ਰੇਣੀਆਂ ਦੇ ਸਦਾ ਰਾਮ ਦੇ ਘਰ ਮਾਤਾ ਪਰਮੋਂ ਦੀ ਕੁੱਖ ਤੋਂ ਹੋਇਆ। ਬਚਪਨ ਵਿਚ ਆਪਣੇ ਪਿਤਾ ਨਾਲ ਬਾਬਾ ਬਕਾਲੇ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ। ਤੇ ਜਦ ੧੬੭੮ ਈ: ਨੂੰ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਔਰੰਗਜ਼ੇਬੀ ਜਬਰ ਦਾ ਸਬਰ ਨਾਲ ਟਾਕਰਾ ਕਰਨ ਲਈ ਦਿੱਲੀ ਗਏ, ਉਸ ਸਮੇਂ ਜਿਹੜੇ ਪੰਜ ਸਿੱਖ ਗੁਰੂ ਤੇਗ ਬਹਾਦਰ ਜੀ ਨਾਲ ਸਨ, ਉਹਨਾਂ ਵਿਚ ਇਕ ਭਾਈ ਜੈਤਾ ਜੀ ਵੀ ਸਨ।

ਹੁਕਮਰਾਨਾਂ ਵਲੋਂ ਗੁਰੂ ਤੇਗ ਬਹਾਦਰ ਜੀ ਨੂੰ ਡਰਾਉਣ ਤੇ ਥਿੜਕਾਉਣ ਲਈ ਉਹਨਾਂ ਦੀਆਂ ਅਖਾਂ ਦੇ ਸਾਹਮਣੇ, ਉਹਨਾਂ ਦੇ ਸਿਦਕਵਾਨ ਸਿਖਾਂ–ਭਾਈ ਮਤੀ ਦਾਸ ਜੀ ਨੂੰ ਆਰੇ ਦੇ ਤਿੱਖੇ ਦੰਦਿਆਂ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੇ-ਪਾਣੀ ਦੀ ਦੇਗ ਵਿਚ ਉਬਾਲਿਆ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਬੰਨ੍ਹ ਕੇ ਜੀਉਂਦੇ ਸਾੜਿਆ ਗਿਆ, ਪਰ ਗੁਰੂ ਜੀ ਹਿਮਾਲਾ ਵਾਂਗ ਅਡੋਲ ਰਹੇ। ਤੇ ਔਰੰਗਜ਼ੇਬੀ ਝੂਠਾ ਚਾਨਣ, ਗੁਰੂ ਜੀ ਦੇ ਨੂਰੀ-ਪ੍ਰਕਾਸ਼ ਨੂੰ ਫਿੱਕਾ ਨਾ ਪਾ ਸਕਿਆ।

੧੧ ਨਵੰਬਰ ੧੬੭੫ ਨੂੰ ਬਾਦਸ਼ਾਹੀ ਹੁਕਮ ਨਾਲ ਜਲਾਲ-ਦੀਨ ਜੱਲਾਦ ਨੇ ਚਾਂਦਨੀ ਚੌਕ–ਦਿੱਲੀ ਵਿਚ ਹਜ਼ਾਰਾਂ ਲੋਕਾਂ ਦੀ ਭੀੜ ਦੇ ਸਾਹਮਣੇ, ਗੁਰੂ ਤੇਗ

ਬਹਾਦਰ ਜੀ ਦਾ ਸੀਸ ਤਲਵਾਰ ਦੇ ਵਾਰ ਨਾਲ ਵੱਖ ਕਰ ਦਿੱਤਾ। ਭਾਈ ਜੈਤਾ ਜੀ ਮੁਸਲਮਾਨੀ ਭੇਸ ਵਿਚ ਭੀੜ ਵਿਚ ਖੜੇ ਸਨ। ਇਸ ਘਟਨਾ ਨੇ ਉਹਨਾਂ ਦੇ ਸਰੀਰ ਵਿਚ ਕੰਬਣੀ ਲੈ ਆਂਦੀ। ਖ਼ੂਨ ਨੇ ਜੋਸ਼ ਨਾਲ ਉਬਾਲਾ ਖਾਧਾ, ਸਾਹਸ ਨੇ ਕਰਵਟ ਲੀਤੀ, ਵੱਡੀ ਦਲੇਰੀ ਤੇ ਨਿਰਭੈਤਾ ਨਾਲ, ਪਹਿਰੇਦਾਰਾਂ ਤੋਂ ਅੱਖ ਬਚਾ ਕੇ ਗੁਰੂ ਤੇਗ ਬਹਾਦਰ ਜੀ ਦੇ ਖ਼ੂਨ ਨਾਲ ਲਿਬੜੇ ਸੀਸ ਨੂੰ ਝਪਟਾ ਮਾਰ ਕੇ ਉਠਾ ਲਿਆ ਤੇ ਗਲ ਵਿਚ ਪਈ ਚਾਦਰ ਵਿਚ ਲੁਕਾ ਕੇ ਉਥੋਂ ਭੱਜ ਉਠੇ। ਭੀੜ-ਭੜੱਕੇ ਤੇ ਵਗਦੀ ਭਿਆਨਕ ਹਨੇਰੀ ਕਾਰਨ, ਪਹਿਰੇਦਾਰਾਂ ਦੇ ਸੰਭਲਣ ਤੋਂ ਪਹਿਲਾਂ ਭਾਈ ਜੈਤਾ ਜੀ ਆਪਣੇ ਗੁਰੂ ਦਾ ਸੀਸ ਲੈ ਕੇ–ਦਿੱਲੀ ਤੋਂ ਬਾਹਰ ਨਿਕਲ ਗਏ, ਤੇ ਉਸ ਨੂੰ ਆਪਣੇ ਬਾਲ-ਗੁਰੂ–ਗੁਰੂ ਗੋਬਿੰਦ ਰਾਇ ਤਕ ਪਹੁੰਚਾਉਣ ਲਈ ਅਨੰਦਪੁਰ ਸਾਹਿਬ ਵਲ ਟੁਰ ਪਏ। ਰਾਤ ਪੈਣ ਤੋਂ ਪਹਿਲਾਂ ਉਹਨਾਂ ਦਸ ਕੋਹ ਦਾ ਪੈਂਡਾ ਤਹਿ ਕਰ ਲਿਆ।

ਸਿਆਲ ਦੀ ਠੰਢੀ ਰਾਤ ਸੀ। ਸਰੀਰ ਠੰਢ ਨਾਲ ਕੰਬ ਰਿਹਾ ਸੀ। ਪਰ ਭਾਈ ਜੈਤਾ ਜੀ, ਗੁਰੂ ਸਿਦਕ ਵਿਚ, ਆਪਣੇ ਗੁਰੂ ਦੇ ਸੀਸ ਨੂੰ ਝੋਲੀ ਵਿਚ ਪਾਈ ਵਾਹੋ-ਦਾਹੀ ਭੱਜੀ ਜਾ ਰਹੇ ਸਨ। ਭੁੱਖੇ ਭਾਣੇ ਭੱਜੇ ਜਾਂਦੇ ਭਾਈ ਜੈਤਾ ਜੀ ਨੂੰ ਪਿੱਛੋਂ ਕੁਝ ਮੱਧਮ-ਰੌਸ਼ਨੀ ਨਜ਼ਰ ਆਈ। ਛੇਤੀ ਹੀ–ਘੋੜਿਆਂ ਦੀਆਂ ਟਾਪਾਂ ਦੀ ਅਵਾਜ਼ ਕੰਨੀ ਪਈ। ਉਹ ਜਰਨੈਲੀ ਸੜਕ ਤੋਂ ਉਤਰ ਕੇ ਝਾੜੀਆਂ ਉਹਲੇ ਲੁਕ ਗਏ। ਐਨੇ ਚਿਰ ਨੂੰ ਮੁਗ਼ਲ ਸਿਪਾਹੀ ਹੱਥਾਂ ਵਿਚ ਜਲਦੀਆਂ ਮਿਸ਼ਾਲਾਂ ਫੜੀ, 'ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਚੁੱਕ ਕੇ ਲੈ ਗਏ ਦੀ ਭਾਲ' ਲਈ ਦਿੱਲੀ ਤੋਂ ਨਿਕਲੇ–ਅਗੇ ਨਿਕਲ ਗਏ। ਉਹਨਾਂ ਦੇ ਲੰਘ ਜਾਣ ਤੇ ਭਾਈ ਜੈਤਾ ਜੀ ਮੁੜ ਆਪਣੀ ਮੰਜ਼ਲ ਦੇ ਪੈਂਡੇ ਤੇ ਤੁਰ ਪਏ। ਸਵੇਰ ਹੁੰਦੇ ਉਹ ਇਕ ਪਿੰਡ ਵਿਚ ਪਹੁੰਚੇ। ਇਕ ਘਰ ਤੋਂ ਅੰਮ੍ਰਿਤ ਵੇਲੇ ਦੁੱਧ ਰਿੜਕਣ ਦੀ ਆਵਾਜ਼ ਨਾਲ ਗੁਰਬਾਣੀ ਦੀਆਂ ਮਿੱਠੀਆਂ ਤੁਕਾਂ ਕੰਨ ਵਿਚ ਪਈਆਂ। ਬੂਹਾ ਖੜਕਾਇਆ। ਅੰਦਰੋਂ ਕਿਸੇ ਬੀਬੀ ਨੇ ਪੁੱਛਿਆ, 'ਕੌਣ ਹੈ ?' ਭਾਈ ਜੈਤਾ ਜੀ ਨੇ ਕਿਹਾ, 'ਗੁਰੂ ਕਾ ਸਿਖ ਹਾਂ।' ਬੀਬੀ ਨੇ ਦਰਵਾਜ਼ਾ ਖੋਹਲ ਦਿਤਾ। ਸਰਦੀ ਵਿਚ ਕੰਬਦੇ ਸਿਖ ਨੂੰ ਅੰਦਰ ਅੱਗ ਪਾਸ ਬਿਠਾਇਆ ਤੇ ਗਰਮ ਦੁੱਧ ਪਿਲਾਇਆ। ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ, ਜੈਤਾ ਜੀ ਗੁਰੂ ਜੀ ਦਾ ਸੀਸ ਲੈ ਕੇ ਆਪਣੇ ਰਾਹ ਪੈ ਗਏ।

ਭਾਈ ਜੈਤਾ ਜੀ, ਇਸ ਤਰ੍ਹਾਂ ਲੁਕਦੇ-ਛਿਪਦੇ, ਰਾਹਾਂ ਦੀਆਂ ਕਠਨਾਈਆਂ ਤਹਿ ਕਰਦੇ, ਮੰਜ਼ਲ ਤੇ ਛੇਤੀ ਪੁੱਜਣ ਦੀ ਧੁਨ ਵਿਚ, ਵਾਹੋ-ਦਾਹੀ ਦੌੜਦੇ, ੧੫

ਨਵੰਬਰ ੧੬੭੫ ਈਸਵੀ ਦੇ ਤੀਜੇ ਪਹਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਸਸਕਾਰ-ਸਥਾਨ,ਕੀਰਤਪੁਰ ਪਹੁੰਚ ਕੇ ਸਾਹ ਲਿਆ।

ਬਾਲਾ ਪ੍ਰੀਤਮ–ਗੁਰੂ ਗੋਬਿੰਦ ਰਾਏ, ਆਪਣੀ ਮਾਤਾ ਤੇ ਦਾਦੀ ਅਤੇ ਹੋਰ ਸਿਖਾਂ ਨਾਲ ਆਪਣੇ ਸ਼ਹੀਦ ਪਿਤਾ ਦੇ 'ਸੀਸ' ਦਾ ਸੁਆਗਤ ਕਰਨ ਲਈ ਕੀਰਤ-ਪੁਰ ਪੁਜੇ। ਪਿਤਾ ਦੇ ਸੀਸ ਨੂੰ ਨਮਸਕਾਰ ਕੀਤੀ ਤੇ ਉਹਨਾਂ ਦੇ ਸੀਸ ਨੂੰ ਵਡੀ ਘਾਲਣਾ ਘਾਲ ਕੇ ਲਿਆਉਣ ਵਾਲੇ ਭਾਈ ਜੈਤਾ ਜੀ ਨੂੰ ਆਪਣੀਆਂ ਨਿਕੀਆਂ-ਨਿਕੀਆਂ ਪਵਿੱਤਰ ਬਾਹਾਂ ਵਿਚ ਲੈਂਦੇ ਹੋਏ, ਆਪਣੀ ਹਿੱਕ ਨਾਲ ਲਾਉਂਦੇ ਹੋਏ, ਆਪਣੇ ਮੁਖੀ ਮਸੰਦ ਨੂੰ ਪੁਛਿਆ, ਇਹ ਕੌਣ ਹੈ? ਉਹਨੇ ਉੱਤਰ ਦਿੱਤਾ, 'ਸਾਹਿਬੋ! ਇਹ ਰੰਘਰੇਟਾ (ਅਛੂਤ) ਸਿਖ ਹੈ।' ਬਾਲਾ ਗੁਰੂ-ਦਸਮੇਸ਼ ਪਿਤਾ ਨੇ, ਭਾਈ ਜੈਤਾ ਜੀ ਨੂੰ ਗਲਵਕੜੀ ਵਿਚ ਲੈ ਕੇ ਕਿਹਾ–'ਇਹ ਗੁਰੂ ਕਾ ਬੇਟਾ ਹੈ, ਅਤੇ ਸਾਹਿਬੇ-ਦਸਤਗੀਰ ਗੁਰੂ ਗੋਬਿੰਦ ਰਾਏ (ਸਿੰਘ) ਜੀ ਨੇ ਭਾਈ ਜੈਤਾ ਜੀ ਦੇ ਬੇਖ਼ੌਫ਼, ਦ੍ਰਿੜ੍ਹਤਾ-ਭਰਪੂਰ ਤੇ ਸਤਿਕਾਰ-ਭਰੇ ਕਰਤੱਵ ਦੀ ਭਰਵੀਂ ਸ਼ਲਾਘਾ ਕੀਤੀ।

ਉਸ ਸਮੇਂ ਤੋਂ ਲੈ ਕੇ ਆਪਣੇ ਜੀਵਨ ਦੇ ਅੰਤਮ ਸਵਾਸਾਂ ਤਕ ਭਾਈ ਜੈਤਾ ਜੀ ਦਸਮੇਸ਼ ਗੁਰੂ ਦੇ ਚਰਨਾਂ ਵਿਚ ਰਹੇ। ਜਦ ਵਿਸਾਖੀ, ੧੬੯੯ ਈਸਵੀ ਤੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਜੈਤਾ ਜੀ, ਦਸਮੇਸ਼ ਪਿਤਾ ਦੇ ਦਸਤੇ-ਮੁਬਾਰਕ (ਪਵਿੱਤਰ ਹੱਥਾਂ) ਤੋਂ ਅੰਮ੍ਰਿਤ-ਪਾਨ ਕਰ ਕੇ ਭਾਈ ਜੀਵਨ ਸਿੰਘ ਬਣੇ।

ਜਿਤਨੀ ਲਾ-ਪ੍ਰਵਾਹੀ ਤੇ ਬੇ-ਪ੍ਰਵਾਹੀ, ਆਪਣੀ ਕੌਮ ਦੇ ਸ਼ਹੀਦਾਂ ਪ੍ਰਤੀ ਸਿਖਾਂ ਨੇ ਦਰਸਾਈ ਹੈ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਪ੍ਰਗਟਾਈ ਹੋਵੇ। ਹੁਣ ਤਕ ਅਸੀਂ ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਹੋਏ, ਭਾਈ ਮਤੀ ਦਾਸ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ ਦੀ ਕੋਈ ਯਾਦਗਾਰ ਦਿੱਲੀ ਵਿਚ ਨਹੀਂ ਬਣਾ ਸਕੇ। ਬਾਬਾ ਬੰਦਾ ਬਹਾਦਰ ਤੇ ਉਹਨਾਂ ਦੇ ੭੦੦ ਸਾਥੀ, ਜੋ ੧੭੧੬ ਈ: ਵਿਚ ਦਿੱਲੀ ਵਿਚ ਸ਼ਹੀਦ ਕੀਤੇ ਗਏ, ਉਹਨਾਂ ਦੀ ਕੋਈ ਸਤਿਕਾਰਯੋਗ ਯਾਦਗਾਰ ਨਹੀਂ ਉਸਾਰ ਸਕੇ। ਦਿੱਲੀ ਗੁਰਦੁਆਰਾ ਕਮੇਟੀ ਦੀ ਆਮਦਨ–ਪੰਜ ਕ੍ਰੋੜ ਤੋਂ ਵੱਧ ਹੈ ਤੇ ਦਿੱਲੀ ਦੇ ਸਿੱਖਾਂ ਦਾ ਧਨਾਢ-ਪੁਣਾ ਸਿਖਰਾਂ ਨੂੰ ਛੂੰਹਦਾ ਹੈ, ਪਰ ਇਸ ਪਾਸੇ ਕੋਈ ਯਤਨ ਨਹੀਂ ਕੀਤਾ ਗਿਆ।

ਇਸੇ ਤਰ੍ਹਾਂ ਅਸੀਂ ਆਪਣੇ ਮਹਾਨ ਸ਼ਹੀਦਾਂ ਦੀਆਂ ਜੀਵਨੀਆਂ ਤੋਂ ਵੀ ਆਪਣਿਆਂ ਤੇ ਬੇਗਾਨਿਆਂ ਨੂੰ ਪੂਰੀ ਤਰ੍ਹਾਂ ਜਾਣੂ ਨਹੀਂ ਕਰਾ ਸਕੇ।

ਭਾਈ ਜੀਵਨ ਸਿੰਘ ਜੀ ਦੇ ਜੀਵਨ ਅਤੇ ਉਹਨਾਂ ਦੇ ਖਾਨਦਾਨ ਦੇ ਪਿਛੋਕੜ ਬਾਰੇ ਪੂਰੀ ਪੂਰੀ ਇਤਿਹਾਸਿਕ ਜਾਣਕਾਰੀ ਦੇਣ ਲਈ, ਸਰਦਾਰ ਕਰਤਾਰ ਸਿੰਘ ਨੱਯਰ, ਜੋ ਪਿਛਲੇ ਦੋ ਦਹਾਕਿਆਂ ਤੋਂ ਇੰਗਲੈਂਡ ਵਿਚ ਰਹਿ ਰਹੇ ਹਨ, ਅਤੇ ਗੁਰੂ ਘਰ ਦੇ ਵੱਡੇ ਸਿਦਕਵਾਨ ਤੇ ਸ਼ਰਧਾਵਾਨ ਹਨ, ਉਹਨਾਂ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਬਾਬਾ ਜੀਵਨ ਸਿੰਘ ਜੀ ਦਾ ਜੀਵਨ ਲਿਖਣ ਲਈ ਇਹਨਾਂ ਸਤਰਾਂ ਦੇ ਲੇਖਕ ਨੂੰ ਕਿਹਾ। ਪਰ ਕਈ ਹੋਰ ਰੁਝੇਵਿਆਂ ਕਾਰਨ ਲਿਖਣ ਤੋਂ ਅਸਮਰਥਾ ਪ੍ਰਗਟ ਕੀਤੀ ਤੇ ਇਹ ਜੀਵਨ-ਪੰਥ ਦੇ ਪ੍ਰਸਿੱਧ ਇਤਿਹਾਸਕਾਰ, ਖੋਜੀ ਅਤੇ ਸਿਦਕਵਾਨ ਲੇਖਕ ਸਰਦਾਰ ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਪਾਸੋਂ ਲਿਖਵਾਉਣ ਦੀ ਸਲਾਹ ਦਿਤੀ। ਇਸ ਬਾਰੇ ਅਸ਼ੋਕ ਜੀ ਨੂੰ ਵੀ ਬੇਨਤੀ ਕੀਤੀ। ਸਰਦਾਰ ਕਰਤਾਰ ਸਿੰਘ ਨੱਯਰ ਆਪਣੇ ਮੁੱਢਲੇ ਸਾਥੀਆਂ ਦੇ ਸਹਿਯੋਗ ਨਾ ਦੇਣ ਦੇ ਬਾਵਜੂਦ ਪੂਰੀ ਸਿਦਕ-ਦਿਲੀ ਅਤੇ ਦ੍ਰਿੜ੍ਹਤਾ ਨਾਲ ਇਸ ਕਾਰਜ ਵਿਚ ਜੁਟੇ ਰਹੇ ਤੇ ਅਸ਼ੋਕ ਜੀ ਪਾਸੋਂ ਇਹ ਪੁਸਤਕ ਲਿਖਵਾ ਲਈ।

ਸ: ਕਰਤਾਰ ਸਿੰਘ ਦਾ ਜਨਮ ਤਹਿ: ਨਕੋਦਰ ਪਿੰਡ ਸ਼ਰੀਂਹ ਜ਼ਿਲਾ ਜਲੰਧਰ, ਭਾ: ਗੁਰਦਿੱਤ ਸਿੰਘ ਦੇ ਘਰ ਮਾਤਾ ਬਸੰਤ ਕੌਰ ਦੀ ਕੁੱਖੋਂ ਹੋਇਆ। ਆਪ ਜੀ ਦਾ ਸਬੰਧ ਮਜ਼ਹਬੀ ਸਿਖ ਪ੍ਰਵਾਰ ਨਾਲ ਹੈ। ਆਪ ਜੀ ਦੇ ਪਿਤਾ ਇਸ ਪ੍ਰਵਾਰ ਵਿਚ ਪਹਿਲੇ ਅੰਮ੍ਰਿਤਧਾਰੀ ਸਿੰਘ ਸਨ। ਆਪ ਜੀ ਦੀ ਮਾਤਾ ਦਾ ਦਿਹਾਂਤ ਬਚਪਨ ਵਿਚ ਹੋ ਜਾਣ ਕਾਰਨ ਆਪ ਜੀ ਦੀ ਪਾਲਣਾ ਨਾਨਕੇ ਪ੍ਰਵਾਰ ਨੇ ਕੀਤੀ ਤੇ ਉਨ੍ਹਾਂ ਪਾਸ ਹੀ ਲਖਨਊ ਰਹੇ। ਉਥੇ ਕੁਝ ਸਮਾਂ ਦੁਕਾਨਦਾਰੀ ਵੀ ਕੀਤੀ ਤੇ ੧੯੫੬ ਵਿਚ ਸਿੰਘਾਪੁਰ ਚਲੇ ਗਏ। ਉਥੇ ੧੯੬੧ ਤਕ ਰਹੇ। ਜਿਤਨਾ ਸਮਾਂ ਸਿੰਘਾਪੁਰ ਰਹੇ, ਉਥੇ ਨਵੀਨ ਸਟ੍ਰੀਟ ਗੁਰਦੁਆਰੇ ਵੱਡੀ ਸਿਦਕ-ਦਿਲੀ ਤੇ ਸ਼ਰਧਾ ਨਾਲ ਸੇਵਾ ਕਰਦੇ ਰਹੇ। ਸੰਗਤਾਂ ਦੇ ਜੋੜਿਆਂ ਦੀ ਸੇਵਾ-ਸੰਭਾਲ ਵੱਡੇ ਚਾਅ ਤੇ ਉਤਸ਼ਾਹ ਨਾਲ ਕਰਦੇ ਸਨ।

੧੯੬੧ ਈ: ਦੇ ਅਖੀਰ ਵਿਚ ਸ: ਕਰਤਾਰ ਸਿੰਘ ਨੱਯਰ ਇੰਗਲੈਂਡ ਆਏ। ੧੯੬੫ ਵਿਚ ਪ੍ਰਵਾਰ ਵੀ ਮੰਗਵਾ ਲਿਆ। ਵਲਾਇਤ ਵਿਚ ਪਹੁੰਚ ਕੇ ਵੀ ਸ: ਕਰਤਾਰ ਸਿੰਘ ਸਿਖ ਸੰਗਤਾਂ ਦੀ ਸੇਵਾ ਵੱਡੀ ਲਗਨ ਤੇ ਇਕਸਾਰਤਾ ਨਾਲ ਕਰਦੇ ਰਹੇ। ਕਈ ਸਾਲਾਂ ਤਕ ਆਪ ਜੀ ਯੂ. ਕੇ. ਦੇ ਸਭ ਤੋਂ ਮੁਖੀ ਗੁਰੂ-ਅਸਥਾਨ–ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਰਹੇ ਤੇ ਲੰਗਰ ਇੰਚਾਰਜ ਰਹੇ। ਸ੍ਰੋਮਣੀ ਅਕਾਲੀ ਦਲ ਯੂ. ਕੇ. ਦੇ ਵੀ ਵੱਡੇ ਉਤਸ਼ਾਹੀ ਅਤੇ

ਸਰਗਰਮ ਵਰਕਰ ਰਹੇ। ਕਈ ਸਾਲਾਂ ਤਕ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਅਤੇ ਹੰਸਲੋ ਅਕਾਲੀ ਦਲ ਦੇ ਪ੍ਰਧਾਨ ਰਹੇ। ਜਦੋਂ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਲੋਂ ਦਿੱਲੀ ਵਿਚ ਜ਼ਬਰਦਸਤ ਮੁਜ਼ਾਹਰਾ ਕੀਤਾ ਗਿਆ ਤੇ ਜਲੂਸ ਕੱਢਿਆ ਗਿਆ, ਤਾਂ ਉਸ ਜਲੂਸ ਵਿਚ ਸਭ ਤੋਂ ਮੂਹਰੇ ਸ਼੍ਰੋਮਣੀ ਅਕਾਲੀ ਦਲ ਯੂ. ਕੇ. ਦਾ ਜੱਥਾ ਸੀ, ਜਿਸ ਦੀ ਅਗਵਾਈ ਸਰਦਾਰ ਕਰਤਾਰ ਸਿੰਘ ਨੱਯਰ ਕਰ ਰਹੇ ਸਨ।

ਸ: ਕਰਤਾਰ ਸਿੰਘ ਵਡੇ ਨਿਰਮਾਣ ਤੇ ਸਿਦਕਵਾਨ ਗੁਰਸਿੱਖ ਹਨ। ਅਕਾਲੀ ਦਲ ਦੇ ਅਣ-ਖਿੜਕਵੇਂ ਸਰਗਰਮ ਵਰਕਰ ਹਨ। ਗੁਰੂ ਪੰਥ ਨਾਲ ਆਪ ਜੀ ਦਾ ਪਿਆਰ ਇਸ਼ਕ ਦੇ ਦਰਜੇ ਤਕ ਅਪੜਿਆ ਹੋਇਆ ਹੈ। ਵੱਡੀ ਨਿਰਮਾਣਤਾ, ਨਿਮਰਤਾ ਤੇ ਸ਼ਰਧਾ ਨਾਲ ਗੁਰੂ-ਘਰ ਦੀ ਸੇਵਾ ਕਰਨੀ, ਇਹਨਾਂ ਦੀ ਜੀਵਨ-ਚਾਹ ਹੈ। ਜਿਤਨੀਆਂ ਸ਼ਤਾਬਦੀਆਂ ਪੰਥ ਵਲੋਂ ਮਨਾਈਆਂ ਗਈਆਂ, ਉਹਨਾਂ ਸਭ ਵਿਚ ਸ਼ਾਮਲ ਹੋਣ ਲਈ ਇਹ ਉਚੇਚੇ ਤੌਰ ਤੇ ਯੂ. ਕੇ. ਤੋਂ ਪੰਜਾਬ ਪੁੱਜਦੇ ਰਹੇ। ਅੱਜ ਕਲ ਆਪ ਸ੍ਰੀ ਗੁਰੂ ਸਿੰਘ ਸਭਾ ਹੰਸਲੋ–ਲੰਡਨ ਦੇ ਵੱਡੇ ਸਰਗਰਮ ਤੇ ਅਣਥੱਕ ਮੈਂਬਰ ਹਨ। ਵੱਡੀ ਇਕਸਾਰਤਾ ਤੇ ਦ੍ਰਿੜ੍ਹਤਾ ਨਾਲ ਇਸ ਗੁਰੂ-ਘਰ ਦੀ ਉਸਾਰੀ ਦੀ ਸੇਵਾ ਵਿਚ ਜੁਟੇ ਹੋਏ ਹਨ। ਅਕਸਰ ਸ: ਕਰਤਾਰ ਸਿੰਘ ਨੱਯਰ ਨੂੰ ਲੰਗਰ ਦੀ ਸੇਵਾ ਕਰਦੇ ਵੇਖਿਆ ਜਾਂਦਾ ਹੈ। ਆਪ ਜੀ ਵੱਡੇ ਨਿਰਮਾਣ, ਨਿਰਮਲ ਤੇ ਮਿਲਾਪੜੇ ਸੁਭਾਅ ਦੇ ਗੁਰਸਿੱਖ ਹਨ। ਲੇਖਕ ਦੇ ਹਿਰਦੇ ਵਿਚ ਇਹਨਾਂ ਦੀ ਨਿਰਮਾਣਤਾ, ਨਿਰਮਲਤਾ, ਨਿਰਲੇਪਤਾ ਅਤੇ ਸਿਖੀ ਸੇਵਾ-ਭਾਵ ਦੀ ਡੂੰਘੀ ਛਾਪ ਹੈ।

ਲੇਖਕ ਨੂੰ ਹਾਰਦਿਕ ਪ੍ਰਸੰਨਤਾ ਹੈ ਕਿ ਆਪ ਜੀ ਵੱਡੀਆਂ ਕਠਿਨਾਈਆਂ ਤੇ ਔਕੜਾਂ ਦੇ ਬਾਵਜੂਦ, ਬਾਬਾ ਜੀਵਨ ਸਿੰਘ ਜੀ ਦੇ ਜੀਵਨ-ਇਤਿਹਾਸ ਨੂੰ ਛਪਵਾਉਣ ਦੀ ਲਗਨ ਵਿਚ ਜੁਟੇ ਰਹੇ ਹਨ ਤੇ ਹੁਣ ਗੁਰੂ ਮਹਾਰਾਜ ਦੀ ਅਪਾਰ ਕਿਰਪਾ ਇਹ ਇਤਿਹਾਸਿਕ ਪੁਸਤਕ ਸਾਕਾਰਤਾ ਦਾ ਰੂਪ ਧਾਰ ਕੇ ਸੁਹਿਰਦ-ਪਾਠਕਾਂ ਦੇ ਹੱਥਾਂ ਵਿਚ ਪੁੱਜ ਰਹੀ ਹੈ। ਦਾਸ ਪੰਥ ਦੇ ਵਾਲੀ, ਕਲਗੀਧਰ ਪਿਤਾ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਕਿ ਉਹ ਆਪ ਸ: ਕਰਤਾਰ ਸਿੰਘ ਨੱਯਰ ਨੂੰ ਬਲ ਬਖਸ਼ਣ ਕਿ ਉਹ ਆਪਣੇ ਮਿਸ਼ਨ ਵਿਚ ਸਫਲ ਹੋਣ।

ਵਰਤਮਾਨ ਔਕੜਾਂ ਭਰੇ ਸਮੇਂ, ਜਿਸ ਵਿਚੋਂ ਇਸ ਸਮੇਂ ਖਾਲਸਾ ਪੰਥ ਲੰਘ ਰਿਹਾ ਹੈ, ਸਾਡੇ ਮਹਾਨ ਸ਼ਹੀਦਾਂ ਦੇ ਜੀਵਨ-ਰੋਸ਼ਨ-ਮੁਨਾਰੇ ਬਣ ਕੇ ਸਾਨੂੰ ਮਾਰਗ

ਦਰਸਾ ਸਕਦੇ ਹਨ ਅਤੇ ਉਹਨਾਂ ਦੇ ਮਹਾਨ ਜੀਵਨਾਂ ਦੀਆਂ ਨੂਰਾਨੀ-ਕਿਰਨਾਂ ਵਿਚ ਟੁਰਦੇ ਹੋਏ, ਆਪਣੇ ਧਰਮ ਅਤੇ ਸਭਿਆਚਾਰ, ਰੂਪ ਤੇ ਸਰੂਪ, ਰਹਿਤ ਤੇ ਮਰਯਾਦਾ ਨੂੰ ਬਚਾਉਂਦੇ ਹੋਏ, ਆਪਣੀ ਮਿਥੀ ਮੰਜ਼ਲ ਤੇ ਅਪੜ ਸਕਦੇ ਹਾਂ।

ਗੁਰੂ ਪੰਥ ਦਾ ਨਿਰਮਾਣ-ਸੇਵਕ :

ਗੁਰਚਰਨ ਸਿੰਘ 'ਖਾਲਸਾ'

ਇਕ–ਐਲਨ ਪਾਰਕ, ਨਾਰਵੁੱਡ ਗ੍ਰੀਨ

ਸਾਊਥਾਲ ਮਿਡਲ ਸੈਕਸ

ਟੈਲੀਫੋਨ 573–3761

੧੬ ਸਤੰਬਰ ੧੯੮੬

ਮਜ਼ਹਬੀ ਸਿਖਾਂ ਦੇ ਇਤਿਹਾਸ ਬਾਰੇ

ਪੰਜਾਬ ਦੇ ਇਤਿਹਾਸ, ਵਿਸ਼ੇਸ਼ ਕਰ ਕੇ ਸਿਖ ਇਤਿਹਾਸ ਵਿਚ ਮਜ਼ਹਬੀ ਸਿਖਾਂ ਦਾ ਨਾਂ ਬੜਾ ਮਸ਼ਹੂਰ ਹੈ। ਉਹ ਇਸ ਕਰ ਕੇ ਕਿ ਮਜ਼ਹਬੀ ਸਿਖ ਹਰੇਕ ਧਰਮ-ਯੁੱਧ ਵਿਚ, ਜਿਥੇ ਕਿ ਸਿਖ ਗੁਰੂ ਸਾਹਿਬਾਨ ਜਾਂ ਤੱਤ ਖਾਲਸੇ ਨੂੰ ਲੜ ਪੈਂਦੀ ਰਹੀ ਹੈ, ਹਮੇਸ਼ਾਂ ਇਕ ਦੂਜੇ ਤੋਂ ਅੱਗੇ ਵੱਧ ਕੇ ਆਪਣੇ ਰੋਲ ਅਦਾ ਕਰਦੇ ਰਹੇ ਹਨ। ਸਿਖ ਗੁਰੂ ਸਾਹਿਬਾਨ ਦੇ ਜ਼ਮਾਨੇ ਵਿਚ ਪਹਿਲਾਂ ਇਹੋ ਰੰਘਰੇਟੇ ਗੁਰੂ ਕੇ ਬੇਟੇ ਸਨ ਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸੰਨ ੧੭੦੯ ਈ: ਤੋਂ ਸੰਨ ੧੭੯੯ ਈ: ਵਿਚ ਅਤੇ ਤਦ ਪਸਚਾਤ ਸਿਖ ਰਾਜ ਸਮੇਂ ਸੰਨ ੧੮੦੦ ਤੋਂ ਸੰਨ ੧੮੪੯ ਤਕ ਲਗਭਗ ੧੪੦ ਸਾਲ ਮਜ਼ਹਬੀ ਸਿਖਾਂ ਨੇ ਸਿਖ ਪੰਥ ਦੇ ਹਮ-ਰਕਾਬ ਹੋ ਕੇ ਜੋ ਅਦੁੱਤੀ ਕੁਰਬਾਨੀਆਂ ਕੀਤੀਆਂ, ਉਹ ਕਦੇ ਭੁਲਾਈਆਂ ਨਹੀਂ ਜਾ ਸਕਦੀਆਂ। ਇਸੇ ਕਾਰਣ ਮਜ਼ਹਬੀ ਸਿਖ ਗੁਰੂ ਪੰਥ ਦਾ ਅਜਿਹਾ ਅਟੁੱਟ ਅੰਗ ਬਣ ਗਏ ਹਨ, ਜੋ ਕਦੇ ਤੇ ਕਿਸੇ ਹਾਲਤ ਵਿਚ ਵੀ ਗੁਰੂ-ਚਰਨਾਂ ਦੇ ਅਗਾਧ ਸ਼ਰਧਾਲੂ ਹੋਣ ਕਰ ਕੇ ਸਿਖ ਪੰਥ ਨਾਲੋਂ ਅਲੱਗ ਨਹੀਂ ਕੀਤੇ ਜਾ ਸਕਦੇ।

ਮਜ਼ਹਬੀ ਸਿਖ, ਜੋ ਪਹਿਲਾਂ ਦ੍ਰਾਵਿੜਾਂ ਦੇ ਚੂੜਾਮਣੀ ਸੈਨਿਕ ਸਰਦਾਰ, ਫੇਰ ਆਰਯਾਂ ਦੇ ਇਸ ਦੇਸ਼ ਵਿਚ ਆਉਣ ਤੇ ਹਕਾਰਤ ਨਾਲ ਅਸੁਰ, ਧਾਣਕ ਆਦਿ ਵੱਖੋ ਵੱਖ ਨਾਮਾਂ ਨਾਲ ਯਾਦ ਕੀਤੇ ਜਾਂਦੇ ਰਹੇ, ਪੰਜਾਬ ਦੇ ਆਦਿ ਵਾਸੀ ਤੇ ਇਸ ਦੇਸ਼ ਦਾ ਆਪਣਾ ਹੀ ਲਹੂ-ਮਾਸ ਹੋਣ ਦੇ ਬਾਵਜੂਦ ਭਾਵੇਂ ਜਾਤਿ-ਅਭਿਮਾਨੀ ਆਰਯਾਂ ਵਲੋਂ ਵੱਖੋ-ਵੱਖ ਸਮਿਆਂ ਤੇ ਕਈ ਵੇਰ ਕਈ ਪ੍ਰਕਾਰ ਦੇ ਪੱਜ ਬਣਾ ਕੇ ਦੁਰਕਾਰੇ ਵੀ ਜਾਂਦੇ ਰਹੇ, ਪਰ ਇਸਨਾਂ ਨੇ ਅਨੇਕਾਂ ਮੁਸੀਬਤਾਂ ਸਹਿਣ ਦੇ ਬਾਵਜੂਦ ਕਦੇ ਆਪਣਾ ਆਪ ਨਹੀਂ ਛੱਡਿਆ ਤੇ ਆਦਰਸ਼ਵਾਦੀ ਵੀਰਤਾ ਤੋਂ ਕਦੇ ਮੂੰਹ ਨਹੀਂ ਮੋੜਿਆ। ਰਿਗਵੇਦਿਕ ਕਾਲ ਵਿਚ ਆਰਯਾਂ ਦੇ ਮੂੰਹੋਂ ਦਸ, ਅਸੁਰ ਤੇ ਦਾਨਵ ਅਖਵਾਏ, ਪੁਰਾਣਿਕ ਕਾਲ ਵਿਚ ਧਾਣਕ ਤੇ ਵਟਮਾਰ ਨਾਮਾਂ ਨਾਲ ਮਸ਼ਹੂਰ ਰਹੇ, ਬ੍ਰਾਹਮਣੀ ਕਾਲ ਤੇ ਰਾਜਪੂਤ ਕਾਲ ਵਿਚ ਧਾਣਕ ਤੋਂ ਰੰਘੜ ਤੇ ਫਿਰ ਰੰਘਰੇਟੇ ਬਣੇ, ਪਹਿਲਾਂ ਛਤ੍ਰੀਆਂ ਤੇ ਫੇਰ ਰਾਜਪੂਤ ਖੋਖਰਾਂ ਨਾਲ ਜਾਤੀ ਤੇ ਭਾਈਚਾਰਕ ਸਬੰਧ ਜੋੜੇ। ਉਹੋ ਸਬੰਧ ਇਕ ਪੱਖੀ ਸਨ ਜਾਂ ਬਹੁਪੱਖੀ, ਪਰ ਇਨ੍ਹਾਂ ਨੇ

ਉਨ੍ਹਾਂ ਦੇ ਅਧਾਰ ਤੇ ਹਰ ਥਾਵੇਂ ਆਪਣੀ ਅਪਣੱਤ ਕਾਇਮ ਰੱਖੀ। ਮੁੱਢ ਵਿਚ ਵਰਣ-ਆਸ਼ਰਮ ਤੇ ਪਿਛੋਂ ਕਾਲ-ਕ੍ਰਮ ਦੇ ਅਨੁਸਾਰ ਉਨ੍ਹਾਂ ਹੀ ਵਰਣ-ਆਸ਼ਰਮਾਂ ਤੋਂ ਅਨੁਲੋਮ ਤੇ ਪ੍ਰਤਿਲੋਮ ਜਾਤਾਂ ਅਨੇਕ ਸ਼ਕਲਾਂ ਵਿਚ ਪ੍ਰਫੁਲਿਤ ਹੋਈਆਂ, ਜਿਨ੍ਹਾਂ ਦੇ ਗੋਰਖ ਧੰਦੇ ਵਿਚ ਪਾ ਕੇ ਬ੍ਰਾਹਮਣ ਜਾਤੀ ਵਲੋਂ ਮਜ਼ਹਬੀ ਲੋਕਾਂ ਨੂੰ ਅਛੂਤ ਜਾਤਾਂ ਵਿਚ ਧਕੇਲਿਆ ਗਿਆ। ਇਸ ਪਤਨ ਦੇ ਡੂੰਘੇ ਟੋਏ ਵਿਚ ਡਿੱਗ ਕੇ ਭਾਵੇਂ ਕਿਸੇ ਵੀ ਜਾਤੀ ਦਾ ਮੁੜ ਜੀਉਂਦੇ ਰਹਿਣ ਦਾ ਮਾਣ ਕਰਨਾ ਇਕ ਅਨਹੋਣੀ ਤੇ ਔਖੀ ਜਿਹੀ ਗੱਲ ਹੈ, ਪਰ ਇਹ ਇਕ ਰੰਘਰੇਟੇ ਜਾਂ ਮਜ਼ਹਬੀ ਸਿੱਖ ਹੀ ਹਨ, ਜਿਨ੍ਹਾਂ ਨੇ ਸਮੇਂ ਦੇ ਅਨੇਕਾਂ ਉਤਰਾਉ-ਚੜ੍ਹਾਉ ਦੀਆਂ ਥਪੇੜਾਂ ਖਾ ਕੇ ਕੇਵਲ ਇਕ ਵਾਰ ਨਹੀਂ, ਸਗੋਂ ਹਮੇਸ਼ਾਂ ਆਪਣੇ ਆਪ ਨੂੰ ਸਾਬਤ ਕਦਮ ਤੇ ਅੰਤ ਚੜ੍ਹਦੀ ਕਲਾ ਵਿਚ ਰਖਿਆ।

ਸ: ਸ਼ਮਸ਼ੇਰ ਸਿੰਘ ਅਸ਼ੋਕ ਨੇ ਮਜ਼ਹਬੀ ਸਿਖਾਂ ਦੇ ਇਸ ਖੋਜ-ਇਤਿਹਾਸ ਵਿਚ ਇਸੇ ਜਾਤੀ ਉੱਥਾਨ ਤੇ ਪਤਨ ਦੇ ਜੋ ਦਿਲਚਸਪ ਤੇ ਸਜੀਵ ਨਕਸ਼ੇ ਚਿਤਰ ਕੇ ਬੜੀ ਸਫਲਤਾ ਨਾਲ ਪੇਸ਼ ਕੀਤੇ ਹਨ, ਉਹ ਖੋਜ-ਪ੍ਰੇਮੀ ਪਾਠਕਾਂ ਪਾਸੋਂ ਸਦੀਵੀ ਕਦਰ ਦੀ ਮੰਗ ਕਰਦੇ ਹਨ।

ਰਿਗਵੇਦਿਕ ਕਾਲ, ਪੁਰਾਣਿਕ ਕਾਲ, ਬ੍ਰਾਹਮਣੀ ਕਾਲ ਜਾਂ ਰਾਜਪੂਤੀ ਕਾਲ ਦੀਆਂ ਟੇਢੀਆਂ-ਮੇਢੀਆਂ ਵਲਗਣਾਂ ਵਿਚੋਂ ਨਿਕਲ ਕੇ ਫਿਰ ਸਮਾਂ ਆਉਂਦਾ ਹੈ ਗੁਰੂ ਨਾਨਕ-ਕਾਲ ਜਾਂ ਸਿਖ ਕਾਲ ਦਾ। ਇਸ ਕਾਲ ਨੂੰ ਅਸੀਂ ਮਜ਼ਹਬੀ ਸਿਖਾਂ ਦੇ ਪੁਨਰ-ਜਨਮ ਦਾ ਕਾਲ ਕਹੀਏ ਜਾਂ ਸਜੀਵ ਕਾਲ ਕਿਉਂਕਿ ਜਗਤ-ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਿਖ ਗੁਰੂ ਸਾਹਿਬਾਨ ਨੇ ਰੰਘਰੇਟੇ ਅਥਵਾ ਮਜ਼ਹਬੀ ਸਿਖਾਂ ਨੂੰ ਆਪਣੇ ਪਵਿੱਤਰ ਚਰਨ-ਕਮਲਾਂ ਦੇ ਸਦਕੇ ਸਦੀਵੀ ਮੁਰਦਿਹਾਨੀ ਵਿਚੋਂ ਕੱਢ ਕੇ ਪਹਿਲਾਂ ਚਰਨ-ਪਾਹੁਲ ਤੇ ਫਿਰ ਖੰਡੇ ਦੇ ਅੰਮ੍ਰਿਤ ਦੇ ਛੱਟੇ ਮਾਰੇ ਤੇ ਅੰਮ੍ਰਿਤ ਛਕਾ ਕੇ ਨਾ ਕੇਵਲ ਅਮਰ ਹੀ ਬਣਾਇਆ ਸਗੋਂ ਰੰਘਰੇਟੇ ਗੁਰੂ ਕੇ ਬੇਟੇ ਦੀ ਉੱਚ ਪਦਵੀ ਪ੍ਰਦਾਨ ਕਰ ਕੇ ਆਪਣੇ ਨਾਦੀ ਸਾਹਿਬਜ਼ਾਦੇ ਹੋਣ ਦਾ ਮਾਣ ਵੀ ਬਖਸ਼ਿਆ ਹੈ। ਸਿਖ ਇਤਿਹਾਸ ਦੇ ਕਥਨ ਅਨੁਸਾਰ ਅਮਰ ਸ਼ਹੀਦ ਭਾਈ ਜੈਤਾ ਅਥਵਾ ਬਾਬਾ ਜੀਵਨ ਸਿੰਘ ਜੀ, ਜਿਹੜੇ ਕਿ ਔਰੰਗਜ਼ੇਬੀ ਤਸ਼ੱਦਦ ਤੇ ਜ਼ੋਰ-ਜ਼ੁਲਮ ਦੀ ਪ੍ਰਵਾਹ ਨਾ ਕਰ ਕੇ ਨਵਮ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਬੜੀ ਨਿਡਰਤਾ ਤੇ ਅਦਬੀ ਭਾਵਨਾ ਨਾਲ ਦਿੱਲੀਓਂ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਲਿਆਏ ਤੇ ਫਿਰ ਇਸੇ ਸੰਜੀਵ ਕੁਰਬਾਨੀ ਦੇ ਸਦਕੇ ਗੁਰੂ ਦਸਮ ਦਰਬਾਰ ਵਿਚ 'ਰੰਘਰੇਟੇ ਗੁਰੂ ਕੇ ਬੇਟੇ' ਦੀ ਉੱਚ ਪਦਵੀ ਨਾਲ

ਵਡਿਆਏ ਜਾਣ ਤੇ ਗੁਰੂ ਜੀ ਦੇ ਰਣਜੀਤ ਨਗਾਰੇ ਦੇ ਨਗਾਰਚੀ ਥਾਪੇ ਗਏ, ਕੋਈ ਸਾਧਾਰਣ ਕੁਰਬਾਨੀ ਵਾਲੇ ਜਾਂ ਆਮ ਪੱਧਰ ਦੇ ਵਿਅਕਤੀ ਨਹੀਂ ਸਨ। ਇਸ ਲਈ ਅਸੀਂ ਇਸ ਸਿਦਕ-ਦਿਲੀ ਬਦਲੇ ਉਹਨਾਂ ਦਾ ਤੇ ਉਹਨਾਂ ਦੇ ਖਾਨਦਾਨ ਦਾ ਜਿਤਨਾ ਵੀ ਮਾਣ ਕਰੀਏ ਉਤਨਾ ਹੀ ਥੋੜਾ ਹੈ। ਇਸ ਇਤਿਹਾਸਿਕ ਨੁਕਤਾ-ਨਿਗਾਹ ਤੋਂ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ, ਜਿਹੜੇ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਬਾਅਦ ਵੀ ਚਮਕੌਰ ਸਾਹਿਬ ਦੇ ਜੰਗ ਸਮੇਂ ਤਨ-ਮਨ ਵਾਰ ਕੇ ਹਮੇਸ਼ਾਂ ਸ੍ਰੀ ਦਸਮੇਸ਼ ਜੀ ਦੇ ਸੱਚੇ ਸਬੂਤ ਸਾਬਤ ਹੁੰਦੇ ਹੋਏ ਅਮਰ ਸ਼ਹੀਦ ਦੀ ਪਦਵੀ ਪ੍ਰਾਪਤ ਕਰ ਗਏ, ਇਕ ਅਜਿਹੀ ਦੈਵੀ ਰੂਹ ਸਨ, ਜਿਸ ਤੋਂ ਆਉਂ-ਦੀਆਂ ਸਿਖ ਨਸਲਾਂ ਧਰਮ ਪਿੱਛੇ ਮਰ ਮਿਟ ਕੇ ਵੀ ਸਦੀਵੀ ਅਮਰ-ਜੀਵਨ ਦਾ ਅਮਲੀ ਸੰਦੇਸ਼ ਪ੍ਰਾਪਤ ਕਰਦੀਆਂ ਰਹਿਣਗੀਆਂ।

ਨਾ ਕੇਵਲ ਬਾਬਾ ਜੀਵਨ ਸਿੰਘ ਹੀ, ਸਗੋਂ ਹੋਰ ਅਨੇਕਾਂ ਰੰਘਰੇਟੇ ਅਥਵਾ ਮਜ਼ਹਬੀ ਸਿਖ ਯੋਧੇ ਵੀ, ਜਿਹਨਾਂ ਵਿਚ ਬਾਬਾ ਸੰਗਤ ਸਿੰਘ, ਬਾਬਾ ਬੀਰ ਸਿੰਘ, ਭਾਈ ਗਰਜਾ ਸਿੰਘ, ਸਰਦਾਰ ਨਿਬਾਹੂ ਸਿੰਘ, ਬੀਰੂ ਸਿੰਘ, ਗੁੱਦੜ ਸਿੰਘ ਆਦਿ ਵੀ, ਜਿਹੜੇ ਕਿ ਗੁਰੂ ਦਸਮ ਪਾਤਸ਼ਾਹ ਦੇ ਸਮੇਂ ਤੋਂ ਲੈ ਕੇ ਬਾਬਾ ਬੰਦਾ ਬਹਾਦਰ, ਬੁੱਢਾ ਦਲ, ਤਰੁਣਾ ਦਲ, ਸਿਖ ਮਿਸਲਾਂ ਤੇ ਸਿਖ ਰਾਜ ਦੇ ਸਮੇਂ ਤਕ ਹਮੇਸ਼ਾਂ ਮਨ, ਵਚਨ, ਕਰਮ ਤੋਂ ਗੁਰੂ ਪੰਥ ਦਾ ਸਾਥ ਦਿੰਦੇ ਰਹੇ ਤੇ ਹਰੇਕ ਔਕੜ ਵਿਚ ਬੜੀ ਸਿਦਕ-ਦਿਲੀ ਵਿਚ ਗੁਰੂ ਪੰਥ ਦੇ ਨਾ ਕੇਵਲ ਅੰਗ ਸੰਗ ਹੀ ਰਹੇ, ਸਗੋਂ ਹਰੇਕ ਕੁਰਬਾਨੀ ਸਮੇਂ ਅੱਗੇ ਤੋਂ ਅੱਗੇ ਵੱਧ ਕੇ ਅਦੁੱਤੀ ਮਰਦਾਨਗੀ ਤੇ ਸਾਬਤ ਕਦਮੀ ਦੇ ਜੌਹਰ ਦਿਖਾਉਂਦੇ ਰਹੇ, ਸਾਨੂੰ ਕਦੇ ਵੀ ਭੁੱਲ ਨਹੀਂ ਸਕਦੇ, ਜਿੰਨਾ ਚਿਰ ਖਾਲਸਾ ਦਲ ਚਾਹੇ ਉਹ ਬੁੱਢਾ ਦਲ ਸੀ ਜਾਂ ਤਰੁਣਾ ਦਲ, ਹਮੇਸ਼ਾਂ ਜਬਰ ਜ਼ੁਲਮ ਦਾ ਟਾਕਰਾ ਕਰਦਾ ਹੋਇਆ ਬੜੇ ਹੌਂਸਲੇ ਕਾਰਣ ਸਦਾ ਚੜ੍ਹਦੀ ਕਲਾ ਵਿਚ ਰਿਹਾ। ਸਿਖ ਇਤਿਹਾਸ ਇਸੇ ਕਾਰਣ ਉਹਨਾਂ ਦੀ ਸਾਬਤ-ਕਦਮੀ ਦੀ ਗਵਾਹੀ ਦੇ ਰਿਹਾ ਹੈ। ਇਸ ਲਈ ਮੱਲੋ-ਜ਼ੋਰੀ ਕਹਿਣਾ ਪੈਂਦਾ ਹੈ ਕਿ ਮਜ਼ਹਬੀ ਸਿਖ ਖਾਲਸਾ ਪੰਥ ਦਾ ਅਜਿਹਾ ਇਕ ਸਜੀਵ ਹਨ, ਜਿਸ ਨੂੰ ਅਸੀਂ ਚੜ੍ਹਦੀ ਕਲਾ ਦੇ ਪ੍ਰਤੀਕ ਵਜੋਂ ਹਰ ਸਮੇਂ ਉਦਾਹਰਣ ਵਜੋਂ ਪੇਸ਼ ਕਰ ਸਕਦੇ ਹਾਂ।

ਨਾ ਕੇਵਲ ਸਿਖ ਰਾਜ ਸਮੇਂ ਹੀ, ਸਗੋਂ ਅੰਗਰੇਜ਼ੀ ਕਾਲ ਤੇ ਸਿਖ ਲਹਿਰਾਂ ਦੇ ਸਮੇਂ ਵਿਚ ਵੀ, ਜਿਹਨਾਂ ਵਿਚ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਪ੍ਰਸਿੱਧ ਹਨ, ਮਜ਼ਹਬੀ ਸਿਖ ਸਿਵਲ ਤੇ ਮਿਲਟਰੀ ਤੋਂ ਇਲਾਵਾ ਆਮ ਜਨਤਕ ਜੀਵਨ ਵਿਚ ਵੀ ਹਮੇਸ਼ਾਂ ਗੁਰੂ ਪੰਥ ਦੇ ਨਾਲ ਰਹੇ।

ਪਹਿਲਾਂ ਅਕਾਲੀ ਲਹਿਰ ਦੇ ਸਮੇਂ ਵਿਚ ਤੇ ਫਿਰ ਦੇਸ਼-ਭਗਤੀ ਦੀ ਲਹਿਰ ਤੇ ਪੰਜਾਬੀ ਸੂਬੇ ਦੀ ਲਹਿਰ ਸਮੇਂ ਮਜ਼ਹਬੀ ਸਿਖਾਂ ਨੇ ਖਿੜੇ-ਮੱਥੇ ਜੋ ਸਿਦਕ-ਦਿਲੀ ਨਾਲ ਕੁਰਬਾਨੀਆਂ ਦਿਤੀਆਂ, ਸਿਖ ਕੌਮ ਦਾ ਸਿਰ ਉਹਨਾਂ ਲਾਸਾਨੀ ਕੁਰਬਾਨੀਆਂ ਦੇ ਕਾਰਣ ਹਮੇਸ਼ਾ ਉੱਚਾ ਰਹੇਗਾ। ਜੇ ਸੱਚ ਪੁਛੋ ਤਾਂ ਗੁਰਦੁਆਰਾ ਸੁਧਾਰ ਵਜੋਂ ਅਕਾਲੀ ਲਹਿਰ ਦਾ ਮੁੱਢ ਨਵੰਬਰ ਸੰਨ ੧੯੨੦ ਵਿਚ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਤੋਂ ਜੱਥਾ ਲੈ ਜਾ ਕੇ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਦੇ ਕਬਜ਼ੇ ਤਕ ਦਲੇਰੀ ਵਿਖਾ ਕੇ ਜੋ ਸੁਧਾਰ ਦਾ ਪ੍ਰਮਾਣ ਦਿਤਾ, ਉਹ ਕਦੇ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਸ ਲਈ ਕਹਿਣਾ ਪੈਂਦਾ ਹੈ ਕਿ ਅਕਾਲੀ ਲਹਿਰ ਦੀ ਹੋਂਦ ਵਿਚ ਅਗਾਂਹ-ਵਧੂ ਮਜ਼ਹਬੀ ਸਿਖਾਂ ਦਾ ਖਾਸ ਹੱਥ ਸੀ, ਨਹੀਂ ਤਾਂ ਇਹ ਲਹਿਰ ਏਨੀ ਕਾਮਯਾਬ ਨਹੀਂ ਸੀ ਹੋ ਸਕਦੀ। ਇਸੇ ਕਾਰਣ ਉਸੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਿਚ ਮਜ਼ਹਬੀ ਸਿਖਾਂ ਦਾ ਖਾਸ ਹੱਥ ਰਿਹਾ ਹੈ ਤੇ ਹੁਣ ਤਕ ਅਨੇਕਾਂ ਮਰਜੀਉੜੇ ਮਜ਼ਹਬੀ ਸਿਖ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਹਰ ਸਮੇਂ ਪੰਥਕ ਰਹਿਨੁਮਾਈ ਕਰਦੇ ਆਂ ਰਹੇ ਹਨ। ਗੁਰੂ ਪੰਥ ਦੇ ਪ੍ਰਮੁੱਖ ਆਗੂਆਂ ਵਲੋਂ ਵੀ ਇਸੇ ਕਾਰਣ ਇਨ੍ਹਾਂ ਸੰਸਥਾਵਾਂ ਰਾਹੀਂ ਮਜ਼ਹਬੀ ਸਿਖਾਂ ਨੂੰ ਹਮੇਸ਼ਾਂ ਤੇ ਹਰ ਪਾਸੇ ਪੂਰਾ ਪੂਰਾ ਮਾਣ-ਸਤਿਕਾਰ ਪ੍ਰਾਪਤ ਹੁੰਦਾ ਰਿਹਾ ਹੈ ਜੋ ਕਿ ਇਕ ਮਿਸਾਲ ਹੈ।

ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਮਜ਼ਹਬੀ ਸਿਖਾਂ ਦਾ ਇਹ ਇਤਿਹਾਸ ਲਿਖ ਕੇ ਨਾ ਕੇਵਲ ਮੁੱਢਲਾ ਇਤਿਹਾਸ ਹੀ ਪੇਸ਼ ਕੀਤਾ ਹੈ, ਸਗੋਂ ਇਹਨਾਂ ਦੇ ਵਰਤਮਾਨ ਇਤਿਹਾਸ ਉਤੇ ਵੀ ਕਾਫੀ ਰੋਸ਼ਨੀ ਪਾਈ ਹੈ, ਜਿਸ ਵਿਚ ਪੁਰਾਤਨ ਇਤਿਹਾਸਿਕ ਪਾਤਰਾਂ ਦੇ ਨਾਲ ਹੀ ਨਵੇਂ ਇਤਿਹਾਸਿਕ ਵਿਅਕਤੀਆਂ ਨੂੰ ਵੀ ਅੱਖੋਂ ਪਰੋਖੇ ਨਹੀਂ ਰੱਖਿਆ। ਬਹੁਤ ਵੱਡੀ ਤੱਥ ਰੂਪ ਮਹਾਨਤਾ ਵਾਲੀ ਗੱਲ ਇਸ ਖੋਜ-ਪੁਸਤਕ ਵਿਚ ਇਹ ਹੈ ਕਿ ਮਜ਼ਹਬੀ ਸਿਖ, ਜੋ ਇਸ ਦੇਸ਼ ਦੇ ਆਦੀ ਵਾਸੀ ਹੋਣ ਕਰ ਕੇ ਆਰਯਾਂ ਤੋਂ ਵੀ ਪਹਿਲਾਂ ਦੇ ਇਸ ਮਾਤ-ਭੂਮੀ ਦੇ ਮਾਲਿਕ ਹਨ, ਆਰਯਾਂ ਦੇ ਚਾਰੇ ਵਰਣ-ਆਸ਼ਰਮਾਂ ਦੇ ਆਪਸੀ ਮੇਲ ਨਾਲ ਪੈਦਾ ਹੋਈ ਕਿਸੇ ਵੀ ਅਨੁਲੋਮ ਜਾਂ ਪ੍ਰਤਿਲੋਮ ਜ਼ਾਤੀ ਦੀ ਉਪਜ ਨਿਪਜ ਨਹੀਂ ਹੈ। ਜਿਸ ਕਾਰਣ ਇਹ ਆਰਯਾਂ ਨਾਲੋਂ ਵੀ ਪਹਿਲਾਂ ਦੀ ਇਥੋਂ ਦੀ ਉੱਚ ਪੱਧਰੀ ਦ੍ਰਾਵਿੜ ਸਭਿਅਤਾ ਦੇ ਜੰਮ-ਪਲ ਤੇ ਫੇਰ ਉਸੇ ਦੇ ਮਾਲਿਕ ਹਨ। ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਉਹਨਾਂ ਦੀ ਇਸੇ ਅਸਲੀਅਤ ਨੂੰ ਇਸ ਪੁਸਤਕ ਵਿਚ ਚੰਗੀ ਤਰ੍ਹਾਂ ਉਘਾੜ ਕੇ ਪਾਠਕਾਂ ਅੱਗੇ ਰੱਖਿਆ ਹੈ, ਜਿਸ ਕਰ ਕੇ ਤਾਰੀਖੀ ਨੁਕਤਾ-ਨਿਗਾਹ ਤੋਂ ਇਸ ਖੋਜ-ਪੁਸਤਕ ਦੀ ਖਾਸ ਅਹਿਮੀਅਤ ਹੈ। ਤੇ ਇਹ ਖੋਜ ਇਸ ਤੋਂ ਪਹਿਲਾਂ ਕਦੇ ਕਿਸੇ ਵੀ ਇਤਿਹਾਸ-

ਕਾਰ ਨੇ ਸਾਡੇ ਸਾਹਮਣੇ ਨਹੀਂ ਰੱਖੀ। ਇਸ ਦੇ ਨਾਲ ਹੀ ਦੂਜੀ ਵੱਡੀ ਗੱਲ ਇਹ ਹੈ ਕਿ ਮਜ਼ਹਬੀ ਸਿਖਾਂ ਨੇ ਦੇਸ਼-ਕੌਮ ਦੇ ਹਾਰਦਿਕ ਹਿਤੈਸ਼ੀ ਹੋਣ ਕਾਰਣ ਹਮੇਸ਼ਾਂ ਤੇ ਹਰ ਸਮੇਂ ਗੁਰੂ ਪੰਥ ਦਾ ਸਾਥ ਦਿਤਾ ਹੈ ਤੇ ਪੰਥਕ ਔਕੜਾਂ ਨੂੰ ਹਮੇਸ਼ਾਂ ਆਪਣੀਆਂ ਔਕੜਾਂ ਸਮਝ ਕੇ ਉਹਨਾਂ ਤੋਂ ਬਚਾਉ ਦੇ ਅਮਲੀ ਪ੍ਰਯਤਨ ਕੀਤੇ ਹਨ।

ਇਸ ਇਤਿਹਾਸ ਦੀ ਖ਼ੂਬੀ ਸਿਰਫ ਪ੍ਰਾਚੀਨ ਇਤਿਹਾਸ ਤਕ ਹੀ ਸੀਮਿਤ ਨਹੀਂ, ਸਗੋਂ ਇਸ ਵਿਚ ਮਜ਼ਹਬੀ ਸਿਖਾਂ ਦੇ ਵਰਤਮਾਨ ਇਤਿਹਸਾਸ ਨੂੰ ਵੀ ਲਿਆ ਹੈ ਤੇ ਇਸ ਬਾਰੇ ਵਰਤਮਾਨ ਕਾਲ ਦੇ ਤੇ ਨਿਕਟ ਗੁਜ਼ਾਰੇ ਅਤੀਤ ਕਾਲ ਦੇ ਗੁਣੀ-ਗਿਆਨੀ, ਵਿਦਵਾਨ, ਕਵੀ ਅਤੇ ਲੇਖਕ ਜਿਨ੍ਹਾਂ ਵਿਚ ਮੌਜੂਦਾ ਆਗੂ ਤੇ ਡਿਪਲੋਮੈਂਟ ਵੀ ਸ਼ਾਮਲ ਹਨ, ਲੇਖਕ ਨੇ ਬੜੀ ਸਿਆਣਪ ਨਾਲ ਉਹਨਾਂ ਦੀ ਸੰਖੇਪ ਕਾਰ-ਕਰਦਗੀ ਸਮੇਤ ਇਕ ਲੜੀ ਵਿਚ ਪ੍ਰੋਅ ਕੇ ਪੇਸ਼ ਕੀਤੇ ਹਨ। ਕੁਝ ਪੁਰਾਣੇ ਨਿਕਟ ਅਤੀਤ ਕਾਲ ਦੇ ਕਵੀ ਵਿਦਵਾਨਾਂ ਵਿਚੋਂ ਪੰਜਾਬੀ ਕਵੀ ਸੰਤ ਵਜ਼ੀਰ ਸਿੰਘ ਲਹੁਕੇ ਵਾਲਾ, ਕਵੀਰਾਜ ਸੰਤ ਦਯਾ ਸਿੰਘ ਆਰਿਫ ਜਲਾਲਾਬਾਦ, ਕਵੀ ਗੁਰਦਿੱਤ ਸਿੰਘ ਖੜਗ ਲੁਧਿਆਣਾ, ਵਰਤਮਾਨ ਕਾਲ ਦੇ ਸਿਆਸੀ ਪੰਥ-ਸੇਵਕਾਂ ਵਿਚੋਂ ਸ: ਧੰਨਾ ਸਿੰਘ ਗੁਲਸ਼ਨ, ਸ: ਬੂਟਾ ਸਿੰਘ ਐਮ. ਪੀ. ਵਜ਼ੀਰ ਰੇਲਵੇ, ਭਾਰਤ ਸਰਕਾਰ ਆਦਿ ਦੇ ਨਾਮ ਵਰਨਣ ਕਰਨ ਦੇ ਯੋਗ ਹਨ। ਇਸੇ ਤਰ੍ਹਾਂ ਕੁਝ ਹੋਰ ਲੇਖਕ, ਕਵੀ, ਗਾਇਕ ਤੇ ਕਲਾਕਾਰ ਵੀ ਇਤਿਹਾਸ ਵਿਚ ਥਾਉਂ-ਥਾਈਂ ਦਿਤੇ ਗਏ ਸਾਫ ਪਏ ਝਲਕਦੇ ਹਨ। ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਇਹ ਇਤਿਹਾਸ ਤਿਆਰ ਕਰ ਕੇ ਅਤੇ ਸਰਦਾਰ ਕਰਤਾਰ ਸਿੰਘ ਜੀ ਨੱਯਰ, ਹੰਸਲੋ ਲੰਡਨ ਨੇ ਆਪਣੇ ਅਣਥੱਕ ਯਤਨਾਂ ਨਾਲ ਅਥਾਹ ਸਰਮਾਏ ਦੀ ਪ੍ਰਵਾਹ ਨਾ ਕਰ ਕੇ, ਜੋ ਇਸ ਦੇ ਤਿਆਰ ਕਰਵਾਉਣ ਤੇ ਛਪਵਾਉਣ ਵਿਚ ਉਹਨਾਂ ਖਰਚਿਆ ਹੈ, ਉਹ ਸੱਚਮੁੱਚ ਹੀ ਵਧਾਈ ਦੇ ਹੱਕਦਾਰ ਹਨ। ਆਸ ਹੈ, ਇਹ ਖੋਜ-ਪੁਸਤਕ ਕੌਮ-ਪ੍ਰਸਤ ਪੰਜਾਬੀ ਪ੍ਰੇਮੀ ਪਾਠਕਾਂ ਵਲੋਂ ਖਾਸ ਤੌਰ ਤੇ ਅਪਣਾਈ ਜਾਏਗੀ ਤੇ ਸਿਖ ਕੌਮ ਲਈ ਇਹ ਅਵੱਸ਼ ਮਾਣ ਦਾ ਕਾਰਣ ਬਣੇਗੀ। ਮੇਰੀ ਇਹੋ ਆਸ ਅਤੇ ਅਰਦਾਸ ਹੈ।

ਮੈਂ ਹਾਂ ਗੁਰੂ ਪੰਥ ਦਾ ਅਨਿੰਨ ਸੇਵਕ :

ਗੁਰਚਰਨ ਸਿੰਘ ਟੌਹੜਾ

ਸ੍ਰੀ ਅੰਮ੍ਰਿਤਸਰ
੧੫-੧੨-੧੯੮੦

(ਗੁਰਚਰਨ ਸਿੰਘ ਟੌਹੜਾ)
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਅਮਰ ਸ਼ਹੀਦ
ਬਾਬਾ ਜੀਵਨ ਸਿੰਘ ਜੀ
(ਭਾਈ ਜੈਤਾ ਜੀ)



ਮੈਂ ਸਰਦਾਰ ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਦਾ ਤਿਆਰ ਕੀਤਾ ਹੋਇਆ, "ਮਜ਼ਹਬੀ ਸਿਖਾਂ ਦਾ ਇਤਿਹਾਸ" ਆਦਿ ਤੋਂ ਅੰਤ ਤਕ ਚੰਗੀ ਤਰ੍ਹਾਂ ਵਾਚਿਆ ਹੈ। ਇਸ ਇਤਿਹਾਸ ਵਿਚ ਅਸ਼ੋਕ ਹੋਰਾਂ ਪੁਰਾਤਨ ਹੱਥ-ਲਿਖਤਾਂ ਦੇ ਅਧਾਰ ਤੇ ਇਹ ਸਾਬਤ ਕੀਤਾ ਹੈ ਕਿ ਮਜ਼ਹਬੀ ਸਿਖ ਆਰਯਾਂ ਦੇ ਏਥੇ ਆਉਣ ਤੋਂ ਪਹਿਲਾਂ ਹੀ ਪੰਜਾਂ ਦਰਿਆਵਾਂ ਦੀ ਧਰਤੀ ਉਤੇ ਅਬਾਦ ਸਨ ਤੇ ਉਹ ਇਥੋਂ ਦੀ ਦ੍ਰਾਵਿੜ ਜਾਤੀ ਦੇ ਫੌਜੀ ਬੇੜੇ ਦੇ ਮੋਢੀ, ਛਤ੍ਰੀ-ਵੰਸ਼ ਦੇ ਪ੍ਰਾਰੰਭਕ ਸਿਪਹ-ਸਾਲਾਰ ਤੇ ਅੰਗ ਰਖਸ਼ਕ ਸਨ, ਜਿਸ ਕਰ ਕੇ ਉਹਨਾਂ ਨੂੰ ਹਮੇਸ਼ਾ ਬੜੇ ਮਾਣ-ਸਤਿਕਾਰ ਨਾਲ ਚੂੜਾਮਣੀ ਸਰਦਾਰ ਤੇ ਧਨੁਖਧਾਰੀ ਧਾਣਕ ਕਹਿ ਕੇ ਸਨਮਾਨਿਆ ਜਾਂਦਾ ਸੀ। ਫੇਰ ਪਿੱਛੋਂ ਆਰਯਾਂ ਦੇ ਹਮਲਾਆਵਰ ਹੋਣ ਤੇ ਜਦ ਥੋੜ-ਦਿਲੇ ਦ੍ਰਾਵਿੜ ਏਥੋਂ ਦੱਖਣ ਵਲ ਨੱਸ-ਭੱਜ ਗਏ ਤਾਂ ਉਹਨਾਂ ਦੀ ਇਹ ਜ਼ਬਰਦਸਤ ਫ਼ੌਜੀ ਤਾਕਤ ਵੀ ਕਾਫੀ ਹੱਦ ਤਕ ਖ਼ਤਮ ਹੋ ਗਈ, ਪਰ ਇਹਨਾਂ ਜੋਧਿਆਂ ਨੇ ਦਿਲ ਨਾ ਛੱਡਿਆ ਤੇ ਇਹ ਅਸੁਰ ਅਖਵਾ ਕੇ ਵੀ ਆਰਯਾਂ ਦਾ ਟਾਕਰਾ ਬੜੀ ਸਾਬਤ-ਕਦਮੀ ਨਾਲ ਕਰਦੇ ਰਹੇ।

ਤਦ ਪਸਚਾਤ ਵੇਦਿਕ,ਪੁਰਾਣਿਕ ਕਾਲ ਤੇ ਬ੍ਰਾਹਮਣੀ ਕਾਲ ਵਿਚ ਇਹ ਜੋਧੇ, ਜੋ ਅਸੁਰ ਜਾਂ ਮਲੇਛ ਕਹਿ ਕੇ ਦੁਰਕਾਰੇ ਜਾਂਦੇ ਸਨ, ਤਾਂ ਕਾਫੀ ਹਦ ਤਕ ਕਮਜ਼ੋਰ ਤੇ ਘੱਟ-ਗਿਣਤੀ 'ਚ ਹੋਣ ਦੇ ਬਾਵਜੂਦ ਵੀ ਆਪਣੇ ਅਦੁੱਤੀ ਬਾਹੂ-ਬਲ ਦੇ ਜ਼ੋਰ ਨਾਲ ਖੋਖਰ ਤੇ ਗੱਖੜ ਆਦਿ ਅਨੇਕਾਂ ਜਾਤੀ ਗੁੱਟਬੰਦੀਆਂ ਵਿਚ ਵੰਡੇ ਗਏ, ਜਿਸ

ਕਰ ਕੇ ਰਾਜਪੂਤਾਂ (ਰੰਘੜਾਂ) ਦੇ ਬੇਟੇ ਹੋਣ ਦੇ ਕਾਰਣ ਇਹਨਾਂ ਦੀ ਰੰਘਰੇਟੇ ਸੰਗਿਆ ਹੋਈ। ਫੇਰ ਇਹੋ ਰੰਘਰੇਟੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਪਹਿਲਾਂ ਪੰਥਕ ਪ੍ਰਚਾਰ ਤੇ ਫੇਰ ਧਰਮ-ਯੁੱਧਾਂ ਵਿਚ ਬੜੀ ਗਰਮ-ਜੋਸ਼ੀ ਨਾਲ ਹਰ ਥਾਵੇਂ ਵਧ ਚੜ੍ਹ ਕੇ ਹਿੱਸਾ ਲੈਂਦੇ ਤੇ ਆਪਣੀ ਮਰਦਾਨਗੀ ਦੇ ਜੌਹਰ ਦਿਖਾਉਂਦੇ ਰਹੇ।

ਧਰਮ ਵੀਰ ਭਾਈ ਜੈਤਾ (ਪ੍ਰਸਿੱਧ ਨਾਮ ਬਾਬਾ ਜੀਵਨ ਸਿੰਘ) ਜਿਹੜਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਦਿਲੀਓਂ ਲੈ ਕੇ ਅਨੰਦਪੁਰ ਪੁਜਾ ਤੇ ਫੇਰ ਸ੍ਰੀ ਦਸਮੇਸ਼ ਜੀ ਦਾ, ਰਣਜੀਤ ਨਗਾਰੇ ਦਾ ਨਗਾਰਚੀ ਬਣ ਕੇ ਰਿਹਾ, ਇਸੇ ਖਾਨਦਾਨ ਦਾ ਅਮਰ ਸ਼ਹੀਦ ਸੀ।

ਇਸ ਤੋਂ ਇਲਾਵਾ ਭਾਈ ਸੰਗਤ ਸਿੰਘ ਬੰਗਸ਼, ਬਾਬਾ ਬੀਰ ਸਿੰਘ, ਭਾਈ ਨਿਬਾਹੂ ਸਿੰਘ, ਭਾਈ ਗਰਜਾ ਸਿੰਘ, ਸਰਦਾਰ ਬੀਰੂ ਸਿੰਘ ਆਦਿ ਜੰਗੀ ਯੋਧੇ ਇਸੇ ਮਹਾਨ ਵੰਸ਼ ਨਾਲ ਲਹੂ-ਮਾਸ ਦਾ ਸਬੰਧ ਰੱਖਦੇ ਸਨ। ਇਸ ਤਰ੍ਹਾਂ ਪ੍ਰਾਚੀਨ ਕਾਲ ਤੋਂ ਵਰਤਮਾਨ ਕਾਲ ਤਕ ਮਜ਼ਹਬੀ ਸਿਖਾਂ ਦਾ ਸਮੁੱਚਾ ਇਤਿਹਾਸ ਖੋਜ ਕੇ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਦੇਸ਼-ਕੌਮ ਦੀ ਜੋ ਸੇਵਾ ਕੀਤੀ ਹੈ ਉਹ ਕਦੇ ਭੁਲਾਈ ਨਹੀਂ ਜਾ ਸਕਦੀ। ਇਸੇ ਕਾਰਣ ਮੈਂ ਚਾਹੁੰਦਾ ਹਾਂ ਕਿ ਅਸ਼ੋਕ ਜੀ ਦਾ ਲਿਖਿਆ ਇਹ 'ਮਜ਼ਹਬੀ ਸਿਖਾਂ ਦਾ ਇਤਿਹਾਸ' ਬਹੁ-ਗਿਣਤੀ ਵਿਚ ਛਾਪ ਕੇ ਨਾ ਕੇਵਲ ਪੰਜਾਬ ਜਾਂ ਹਿੰਦੁਸਤਾਨ ਵਿਚ ਹੀ ਬਲਕਿ ਦੁਨੀਆਂ ਦੇ ਕੋਨੇ ਕੋਨੇ ਵਿਚ ਪਹੁੰਚਣਾ ਚਾਹੀਏ ਤਾਕਿ ਕੋਈ ਵੀ ਲਾਇਬਰੇਰੀ ਤੇ ਕੋਈ ਵੀ ਇਤਿਹਾਸ-ਪ੍ਰੇਮੀ ਪਾਠਕ ਇਸ ਅਦੁੱਤੀ ਖੋਜ-ਪੁਸਤਕ ਤੋਂ ਖਾਲੀ ਨਾ ਰਹੇ। ਮੈਂ ਇਸ ਇਤਿਹਾਸ ਦੇ ਲਿਖਣ ਬਦਲੇ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੂੰ ਅਤੇ ਇਸ ਖੋਜ ਪੁਸਤਕ ਦੇ ਲਿਖਵਾਉਣ ਵਾਲੇ ਸਰਦਾਰ ਕਰਤਾਰ ਸਿੰਘ ਜੀ ਨੱਯਰ (ਲੰਡਨ) ਨੂੰ ਹਾਰਦਿਕ ਵਧਾਈ ਪੇਸ਼ ਕਰਦਾ ਹਾਂ।

ਦਾਸ :

ਅੰਮ੍ਰਿਤਸਰ

ਧੰਨਾ ਸਿੰਘ 'ਗੁਲਸ਼ਨ'

੧-੧੨-੧੯੮੦

ਸਾਬਕ ਐਮ. ਪੀ. ਅਤੇ

ਕੇਂਦਰੀ ਰਾਜ ਮੰਤਰੀ, ਭਾਰਤ ਸਰਕਾਰ, ਨਵੀਂ ਦਿੱਲੀ

ਪ੍ਰਸੰਸਕ-ਸ਼ਬਦ

ਸਿੱਖ ਧਰਮ ਦੇ ਆਗਮਨ ਤੋਂ ਪਹਿਲਾਂ ਸ਼ਹੀਦੀ-ਪਰੰਪਰਾ ਤੋਂ ਹਿੰਦੁਸਤਾਨ ਨਿਵਾਸੀ ਉਜਾਗਰ ਨਹੀਂ ਸਨ। ਸ਼ਹਾਦਤ ਤੇ ਸ਼ਹੀਦ ਇਸਲਾਮੀ ਪਰੰਪਰਾ ਨਾਲ ਸੰਬੰਧ ਰਖਦੇ ਹਨ। ਸ਼ਹਾਦਤ ਦੇ ਅਰਥ ਹਨ–ਗਵਾਹੀ ਤੇ ਸ਼ਹੀਦ ਦੇ ਅਰਥ ਹਨ–ਗਵਾਹੀ ਦੇਣ ਵਾਲਾ। ਧਰਮ ਤੇ ਸੱਚ ਲਈ ਜਾਨ ਕੁਰਬਾਨ ਕਰਨ ਵਾਲਾ।

ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ। ਸਿੱਖ ਇਤਿਹਾਸ ਦੇ ਪੰਨੇ ਸਿੱਖ ਸ਼ਹੀਦਾਂ ਦੇ ਖੂਨ ਨਾਲ ਰੱਤੇ ਹੋਏ ਹਨ। ਨਿਰਸੰਦੇਹ ਜਿਤਨੇ ਸ਼ਹੀਦ ਪਿਛਲੀਆਂ ਤਿੰਨ ਸਦੀਆਂ ਵਿਚ ਸਿਖਾਂ ਨੇ ਪੈਦਾ ਕੀਤੇ ਹਨ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਧਰਮ-ਕੌਮ ਤੋਂ ਮਰ ਮਿਟਣ ਵਾਲੇ ਯੋਧੇ ਪੈਦਾ ਕੀਤੇ ਹੋਣ। ਸਿੱਖ ਮਾਰਗ ਹੀ ਸ਼ਹੀਦੀ ਦਾ ਮਾਰਗ ਹੈ। ਸਵੈ-ਤਿਆਗ ਤੇ ਕੁਰਬਾਨੀ ਦਾ ਪੰਧ ਹੈ। ਪ੍ਰਥਮ ਗੁਰੂ, ਸਾਹਿਬ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਸਲੋਕ ਵਾਰਾਂ ਤੇ ਵਧੀਕ, ਮ: ੧)

ਦਸਮੇਸ਼ ਪਿਤਾ ਨੇ ਖੰਡੇ ਦੀ ਧਾਰ ਵਿਚੋਂ ਖਾਲਸੇ ਦਾ ਪ੍ਰਕਾਸ਼ ਕੀਤਾ। ਸੀਸ ਦੀ ਭੇਂਟ ਦੇ ਕੇ ਖਾਲਸੇ ਨੇ ਅੰਮ੍ਰਿਤ-ਪਾਨ ਕੀਤਾ। ਨਿਰਸੰਦੇਹ ਸਿੱਖ ਧਰਮ ਸ਼ਹੀਦਾਂ ਦਾ ਧਰਮ ਹੈ ਤੇ ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ। ਪਰ ਭਾਰੀ ਖੇਦ ਹੈ ਕਿ ਸਿਖਾਂ ਨੇ ਆਪਣੇ ਇਸ ਸੁਨਹਿਰੀ ਵਿਰਸੇ ਦੀ ਸੰਭਾਲ ਨਹੀਂ ਕੀਤੀ। ਕੌਮ ਤੇ ਧਰਮ ਤੋਂ ਕੁਰਬਾਨ ਹੋਣ ਵਾਲੇ ਮਰਜੀਵੜਿਆਂ ਦੀਆਂ ਨਾ ਜੀਵਨੀਆਂ ਪ੍ਰਕਾਸ਼ਤ ਕੀਤਿਆਂ ਹਨ ਤੇ ਨਾ ਹੀ ਬੰਦਾ ਬਹਾਦਰ ਜਿਹੇ ਬੇ-ਮਿਸਾਲ ਸ਼ਹੀਦਾਂ ਦੀਆਂ ਯਾਦਗਾਰਾਂ ਹੀ ਉਸਾਰੀਆਂ ਹਨ।

ਭਾਈ ਜੈਤਾ ਜੀ ਉਹਨਾਂ ਮਹਾਨ ਸ਼ਹੀਦਾਂ ਵਿਚੋਂ ਇਕ ਹਨ, ਜਿਨ੍ਹਾਂ ਨੇ ਵੱਡੀ ਨਿਰਭੈਤਾ ਤੇ ਸੂਰਮਗਤੀ ਨਾਲ ਚਾਂਦਨੀ ਚੌਕ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ

ਦਾ ਸੀਸ ਜ਼ਬਰਦਸਤ ਮੁਗਲ ਪਹਿਰੇ ਵਿਚੋਂ ਚੁੱਕ ਕੇ ਸਾਹਿਬ ਦਸਮੇਸ਼ ਪਿਤਾ ਪਾਸ ਪਹੁੰਚਾਇਆ ਤੇ ਕਲਗੀਧਰ ਪਿਤਾ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ, "ਰੰਘਰੇਟਾ ਗੁਰੂ ਕਾ ਬੇਟਾ" ਤੇ ਅੰਤ ਆਪ ਜੀ ਚਮਕੌਰ ਸਾਹਿਬ ਦੇ ਯੁੱਧ ਵਿਚ ਸ਼ਹੀਦ ਹੋਏ।

ਸਰਦਾਰ ਕਰਤਾਰ ਸਿੰਘ ਨੱਯਰ, ਜਿਨ੍ਹਾਂ ਦਾ ਮੈਨੂੰ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਛੇਤ੍ਰ ਵਿਚ ਸਦਾ ਨਿਕਟ ਸਾਥ ਪ੍ਰਾਪਤ ਰਿਹਾ ਹੈ ਤੇ ਉਹ ਕਈ ਸਾਲਾਂ ਤਕ ਦੋਵੇਂ ਪੰਥਕ ਜਥੇਬੰਦੀਆਂ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਰਹੇ ਹਨ ਤੇ ਪੂਰਨ ਸ਼ਰਧਾਵਾਨ ਤੇ ਸਿਦਕਵਾਨ ਗੁਰਸਿਖ ਹਨ। ਉਹ ਗੁਰੂ ਖਾਲਸਾ ਪੰਥ ਦੇ ਮਹਾਨ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦਾ ਜੀਵਨ ਤੇ ਉਨ੍ਹਾਂ ਦੇ ਖ਼ਾਨਦਾਨ ਦਾ ਇਤਿਹਾਸਕ ਪਿਛੋਕੜ, ਜੋ ਉਹਨਾਂ ਪੰਥ ਦੇ ਮਹਾਨ ਵਿਦਵਾਨ ਤੇ ਇਤਿਹਾਸਕਾਰ ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਪਾਸੋਂ ਕੁਝ ਵਰ੍ਹੇ ਹੋਏ ਲਿਖਵਾਇਆ ਸੀ, ਉਸ ਨੂੰ ਪੁਸਤਕ ਰੂਪ ਵਿਚ ਛਪਵਾ ਰਹੇ ਹਨ। ਮੈਨੂੰ ਇਸ ਗੱਲ ਦੀ ਹਾਰਦਿਕ ਪ੍ਰਸੰਨਤਾ ਹੈ ਤੇ ਗੁਰੂ ਚਰਨਾਂ ਵਿਚ ਅਰਦਾਸ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਦੇ ਇਸ ਮਿਸ਼ਨ ਵਿਚ ਹਰ ਪ੍ਰਕਾਰ ਸਹਾਈ ਹੋਣ ਤੇ ਇਹ ਪੁਸਤਕ ਛੇਤੀ ਤੋਂ ਛੇਤੀ ਸੁਹਿਰਦ ਪਾਠਕਾਂ ਦੇ ਹੱਥਾਂ ਤਕ ਅਪੜੇ।

ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।
ਹਯਾਤ ਤੋ ਹਯਾਤ ਹੈ ਮੌਤ ਭੀ ਹਯਾਤ ਹੈ।

ਸ਼ਹੀਦ ਦਾ ਲਹੂ–ਧਰਮ ਤੇ ਅਜ਼ਾਦੀ ਦੇ ਬ੍ਰਿਛ ਦਾ ਬੀਜ ਹੈ। Blood of the Martyrs is the seed of the Church. ਤੇ ਅੱਜ ਕੌਮ ਨੂੰ ਸ਼ਹੀਦਾਂ ਦੀ ਸਿਮਰਤੀ ਹੀ ਸਹੀ ਮਾਰਗ ਤੇ ਟੁਰਨ ਲਈ ਸੇਧ ਦੇ ਸਕਦੀ ਹੈ। ਇਸ ਲਈ, ਮੈਂ ਮਹਿਸੂਸ ਕਰਦਾ ਹਾਂ ਕਿ ਹਥਲੀ ਪੁਸਤਕ ਵੱਡੀ ਲਾਭਦਾਇਕ ਤੇ ਸਹਾਈ ਹੋਵੇਗੀ।

ਗਿਆਨੀ ਅਮੋਲਕ ਸਿੰਘ
ਪ੍ਰਧਾਨ,
ਸ਼੍ਰੋਮਣੀ ਅਕਾਲੀ ਦਲ (ਯੂ.ਕੇ.)
ਸਾਬਕਾ ਪ੍ਰਧਾਨ, ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ।

ਕੁਝ ਸ਼ਬਦ

ਸਿੱਖ ਸ਼ਹੀਦਾਂ ਦੀ ਕੌਮ ਹੈ। ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਨੂੰ ਰੰਘਰੇਟੇ ਗੁਰੂ ਕੇ ਬੇਟੇ ਕਹਿ ਕੇ ਦਸਮੇਸ਼ ਪਿਤਾ ਨੇ ਛਾਤੀ ਨਾਲ ਲਾਇਆ ਸੀ। ਜੈਤਾ ਜੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਏ ਤੇ ਸਿਖੀ ਸੰਘਰਸ਼ ਵਿਚ ਹੀ ਚਮਕੌਰ ਸਾਹਿਬ ਦੇ ਜੰਗ ਵਿਚ ਸ਼ਹੀਦ ਹੋ ਗਏ।

ਬਾਬਾ ਜੀ ਦਾ ਜੀਵਨ ਹਰ ਸਿੱਖ ਲਈ ਚਾਨਣ-ਮੁਨਾਰਾ ਹੈ। ਉਨ੍ਹਾਂ ਦੀ ਜੀਵਨ ਕਥਾ ਸ: ਸ਼ਮਸ਼ੇਰ ਸਿੰਘ ਅਸ਼ੋਕ ਦੀ ਖੋਜ ਦਾ ਨਤੀਜਾ ਹੈ। ਕਿਤਾਬ ਨੂੰ ਇਸ ਸ਼ਕਲ ਵਿਚ ਲਿਆਉਣ ਦਾ ਸੇਹਰਾ ਸ: ਕਰਤਾਰ ਸਿੰਘ ਨੱਯਰ ਦੇ ਸਿਰ ਹੈ। ਆਪ ਗੁਰੂ ਘਰ ਦੇ ਅਨਿੰਨ ਸੇਵਕ ਤੇ ਪੰਥ ਦੇ ਪੁਰਾਣੇ ਤੇ ਨਿਧੜਕ ਸਿਪਾਹੀ ਹਨ। ਸ੍ਰੀ ਗੁਰੂ ਸਿੰਘ ਸਭਾ ਹੰਸਲੋ ਦੇ ਗੁਰੂ-ਘਰ ਦੀ ਉਸਾਰੀ ਵਿਚ ਆਪ ਦਾ ਉਚੇਚਾ ਭਾਗ ਹੈ।

ਅਰਦਾਸ ਹੈ ਕਿ ਅਕਾਲ ਪੁਰਖ ਇਨ੍ਹਾਂ ਨੂੰ ਆਪਣੇ ਮਿਸ਼ਨ ਵਿਚ ਇਸ ਤਰ੍ਹਾਂ ਹੀ ਤੱਤਪਰ ਰਖੇ।

ਗੁਰੂ ਪੰਥ ਦਾ ਦਾਸ :

੨੧-੯-੮੪

ਰਣਜੀਤ ਸਿੰਘ ਸਰੋਆ

ਸ੍ਰੀ ਗੁਰੂ ਸਿੰਘ ਸਭਾ,

ਹੰਸਲੋ (ਲੰਡਨ)

ਪ੍ਰਵੇਸ਼ਿਕਾ

ਕੁਝ ਸਮਾਂ ਹੋਇਆ, ਸਰਦਾਰ ਕਰਤਾਰ ਸਿੰਘ ਨੱਯਰ, ਜੋ ਯੂ. ਕੇ. ਦੇ ਸਿਰਕੱਢ ਪੰਥ ਸੇਵਕ ਹਨ, ਉਹਨਾਂ ਦੇ ਪ੍ਰਬਲ ਯਤਨਾਂ ਨਾਲ, ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਵਿਚ ਬਾਬਾ ਜੈਤਾ (ਭਾਈ ਜੀਵਨ ਸਿੰਘ) ਜੀ ਦਾ ਸ਼ਹੀਦੀ ਦਿਨ ਮਨਾਇਆ ਗਿਆ। ਉਹਨਾਂ ਵਲੋਂ ਮੈਨੂੰ ਵੀ ਗੁਰੂ ਪੰਥ ਦੇ ਇਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਅਰਪਨ ਕਰਨ ਲਈ ਕਿਹਾ ਗਿਆ। ਬਾਬਾ ਜੀ ਦੇ ਜੀਵਨ ਬਾਰੇ ਚੰਗੇ ਚੰਗੇ ਪ੍ਰਚਾਰਕਾਂ ਤੇ ਪ੍ਰਬੰਧਕਾਂ ਦੀ ਅਗਿਆਨਤਾ ਦੇਖ ਕੇ ਮਨ ਨੂੰ ਬਹੁਤ ਠੇਸ ਲੱਗੀ। ਆਪਣੇ ਵਿਚਾਰਾਂ ਦਾ ਵਟਾਂਦਰਾ ਸਰਦਾਰ ਕਰਤਾਰ ਸਿੰਘ ਜੀ ਨੱਯਰ ਨਾਲ ਕੀਤਾ, ਜੋ ਮੇਰੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਤੇ ਸ੍ਰੀ ਗੁਰੂ ਸਿੰਘ ਸਭਾ ਦੇ ਛੇਤਰ ਵਿਚ 'ਪੰਥਕ ਸੇਵਾਵਾਂ' ਵਿਚ ਹਿੱਸਾ ਪਾ ਰਹੇ ਸਨ। ਮੈਂ ਬਾਬਾ ਜੀ ਦਾ ਜੀਵਨ ਇਤਿਹਾਸ, ਲਿਖਵਾਉਣ ਦੀ ਸਲਾਹ ਦਿਤੀ। ਸਰਦਾਰ ਕਰਤਾਰ ਸਿੰਘ ਜੀ ਨੇ ਆਪਣੇ ਹਿਰਦੇ ਦੀਆਂ ਗਹਿਰਾਈਆਂ ਤੋਂ ਉਸ ਵਿਚਾਰ ਦਾ ਸੁਆਗਤ ਕੀਤਾ ਤੇ ਆਪਣੇ ਕੁਝ ਹੋਰ ਨਿਕਟ-ਸਹਿਯੋਗੀਆਂ ਨਾਲ ਮਿਲ ਕੇ ਛੇਤੀ ਹੀ ਇਕ ਟ੍ਰਸਟ ਦੀ ਵਿਉਂਤ ਬਣਾ ਲਈ। ਪਰ ਕਿਉਂਕਿ ਸਿਖ ਸਮਾਜਕ ਕਾਰਜਾਂ ਵਿਚ ਏਕਤਾ ਰਖਣੋ ਸੁਭਾਵਿਕ ਅਸਮਰਥ ਹਨ, ਤੇ ਛੋਟੀ ਤੋਂ ਛੋਟੀ ਸੰਸਥਾ ਵਿਚ ਧੜੇਬੰਦੀ ਤੇ ਪਾਰਟੀ-ਬਾਜ਼ੀ ਆ ਡੇਰਾ ਲਾਂਦੀ ਹੈ, ਕਾਫੀ ਸਮਾਂ ਕੋਈ ਠੋਸ ਕਦਮ ਨਾ ਚੁਕਿਆ ਜਾ ਸਕਿਆ।

ਇਕ ਦਿਨ ਸਰਦਾਰ ਕਰਤਾਰ ਸਿੰਘ ਜੀ ਨੱਯਰ ਘਰ ਆਏ ਤੇ ਇੱਛਾ ਪ੍ਰਗਟ ਕੀਤੀ ਕਿ ਮੈਂ ਬਾਬਾ ਜੀ ਦਾ ਜੀਵਨ ਲਿਖਾਂ। ਉਹ ਇਕੱਲੇ ਹੀ ਉਸ ਦੇ ਛਪਵਾਣ ਦਾ ਪ੍ਰਬੰਧ ਕਰਨਗੇ। ਕਾਫੀ ਸੋਚ-ਵਿਚਾਰ ਬਾਅਦ ਮੈਂ ਉਹਨਾਂ ਨੂੰ ਰਾਇ ਦਿਤੀ ਕਿ ਜੇ ਬਾਬਾ ਜੀ ਦਾ ਜੀਵਨ-ਇਤਿਹਾਸ ਲਿਖਣ ਬਾਰੇ ਪੰਥ ਦੇ ਮਹਾਨ ਤੇ ਅਣਥੱਕ ਇਤਿਹਾਸਕਾਰ ਸਰਦਾਰ ਸ਼ਮਸ਼ੇਰ ਸਿੰਘ ਜੀ ਅਸ਼ੋਕ ਨੂੰ ਪ੍ਰੇਰਨਾ ਕੀਤੀ ਜਾਵੇ ਤਾਂ ਇਹ ਬਹੁਤ ਹੀ ਉੱਤਮ ਗੱਲ ਹੋਵੇਗੀ। ਕਿਉਂਕਿ ਉਹ ਨਾ ਕੇਵਲ ਪਹਿਲੀ ਕਤਾਰ ਦੇ ਹਿਸਟੋਰੀਅਨ ਹੀ ਹਨ, ਸਗੋਂ ਡੂੰਘੇ ਖੋਜੀ ਵੀ ਹਨ। ਪੁਰਾਤਨ ਹਿੰਦੂ-ਕਾਲ ਦੇ ਇਤਿਹਾਸ ਤੇ ਸਹਿਸਕ੍ਰਿਤੀ ਤੋਂ ਚੰਗੀ ਤਰ੍ਹਾਂ ਜਾਣੂ ਹਨ, ਤੇ ਲੋੜ ਇਸ ਗੱਲ ਦੀ ਹੈ

ਕਿ ਬਾਬਾ ਜੀ ਦੇ ਜੀਵਨ ਦੇ ਨਾਲ ਨਾਲ ਉਹਨਾਂ ਦੇ ਵੰਸ ਦੇ ਪਿਛੋਕੜ ਤੋਂ ਵੀ ਪਾਠਕਾਂ ਨੂੰ ਇਤਿਹਾਸਿਕ ਜਾਣਕਾਰੀ ਮਿਲ ਸਕੇ। ਸਰਦਾਰ ਕਰਤਾਰ ਸਿੰਘ ਜੀ ਦੀ ਰਜ਼ਾਮੰਦੀ ਤੇ ਅਸ਼ੋਕ ਜੀ ਨੂੰ ਬੇਨਤੀ ਕੀਤੀ ਗਈ, ਜੋ ਉਹਨਾਂ ਨੇ ਸਵੀਕਾਰ ਕਰ ਲਈ ਤੇ ਦਸ-ਬਾਰ੍ਹਾਂ ਮਹੀਨਿਆਂ ਦੀ ਭਰਪੂਰ ਖੋਜ ਪਿਛੋਂ ਇਸ ਪੁਸਤਕ ਦਾ ਖਰੜਾ ਤਿਆਰ ਕੀਤਾ।

ਸਰਦਾਰ ਸ਼ਮਸ਼ੇਰ ਸਿੰਘ ਜੀ ਅਸ਼ੋਕ ਨਾਲ ਮੇਰੀ ਜਾਣ-ਪਛਾਣ ਪਿਛਲੇ ਤਿੰਨ ਦਹਾਕਿਆਂ ਤੋਂ ਹੈ। ਜਦ ਆਪ ਜੀ ਪਟਿਆਲਾ ਪੰਜਾਬੀ ਵਿਭਾਗ ਵਿਚ ਸਨ ਤੇ ਡਾਕਟਰ ਗੁਰਚਰਨ ਸਿੰਘ ਜੀ ਦੇ ਘਰ ਅਕਸਰ ਆਇਆ ਕਰਦੇ ਸਨ। ਇਸ ਸਮੇਂ ਵਿਚ ਮੈਨੂੰ ਉਹਨਾਂ ਨੂੰ ਬਹੁਤ ਨੇੜੇ ਹੋ ਕੇ ਵੇਖਣ ਦਾ ਸਮਾ ਮਿਲਿਆ ਹੈ। ਉਹਨਾਂ ਦੀ ਵਿਦਵਤਾ, ਸੂਝ-ਬੂਝ ਇਤਿਹਾਸਿਕ ਖੋਜ ਤੇ ਲਿਖਣ ਸ਼ੈਲੀ ਦੀ ਮੇਰੇ ਹਿਰਦੇ ਤੇ ਗਹਿਰੀ ਛਾਪ ਹੈ। ਆਪ ਸਾਦਗੀ ਤੇ ਜ਼ਬਤ ਦਾ ਆਦਰਸ਼ਕ ਨਮੂਨਾ ਹਨ। ਫਕੀਰਾਨਾ ਜ਼ਿੰਦਗੀ, ਅਥਾਹ ਲਗਨ ਤੇ ਲੇਖਣੀ ਅਤੇ ਕਰਨੀ ਦੀ ਇਕਸਾਰਤਾ ਦੇ ਮਾਲਿਕ ਹਨ। ਗੰਭੀਰਤਾ, ਨਿਰਛਲਤਾ, ਨਿਰਵੈਰਤਾ ਅਤੇ ਨਿਰਮਾਣਤਾ ਦੇ ਸਵਾਮੀ ਹਨ। ਸਦਾ ਮਸਤ, ਹਸੂੰ ਹਸੂੰ ਕਰਦੇ, ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਅਭਿਮਾਨ-ਰਹਿਤ ਵਿਅਕਤੀ ਹਨ। ਉਹਨਾਂ ਦੇ ਬੋਲਾਂ ਵਿਚ ਮਿਠਾਸ, ਮਿਲਣੀ ਵਿਚ ਨਿੱਘ ਤੇ ਮਿੱਤ੍ਰਤਾ ਵਿਚ ਹੁਲਾਸ ਹੈ।

ਆਪ ਵਿਸ਼ਾਲ ਗਿਆਨ ਦੇ ਮਾਲਕ ਹਨ ਤੇ ਉਹਨਾਂ ਦੀ ਲੇਖਣੀ ਵਿਚ ਸਪੱਸ਼ਟਤਾ ਤੇ ਪ੍ਰਪੱਕਤਾ ਹੈ। ਪਹਿਲੀ ਕਤਾਰ ਦੇ ਇਤਿਹਾਸਕਾਰ ਤੇ ਗੁਰਮਤਿ ਦੇ ਵਿਆਖਿਆਕਾਰ ਹਨ। ਪਿਛਲੇ ਪੰਜਾਂ ਦਹਾਕਿਆਂ ਤੋਂ ਇਕਸਾਰਤਾ ਨਾਲ ਪੰਜਾਬੀ ਸਾਹਿਤ, ਹੱਥ-ਲਿਖਤਾਂ ਨੂੰ ਸੰਪਾਦਕ ਕਰਨ ਤੇ ਸਿਖ-ਇਤਿਹਾਸ ਲਿਖਣ ਵਿਚ ਅਦੁੱਤੀ ਘਾਲਣਾ ਘਾਲ ਰਹੇ ਹਨ।

ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਵਰਤਮਾਨ ਪੁਸਤਕ ਲਿਖ ਕੇ ਤੇ ਵੇਦਕ ਕਾਲ ਤੋਂ ਲੈ ਕੇ ਵਰਤਮਾਨ ਕਾਲ ਤਕ ਦੇ ਮਜ਼ਹਬੀ ਸਿੰਘਾਂ ਦੇ ਪਿਛੋਕੜ ਨੂੰ ਇਤਿਹਾਸਿਕ ਤੱਥਾਂ ਦੀ ਰੋਸ਼ਨੀ ਵਿਚ ਪ੍ਰਗਟਾਅ ਕੇ ਨਾ ਕੇਵਲ ਮਜ਼ਹਬੀ ਸਿੰਘਾਂ ਦੀ ਹੀ ਬਹੁਮੁੱਲੀ ਸੇਵਾ ਕੀਤੀ ਹੈ ਸਗੋਂ ਸਿਖ ਇਤਿਹਾਸਕ ਫੁਲਵਾੜੀ ਵਿਚ ਇਕ ਅਜਿਹਾ ਬੂਟਾ ਲਾਇਆ ਹੈ ਜਿਸ ਦੀ ਮਹਿਕ ਨਾਲ ਪਾਠਕ ਸਦਾ ਮੁਅਤਰ ਹੁੰਦੇ ਰਹਿਣਗੇ ਤੇ ਆਉਣ ਵਾਲੇ ਇਤਿਹਾਸਕਾਰਾਂ ਨੂੰ ਨਵੀਂ ਸੇਧ ਮਿਲਦੀ ਰਹੇਗੀ। ਅਨੇਕ ਰੁਝੇਵਿਆਂ ਦੇ ਬਾਵਜੂਦ, ਉਹਨਾਂ ਨੇ ਵਡੀ ਲਗਨ ਤੇ ਘਾਲਣਾ ਨਾਲ ਇਹ ਪੁਸਤਕ ਲਿਖੀ ਹੈ। ਆਪ ਜੀ ਨੇ ਪੁਰਾਤਨ ਕਾਲ ਦੇ ਇਤਿਹਾਸ-ਸਾਗਰ ਵਿਚ

ਚੁੱਭੀ ਮਾਰ ਕੇ ਮਜ਼ਹਬੀ ਸਿੰਘਾਂ ਦੇ ਪਿਛੋਕੜ ਬਾਰੇ ਬਹੁਮੁੱਲੇ ਮੋਤੀ ਲੱਭ ਕੇ ਪਾਠਕਾਂ ਦੀ ਭੇਂਟ ਕੀਤੇ ਹਨ। ਉਹਨਾਂ ਦੇ ਅਮੀਰ ਵਿਰਸੇ ਤੋਂ ਜਾਣੂ ਕਰਵਾਇਆ ਹੈ।

ਇਸ ਪੁਸਤਕ ਬਾਰੇ ਵਧੇਰੇ ਲਿਖਣਾ ਮੈਂ ਯੋਗ ਨਹੀਂ ਸਮਝਦਾ। ਪੰਥ ਦੇ ਮਹਾਨ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ ਦੇ ਸਤਿਕਾਰ ਯੋਗ ਤੇ ਸੁਹਿਰਦ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਜੀ ਟੌਹੜਾ, ਜਿਹਨਾਂ ਦੇ ਹਿਰਦੇ ਦੀ ਆਸ਼ਾ ਤੇ ਅਭਿਲਾਸ਼ਾ ਹੈ ਕਿ ਸਿਖ ਪੰਥ ਤੇ ਸਿਖ ਧਰਮ, ਸੰਸਾਰ ਦੇ ਗਗਨ ਤੇ ਤਾਰੀਆਂ ਲਾਏ, ਤੇ ਜੋ ਪਿਛਲੇ ਸਤ-ਅੱਠ ਸਾਲ ਤੋਂ ਵੱਡੀ ਲਗਨ ਤੇ ਇਕਸਾਰਤਾ ਨਾਲ ਸਿਖ ਧਰਮ ਤੇ ਇਤਿਹਾਸ ਨੂੰ ਆਧੁਨਿਕ ਯਤਨਾਂ ਰਾਹੀਂ ਪ੍ਰਚਾਰ ਤੇ ਪ੍ਰਸਾਰ ਰਹੇ ਹਨ, ਨੇ ਆਪਣੇ ਮੁਖ-ਬੰਦ ਵਿਚ ਵਿਸਥਾਰ ਨਾਲ, ਉਹਨਾਂ ਸਭ ਤੱਥਾਂ ਦਾ ਉਲੇਖ ਕੀਤਾ ਹੈ ਜੋ ਸੂਝਵਾਨ ਤੇ ਸੁਘੜ ਲੇਖਕ ਨੇ ਇਸ ਪੁਸਤਕ ਵਿਚ ਲਿਖੇ ਹਨ। ਮੈਂ ਤਾਂ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਹੱਥਲੀ ਪੁਸਤਕ ਵਿਚ ਭਾਈ ਜੈਤਾ (ਬਾਬਾ ਜੀਵਨ ਸਿੰਘ) ਜੀ ਦੇ ਜੀਵਨ ਨੂੰ ਪ੍ਰਥਮ ਅਸਥਾਨ ਨਹੀਂ ਦਿਤਾ ਗਿਆ, ਪਰ ਜਿਸ ਵਿਸਥਾਰ ਨਾਲ ਮਜ਼ਹਬੀ ਸਿੰਘਾਂ ਦੇ ਪਿਛੋਕੜ ਦਾ ਉਲੇਖ ਕੀਤਾ ਗਿਆ ਹੈ ਉਸ ਨਾਲ ਇਹ ਪੁਸਤਕ ਇਤਿਹਾਸਿਕ ਪੁਸਤਕਾਂ ਦੀ ਪ੍ਰਥਮ ਸ਼੍ਰੇਣੀ ਵਿਚ ਪ੍ਰਵਾਨੀ ਜਾਏਗੀ।

ਜਿਸ ਸੂਰਬੀਰਤਾ, ਨਿਰਭੈਤਾ, ਸ਼ਰਧਾ ਤੇ ਸਿਦਕ-ਦਿਲੀ ਦਾ ਪ੍ਰਗਟਾਵਾ ਭਾਈ ਜੈਤਾ ਜੀ ਨੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਕੀਰਤਪੁਰ ਲਿਆਉਣ ਵਿਚ ਕੀਤਾ, ਉਸ ਕਾਰਣ ਆਪ ਜੀ ਦੀ ਗਿਣਤੀ ਮਹਾਨ ਗੁਰਸਿੱਖਾਂ ਵਿਚ ਕੀਤੀ ਜਾਂਦੀ ਹੈ।

੧੧ ਨਵੰਬਰ ੧੬੭੫ ਈਸਵੀ ਵਾਲੇ ਦਿਨ, ਜਦ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਗਿਆ, ਉਸ ਸਮੇਂ ਹੋਰ ਲੋਕਾਂ ਨਾਲ ਭਾਈ ਜੈਤਾ ਜੀ ਵੀ ਉਥੇ ਮੌਜੂਦ ਸਨ। ਉਸ ਅਪੱਦ੍ਰਵ ਨਾਲ ਧਰਤੀ ਕੰਬ ਉੱਠੀ, ਅਕਾਸ਼ ਤੇ ਤੂਫ਼ਾਨ ਉਤਰ ਆਇਆ, ਸੂਰਜ ਨੇ ਮੂੰਹ ਛੁਪਾ ਲਿਆ ਤੇ ਹਨੇਰੇ ਨੇ ਅਕਾਸ਼ ਨੂੰ ਆਪਣੀ ਗਲ-ਵਕੜੀ ਵਿਚ ਲੈ ਲੀਤਾ। ਕਤਲਗਾਹ ਵਿਚ ਖੜੇ ਲੋਕਾਂ ਦਾ ਦਿਲ ਕੰਬ ਰਿਹਾ ਸੀ ਤੇ ਕਲੇਜਾ ਫਟ ਰਿਹਾ ਸੀ। ਅੱਖ ਦੇ ਫਰਾਰੇ ਵਿਚ ਭਾਈ ਜੈਤਾ ਜੀ ਭੀੜ ਵਿਚੋਂ ਅਗੇ ਵਧੇ ਤੇ ਗੁਰੂ ਜੀ ਦਾ ਸੀਸ ਚੁੱਕ ਕੇ ਬਿਜਲੀ ਦੇ ਲਿਸ਼ਕਾਰੇ ਵਾਂਗ ਮੁੜ ਭੀੜ ਵਿਚ ਗੁੰਮ ਹੋ ਗਏ। ਉਹ ਗੁਰੂ ਜੀ ਦਾ ਸੀਸ ਆਪਣੀ ਚਾਦਰ ਵਿਚ ਲੁਕਾ ਅਨੰਦ-ਪੁਰ ਵਲ ਟੁਰ ਪਏ। ਰਾਤ ਦੇ ਹਨੇਰੇ ਵਿਚ ਟੁਰਦੇ ਤੇ ਦਿਨ ਕਿਸੇ ਜਾਣਕਾਰ

ਸ਼ਰਧਾਵਾਨ ਸਿਖ ਦੇ ਘਰ ਲੁਕ ਕੇ ਕੱਟ ਲੈਂਦੇ। ਪੰਜਵੇਂ ਦਿਨ ਉਹ ਸੀਸ ਲੈ ਕੇ ਕੀਰਤਪੁਰ ਪਹੁੰਚ ਲਏ। ਜਿਥੇ ਬਾਲਾ ਗੁਰੂ ਗੋਬਿੰਦ ਰਾਇ (ਸਿੰਘ) ਆਪਣੀ ਮਾਤਾ, ਦਾਦੀ, ਮਾਮਾ ਕਿਰਪਾਲ ਤੇ ਹੋਰ ਪ੍ਰਮੁਖ ਸਿਖਾਂ ਨਾਲ ਸਵਾਗਤ ਲਈ ਪੁੱਜੇ ਹੋਏ ਸਨ। ਇਕ ਨਿਮਾਣੇ ਤੇ ਨਿਤਾਣੇ ਸਿਖ ਦੀ ਚਾਦਰ ਵਿਚ ਲਪੇਟੇ ਆਪਣੇ ਪਿਤਾ ਦੇ ਸੀਸ ਨੂੰ ਨਮਸਕਾਰ ਕੀਤਾ, ਨੂਰਾਨੀ ਅੱਖਾਂ ਨੇ ਸੀਸ ਲਿਆਉਣ ਵਾਲੇ ਸਿਖ ਨੂੰ ਮਿਹਰ-ਭਰੀ ਨਜ਼ਰ ਨਾਲ ਤੱਕਿਆ। ਬਾਲਾ ਪ੍ਰੀਤਮ ਦੀਆਂ ਬਾਹਾਂ ਖੁਲ੍ਹੀਆਂ ਤੇ ਉਸ ਸਿਖ ਨੂੰ ਆਪਣੀ ਗਲਵਕੜੀ ਵਿਚ ਲੈ ਲੀਤਾ। ਪਾਸ ਖੜੇ ਮਸੰਦਾਂ ਵਿਚੋਂ ਅਵਾਜ਼ ਆਈ, 'ਸਾਹਿਬੋ ! ਇਹ ਰੰਘਰੇਟਾ ਹੈ !' ਸਾਹਿਬੇ-ਕਮਾਲ ਗੁਰੂ ਗੋਬਿੰਦ ਰਾਇ ਬੋਲੇ, 'ਨਹੀਂ', ਇਹ ਗੁਰੂ ਦਾ ਬੇਟਾ ਹੈ।' ਭਾਈ ਜੈਤਾ ਰੰਘਰੇਟਾ ਗੁਰੂ ਕਾ ਬੇਟਾ ਬਣ ਗਿਆ।

'ਨੀਚਹੁ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ ॥'

ਉਸ ਉਪ੍ਰੰਤ ਭਾਈ ਜੈਤਾ ਜੀ ਸਦਾ ਲਈ ਆਪਣੇ ਗੁਰੂ ਜੋਗੇ ਹੀ ਹੋ ਗਏ ਤੇ ਬਾਕੀ ਸਾਰੀ ਆਯੂ, ਉਹਨਾਂ ਆਪਣੇ ਮਹਿਬੂਬ ਗੁਰੂ ਦੇ ਸਨਮੁਖ ਹੋ ਗੁਜ਼ਾਰੀ। ਆਪ ਜੀ ਨੇ ਕਈ ਯੁੱਧਾਂ ਵਿਚ ਭਾਗ ਲਿਆ ਤੇ ਜਦ ੧੬੯੯ ਦੀ ਵਿਸਾਖੀ ਤੇ ਦਸਮੇਸ਼ ਪਿਤਾ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਜੈਤਾ ਜੀ ਵੀ ਅੰਮ੍ਰਿਤਪਾਨ ਕਰ ਕੇ ਭਾਈ ਜੀਵਨ ਸਿੰਘ ਬਣ ਗਏ।

ਜਦ ੧੭੦੪ ਈਸਵੀ ਦੇ ਦਸੰਬਰ ਦੇ ਆਖਰੀ ਹਫਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਨੂੰ ਖਾਲੀ ਕੀਤਾ ਤੇ ਸਰਸਾ ਨਦੀ ਦੇ ਕੰਢੇ ਪ੍ਰਵਾਰ ਤੇ ਹੋਰ ਸਿੱਖ ਵਿਛੜ ਗਏ ਤੇ ਆਪ ਰੋਪੜ ਤੋਂ ਹੁੰਦੇ ਹੋਏ ੨੧ ਦਸੰਬਰ ਦੀ ਸ਼ਾਮ ਨੂੰ ਚਮਕੌਰ ਦੀ ਗੜ੍ਹੀ ਵਿਚ ਦਾਖਲ ਹੋਏ, ਉਸ ਸਮੇਂ ਜੋ ਚਾਲੀ ਸਿੱਖ ਆਪ ਜੀ ਨਾਲ ਸਨ, ਉਨ੍ਹਾਂ ਵਿਚੋਂ ਇਕ ਬਾਬਾ ਜੀਵਨ ਸਿੰਘ ਵੀ ਸਨ। ਦੂਜੇ ਦਿਨ ਆਪਣੇ ਗੁਰੂ ਦੇਵ ਦੀਆਂ ਨੂਰੀ ਨਜ਼ਰਾਂ ਦੇ ਸਾਹਮਣੇ, ਉਨ੍ਹਾਂ ਦੇ ਦੋ ਲਖਤੇ ਜਿਗਰ, ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਨਾਲ ਹਮ-ਰਕਾਬ ਹੋ ਕੇ ਲੱਖਾਂ ਦੁਸ਼ਮਣਾਂ ਦਾ ਟਾਕਰਾ ਵੱਡੀ ਨਿਰਭੈਤਾ ਤੇ ਬੇਖੌਫੀ ਨਾਲ ਕਰਦੇ ਹੋਏ ਸ਼ਹੀਦ ਹੋਏ। ਉਸ ਧਰਤੀ ਨੂੰ ਜਿਸ ਤੇ ਪਿਆਰੇ ਅਜੀਤ ਸਿੰਘ ਤੇ ਜੁਝਾਰ ਸਿੰਘ ਦਾ ਲਹੂ ਡੁਲ੍ਹਿਆ ਸੀ, ਬਾਬਾ ਜੀਵਨ ਸਿੰਘ ਜੀ ਨੇ ਆਪਣੇ ਖੂਨ ਨਾਲ ਰੰਗਿਆ ਤੇ 'ਰੰਘਰੇਟੇ ਗੁਰੂ ਕੇ ਬੇਟੇ' ਦੇ ਮਹਾਂਵਾਕ ਨੂੰ ਸਾਕਾਰਤਾ ਦਾ ਰੂਪ ਦਿੱਤਾ।

ਅੱਜ ਜਾਤਿ ਅਭਿਮਾਨ ਤੇ ਬਿਪਰਨ ਦੀ ਰੀਤਿ ਦੇ ਧਾਰਨੀ ਸਿੱਖ, ਭਾਈ ਜੈਤਾ (ਬਾਬਾ ਜੀਵਨ ਸਿੰਘ) ਜੀ ਤੇ ਹੋਰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਉਸ

ਪਿਆਰ ਤੇ ਸਤਿਕਾਰ ਨਾਲ ਨ ਵੇਖਣ ਜਿਸ ਦੇ ਉਹ ਹੱਕਦਾਰ ਹਨ, ਪਰ ਮੈਨੂੰ ਪੂਰਨ ਵਿਸ਼ਵਾਸ ਹੈ ਕਿ ਭਵਿਸ਼ ਦਾ ਸਿੱਖ ਜਗਤ ਉਨ੍ਹਾਂ ਨੂੰ ਆਪਣੇ ਹਿਰਦੇ ਦਾ ਪੂਰਨ ਸਤਿਕਾਰ ਦੇਵੇਗਾ ਅਤੇ ਉਹ ਸਿੱਖ ਗਗਨ ਦੇ ਧਰੂਅ ਤਾਰੇ ਹੋ ਕੇ ਚਮਕਦੇ ਰਹਿਣਗੇ।

ਸਰਦਾਰ ਕਰਤਾਰ ਸਿੰਘ ਨੱਯਰ, ਜਿਨ੍ਹਾਂ ਦੇ ਸਿਖੀ ਨਾਲ ਸ਼ਰਸ਼ਾਰ ਜਜ਼ਬੇ, ਭਰਪੂਰ ਯਤਨਾਂ ਤੇ ਅਣਥੱਕ ਮਿਹਨਤ ਸਦਕਾ ਇਹ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਅਪੜ ਰਹੀ ਹੈ, ਉਹ ਸਮੁੱਚੇ ਖਾਲਸਾ ਪੰਥ ਦੇ ਸਚਿਕਾਰ ਦੇ ਪਾਤਰ ਹਨ। ਉਨ੍ਹਾਂ ਨੇ ਗੁਰੂ ਦੇ ਬਖਸ਼ੇ ਖਜ਼ਾਨੇ ਵਿਚੋਂ ਇਸ ਪੁਸਤਕ ਦੇ ਸਮੁੱਚੇ ਖਰਚੇ, ਖਰਚ ਕਰਕੇ ਵੱਡਮੁੱਲੀ ਸੇਵਾ ਕੀਤੀ ਹੈ। ਜਿਸ ਲਗਨ ਤੇ ਜਜ਼ਬੇ ਦਾ ਪ੍ਰਗਟਾਵਾ ਉਹਨਾਂ ਇਸ ਪੁਸਤਕ ਦੇ ਲਿਖਵਾਣ ਤੇ ਛਪਵਾਣ ਵਿਚ ਕੀਤਾ ਹੈ, ਉਹ ਬਹੁਤ ਹੀ ਘੱਟ ਦੇਖਣ ਵਿਚ ਆਇਆ ਹੈ। ਦੋ ਵੇਰ ਉਹ ਇਸ ਸਬੰਧ ਵਿਚ ਪਹਿਲਾਂ ਦੇਸ਼ ਗਏ ਸਨ ਤੇ ਹੁਣ ਤੀਜੀ ਵੇਰ ਇਸ ਪੁਸਤਕ ਦੀ ਛਪਵਾਈ ਦਾ ਪ੍ਰਬੰਧ ਕਰਨ ਜਾ ਰਹੇ ਹਨ। ਮੈਨੂੰ ਪੂਰਨ ਆਸ ਤੇ ਵਿਸ਼ਵਾਸ ਹੈ ਕਿ ਉਨ੍ਹਾਂ ਦੀ ਇਹ ਘਾਲਣਾ ਸਾਹਿਬੇ-ਬਾ-ਕਰਮ ਗੁਰੂ ਗੋਬਿੰਦ ਸਿੰਘ ਥਾਇ ਪਾਉਣਗੇ ਤੇ ਜਿਸ ਉਤਸ਼ਾਹ ਤੇ ਚਾਅ ਨਾਲ ਆਪ ਜੀ ਨੇ ਇਸ ਪੁਸਤਕ ਨੂੰ ਪ੍ਰਕਾਸ਼ਤ ਕੀਤਾ ਹੈ, ਉਸੇ ਉਤਸ਼ਾਹ ਤੇ ਉਮਾਹ ਨਾਲ ਸੰਗਤਾਂ ਇਸ ਅਦੁੱਤੀ ਪੁਸਤਕ ਦਾ ਸੁਆਗਤ ਕਰਨਗੀਆਂ।

ਅੰਤ ਇਕ ਵੇਰ ਮੁੜ ਅਸ਼ੋਕ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਦਾਸਾਂ ਦੀ ਬੇਨਤੀ ਪ੍ਰਵਾਨ ਕਰਕੇ ਅਜੇਹੀ ਇਤਿਹਾਸਕ ਪੁਸਤਕ ਪੰਥ ਦੀ ਭੇਟਾ ਕੀਤੀ ਹੈ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਗੁਰੂ ਪੰਥ ਦਾ ਨਿਰਮਾਣ ਸੇਵਕ :
ਗੁਰਚਰਨ ਸਿੰਘ 'ਖਾਲਸਾ', ਜਰਨਲਿਸਟ,
ਪ੍ਰਧਾਨ,
ਇੰਟਰਨੈਸ਼ਨਲ ਸੁਪਰੀਮ ਕੌਂਸਲ ਆਫ ਦੀ ਸਿਖਸ, ਯੂ.ਕੇ.
੪੮-ਵੇ ਐਵੇਨਿਊ, ਕਹੈਨਫੋਰਡ, ਹੰਸਲੋ (ਲੰਡਨ)

੩੧ ਮਈ ੧੯੮੧

ਪੁਸਤਕ ਛਪਵਾਉਣ ਤੋਂ ਪਹਿਲਾਂ ਕੀਤੇ ਉਪਰਾਲੇ

ਸੇਵਾ ਵਿਖੇ,

ਸ੍ਰੀਮਾਨ... ... ...ਜੀ!

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਆਪ ਜੀ ਨੂੰ ਇਹ ਜਾਣ ਕੇ ਹਾਰਦਿਕ ਪ੍ਰਸੰਨਤਾ ਹੋਵੇਗੀ ਕਿ ਆਪ ਜੀ ਦੇ ਸੇਵਕਾਂ ਨੇ ਵੱਡੇ ਯਤਨਾਂ ਸਦਕਾ, ਪੰਥ ਦੇ ਪ੍ਰਸਿੱਧ ਇਤਿਹਾਸਕਾਰ ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਪਾਸੋਂ ਮਹਾਨ ਸ਼ਹੀਦ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਦਾ ਜੀਵਨ-ਇਤਿਹਾਸ ਲਿਖਵਾਣ ਦਾ ਉਪਰਾਲਾ ਕੀਤਾ ਹੈ। ਅਸ਼ੋਕ ਜੀ ਨੇ ਵੱਡੀ ਖੋਜ ਤੇ ਪੜਤਾਲ ਉਪ੍ਰੰਤ ਜੋ ਖਰੜਾ ਤਿਆਰ ਕੀਤਾ ਹੈ ਉਹ ਇਕ ਪ੍ਰਕਾਰ ਦਾ ਮਜ਼੍ਹਬੀ ਸਿਖਾਂ ਦਾ ਇਤਿਹਾਸ ਹੀ ਬਣ ਗਿਆ ਹੈ। ਸੂਝਵਾਨ ਨੇ ਵੇਦ-ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤਕ ਦੇ ਇਤਿਹਾਸ ਨੂੰ ਵੱਡੀ ਸੁੰਦਰਤਾ ਨਾਲ ਕਲਮ-ਬੰਦ ਕੀਤਾ ਹੈ। ਨਿਰਸੰਦੇਹ ਇਹ ਪੁਸਤਕ ਆਪਣੀ ਪ੍ਰਕਾਰ ਦੀ ਪਹਿਲੀ ਪੁਸਤਕ ਹੋਵੇਗੀ, ਜਿਸ ਵਿਚ ਰੰਘਰੇਟੇ ਸਿਖਾਂ ਬਾਰੇ ਆਦਿ-ਕਾਲ ਤੋਂ ਲੈ ਕੇ ਹੁਣ ਤਕ ਦੇ ਸਮੇਂ ਤਕ ਇਤਿਹਾਸਕ ਜਾਣਕਾਰੀ ਹੋਵੇਗੀ।

ਲੇਖਕ ਸਾਹਿਬ ਦੀ ਹਾਰਦਿਕ ਇੱਛਾ ਹੈ ਕਿ ਇਸ ਪੁਸਤਕ ਵਿਚ ਵਰਤਮਾਨ ਸਮੇਂ ਦੇ ਉਨ੍ਹਾਂ ਵਿਅਕਤੀਆਂ ਦਾ ਉਲੇਖ ਕੀਤਾ ਜਾਏ, ਜਿਨ੍ਹਾਂ ਨੇ ਧਾਰਮਿਕ-ਵਿਦਿਅਕ, ਰਾਜਨੀਤਕ, ਸਮਾਜਿਕ, ਸਹਾਇਤਕ ਤੇ ਸਰਕਾਰੀ ਖੇਤਰ ਵਿਚ ਵਰਨਣ ਯੋਗ ਹਿੱਸਾ ਪਾਇਆ ਹੈ।

ਇਸ ਪੱਤ੍ਰਕਾ ਰਾਹੀਂ, ਆਪ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਅਜੇਹੇ ਕੌਮੀ ਸਾਹਿੱਤਕ ਮਹਾਨ ਵਿਅਕਤੀਆਂ, ਜਿਨ੍ਹਾਂ ਦੇ ਨਾਵਾਂ ਤੋਂ ਆਪ ਜੀਜਾਣੂ ਹੋਵੋ, ਉਨ੍ਹਾਂ ਬਾਰੇ ਜਾਣਕਾਰੀ ਦੇਣ ਦੀ ਕ੍ਰਿਪਾਲਤਾ ਕਰਨੀ ਤਾਂਕਿ ਛਪਣ ਵਾਲੀ ਇਸ ਇਤਿਹਾਸਕ ਪੁਸਤਕ ਵਿਚ ਉਨ੍ਹਾਂ ਦਾ ਉਲੇਖ ਕੀਤਾ ਜਾ ਸਕੇ ਤੇ ਆਉਣ ਵਾਲੀ ਸਾਡੀ ਔਲਾਦ ਆਪਣੇ ਪਿਛੋਕੜ ਤੋਂ ਜਾਣੂ ਹੋ ਸਕੇ। ਸਾਡੀ ਡੂੰਘੀ ਇੱਛਾ ਹੈ ਕਿ ਇਸ ਪੁਸਤਕ ਨੂੰ ਹਰ ਪਹਿਲੂ ਤੋਂ ਸਰਬ-ਉਤਮ ਬਣਾਇਆ ਜਾਏ, ਜਿਸ ਤੇ ਸਮੁੱਚੀ ਕੌਮ ਮਾਣ ਕਰ ਸਕੇ।

ਆਪ ਜੀ ਦੀ ਸਹਾਇਤਾ ਦਾ ਇੱਛਾਵਾਨ,

ਆਪ ਜੀ ਦਾ ਸ਼ੁਭ-ਚਿੰਤਕ,

ਕਰਤਾਰ ਸਿੰਘ ਨੱਯਰ

ਹੰਸਲੋ, ਮਿਡਲ ਸੈਕਸ, ਲੰਡਨ (ਯੂ.ਕੇ.)

ਵਿਸ਼ੈ-ਸੂਚੀ

(ਭਾਗ ਪਹਿਲਾ)

ਵਿਸ਼ੇ-ਸੂਚੀ

(ਭਾਗ ਦੂਜਾ)

ਪੰਜਾਬ ਦੇ ਆਦਿ ਵਾਸੀ ਚੂੜਾਮਣੀ ਦ੍ਰਵਿੜ ਸੈਨਿਕ ਅਥਵਾ ਧਾਣਕ ਲੋਕ

ਮੁੱਖ ਸ਼ਬਦ :

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤੇ ਨਾਮੀ ਮਜ਼ਹਬੀ ਸਿੱਖ ਨੂੰ ਇਹ ਵਰਦਾਨ ਉਸ ਸਮੇਂ ਦਿੱਤਾ ਸੀ ਜਦੋਂ ਉਹ ਬੜੀ ਬਹਾਦੁਰੀ ਨਾਲ ਸ੍ਰੀ ਗੁਰੂ ਤੇਗ ਬਹਾਦੁਰ ਹਿੰਦ ਦੀ ਚਾਦਰ ਦਾ ਪਵਿੱਤ੍ਰ ਸੀਸ ਦਿੱਲੀਓਂ ਲੈ ਕੇ ਬੜੀਆਂ ਮੁਸ਼ਕਿਲਾਂ ਝਾਗਦਾ, ਰਾਤ ਦਿਨ ਇਕ ਕਰਕੇ ਬੜੀਆਂ ਉਜਾੜਾਂ ਤੇ ਰੋਹੀ ਬੀਆਬਾਨਾਂ ਦੇ ਰਸਤੇ ਗੁਰੂ ਕੀ ਨਗਰੀ ਆਨੰਦਪੁਰ ਗੁਰੂ ਸਾਹਿਬ ਦੇ ਹਜ਼ੂਰ ਬੜੇ ਮਾਣ ਤੇ ਅਦਬ ਨਾਲ ਪਹੁੰਚਿਆ ਸੀ। ਇਹ ਵਾਕਿਆ ਮਹੀਨਾ ਮੱਘਰ ਸੰਮਤ ੧੭੩੨ ਬਿ: ਮੁਤਾਬਿਕ ਨਵੰਬਰ ਸੰਨ ੧੬੭੫ ਈ: ਦਾ ਹੈ। ਮੁਗਲ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਉਸ ਸਮੇਂ ਬੜਾ ਧਰਮਾਂਧ ਹੋ ਕੇ ਹਿੰਦੂਆਂ ਤੇ ਸਿਖਾਂ ਨੂੰ ਬੁਰੀ ਤਰ੍ਹਾਂ ਧੱਕੇ ਨਾਲ ਨਪੀੜਦਾ ਹੋਇਆ ਹਿੱਕ ਦੇ ਜ਼ੋਰ ਮੁਸਲਮਾਨ ਬਣਾਉਣ ਲਈ ਉਨ੍ਹਾਂ ਉਤੇ ਅਨੇਕ ਕਿਸਮ ਦੇ ਆਰਥਿਕ ਤੇ ਮਾਨਸਿਕ ਸੰਕਟ ਢਾਹ ਰਿਹਾ ਸੀ, ਨਵਮ ਬਾਦਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਇਸੇ ਕਾਰਣ ਉਸ ਦੇ ਇਨ੍ਹਾਂ ਜ਼ੁਲਮਾਂ ਦੀ ਅੱਗ ਬੁਝਾਉਣ ਤੇ ਨਿਹੱਥੇ ਹਿੰਦੂ-ਸਿਖਾਂ ਤੇ ਖਾਸ ਕਰਕੇ ਕਸ਼ਮੀਰ ਦੇ ਪੰਡਿਤਾਂ ਨੂੰ ਬਚਾਉਣ ਲਈ ਦਿੱਲੀ ਜਾ ਕੇ ਭਾਈ ਮਤੀ ਦਾਸ, ਸਤੀ ਦਾਸ, ਦਿਆਲਾ ਜੀ ਆਦਿ ਪੰਜ ਸਿਖਾਂ ਸਮੇਤ ਧਰਮ ਦੀ ਬਲੀ ਵੇਦੀ ਉਤੇ ਕੁਰਬਾਨ ਹੋਏ ਸਨ। ਉਨ੍ਹਾਂ ਦੀ ਇਸ ਅਦੁੱਤੀ ਕੁਰਬਾਨੀ ਦੀ ਮਹਾਨਤਾ ਨੂੰ ਮੁੱਖ ਰੱਖ ਕੇ ਹੀ ਬਾਲ ਗੁਰੂ ਦਸਮ ਪਾਤਸ਼ਾਹ ਨੂੰ ਉਸ ਸਮੇਂ ਪਰਮ ਪਿਤਾ ਨਵਮ ਗੁਰੂ ਦੇ ਇਸ ਆਤਮ ਬਲੀਦਾਨ ਉਤੇ ਬੜੀ ਦਲੇਰੀ ਨਾਲ ਪ੍ਰਵਾਨਗੀ ਦੀ ਮੋਹਰ ਲਾਉਂਦਿਆਂ ਹੋਇਆਂ ਬਚਿਤ੍ਰ ਨਾਟਕ ਵਿਚ ਬੜੇ ਭਾਵ ਪੂਰਤ ਸ਼ਬਦਾਂ ਰਾਹੀਂ ਇਹ ਹਾਰਦਿਕ ਮਨੋ-ਭਾਵ ਅੰਕਿਤ ਕੀਤੇ ਸਨ :

ਠੀਕਰ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ॥

ਅਤੇ ਗੁਰੂ ਨਵਮ ਪਾਤਸ਼ਾਹ ਦਾ ਸੀਸ ਲਿਆਉਣ ਵਾਲੇ ਬਹਾਦੁਰ ਜੋਧੇ ਭਾਈ ਜੈਤਾ ਜੀ ਨੂੰ, ਜੋ ਕਿ ਦਿੱਲੀਓਂ ਬੜੀਆਂ ਤਕਲੀਫਾਂ ਝੱਲ ਕੇ ਆਇਆ ਸੀ, ਬੜੇ ਮਾਣ ਸਤਿਕਾਰ ਸਹਿਤ ਦੋਹਾਂ ਹੱਥੀਂ, ਘੁੱਟ ਕੇ ਛਾਤੀ ਨਾਲ ਲਾਇਆ ਤੇ ਦਿਲੀ ਸਨੇਹ ਪ੍ਰਗਟਾਉਂਦਿਆਂ ਹੋਇਆਂ :

"ਰੰਘਰੇਟੇ ਗੁਰੂ ਕੇ ਬੇਟੇ"

ਕਹਿ ਕੇ ਬੜੀ ਉੱਚ ਪਦਵੀ ਪ੍ਰਦਾਨ ਕਰਦਿਆਂ ਹੋਇਆਂ ਸਨਮਾਨਿਤ ਕੀਤਾ ਸੀ ਤੇ ਫੇਰ ਅੱਗੇ ਜਾ ਕੇ ਭਾਈ ਜੈਤੇ ਨੂੰ ਗੁਰੂ ਜੀ ਨੇ ਆਪਣੇ ਚੌਹਾਂ ਸਾਹਿਬਜ਼ਾਦਿਆਂ ਵਿਚ ਪੰਜਵੇਂ ਸਾਹਿਬਜ਼ਾਦੇ ਦਾ ਮਾਣ ਪ੍ਰਦਾਨ ਵੀ ਕੀਤਾ ਸੀ।

ਇਹ ਭਾਈ ਜੈਤਾ ਜੀ ਦਰਅਸਲ ਕੌਣ ਸਨ ਤੇ ਉਨ੍ਹਾਂ ਦਾ ਰੰਘੜੇਟਾ ਖ਼ਾਨਦਾਨ ਕਿਸ ਆਦਿ ਵਾਸੀ ਕੁਲ ਨਾਲ ਲਹੂ-ਮਾਸ ਦਾ ਸੰਬੰਧ ਰੱਖਦਾ ਸੀ, ਏਥੇ ਅਸੀਂ ਹੁਣ ਇਸੇ ਤਾਰੀਖ਼ੀ ਅਸਲੀਅਤ ਨੂੰ ਚੰਗੀ ਤਰ੍ਹਾਂ ਪਰਖ-ਪੜਚੋਲ ਦੀ ਕਸਵੱਟੀ ਉਤੇ ਰੱਖ ਰੰਘਰੇਟਾ ਖ਼ਾਨਦਾਨ ਦੀ ਸਹੀ ਹਕੀਕਤ ਆਪਣੇਂ ਇਤਿਹਾਸ ਪ੍ਰੇਮੀ ਪਾਠਕਾਂ ਦੇ ਸਾਮ੍ਹਣੇ ਜਿਉਂ ਦੀ ਤਿਉਂ ਪੇਸ਼ ਕਰਨੀ ਹੈ, ਤਾਂਕਿ ਭਾਰਤੀ ਤੇ ਵਿਸ਼ੇਸ਼ ਕਰਕੇ ਪੰਜਾਬੀ ਕੌਮੀਅਤ ਦਾ ਇਹ ਨਰੋਆ ਅੰਗ ਪੁਰਾਤਤ੍ਵ ਸੰਬੰਧੀ ਖੋਜ ਵਿਗਿਆਨ ਦੇ ਪੱਖੋਂ ਕਿਸੇ ਪਹਿਲੂ ਤੋਂ ਵੀ ਅੱਖੋਂ ਉਹਲੇ ਨਾ ਰਹਿ ਜਾਵੇ।

ਦ੍ਰਾਵਿੜਾਂ ਦਾ ਚੂੜਾਮਣੀ ਧਾਣਕ ਖ਼ਾਨਦਾਨ :

ਰੰਘਰੇਟੇ ਅਥਵਾ ਮਜ਼੍ਹਬੀ ਸਿੱਖ ਪੰਜਾਬ ਜਾਂ ਪੰਜਾਂ ਦਰਿਆਵਾਂ ਦੀ ਇਸ ਪੁਨੀਤ ਧਰਤੀ ਦੇ ਆਦਿ ਵਾਸੀ ਇਸ ਕਰਕੇ ਮੰਨੇ ਜਾਂਦੇ ਹਨ ਕਿ ਇਹ ਹਜ਼ਰਤ ਈਸਾ ਤੋਂ ਤਿੰਨ ਚਾਰ ਹਜ਼ਾਰ ਵਰ੍ਹੇ ਪਹਿਲਾਂ ਜਦ ਕਿ ਇਸ ਦੇਸ਼ ਵਿਚ ਹਰ ਥਾਵੇਂ ਮੋਹਿੰਜੋਦਾਰੋ, ਹੜੱਪਾ ਤੇ ਟੈਕਸਿਲਾ ਨਾਮੀ ਨਗਰਾਂ ਦੀ ਨਰੋਈ ਸੱਭਿਅਤਾ ਪਸਰੀ ਹੋਈ ਸੀ ਤੇ ਇਸ ਰਹਿਤਲ ਦੇ ਮਾਲਿਕ ਦ੍ਰਾਵਿੜ ਲੋਕ ਹਰ ਪ੍ਰਕਾਰ ਦੇ ਇਲਮੀ ਹੁਨਰਾਂ ਦੇ ਮਾਹਿਰ ਅਰਥਾਤ ਸ਼ਸਤ੍ਰ ਅਸਤ੍ਰ ਤੇ ਸ਼ਾਸਤ੍ਰੀ ਵਿਦਯਾ ਵਿਚ ਪੂਰੀ ਤਰ੍ਹਾਂ ਨਿਪੁੰਨ, ਖੁਲ੍ਹ-ਦਿਲੀ ਵਿਚ ਹਰ ਪਹਿਲੂ ਤੋਂ ਅਗਾਂਹ ਵਧੂ, ਗੱਲ ਕੀ ਆਪਣੇ ਆਪ ਹਰ ਪੱਖੋਂ ਕਾਮਿਲ ਤੇ ਅਦੁੱਤੀ ਸਨ। ਉਨ੍ਹਾਂ ਦੇ ਮੁਕਾਬਲੇ ਤੇ ਆਰਯ ਲੋਕ, ਜਿਹੜੇ ਕਿ ਢੇਰ ਚਿਰ ਪਿੱਛੋਂ

ਮਧਯ ਏਸ਼ੀਆ ਵਿਚੋਂ ਕਿਤਨੀਆਂ ਹੀ ਮਜਬੂਰੀਆਂ ਦੇ ਕਾਰਣ ਏਥੇ ਅਜਨਬੀ ਜਾਂ ਵਿਦੇਸ਼ੀ ਟੱਪਰੀ ਵਾਸਾਂ ਦੀ ਸ਼ਕਲ ਵਿਚ ਆਏ, ਭੇਡਾਂ, ਬੱਕਰੀਆਂ, ਗਊਆਂ ਤੇ ਮੱਝਾਂ ਚਾਰ ਕੇ ਜਾਂਗਲੀਆਂ ਦੀ ਤਰ੍ਹਾਂ ਆਪਣਾ ਸਿੱਧਾ ਸਾਦਾ ਜੀਵਨ ਗੁਜ਼ਾਰਨ ਵਾਲੇ, ਗਰੋਹਾਂ ਦੀ ਸ਼ਕਲ ਵਿਚ ਰਹਿਣ ਵਾਲੇ, ਤਨ ਢਕਣ ਲਈ ਕਪੜਿਆਂ ਦੀ ਥਾਵੇਂ ਦਰਖਤਾਂ ਦੀਆਂ ਛਿੱਲਾਂ ਤੇ ਪਸ਼ੂਆਂ ਦੀਆਂ ਖੱਲਾਂ ਓਢਕੇ ਕੱਖਾਂ ਕਾਨਿਆਂ ਦੀਆਂ ਕੁੱਲੀਆਂ ਵਿਚ ਵੜ ਕੇ ਵਕਤ ਟਪਾਉਣ ਤੇ ਜਾਨਵਰਾਂ ਦਾ ਕੱਚਾ ਮਾਸ ਖਾਣ, ਰਾਤ ਕਿਤੇ ਤੇ ਦਿਨ ਕਿਤੇ ਏਧਰ ਓਧਰ ਜੰਗਲਾਂ ਵਿਚ ਫਿਰ ਤੁਰ ਕੇ ਬਣ ਮਾਣੂਆਂ ਦੀ ਤਰ੍ਹਾਂ ਦਿਨ ਕਟੀ ਕਰਨ ਵਾਲੇ ਸਨ। ਇਸ ਹਾਲਤ ਵਿਚ ਨਾ ਉਨ੍ਹਾਂ ਦਾ ਕੋਈ ਚੰਗਾ ਸਮਾਜਿਕ ਜੀਵਨ ਸੀ ਤੇ ਨਾ ਕੋਈ ਨਮੂਨੇ ਦਾ ਚੰਗੀ ਰਹਿਤਲ ਵਾਲਾ ਉੱਚ ਪੱਧਰੀ ਭਾਈਚਾਰਾ, ਵਿਆਹਾਂ ਸ਼ਾਦੀਆਂ ਦੇ ਨਿਯਮ ਵੀ ਉਨ੍ਹਾਂ ਵਿਚ ਕੋਈ ਨਹੀਂ ਸਨ, ਜਿਸ ਕਰਕੇ ਸੰਤਾਨ ਵੀ ਉਨ੍ਹਾਂ ਦੀ ਬਿਨਾਂ ਕਿਸੇ ਕਾਨੂੰਨ ਦੇ ਹੀ ਪ੍ਰਾਕ੍ਰਿਤਕ ਢੰਗ ਨਾਲ ਪੈਦਾ ਹੁੰਦੀ ਸੀ। ਉਨ੍ਹਾਂ ਦੇ ਦੇਵਤੇ ਵੀ ਆਪਣੇ ਹੀ ਕਲਪੇ ਹੋਏ ਅਗਨੀ ਇੰਦ੍ਰ, ਵਰੁਣ (ਪਾਣੀ), ਵਾਯੂ (ਹਵਾ ਜਾਂ ਪਵਨ) ਆਦਿ ਸਨ, ਜੋ ਇਕ ਪ੍ਰਕਾਰ ਦੇ ਕੁਦਰਤ ਦੇ ਕ੍ਰਿਸ਼ਮੇ ਸਨ। ਕਿਸੇ ਖੁਲ੍ਹੀ ਥਾਵੇਂ ਹਵਨ ਕੁੰਡ ਬਣਾ ਕੇ ਯੱਗ ਕਰਨੇ ਤੇ ਅੱਗ ਵਿਚ ਅਹੂਤੀਆਂ ਪਾ ਕੇ ਮੰਤ੍ਰ ਪੜ੍ਹ ਕੇ ਇੰਦ੍ਰ, ਵਰੁਣ ਆਦਿ ਦੇਵਤਿਆਂ ਅੱਗੇ ਸ਼ੁਭ ਕਾਮਨਾ ਲਈ ਇਕ ਸੁਰ ਹੋ ਕੇ ਪ੍ਰਾਰਥਨਾ ਕਰਨੀ ਉਨ੍ਹਾਂ ਦਾ ਪਰਮ ਧਰਮ ਸੀ। ਏਥੋਂ ਦੇ ਆਦਿ ਵਾਸੀ ਦ੍ਰਾਵਿੜ ਲੋਕ ਉਨ੍ਹਾਂ ਦੀ ਇਸ ਅਜੀਬ ਰਹਿਣੀ ਬਹਿਣੀ ਤੇ ਕਰਮ ਕਾਂਡ ਦੇਖ ਕੇ ਦਿਲੋਂ ਤ੍ਰਹਿਕਦੇ ਸਨ। ਇਸ ਹਾਲਤ ਵਿਚ ਬੜੀ ਅਜੀਬ ਜਿਹੀ ਰਹਿਤਲ ਦੇ ਮਾਲਿਕ ਆਰਯ ਲੋਕ ਜਦ ਏਥੇ ਗਰੋਹਾਂ ਦੀ ਸ਼ਕਲ ਵਿਚ ਆਏ ਤੇ ਟਿੱਡੀ ਦਲਾਂ ਦੀ ਤਰ੍ਹਾਂ ਏਧਰ ਉਧਰ ਪਸਰਨ ਲੱਗੇ ਤਾਂ ਦ੍ਰਾਵਿੜ ਲੋਕਾਂ ਨੇ ਮਜਬੂਰਨ ਆਪਣੇ ਬਚਾਉ ਲਈ ਉਨ੍ਹਾਂ ਦਾ ਟਾਕਰਾ ਵੀ ਕੀਤਾ, ਪਰ ਮੁਕਾਬਲੇ ਵਿਚ ਏਨੇ ਸਫਲ ਨਾ ਹੋ ਸਕੇ, ਕਿਉਂਕਿ ਦ੍ਰਾਵਿੜ ਲੋਕ ਬੜੀ ਉੱਚੀ ਸੱਭਿਅਤਾ ਦੇ ਮਾਲਿਕ ਤੇ ਹਰ ਪੱਖੋਂ ਅਮੀਰ ਹੋਣ ਕਰਕੇ ਸੁਖੀ ਜੀਉੜੇ ਸਨ, ਜਿਸ ਕਾਰਨ ਉਹ ਧਨੀ ਮਾਨੀ ਲੋਕ ਧੀਰੇ ਧੀਰੇ ਪਿੱਛੇ ਹਟਦੇ ਹੋਏ ਇਲਾਕੇ ਖਾਲੀ ਕਰਨ ਲੱਗ ਪਏ ਤੇ ਦੱਖਣੀ ਭਾਰਤ ਵਲ ਨਿਕਲ ਤੁਰੇ। ਏਧਰ ਪੰਜਾਬ ਵਿਚ ਸਿਰਫ਼ ਉਹੋ ਅਲਪ ਸੰਖਿਅਕ ਦ੍ਰਾਵਿੜ ਬਾਕੀ ਰਹਿ ਗਏ ਜੋ ਧਾਣਕ (ਧਨੁਖਧਾਰੀ) ਨਾਂ ਹੇਠ ਮੁੱਢ ਕਦੀਮ ਤੋਂ ਸਿਪਾਹੀਪੁਣੇ ਦਾ ਜੀਵਨ ਗੁਜ਼ਾਰਦੇ ਆਏ ਸਨ ਤੇ ਲੜਨ-ਮਰਨ ਤੋਂ ਸਿਵਾਇ ਜਿਨ੍ਹਾਂ ਦਾ ਹੋਰ ਕੋਈ ਕਰਤੱਬ ਨਹੀਂ ਸੀ। ਉਹ ਚੂੰਕਿ ਸ਼ੁਰੂ ਤੋਂ ਆਰਯ ਲੋਕਾਂ ਨਾਲ ਲਗਾਤਾਰ ਜੰਗ-ਜੁੱਧ ਕਰਦੇ ਆਏ ਸਨ, ਇਸ ਲਈ ਆਰਯ ਲੋਕਾਂ ਦੇ ਟਿੱਡੀ ਦੂਲ ਅਗੇ ਉਨ੍ਹਾਂ ਦੀ ਜਨ-ਸੰਖਿਆ

ਹੋਰ ਘਟਣੀ ਇਕ ਕੁਦਰਤੀ ਗੱਲ ਸੀ, ਇਸ ਹਾਲਤ ਵਿਚ ਦ੍ਰਾਵਿੜਾਂ ਦੇ ਪੁਸ਼ਤਾਂ ਤੋਂ ਵਧਦੇ ਫੂਲਦੇ ਆ ਰਹੇ ਉੱਨਤੀਸ਼ੀਲ ਮਹਾਂ-ਨਗਰ ਮੋਹਿੰਜੋਦਾਰੋ, ਹੜੱਪਾ ਤੇ ਟੈਕਸਿਲਾ, ਜੋ ਸੁਰਗਪੁਰੀ ਦੀ ਸੋਭਾ ਨੂੰ ਮਾਤ ਪਾਉਂਦੇ ਸਨ, ਜਨ-ਸੂਨਯ ਹੋਣ ਤੇ ਛੇਤੀ ਹੀ ਖੰਡਰਾਤ ਦੀ ਸ਼ਕਲ ਵਿਚ ਤਬਦੀਲ ਹੋ ਗਏ, ਜੋ ਹੁਣ ਉਸੇ ਤਰ੍ਹਾਂ ਥੇਹ ਬਣੇ ਹੋਏ ਸਾਫ਼ ਨਜ਼ਰ ਆਉਂਦੇ ਹਨ, ਪਰ ਪੁਰਾਤਤ੍ਵਯ ਵਿਭਾਗ ਵਲੋਂ ਬੜੀ ਖੋਦ ਖੁਦਾਈ ਤੋਂ ਬਾਦ ਪੜਦੇ ਹਟਾਏ ਜਾਣ ਤੇ ਉਨ੍ਹਾਂ ਖੋਲਿਆਂ ਵਿਚੋਂ ਦ੍ਰਾਵਿੜਾਂ ਦੀ ਅਮੀਰ ਸੱਭਿਅਤਾ, ਅਤਿ ਚੰਗੀ ਭਵਨ-ਨਿਰਮਾਣ ਕਲਾ, ਪੱਕੇ ਗਲੀਆਂ ਕੂਚਿਆਂ ਦੀ ਸਫ਼ਾਈ, ਮੂਰਤੀਆਂ, ਮੋਹਰਾਂ, ਪੁਰਾਣੇ ਭਾਂਡਿਆਂ ਪਰ ਚਿਤਰੇ ਹੋਏ ਚਿਤ੍ਰ ਅਤੇ ਚਾਂਦੀ, ਸੋਨੇ ਤੇ ਤਾਂਬੇ ਦੇ ਸਿੱਕੇ ਅਜੇ ਤਕ ਉਸ ਜ਼ਮਾਨੇ ਦੀ ਜੋਬਨ ਭਰੀ ਕਲਾਤਮਕ ਝਲਕ ਦਰਸਾਉਂਦੇ ਹਨ।.

ਦ੍ਰਾਵਿੜੀ ਸਭਿਅਤਾ ਤੇ ਹੋਰ ਨਿਮਨ ਜਾਤਾਂ :

ਹਿੰਦੁਸਤਾਨ ਵਿਚ ਦ੍ਰਾਵਿੜਾਂ ਨੂੰ ਮੰਗੋਲੀਅਨ, ਅਨਾਰਯ, ਤਾਮਿਲ, ਤੂਰਾਨੀ ਤੇ ਸੀਥਿਆਨ ਕਿਹਾ ਜਾਂਦਾ ਹੈ। ਮੇਅਰ, ਮੀਣੇ, ਕੋਲ, ਭੀਲ, ਸੰਥਾਲ ਤੇ ਗੋਂਡ, ਜਿਨ੍ਹਾਂ ਦੀ ਗਿਣਤੀ ੨੦੦੦,੦੦੦ ਹੈ, ਆਰਯਾ ਲੋਕਾਂ ਦੀ ਨਿਗਾਹ ਵਿਚ ਨੌਂਵੇਂ ਦਰਜੇ ਦੇ ਸ਼ੂਦ੍ਰ (ਅਛੂਤ) ਹਨ ਤੇ ਇਹ ਸਭਿਆਚਾਰ ਦੇ ਪੱਖੋਂ ਦ੍ਰਾਵਿੜਾਂ ਤੋਂ ਅਲੱਗ ਮੰਨੇ ਜਾਂਦੇ ਹਨ। ਪੱਛਮੀ ਪੰਜਾਬ ਦਾ ਵਸੇਬਾ ਛੱਡ ਕੇ ਜੋ ਦ੍ਰਾਵਿੜ ਲੋਕ ਦੱਖਣੀ ਭਾਰਤ ਵਿਚ ਜਾ ਵਸੇ, ਉਹ ਦੱਖਣੀ ਜ਼ਬਾਨਾਂ ਤਾਮਿਲ, ਤੇਲਗੂ, ਕੰਨ੍ਹੜ, ਮਲਯਾਲਮ, ਕੋਡਾਗਾ ਤੇ ਤੁਲੂ ਆਦਿ ਬੋਲਦੇ ਹਨ। ਇਹ ਦੱਖਣੀ ਜ਼ਬਾਨਾਂ ਸਾਹਿਤਕ ਨੁਕਤਾ ਨਿਗਾਹ ਤੋਂ ਬੜੀਆਂ ਅਗਾਂਹ ਵਧੂ ਤੇ ਅਮੀਰ ਹਨ, ਜਿਨ੍ਹਾਂ ਵਿਚ ਮਣਾਂ ਮੂੰਹ ਲਿਟਰੇਚਰ ਲਿਖਿਆ ਹੋਇਆ ਮਿਲਦਾ ਹੈ। ਮਦਰਾਸੀ ਤੇ ਲੰਕਾਵਾਸੀ ਦ੍ਰਾਵਿੜ ਤਾਮਿਲ ਦੀ ਸਟਾਕ ਵਿਚੋਂ ਹਨ। ਵਿਦਿਆ, ਬੁੱਧੀ ਤੇ ਸਭਿਆਚਾਰਕ ਪੱਖ ਤੋਂ ਦ੍ਰਾਵਿੜ ਲੋਕ ਬੜੇ ਅੱਗੇ ਵਧੇ ਹੋਏ ਹੋਣ ਕਰਕੇ ਹਿੰਦੁਸਤਾਨੀ ਜਨ-ਸਮਾਜ ਵਿਚ ਆਰਯਾਂ ਦੀ ਨਿਸਬਤ ਬੜਾ ਅਹਿਮ ਦਰਜਾ ਰਖਦੇ ਹਨ। ਉਨ੍ਹਾਂ ਦੇ ਹੀ ਭਾਈ-ਬੰਧੂ ਧਾਣਕ ਜਾਂ ਚੂੜਾਮਣੀ ਸੈਨਿਕ, ਜੋ ਪੰਜਾਬ ਦੇ ਪੱਧਰ ਮੈਦਾਨਾਂ ਵਿਚ ਜਾਂ ਪੰਜਾਬ ਦੀਆਂ ਪਰਬਤ-ਘਾਟੀਆਂ ਪਰ ਨਿਵਾਸ ਰਖਦੇ ਹਨ, ਇਕ ਪ੍ਰਕਾਰ ਦੀ ਵੱਖਰੀ ਮਾਰਸ਼ਲ ਕੌਮ ਹੋਣ ਦੇ ਨਾਤੇ ਆਰਯਾਂ ਵਲੋਂ ਸ਼ੁਰੂ ਤੋਂ ਹੀ ਮੱਲੋਜ਼ੋਰੀ ਦ੍ਰਾਵਿੜ ਅਤੇ ਉਨ੍ਹਾਂ ਵਿਚੋਂ ਖਾਸ ਕਰਕੇ ਅਸੁਰ ਜਾਤੀ ਨਾਲ ਸੰਬੰਧਿਤ ਕੀਤੇ ਜਾਣ ਦੇ ਬਾਵਜੂਦ ਵੀ ਹਰ ਥਾਵੇਂ ਹਮੇਸ਼ਾ ਸਤਕਾਰੇ ਜਾਂਦੇ ਰਹੇ ਹਨ।

ਪੁਰਾਣ, ਮਕੰਦ ਪੁਰਾਣ ਆਦਿ ਤੋਂ ਪਤਾ ਲੱਗਦਾ ਹੈ, ਤੀਰ ਕਮਾਨਾਂ ਤੇ ਤੇਗਾਂ ਬਰਛੀਆਂ ਤੋਂ ਅਲਾਵਾ ਅਗਨੀ ਅਸਤ੍ਰ, ਵਰੁਣਾਸਤ੍ਰ ਆਦਿ ਭਯਾਨਕ ਮਾਰੂ ਹਥਿਆਰ ਮੌਜੂਦ ਸਨ। ਉਨ੍ਹਾਂ ਮਾਰੂ ਹਥਿਆਰਾਂ ਬਾਰੇ ਦਸਮ ਗ੍ਰੰਥ ਵਿਚੋਂ ਚੰਡੀ ਚਰਿਤ੍ਰਕਤੀ ਬਿਲਾਸ, ਚੰਡੀ ਦੀ ਵਾਰ ਅਤੇ ਚਰਿਤ੍ਰੋਪਾਖਯਾਨ ਅਥਵਾ ਤ੍ਰਿਯਾ ਚਰਿਤ੍ਰਾਂ ਦੇ ਅੰਤ ਵਿਚ ੪੦੪ਵਾਂ ਮਹਾਕਾਲ ਚਰਿਤ੍ਰ ਪੜ੍ਹ ਕੇ ਸਾਫ ਪਤਾ ਲੱਗਦਾ ਹੈ ਕਿ ਉਸ ਜ਼ਮਾਨੇ ਦੇ ਮਹਾਂ ਧਨੁਖਧਾਰੀ ਦ੍ਰਿੜ੍ਹ ਜੋਧੇ ਮਹਿਖਾਸੁਰ, ਚੰਡ, ਮੁੰਡ, ਰਕਤ ਬੀਜ, ਦੀਰਘਦਾੜ ਆਦਿ ਜਿਨ੍ਹਾਂ ਨੂੰ ਅਸੁਰ ਕਹਿ ਕੇ ਜੁਗਾਂ ਜੁਗਾਂਤਰਾਂ ਤੋਂ ਭੰਡਿਆ ਜਾ ਰਿਹਾ ਹੈ, ਸ਼ਸਤ੍ਰ-ਅਸਤ੍ਰ ਚਲਾਉਣ ਵਿਚ ਕਿਤਨੇ ਵੱਡੇ ਨਿਰਭਯ ਤੇ ਬਲਵਾਨ ਜੋਧੇ ਸਨ। ਇਸ ਰਣ-ਕੁਸ਼ਲਤਾ ਦਾ ਪਤਾ ਉਨ੍ਹਾਂ ਦੇ ਜੰਗੀ ਸ਼ਸਤ੍ਰ-ਅਸਤ੍ਰ ਅਗਨਿ ਅਸਤ੍ਰ, ਪਨ ਅਸਤ੍ਰ, ਮੇਘ-ਅਸਤ੍ਰ, ਰਾਛਸ-ਅਸਤ੍ਰ, ਜਛਾਸਤ੍ਰ, ਉਰਗ (ਸਰਪ) ਅਤ੍ਰ, ਬਿਛੂ ਅਸਤ੍ਰ ਆਦਿ ਤੋਂ ਸਾਫ਼ ਪਤਾ ਲੱਗਦਾ ਹੈ। ਚੁਨਾਂਚਿ ਉਨ੍ਹਾਂ ਦੇ ਜੰਗੀ ਕਰਤੱਬ ਦੱਸਣ ਲਈ ਏਥੇ ਦਸਮ ਗ੍ਰੰਥ ਵਿਚੋਂ ਹੀ ਯਥਾਕ੍ਰਮ ਕੁਝ ਉਦਾਹਰਣ ਪੇਸ਼ ਹਨ :

(੧) ਚੋਟਾਂ ਪਵਨ ਨਗਾਰੇ ਅਣੀਆਂ ਜੁੱਟੀਆਂ ॥
ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ ॥
ਵਾਹਨ ਵਾਰੋ ਵਾਰੀ ਸੂਰੇ ਸੰਘਰੇ ॥
ਵਗੈ ਰੱਤੁ ਝਲਾਰੀ ਜਿਉ ਗੇਰੂ ਬਸਤ੍ਰਾ ॥ (ਚੰਡੀ ਦੀ ਵਾਰ)

(੨) ਅਗਨਿ ਅਸਤ੍ਰ ਛਾਡਾ ਤਬ ਦਾਨਵ ॥
ਜਾਤੇ ਭਏ ਭਸਮ ਬਹੁ ਮਾਨਵ ॥
ਬਰੁਣਾਸਤ੍ਰ ਤਬ ਕਾਲ ਚਲਾਯੋ ॥
ਸਕਲ ਅਗਨਿ ਕੋ ਤੇਜ ਮਿਟਾਯੋ ॥੨੫੩॥
ਮੇਘ ਅਸਤ੍ਰ ਛੋਰਾ ਤਬ ਦਾਨਵ ॥
ਭੀਜ ਗਏ ਜਿਹ ਤੇ ਸਭ ਮਾਨਵ ॥
ਬਾਇ ਅਸਤ੍ਰ ਤਬ ਕਾਲ ਚਲਾਯੋ ॥
ਸਭ ਮੇਘਨ ਤਤਕਾਲ ਉਡਾਯੋ ॥੨੫੫॥
ਉਰਗ ਅਸਤ੍ਰ ਲੈ ਅਸੁਰ ਪ੍ਰਹਾਰਾ ॥
ਤਾਤੇ ਉਪਜੇ ਸਰਪ ਜਨ ਅਪਾਰਾ ॥
ਖਗਪਤਿ ਅਸਤ੍ਰ ਤਜ ਤਬ ਕਾਲਾ ॥
ਭੱਛ ਗਏ ਨਾਗਨ ਦਰਹਾਲਾ ॥੨੫੬॥

ਸ਼ਸਤ੍ਰ ਅਸਤ੍ਰ ਤਬ ਅਸੁਰ ਚਲਾਏ ॥
ਖੜਗ ਕੇਤੁ ਪਰ ਕਛੁ ਨ ਬਸਾਏ ॥
ਸ਼ਸਤ੍ਰਨ ਸਾਥ ਅਸਤ੍ਰ ਬਹੁ ਛਾਏ ॥
ਜਾਂਕੋ ਲਗੇ ਲੀਨ ਤੇ ਭਏ ॥੨੬੧॥ (ਚਰਿਤ੍ਰ ੪੦੪)

ਸ਼ਸਤ੍ਰਾਂ ਤੋਂ ਏਥੇ ਮਤਲਬ ਹੈ ਉਹ ਹਥਿਆਰ, ਜੋ ਹੱਥ ਵਿਚ ਫੜ ਕੇ ਚਲਾਏ ਜਾਣ ਤੇ ਅਸਤ੍ਰ ਉਹ ਹੁੰਦੇ ਹਨ ਜੋ ਹੱਥੋਂ ਛੱਡ ਕੇ ਚਲਾਏ ਜਾਣ। ਇਸ ਕਾਰਣ ਅਗਨਿ ਅਸਤ੍ਰ, ਪਵਨ ਅਸਤ੍ਰ ਆਦਿ ਅੱਜ ਕਲ੍ਹ ਦੇ ਐਟਮੀ ਬੰਬਾਂ ਦਾ ਟਾਕਰਾ ਕਰਦੇ ਸਨ, ਜੋ ਉਸ ਸਮੇਂ ਦੀ ਖ਼ਾਸ ਕਾਢ ਜਾਂ ਈਜਾਦ ਕਹੇ ਜਾਂਦੇ ਸਨ।

ਦ੍ਰਾਵਿੜਾਂ ਦੇ ਮੁਕਾਬਲੇ ਤੇ ਆਰਯਾਂ ਨੇ ਵਰੁਣਾਸਤ੍ਰ ਭੂਧਰ ਅਸਤ੍ਰ ਆਦਿ ਨਵੀਂ ਕਿਸਮ ਦੇ ਹਥਿਆਰ ਮਾਲੂਮ ਹੁੰਦਾ ਹੈ, ਕਿਸੇ ਬਾਹਰੀ ਰਾਜ ਸ਼ਕਤੀ ਪਾਸੋਂ ਕਿਸੇ ਹੀਲੇ ਮਾਂਗਵੇਂ ਲਏ ਤੇ ਜੋਧੇ ਵੀ ਕਿਤੋਂ ਬਾਹਰੋਂ ਵਿਸ਼ਨੂ, ਸ਼ਿਵ, ਮਹਾਕਾਲ ਆਦਿ ਮਾਂਗਵੇਂ ਹੀ ਲਏ ਗਏ ਸਨ, ਨਹੀਂ ਤਾਂ ਉਨ੍ਹਾਂ ਟੱਪਰੀ ਵਾਸਾਂ ਕੋਲ ਅਜਿਹੇ ਜੰਗੀ ਹਥਿਆਰਾਂ ਦਾ ਹੋਣਾ ਤੇ ਅਜਿਹੇ ਜੰਗੀ ਜੋਧਿਆ ਦਾ ਉਨ੍ਹਾਂ ਦੇ ਕਲਾ-ਹੀਨ ਸਾਧਾਰਣ ਜਿਹੇ ਜੀਵਨ ਦੇ ਕਾਰਣ ਮਦਦ ਲਈ ਆਉਣਾ ਕਾਫੀ ਹੱਦ ਤਕ ਐਵੇਂ ਇਕ ਅਣਹੋਣੀ ਜਿਹੀ ਗੱਲ ਸੀ। ਪਰ ਖੈਰ, ਕੁਝ ਵੀ ਹੋਵੇ, ਸੁਰਾਂ (ਦੇਵਤਿਆਂ) ਅਤੇ ਅਸੁਰਾਂ (ਦ੍ਰਾਵਿੜਾਂ) ਦੇ ਇਹ ਡਟਵੇਂ ਜੰਗੀ ਟਾਕਰੇ ਕੋਈ ਸਾਧਾਰਣ ਜਾਂ ਥੋੜੇ ਸਮੇਂ ਦੀ ਜੰਗੀ ਸਿਖਲਾਈ (ਟਰੇਨਿੰਗ) ਦੇ ਨਤੀਜੇ ਨਹੀਂ ਸਨ। ਇਸ ਲਈ ਏਥੋਂ ਪੰਜਾਬ ਵਿਚੋਂ ਦ੍ਰਾਵਿੜਾਂ ਦਾ ਪੂਰੀ ਤਰ੍ਹਾਂ ਜ਼ੋਰ ਖ਼ਤਮ ਕਰਨ ਲਈ ਆਰਯਾਂ ਵਾਸਤੇ ਕਿਸੇ ਬਾਹਰੀ ਰਾਜ-ਸ਼ਕਤੀ ਦੀ ਸਹਾਇਤਾ ਕੋਈ ਵੀ ਵਿੰਗਾ-ਟੇਢਾ ਤਰੀਕਾ ਵਰਤ ਕੇ ਪ੍ਰਾਪਤ ਕਰਨੀ ਅਣਹੋਣੀ ਗੱਲ ਨਹੀਂ ਕਹੀ ਜਾ ਸਕਦੀ। ਉਹ ਜੰਗੀ ਸਹਾਇਤਾ ਚਾਹੇ ਤ੍ਰਿਵਿਸ਼ਪ (ਤਿੱਬਤ ਜਾਂ ਸੁਰਗਲੋਕ) ਤੋਂ ਲਈ ਗਈ ਜਾਂ ਮਾਨ ਸਰੋਵਰ ਝੀਲ ਦੇ ਨੇੜੇ ਤੇੜੇ ਸਥਿਤ ਕੈਲਾਸ਼ ਪਰਬਤ ਅਥਵਾ ਸ਼ਿਵਪੁਰੀ (ਜਾਂ ਵਿਸ਼ਨੂ ਦੀ ਪੁਰਾਣਿਕ ਬੈਕੁੰਠ ਪੁਰੀ) ਤੋਂ, ਪਰ ਇਹ ਕਿਸੇ ਹੀਲੇ ਵੀ ਆਰਯ ਲੋਕਾਂ ਦੀ ਆਪਣੀ ਬਹਾਦੁਰੀ ਦਾ ਕ੍ਰਿਸ਼ਮਾਂ ਨਹੀਂ ਕਹੀ ਜਾ ਸਕਦੀ।

ਵੈਦਿਕ ਸਭਿਅਤਾ, ਉਪਨਿਖਦਿਕ ਸਾਹਿੱਤ ਤੇ ਬ੍ਰਾਹਮਣੀ ਪ੍ਰਭਾਵ :

ਮਿਸਟਰ ਰਾਈਸ ਤੇ ਡਾ: ਅੰਬੇਦਕਰ ਦੇ ਕਥਨ ਅਨੁਸਾਰ, ਜਿਸ ਤਰ੍ਹਾਂ ਕਿ ਉਨ੍ਹਾਂ ਨੇ ਪ੍ਰਾਚੀਨ ਭਾਰਤੀ ਇਤਿਹਾਸ ਦੀ ਖੋਜ ਕਰਦਿਆਂ ਲਿਖਿਆ ਹੈ, ਦ੍ਰਾਵਿੜ ਤੇ ਆਰਯਾ ਦੋਵੇਂ ਵਿਦੇਸ਼ੀ ਕੌਮਾਂ ਸਨ, ਜੋ ਥੋੜੇ ਥੋੜੇ ਸਮੇਂ ਦੇ ਵਕਫ਼ੇ ਨਾਲ ਏਥੇ ਬਾਹਰੋਂ

ਹਮਲਾਆਵਰ ਹੋ ਕੇ ਆਈਆਂ। ਇਸ ਲਈ ਇਥੋਂ ਦੇ ਆਦਿ ਵਾਸੀ ਦ੍ਰਾਵਿੜ ਤੇ ਆਰਯਾਂ ਨਹੀਂ, ਸਗੋਂ ਉਹ ਲੋਕ ਸਨ ਜਿਨ੍ਹਾਂ ਨੂੰ ਅਸੀਂ ਅੱਜ ਕਲ੍ਹ ਕੋਲ, ਭੀਲ, ਮੀਣੇ, ਕੀਕਨੇ ਜਾਂ ਟੱਪਰੀ ਵਾਸ ਆਖਦੇ ਹਾਂ। ਵਰਤਮਾਨ ਧਾਣਕ ਅਥਵਾ ਮਜ਼੍ਹਬੀ ਸਿਖਾਂ ਦੇ ਵਡੇਰੇ ਵੀ ਉਨ੍ਹਾਂ ਕੋਲ, ਭੀਲ ਆਦਿ ਨਿਮਨ ਸ਼੍ਰੇਣੀਆਂ ਦੇ ਹੀ ਸਹਿਯੋਗੀ ਜਾਂ ਹਮਵਤਨ ਸਨ।

ਆਰਯਾਂ ਦੀ ਵੈਦਿਕ ਸਭਿਅਤਾ, ਜੋ ਇਥੋਂ ਦੀ ਪ੍ਰਾਚੀਨ ਸਭਿਅਤਾ ਦਾ ਜੀਮ-ਪਲ ਕਹੀ ਜਾਂਦੀ ਹੈ, ਦਰ ਅਸਲ ਦੋ ਹਿਸਿਆਂ ਵਿਚ ਵੰਡੀ ਹੋਈ ਹੈ : ਇਕ ਤਾਂ ਰਿਗਵੇਦਿਕ ਆਰਯਾਂ ਦੀ ਸਭਿਅਤਾ ਤੇ ਦੂਜੀ ਅਥਰਵਵੇਦੀ ਸਭਿਅਤਾ। ਰਿਗ ਵੇਦਿਕ ਆਰਯਾਂ ਨੇ ਬ੍ਰਾਹਮਣ ਗ੍ਰੰਥ, ਬ੍ਰਹਮ ਸੂਤ੍ਰ, ਧਰਮ ਸੂਤ੍ਰ ਤੇ ਆਰਣਯਕ ਗ੍ਰੰਥ ਰਚੇ ਸਨ। ਤੇ ਅਥਰਵਵੇਦੀ ਸਭਿਅਤਾ ਦੇ ਮੋਢੀ ਆਰਯਾਂ ਨੇ ਉਨ੍ਹਾਂ ਦੇ ਮੁਕਾਬਲੇ ਤੇ ਉਪਨਿਖਦਾਂ ਦੀ ਰਚਨਾ ਕੀਤੀ ਸੀ। ਇਸ ਦੇ ਨਾਲ ਹੀ ਏਥੇ ਇਕ ਇਹ ਗੱਲ ਵੀ ਵਰਣਨ ਜੋਗ ਹੈ ਕਿ ਰਿਗਵੇਦਿਕ ਆਰਯਾਂ ਯੱਗ ਕਰਨ ਤੇ ਕਰਾਉਣ ਵਿਚ ਭਰੋਸਾ ਰਖਦੇ ਹੋਏ ਆਪਣਾ ਨਿਕਾਸ ਤੇ ਵਿਕਾਸ ਮਨੂ ਭਗਵਾਨ ਤੋਂ ਅਤੇ ਅਥਰਵਵੇਦੀ ਸਭਿਅਤਾ ਦੇ ਮਾਲਿਕ ਆਰਯਾ ਲੋਕ ਆਪਣਾ ਨਿਕਾਸ ਬ੍ਰਹਮਾ ਅਥਵਾ ਪ੍ਰਜਾਪਤੀ ਹੋਇਆ ਮੰਨਦੇ ਸਨ। ਏਹੋ ਉਨ੍ਹਾਂ ਦਾ ਮੁੱਢਲਾ ਆਦਰਸ਼ਕ ਮਤ-ਭੇਦ ਸੀ, ਜੋ ਪਿਛੋਂ ਧਰਮ ਸ਼ਾਸਤ੍ਰ ਤੇ ਉਪਨਿਸ਼ਦਾਂ ਥੀਂ ਹੁੰਦਾ ਹੋਇਆ ਧੀਰੇ ਧੀਰੇ ਗਹਿਰਾ ਦਾਰਸ਼ਨਿਕ ਰੂਪ ਧਾਰਣ ਕਰ ਗਿਆ ਤੇ ਚੁੰਚ ਗਿਆਨ ਰਾਹੀਂ ਖਟ ਦਰਸ਼ਨਾਂ ਦੇ ਰੂਪ ਵਿਚ ਇਸ ਦਾ ਪਾੜਾ ਇਤਨਾ ਗਹਿਰਾ ਹੋਇਆ ਕਿ ਫੇਰ ਕੋਈ ਵੀ ਵਿਦਵਾਨ ਮੇਟ ਨਾ ਸਕਿਆ। ਪਿਛੋਂ ਜੈਨ ਤੇ ਬੁੱਧ ਮਤ ਨੇ ਕੁਝ ਹੇਰ-ਫੇਰ ਪਾ ਕੇ ਭਾਵੇਂ ਇਸ ਭੁੱਲ-ਭੁੱਲਈਆਂ ਰੂਪ ਦਾਰਸ਼ਨਿਕ ਗੋਰਖ-ਧੰਧੇ ਨੂੰ ਆਪੋ ਆਪਣੇ ਸ਼ੂਨਯ-ਵਾਦ ਦੇ ਸੰਚਿਆਂ ਵਿਚ ਢਾਲਕੇ ਕੁਝ ਸੰਯਮਿਤ ਰੂਪ ਦਿੱਤਾ ਤੇ ਸੁਲਝਾਣ ਦਾ ਪ੍ਰਯਤਨ ਕੀਤਾ, ਪਰ ਉਹ ਵੀ ਇਸ ਬ੍ਰਾਹਮਣੀ ਫ਼ਲਸਫ਼ੇ ਦੇ ਘਣ-ਚਕ੍ਰ ਵਿਚ ਪੈ ਕੇ ਕਿਸੇ ਨਿਸਚਿਤ ਸਿੱਟੇ ਉਤੇ ਤਾਂ ਕੀ ਪਹੁੰਚਣਾ ਸੀ, ਸਗੋਂ ਉਲਟਾ ਪਰ-ਕਟੇ ਪੰਖੀਆਂ ਵਾਂਗੂ ਭਵਾਟਣੀ ਖਾ ਕੇ ਇਸ ਧਰਾਤਲ ਉਤੇ ਹੀ ਢਹਿ ਪਏ ਤੇ ਇਸ ਮਨੋਕਲਪਿਤ ਹਰੀ ਚੰਦਉਰੀ ਨੂੰ ਉਨ੍ਹਾਂ ਵਿਚੋਂ ਕੋਈ ਵੀ ਛੁਹ ਨਾ ਸਕਿਆ।

ਵਰਣਾਸ਼ਮ ਦਾ ਮੁੱਢ ਤੇ ਧਾਣਕ ਵੰਸ਼ :

ਪ੍ਰਾਧਯਾਪਕ ਰੈਪਸਨ ਦੇ ਕਥਨ ਅਨੁਸਾਰ ਜਦ ਆਰਯ ਲੋਕ ਮੱਧ ਏਸ਼ੀਆ ਤੋਂ ਏਥੇ ਸਪਤ ਸਿੰਧੂ ਦੇਸ ਵਿਚ ਟਿੱਡੀ ਦਲ ਦੀ ਤਰਾਂ ਹਮਲਾਆਵਰ ਹੋ ਕੇ ਆਏ

ਤੇ ਉਨ੍ਹਾਂ ਦੀ ਧਾਣਕ ਜੋਧੇ ਦ੍ਰਵਿੜਾਂ ਨਾਲ ਟੱਕਰ ਹੋਈ ਤਾਂ ਏਥੇ ਜਾਤੀ ਵਰਣ ਕੇਵਲ ਦੋ ਹੀ ਮੰਨੇ ਗਏ :—

(੧) ਆਰਯ (ਅਜਨਬੀ) ਤੇ (੨) ਅਨਾਰਯ (ਏਥੋਂ ਦੇ ਆਦਿ ਵਾਸੀ ਦ੍ਰਵਿੜ) ਧਾਣਕ ਅਥਵਾ ਅਸੁਰ । ਪਰ ਫੇਰ ਧੀਰੇ ਧੀਰੇ ਆਰਯਾਂ ਦੇ ਫ਼ਤਹਿਯਾਬ ਜਾਂ ਜੇਤੂ ਕਰਾਰ ਦਿੱਤੇ ਜਾਣ ਤੋਂ ਬਾਦ ਇਨ੍ਹਾਂ ਦੋ ਵੱਖੋ ਵੱਖ ਜਾਤੀ ਵਰਣਾਂ ਦੀ ਥਾਵੇਂ ਨਵੀਂ ਪਸਰੀ ਵੈਦਿਕ ਸਭਯਤਾ ਨੇ ਚਾਰ ਵਰਣਾਂ ਨੂੰ ਜਨਮ ਦਿੱਤਾ । ਉਹ ਚਾਰ ਵਰਣ ਸਨ :—(੧) ਬ੍ਰਾਹਮਣ (੨) ਛਤ੍ਰੀ (੩) ਵੈਸ਼ਯ ਅਤੇ (੪) ਸ਼ੂਦ੍ਰ । ਇਨ੍ਹਾਂ ਵਿਚੋਂ ਪਹਿਲੇ ਤਿੰਨ ਵਰਣ ਦ੍ਵਿਜ (ਦੋ ਵਾਰ) ਜਨਮੇ ਹੋਣ ਕਰਕੇ ਦ੍ਵਿਜ ਅਥਵਾ ਦਿਜ ਅਖਵਾਏ ਅਤੇ ਚੌਥੇ ਵਰਣ ਦੇ ਸੂਦ੍ਰ, ਜੋ ਦ੍ਰਵਿੜਾਂ ਵਿਚੋਂ ਹੀ ਆਪਣੇ ਅਧੀਨ ਕਰਕੇ ਦਾਸ ਜਾਂ ਟਹਿਲੂਏ ਬਣਾਏ ਗਏ ਸਨ, ਆਪਣੇ ਉੱਚੇ-ਨੀਵੇਂ ਕੰਮਾਂ ਦੇ ਕਾਰਣ ਸਪ੍ਰਿਸ਼ (ਛੂਹੇ ਜਾਣ ਵਾਲੇ) ਅਤੇ ਅਸਪ੍ਰਿਸ਼ (ਨਾ ਛੂਹੇ ਜਾਣ ਵਾਲੇ) ਦੋ ਪ੍ਰਕਾਰ ਦੇ ਸ਼ੂਦ੍ਰ ਕਰਾਰ ਦਿੱਤੇ ਗਏ । ਇਨ੍ਹਾਂ ਸ਼ੂਦ੍ਰਾਂ ਵਿਚ, ਜੋ ਆਰਯ ਲੋਕਾਂ ਨੇ ਆਪਣੇ ਚੰਗੇ-ਮਾੜੇ ਨਿੱਜੀ ਕੰਮਾਂ ਲਈ ਆਪੋ ਆਪਣੇ ਨਿੱਜੀ ਸਵਾਰਥਾਂ ਨੂੰ ਮੁੱਖ ਰੱਖਕੇ ਇਕ ਪ੍ਰਕਾਰ ਦੇ ਦਾਸ ਅਥਵਾ ਗੁਲਾਮ ਬਣਾਏ ਸਨ, ਅੰਤਰ ਜਾਤੀ ਵਿਵਾਹਿਕ ਸੰਬੰਧਾਂ ਦੇ ਕਾਰਣ ਹੋਰ ਕਈ ਪ੍ਰਕਾਰ ਦੀਆਂ ਉੱਚੀਆਂ-ਨੀਵੀਆਂ ਜਾਤ-ਸਨਾਤਾਂ ਵਿਚ ਵੰਡੇ ਗਏ । ਉਹ ਜਾਤ-ਸਨਾਤਾਂ ਸਨ ਸਪ੍ਰਿਸ਼ ਤੇ ਅਸਪ੍ਰਿਸ਼ ਸ਼ੂਦ੍ਰਾਂ ਦੀ ਜਾਤੀ ਵੰਡਦੇ ਅਨੁਸਾਰ ਅਲੱਗ-ਅਲੱਗ ਕਿਸਮ ਦੀਆਂ ਆਪਣੇ ਆਪ ਵਿਚ ਬੜੀ ਵਿਚਿਤ੍ਰ ਅਹਮੀਅਤ ਰੱਖਣ ਵਾਲੀਆਂ ਜਿਨ੍ਹਾਂ ਨੇ ਕੁਝ ਕੁ ਵੇਰਵੇ ਅੱਗੇ ਜਾਤਿ ਪਾਤਿ ਦੇ ਨਿਕਾਸ ਅਤੇ ਵਿਕਾਸ ਵਿਚ ਕ੍ਰਮਵਾਰ ਦੱਸੇ ਜਾਣਗੇ । ਧਾਣਕ (ਧਨੁਖ ਧਾਰੀ) ਜੋਧੇ ਵੀ ਅਸੁਰ ਨਾਂ ਹੇਠ ਚੰਡਾਲ ਪਦਵੀ ਦੇ ਕੇ ਇਸੇ ਅਛੂਹ ਸ਼ੂਦ੍ਰ ਜਾਤੀ ਵਿਚ ਗਿਣੇ ਗਏ ।

ਧਾਣਕ ਵੰਸੀ ਪ੍ਰਮੁੱਖ ਆਗੂ ਮਹਾਂਰਿਖੀ ਬਾਲਮੀਕ ਤੇ ਉਸ ਦੀ ਰਾਮਾਇਣ :

ਇਹੋ ਧਾਣਕ ਦਸਯੁ ਜਾਂ ਅਸੁਰ (ਚੰਡਾਲ) ਲੋਕ, ਜਿਨ੍ਹਾਂ ਨੂੰ ਅੱਗੇ ਜਾ ਕੇ ਸਤਾਰ੍ਹਵੀਂ ਸਦੀ ਈਸਵੀ ਵਿਚ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਪਿਆਰ ਨਾਲ "ਰੰਘਰੇਟੇ, ਗੁਰੂ ਕੇ ਬੇਟੇ" ਨਾਮਕ ਉੱਚ ਪਦਵੀ ਦੇ ਕੇ ਸਨਮਾਨਿਆ, ਅਜ ਕਲ ਦੇ ਇਹੋ ਬਹਾਦੁਰ ਮਜ਼ਹਬੀ ਸਿੱਖ ਸਨ । ਇਨ੍ਹਾਂ ਵਿਚੋਂ ਹੀ ਤ੍ਰੇਤਾ ਯੁੱਗ ਦੇ ਮਹਾਂਰਿਖੀ ਬਾਲਮੀਕ ਤੇ ਦੈਤਾਂ ਦੇ ਗੁਰੂ ਸ਼ੁਕ੍ਰਾ-ਚਾਰਯ ਜੀ, ਜੋ ਆਦਿ ਕਾਵਿ ਜਾਂ ਮਹਾਂਕਾਵਿ ਦੇ ਨਾਂ ਨਾਲ ਪ੍ਰਸਿੱਧ ਹਨ, ਦਰਅਸਲ ਧਾਣਕ ਵੰਸ ਦੇ ਪਹਿਲੇ

ਜੀਵਰੀ ਅਵਤਾਰ ਜਾਂ ਉਸ ਨਾਲ ਲਹੂ-ਮਾਸ ਦਾ ਸੰਬੰਧ ਰੱਖਣ ਵਾਲੇ ਮਹਾਂਪੁਰਖ ਸਨ।

ਮਹਾਂਕਵੀ ਰਾਜ ਸ਼ੇਖਰ ਦੇ ਕਥਨ ਅਨੁਸਾਰ, ਜਿਵੇਂ ਕਿ ਉਸ ਨੇ ਆਪਣੀ ਸੰਸਕ੍ਰਿਤ ਆਲੋਚਨਾਤਮਕ ਪੁਸਤਕ "ਕਾਵਯ ਮੀਮਾਂਸਾ" ਵਿਚ ਲਿਖਿਆ ਹੈ, ਪਹਿਲੇ ਪਹਿਲ ਜਦ ਕਿ ਲੋਕੀਂ ਹੁਨਰਹੀਣ ਹੋਣ ਕਰਕੇ ਟੁੱਟੀ ਫੁੱਟੀ ਗੱਦ ਅਥਵਾ ਵਾਰਤਕ ਵਿਚ ਹੀ ਲਿਖਦੇ ਤੇ ਪਰਸਪਰ ਗੱਲ ਬਾਤ ਕਰਦੇ ਸਨ, ਸਰਸਵਤੀ ਦੇਵੀ ਦੇ ਤਪੱਸਿਆ ਕਰਨ ਤੇ ਬਿਸ਼ਨੂੰ ਦੇ ਵਰਦਾਨ ਨਾਲ ਲੋਕ-ਭਲਾਈ ਵਾਸਤੇ ਉਸ ਦੇ ਪੇਟੋਂ ਕਾਵਯ ਪੁਰਸ਼ ਦਾ ਜਨਮ ਹੋਇਆ, 'ਜੋ ਜਨਮਦਿਆਂ ਹੀ ਬਾਲਪਣੇ ਦੀ ਹਾਸੀ ਹਸਿਆ ਤੇ ਹੋਰ ਲੋਕ-ਦਿਖਾਵੇ ਦੇ ਵਾਧੂ ਜਿਹੇ ਹਾਇ ਕਲਾਪ ਜਾਂ ਰੋਣ ਕੁਰਲਾਣ ਦੀ ਥਾਵੇਂ ਬੜੀ ਤੇਜ਼ੀ ਨਾਲ ਕਵਿਤਾ ਬੋਲਣ ਲੱਗ ਪਿਆ। ਇਹ ਪਤਾ ਲੱਗਣ ਤੇ ਧਾਣਕਾਂ ਦੇ ਅਵਤਾਰ ਮਹਾਂਰਿਖੀ ਵਾਲਮੀਕ ਤੇ ਦੈਂਤਾਂ ਦੇ ਗੁਰੂ ਆਚਾਰਯ ਸ਼ੁਕ੍ਰ ਨੇ ਤੁਰਤ ਫੁਰਤ ਸਰਸ੍ਵਤੀ ਦੇਵੀ ਦਾ ਬੂਹਾ ਖੜਕਾਕੇ ਇਸ ਬਾਲ ਕਵੀ ਭਗਵਾਨ ਕਾਵਯ ਪੁਰਸ਼ ਤੋਂ ਚਰਣ-ਵੰਦਨਾ ਸਹਿਤ ਬੜੇ ਵਿਨਿਮ੍ਰ ਭਾਵ ਸਹਿਤ ਸ਼ਾਗਿਰਦੀ ਅਖਤਿਆਰ ਕਰਕੇ ਸ਼ੁੱਧ ਭਾਵ ਨਾਲ ਕਵਿਤਾ ਰਚਣ ਦੀ ਜਾਚ ਸਿੱਖੀ, ਜਿਸ ਕਰਕੇ ਇਹ ਦੋਵੇਂ ਮਹਾਂਪੁਰਖ ਉਸੇ ਸਮੇਂ ਤੋਂ ਆਦਿ ਕਵੀ ਜਾਂ ਮੁੱਢਲੇ ਕਵੀ ਮੰਨੇ ਜਾਣ ਲੱਗੇ। ਮਹਾਂਰਿਖੀ ਬਾਲਮੀਕ ਨੇ, ਜੋ ਮਦ੍ਰ ਦੇਸ਼ (ਮਾਝੇ) ਦਾ ਵਸਨੀਕ ਤੇ ਵਾਹੀਕ ਦੇਸ਼ (ਪੰਜਾਬ) ਦਾ ਜੰਮਪਲ ਸੀ, ਏਥੋਂ ਹੀ ਸ੍ਰੀ ਅੰਮ੍ਰਿਤਸਰ ਦੇ ਸਥਾਨ ਪਰ ਘਣੇ ਜੰਗਲ ਵਿਚ ਆਪਣਾ ਤਪੋਬਨ ਅਥਵਾ ਆਸ਼੍ਰਮ ਬਣਾ ਕੇ ਪਰਿਵਾਰ ਸਮੇਤ ਰਹਿੰਦਾ ਸੀ। ਇਸ ਨੇ ਕਠਿਨ ਤਪ-ਸਾਧਨ ਦੇ ਨਾਲ ਹੀ ਸਭ ਤੋਂ ਪਹਿਲਾਂ ਰਾਮ-ਕਥਾ ਦੇ ਰੂਪ ਵਿਚ ਰਾਮ-ਚਰਿਤ ਨਾਂ ਥੱਲੇ ਇਕ ਮਹਾਂ ਕਾਵਯ ਦੇ ਰੂਪ ਵਿਚ ਅਯੋਧਯਾਪਤੀ ਮਹਾਰਾਜ ਰਾਮ ਚੰਦ੍ਰ ਜੀ ਦਾ ਜੀਵਨ ਲਿਖਿਆ, ਜੋ ਉਸ ਸਮੇਂ ਤੋਂ ਆਦਿ ਮਹਾਂਕਾਵਯ ਅਥਵਾ ਬਾਲਮੀਕੀ ਰਾਮਾਇਣ ਦੇ ਨਾਂ ਨਾਲ ਮਸ਼ਹੂਰ ਹੋਇਆ। ਇਸ ਰਾਮ ਚਰਿਤ ਜਾਂ ਰਾਮਾਇਣ ਵਿਚ, ਜਿਵੇਂ ਕਿ ਨਾਮ ਤੋਂ ਹੀ ਪ੍ਰਸਿੱਧ ਹੈ, ਸੂਰਜ ਵੰਸ਼ ਦੇ ਅਟਲ ਪ੍ਰਤਾਪੀ ਮਹਾਰਾਜਾ ਰਾਮ ਚੰਦ੍ਰ ਅਥਵਾ ਰਾਮਾਵਤਾਰ ਦੀ ਵੀਰਤਾ ਭਰੀ ਕਥਾ ਉਚੇਚਾ ਸਾਹਿੱਤਕ ਰੂਪ ਦੇ ਕੇ ਕਲਮਬੰਦ ਕੀਤੀ, ਜਿਸ ਵਿਚ ਰਘੁਵੰਸੀ ਅਯੋਧਯਾਪਤੀ ਮਹਾਰਾਜਾ ਦਸਰਥ ਦੇ ਘਰ ਸ੍ਰੀ ਰਾਮ, ਲਛਮਣ, ਭਰਤ, ਸ਼ਤਰੂਘਨ ਦਾ ਜਨਮ, ਫੇਰ ਜਨਕਪੁਰੀ ਮਿਥਿਲਾ ਵਿਚ ਸ੍ਰੀ ਰਾਮ ਚੰਦ੍ਰ ਜੀ ਦਾ ਮਹਾਰਾਣੀ ਸੀਤਾ ਨਾਲ ਸਵਯੰਬਰ, ਤਦ ਪਸ਼ਚਾਤ ਸ੍ਰੀ ਰਾਮ ਨੂੰ ਯੁਵ ਰਾਜ ਪਦਵੀ ਦੇਣ ਸਮੇਂ ਰਾਜ-

ਮਾਤਾ ਕੌਸ਼ਲਯ ਦਾ ਆਨੰਦ ਮੰਗਲਾਚਾਰ, ਪਰ ਦੂਜੇ ਵਨੇ ਰਾਣੀ ਕੈਕੇਈ ਦੇ ਜ਼ੋਰ ਪਾਉਣ ਤੇ ਮਹਾਰਾਜਾ ਦਸਰਥ ਵਲੋਂ ਉਸ ਦੇ ਛੋਟੇ ਪੁਤ੍ਰ ਭਰਤ ਨੂੰ ਰਾਜ ਗੱਦੀ ਤੇ ਵੱਡੇ ਪੁਤ੍ਰ ਸ੍ਰੀ ਰਾਮ ਨੂੰ ਛੋਟੇ ਭਾਈ ਲਛਮਣ ਤੇ ਮਹਾਰਾਣੀ ਸੀਤਾ ਸਮੇਤ ੧੨ ਸਾਲ ਦਾ ਬਨਵਾਸ, ਤਦ ਪਸਚਾਤ ਇਸ ਸ਼ੋਕ ਸੰਤਪਤ ਅਵਸਥਾ ਵਿਚ ਸ੍ਰੀ ਰਾਮ, ਲਛਮਣ ਤੇ ਸੀਤਾ ਸਮੇਤ ਬਨਵਾਸ ਹੋਣ ਤੇ ਮੱਧ ਭਾਰਤ ਦੇ ਦੰਡਕਾਰਣਯ ਨਾਮੀ ਜੰਗਲ ਵਿਚ ਲੰਕਾਪਤੀ ਮਹਾਰਾਜਾ ਰਾਵਣ ਵਲੋਂ ਮਹਾਰਾਣੀ ਸੀਤਾ ਦਾ ਚੁਰਾਏ ਜਾਣਾ, ਫੇਰ ਇਹ ਪਤਾ ਲੱਗਣ ਤੇ ਸ੍ਰੀ ਰਾਮ-ਲਛਮਣ ਵਲੋਂ ਕਿਸ਼ਕਿੰਧਾ ਨਗਰੀ ਦੇ ਬਾਂਦਰਾਂ ਦੀ ਸੈਨਾ ਸਮੇਤ ਦੋਹਾਂ ਭਰਾਵਾਂ ਦੀ ਲੰਕਾ ਪਰ ਚੜ੍ਹਾਈ, ਤੇ ਭਯਾਨਕ ਜੁੱਧ ਵਿਚ ਮਹਾਰਾਜਾ ਰਾਵਣ ਦੇ ਆਪਣੀ ਸੈਨਾ ਸਮੇਤ ਮਾਰੇ ਜਾਣ ਤੇ ਸ੍ਰੀ ਰਾਮ ਚੰਦ੍ਰ ਜੀ ਦੀ ਮੁਕੰਮਲ ਫ਼ਤਹਿ। ਪਿਛੋਂ ਉਨ੍ਹਾਂ ਦੇ ਅਯੋਧਯਾ ਵਾਪਸ ਆਉਣ, ਰਾਜ ਭਾਗ ਮਿਲਣ ਤੇ ਮਹਾਰਾਣੀ ਸੀਤਾ ਦੇ ਗਰਭਵਰਤੀ ਹੋਣ ਸਾਰ ਕਿਸੇ ਅਣਹੋਏ ਸ਼ੱਕ ਕਾਰਣ ਸ੍ਰੀ ਰਾਮ ਵਲੋਂ ਆਪਣੀ ਸੁਪਤਨੀ (ਸੀਤਾ ਨੂੰ ਮਦ੍ਰ ਦੇਸ਼, ਮਾਝੇ ਪੰਜਾਬ) ਦੇ ਘੋਰ ਜੰਗਲ ਵਿਚ ਦੇਸ਼-ਨਿਕਾਲਾ। ਪਤਾ ਲੱਗਣ ਤੇ ਧਾਣਕ ਵੰਸ ਦੇ ਮਹਾਂਰਿਖੀ ਬਾਲਮੀਕ ਵਲੋਂ ਮਹਾਰਾਣੀ ਸੀਤਾ ਦੀ ਪੂਰੀ ਪੂਰੀ ਸੰਭਾਲ ਤੇ ਟਹਿਲ-ਸੇਵਾ, ਤਦ ਪਸਚਾਤ ਸੀਤਾ ਦੇ ਪੇਟੋਂ ਦੋ ਜੋੜੇ ਬੱਚੇ ਲਵ ਤੇ ਕੁਸ਼ ਦਾ ਜਨਮ ਹੋਣ ਤੇ ਉਨ੍ਹਾਂ ਦਾ ਰਿਖੀ ਬਾਲਮੀਕ ਵਲੋਂ ਪੂਰੀ ਪੂਰੀ ਸੇਵਾ-ਸੰਭਾਲ, ਸਿਖਯਾ ਤੇ ਦੀਖਯਾ ਪ੍ਰਾਪਤ ਕਰਨਾ। ਰਿਖੀ ਬਾਲਮੀਕ ਚੂੰਕਿ ਜਾਤਿ ਦਾ ਧਾਣਕ ਹੋਣ ਕਰਕੇ ਧਨੁਖ ਅਥਵਾ ਤੀਰ ਕਮਾਨ ਚਲਾਉਣ ਦੇ ਹੁਨਰ ਵਿਚ ਵਧੇਰੇ ਮਾਹਿਰ ਸੀ, ਇਸ ਲਈ ਉਸ ਦੇ ਦੋਵੇਂ ਸ਼ਾਗਿਰਦ ਰਾਜ ਕੁਮਾਰ ਲਵ ਤੇ ਕੁਸ਼ ਵੀ ਆਪਣੇ ਉਸਤਾਦ ਵਾਂਗੂ ਓਨੇ ਹੀ ਬੜੇ ਮਾਹਿਰ ਤੇ ਹੁਨਰਮੰਦ ਸਾਬਤ ਹੋਏ, ਇਸ ਕਰਕੇ ਜਦ ਕੁਝ ਸਮੇਂ ਬਾਦ ਉਨ੍ਹਾਂ ਦੇ ਪਿਤਾ ਸ੍ਰੀ ਰਾਮ ਚੰਦ੍ਰ ਜੀ ਨੇ ਅਸ਼ਵਮੇਧ ਜੱਗ ਕਰਨ ਲਈ ਘੋੜਾ ਛੱਡਿਆ ਤਾਂ ਉਹ ਘੋੜਾ ਏਥੇ ਮਦ੍ਰ ਦੇਸ਼ (ਮਾਝੇ) ਵਿਚ ਆਉਣ ਤੇ ਰਾਜ ਕੁਮਾਰ ਲਵ ਤੇ ਕੁਸ਼ ਨੇ ਫੜਕੇ ਬੰਨ੍ਹ ਲਿਆ। ਪਹਿਲਾਂ ਮਹਾਂਬਲੀ ਲਛਮਣ ਨੇ ਉਹ ਘੋੜਾ ਜ਼ੋਰ ਦਿਖਾਕੇ ਛੁਡਾਉਣਾ ਚਾਹਿਆ, ਪਰ ਜਦ ਦੁਵੱਲਿਓਂ ਟਾਕਰਾ ਹੋਣ ਤੇ ਮਹਾਂਬਲੀ ਲਛਮਣ ਜੀ ਤੀਰਾਂ ਦੀ ਮਾਰ ਖਾ ਕੇ ਮੂਰਛਾਗਤ ਹੋ ਗਏ, ਤਾਂ ਫੇਰ ਉਸ ਦੀ ਮਦਦ ਵਾਸਤੇ ਸ੍ਰੀ ਰਾਮ ਚੰਦ੍ਰ ਜੀ ਖੁਦ ਆਏ ਤੇ ਉਨ੍ਹਾਂ ਦੇ ਨਾਲ ਹੀ ਛੋਟੇ ਭਾਈ ਭਰਤ ਤੇ ਸਤਰੁਘਨ ਵੀ ਆਏ, ਪਰ ਜਦ ਉਹ ਵੀ ਟਾਕਰਾ ਕਰਦੇ ਹੋਏ ਮੈਦਾਨਿ-ਜੰਗ ਵਿਚ ਢਹਿ ਡਿਗੇ ਤੇ ਉਨ੍ਹਾਂ ਦੀ ਚਤੁਰਾਗਿਣੀ ਸੈਨਾ ਵੀ ਮੂਰਛਿਤ ਹੋ ਗਈ ਤਾਂ ਪਤਾ ਲੱਗਣ ਤੇ ਮਹਾਰਾਣੀ ਸੀਤਾ ਜੀ ਮੌਕੇ ਤੇ ਖ਼ੁਦ ਪਹੁੰਚੇ ਤੇ ਉਨ੍ਹਾਂ ਨੇ ਆਪਣੇ ਪਾਲਕ ਪਿਤਾ ਭਗਵਾਨ ਬਾਲਮੀਕ ਤੋਂ ਉਸ ਤਪੋਬਨ ਦੇ ਨੇੜਿਓਂ ਹੀ ਦੁਖ ਭੰਜਨੀ ਬੇਰੀ ਦੇ ਸਥਾਨ ਤੋਂ

ਅਮ੍ਰੀ ਜਲ ਮੰਗਵਾਇਆ ਜਿਸ ਦੇ ਛਿੜਕਣ ਤੇ ਸ੍ਰੀ ਰਾਮ, ਲਛਮਣ ਸਮੇਤ ਉਹ ਸਾਰੇ ਹੀ ਜੋਧੇ ਉਠੇ। ਰਿਖੀ ਬਾਲਮੀਕ ਜੀ, ਜੋ ਇਸ ਅਸਲੀਅਤ ਤੋਂ ਪਹਿਲਾਂ ਹੀ ਜਾਣੂ ਸਨ। ਮਹਾਰਾਣੀ ਸੀਤਾ ਜੀ ਰਾਜ ਕੁਮਾਰ ਲਵ ਤੇ ਕੁਸ਼ ਸਮੇਤ ਸ੍ਰੀ ਰਾਮ-ਲਛਮਣ ਨਾਲ ਮੁਲਾਕਾਤ ਕਰਵਾਈ। ਇਸ ਤਰ੍ਹਾਂ ਉਨ੍ਹਾਂ ਨੂੰ ਪਰਸਪਰ ਖੁਸ਼ ਕਰਕੇ ਉਹ ਸੈਨਾ ਸਮੇਤ ਅਜੋਧਯਾਪੁਰੀ ਵਲ ਵਾਪਸ ਮੋੜਿਆ। ਬਸ, ਇਸ ਤਰ੍ਹਾਂ ਦਸਮ ਗ੍ਰੰਥ ਦੇ ਮਹਾਂਕਾਵਯ ਰਾਮਾਵਤਾਰ ਤੇ ਮਹਾਰਿਖੀ ਬਾਲਮੀਕੀ ਅਤੇ ਉਸ ਦੀ ਰਾਮਾਇਣ ਅਥਵਾ ਰਾਮ ਚਰਿਤ੍ਰ (ਕਾਵਯ) ਦਾ ਇਹ ਹੁਨਰੀ ਘੇਰਾ ਇਥੋਂ ਤਕ ਹੀ ਸੀਮਿਤ ਹੈ। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਧਾਣਕ ਵੰਸ਼ ਦੇ ਮੋਢੀ ਮਹਾਰਿਖੀ (ਆਦਿ ਕਾਵਿ) ਬਾਲਮੀਕ ਤੇ ਉਸ ਦੇ ਹੁਨਰੀ ਮਹਾਂਕਾਵਯ ਰਾਮਾਇਣ ਦਾ ਮਦ੍ਰ ਦੇਸ਼ (ਮਾਝਾ-ਪੰਜਾਬ) ਤੇ ਸਮੁੱਚੇ ਭਾਰਤ ਨਾਲ ਇਸ ਦਾ ਕਿਥੋਂ ਤਕ ਹਾਰਦਿਕ ਸੰਬੰਧ ਹੈ।

ਬਾਲਮੀਕ ਦੀ ਰਾਮ-ਕਥਾ ਤੇ ਪੰਜਾਬ ਦੀਆਂ ਦੋ ਅਬਾਦੀਆਂ :

ਏਥੇ ਹੀ ਬਸ ਨਹੀਂ, ਰਿਖੀ ਬਾਲਮੀਕ ਦਾ ਮੁੱਢਲਾ ਸੰਬੰਧ ਪੰਜਾਬ ਦੇ ਨਾਲ ਚੂੰਕਿ ਲਹੂ ਤੇ ਮਾਸ ਦਾ ਹੈ, ਇਸ ਲਈ ਸ੍ਰੀ ਰਾਮ ਚੰਦ੍ਰ ਦੇ ਦੇਹਾਂਤ ਤੋਂ ਬਾਦ ਜਦ ਉਨ੍ਹਾਂ ਦੇ ਦੋਵੇਂ ਰਾਜ ਕੁਮਾਰ ਲਵ ਤੇ ਕੁਸ਼ ਉਨ੍ਹਾਂ ਦੀ ਥਾਵੇਂ ਰਾਜ-ਭਾਗ ਦੇ ਮਾਲਿਕ ਬਣੇ ਤਾਂ ਆਪਣੇ ਪਾਲਕ ਪਿਤਾ ਰਿਖੀ ਬਾਲਮੀਕ ਦੇ ਵਤਸਲ ਭਾਵ ਨੂੰ ਚਿਤਾਰ ਕੇ ਲਵ ਨੇ ਦਰਿਆ ਰਾਵੀ ਕਿਨਾਰੇ ਆਪਣੇ ਨਾਂ ਤੇ ਨਗਰ ਲਵਪੁਰ (ਲਾਹੌਰ) ਤੇ ਰਾਜ ਕੁਮਾਰ ਕੁਸ਼ ਨੇ ਫੀਰੋਜ਼ਪੁਰ ਦੇ ਅੱਧ ਵਿਚਕਾਰ ਨਗਰ ਕਸੂਰ ਦੀ ਨੀਂਹ ਰਖਵਾਈ ਤੇ ਇਸ ਤਰ੍ਹਾਂ ਪੰਜਾਬ ਵਿਚ ਇਥੋਂ ਦੀ ਉੱਨਤੀ ਨੂੰ ਮੁੱਖ ਰੱਖਕੇ ਨਵੀਂ ਕਿਸਮ ਦੀਆਂ ਇਹ ਦੋ ਨੌਂ ਆਬਾਦੀਆਂ ਕਾਇਮ ਕਰਵਾ ਦਿੱਤੀਆਂ ਤਾਂਕਿ ਇਸ ਦੇਸ਼ ਦੇ ਨਾਲ ਉਨ੍ਹਾਂ ਦਾ ਇਹ ਸੰਬੰਧ ਹਮੇਸ਼ਾਂ ਲਈ ਕਾਇਮ ਰਹੇ। ਇਸੇ ਕਾਰਣ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸ੍ਵੈਜੀਵਨੀ ਬਿਚਿਤ੍ਰ ਨਾਟਕ ਵਿਚ ਜੋ ਕਿ ਸ੍ਰੀ ਦਸਮ ਗ੍ਰੰਥ ਦੀ ਇਕ ਮਹਾਨ ਪ੍ਰਬੰਧ-ਰਚਨਾ ਹੈ, ਆਪਣੀ ਖਾਸ ਕਲਮ ਨਾਲ ਰਾਜ ਕੁਮਾਰ ਲਵ ਤੇ ਕੁਸ਼ੂ ਦੇ ਹੱਥੋਂ ਇਨ੍ਹਾਂ ਦੋਹਾਂ ਨਗਰਾਂ ਦੇ ਰਚੇ ਜਾਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :—

ਤਿਨ ਪੁਤ੍ਰਨਿ ਬਾਂਧੇ ਦੁਇ ਪੁਰਵਾ।
ਏਕ ਕਸੂਰ ਦੁਤਿਯ ਲਹੁਰਵਾ॥

ਇਸ ਲਈ ਇਹ ਦੋਵੇਂ ਨਗਰ, ਜੋ ਧਾਣਕਾਂ ਦੇ ਆਦਿ ਕਵਿ ਮਹਾਂਰਿਖੀ ਬਾਲਮੀਕ ਦੀ ਅਮਲੀ ਪ੍ਰੇਰਣਾ ਦੇ ਮੂਲ ਸ੍ਰੋਤ ਜਾਂ ਨਤੀਜੇ ਹਨ, ਤ੍ਰੇਤਾ ਯੁੱਗ ਦੇ ਸਮੇਂ ਤੋਂ ਹੁਣ

ਤਕ ਯੁੱਗ ਵਸਦੇ ਚਲੇ ਆ ਰਹੇ ਹਨ। ਸਚਾਈ ਦੇ ਖੋਜੀ ਚਾਹਵਾਨ ਸੱਜਣ ਇਨ੍ਹਾਂ ਨਗਰਾਂ ਦੀ ਸੋਭਾ ਦਾ ਉਥੇ ਖੁਦ ਜਾ ਕੇ ਤੇ ਅੱਖੀਂ ਦੇਖਕੇ ਸਹੀ ਅਨੁਮਾਨ ਲਗਾ ਸਕਦੇ ਹਨ।

ਪੰਜਾਬ ਦਾ ਅਸਲ ਨਾਂ, ਹੱਦ-ਬੰਦੀ ਤੇ ਇਥੋਂ ਦੇ ਆਦਿ ਵਾਸੀ

ਸਤਿਜੁਗ ਦੇ ਸਮੇਂ ਤੋਂ ਜਦੋਂ ਕਿ ਆਰਯ ਲੋਕ, ਮੱਧ ਏਸ਼ੀਆ ਤੋਂ ਏਥੇ ਸਪਤ ਸਿੰਧੂ ਅਥਵਾ ਪੰਜਾਬ ਦੇਸ਼ ਵਿਚ ਆਏ ਤਾਂ ਇਹ ਪੰਜਾਂ ਦਰਿਆਵਾਂ ਦਾ ਨਹੀਂ, ਸਗੋਂ ਸਪਤ ਸਿੰਧੂ ਨਾਂ ਨਾਲ ਸੱਤਾਂ ਦਰਿਆਵਾਂ ਦਾ ਦੇਸ਼ ਕਿਹਾ ਜਾਂਦਾ ਸੀ, ਇਸ ਦੇਸ਼ ਵਿਚ ਉਸ ਸਮੇਂ ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ, ਦਰਿਆ, ਸਤਲੁਜ, ਬਿਆਸ, ਰਾਵੀ, ਝਨਾਂ ਤੇ ਵਿਦਸਥਾ (ਜਿਹਲਮ) ਤੋਂ ਅਲਾਵਾ ਦਰਿਆ ਸਰਸੁਤੀ ਤੇ ਸਿੰਧ ਵੀ ਸ਼ਾਮਲ ਸਨ, ਪਰ ਫੇਰ ਢੇਰ ਸਮਾਂ ਗੁਜ਼ਰਨ ਤੇ ਇਸ ਵਿਚ ਕੇਵਲ ਪੰਜ ਦਰਿਆ ਹੀ ਬਾਕੀ ਰਹਿ ਗਏ ਤੇ ਬਾਕੀ ਦਰਿਆ ਇਸ ਨਾਲੋਂ ਅਲੱਗ ਹੋ ਗਏ। ਇਸ ਦੇ ਨਾਲ ਹੀ ਇਕ ਪੁਰਾਣੀ ਖੋਜ ਇਹ ਵੀ ਹੈ ਕਿ ਵੈਦਿਕ ਕਾਲ ਤੋਂ ਪਿਛੋਂ ਪਾਣਿਨੀ ਕਾਲ ਤੇ ਮਹਾਂਭਾਰਤ ਕਾਲ ਵਿਚ ਇਸ ਦੇਸ਼ ਨੂੰ ਪੰਜਾਬ ਦਾ ਸਪਤ ਸਿੰਧੂ ਨਹੀਂ, ਸਗੋਂ ਵਾਹੀਕ ਦੇਸ਼ ਕਿਹਾ ਜਾਂਦਾ ਸੀ ਤੇ ਮਦ੍ਰ ਦੇਸ਼ ਜਾਂ ਮਦ੍ਰ ਮੰਡਲ (ਮਾਝਾ) ਇਸ ਦੇਸ਼ ਦਾ ਇਕ ਅਵਾਂਤਰ ਭਾਗ ਸੀ। ਆਰਯ ਲੋਕ ਅਜਨਬੀ ਹੋਣ ਕਰਕੇ ਇਸ ਦੇਸ਼ ਦੇ ਨਵੇਂ ਵਸਨੀਕ ਤੇ ਹੋਰ ਦ੍ਰਾਵਿੜ ਜਾਤਾਂ ਸਮੇਤ ਧਾਣਕ ਲੋਕ ਇਥੋਂ ਦੇ ਅਸਲ ਵਾਸੀ ਸਨ।

ਪੁਰਾਣਿਕ ਇਤਿਹਾਸ ਤੇ ਲੋਕ-ਕਥਾਵਾਂ ਦੇ ਅਨੁਸਾਰ ਆਰਯ (ਸੁਰ) ਤੇ ਅਨਾਰਯ (ਅਸੁਰ) ਲੋਕ ਆਪੋ ਆਪਣੇ ਜਾਤੀ ਅਧਿਕਾਰਾਂ ਨੂੰ ਮੁਖ ਰੱਖ ਕੇ ਪ੍ਰਸਪਰ ਲੜਦੇ ਤੇ ਕਈ ਵੇਰ ਘੋਰ ਜੁੱਧ ਵੀ ਕਰਦੇ ਰਹੇ। ਉਨ੍ਹਾਂ ਦੇ ਇਹ ਜੁੱਧ ਪੁਰਾਣਾਂ ਵਿਚ ਦੇਵ-ਦਾਨਵਾਂ ਦੇ ਜੁੱਧਾਂ ਨਾਲ ਮਸ਼ਹੂਰ ਹਨ। ਇਨ੍ਹਾਂ ਜੰਗਾਂ-ਜੁੱਧਾਂ ਵਿਚ ਆਰਯ ਲੋਕਾਂ ਦੀ ਬਹੁ-ਗਿਣਤੀ ਤੇ ਬਾਹਰੀ ਸਹਾਇਤਾ ਦੇ ਕਾਰਣ, ਜਿਵੇਂ ਕਿ ਇਸ਼ਾਰੇ ਵਜੋਂ ਪਿੱਛੇ ਦੱਸਿਆ ਹੈ, ਆਰਯ ਲੋਕਾਂ ਦਾ ਪਲੜਾ ਭਾਰੀ ਰਿਹਾ ਤੇ ਆਰਯ ਲੋਕ ਉੱਤਰੀ ਭਾਰਤ ਦੇ ਇਲਾਕਾ ਪਹਾੜ ਥੀ ਹੁੰਦੇ ਹੋਏ ਦਰਿਆ ਜਮਨਾ ਲੰਘ ਕੇ ਉੱਤਰ ਪ੍ਰਦੇਸ਼, ਮੱਧ ਭਾਰਤ ਆਦਿ ਪ੍ਰਾਂਤਾਂ ਵਿਚ ਵਸ ਗਏ। ਇਸ ਤਰ੍ਹਾਂ ਵਾਹੀਕ ਦੇਸ਼ (ਪੰਜਾਬ), ਜੋ ਵੈਦਿਕ ਸਭਯਤਾ ਦਾ ਪ੍ਰਮੁਖ ਕੇਂਦਰ ਸੀ, ਏਥੇ ਜਿਉਂ ਦਾ ਤਿਉਂ ਬਣਿਆ ਰਿਹਾ ਤੇ ਯਗਯ, ਹਵਨ ਆਦਿ ਉਸੇ ਤਰ੍ਹਾਂ ਹੁੰਦੇ ਰਹੇ ਅਤੇ ਦਰਿਆ ਜਮਨਾ ਤੋਂ ਪਾਰ ਜਿਤਨੇ ਵੀ ਆਰਯ ਲੋਕ ਪ੍ਰਵਾਸੀ ਬਣ ਕੇ ਗਏ, ਉਥੇ

ਉਹ ਇੰਦ੍ਰ, ਵਰੁਣ, ਅਗਨੀ ਆਦਿ ਵੈਦਿਕ ਦੇਵਤਿਆਂ ਦੀ ਥਾਵੇਂ ਉੱਤਰੀ ਭਾਰਤ ਦੇ ਕਲਪਤ ਦੇਵੀ-ਦੇਵਤਿਆਂ ਬ੍ਰਹਮਾ, ਬਿਸ਼ਨੂ, ਸ਼ਿਵ ਆਦਿ ਨੂੰ ਅਪਣਾ ਕੇ ਸ਼ੈਵ, ਸ਼ਾਕਤ, ਵੈਸ਼ਣਵ ਆਦਿ ਸੰਪ੍ਰਦਾਵਾਂ ਕਾਇਮ ਕਰ ਕੇ, ਇਕ ਵੱਖਰੀ ਕਿਸਮ ਦੇ ਸਨਾਤਨ ਧਰਮੀ ਬਣ ਗਏ, ਜੋ ਬਹੁ ਦੇਵ ਵਾਦੀ ਹੋਣ ਕਰ ਕੇ ਹੁਣ ਤਕ ਉਸੇ ਪੁਰਾਣਿਕ ਅਕੀਦੇ ਉਤੇ ਚੱਲਦੇ ਨਜ਼ਰ ਆ ਰਹੇ ਹਨ। ਇਸੇ ਕਾਰਣ ਜਿਵੇਂ ਕਿ ਮਹਾਂ ਭਾਰਤ (ਕਰਣ ਪਰਬ) ਦਾ ਕਥਨ ਹੈ, ਉਹ ਨਾਮ-ਧਰੀਕ ਸਨਾਤਨ ਧਰਮੀ ਪੁਰਾਣ ਵੈਦਿਕ ਧਰਮ ਨੂੰ ਨਿੰਦਦੇ ਹੋਏ ਪੰਜਾਬ ਦੇ ਵਸਨੀਕਾਂ ਨੂੰ ਧਰਮ-ਕਰਮ ਤੋਂ ਹੀਣੇ ਮੰਨਦੇ ਹਨ।

ਜਾਤਿ ਪਾਤਿ ਦਾ ਆਪ-ਹੁਦਰਾ ਨਿਕਾਸ ਤੇ ਵਿਕਾਸ

ਪ੍ਰਾਚੀਨ ਕਾਲ ਵਿਚ ਜਦ ਆਰਯ ਲੋਕ ਏਥੇ ਆਏ, ਜਿਵੇਂ ਕਿ ਪਿੱਛੇ ਦਸ ਆਏ ਹਾਂ, ਏਥੇ ਕੇਵਲ ਦੋ ਜਾਤਾਂ ਸਨ—(੧) ਆਰਯ ਤੇ (੨) ਅਨਾਰਯ ਅਥਵਾ ਦ੍ਰਵਿੜ (ਆਦਿ ਵਾਸੀ) ਪਰ ਵੈਦਿਕ ਕਾਲ ਤੇ ਪੁਰਾਣਿਕ ਕਾਲ ਦੇ ਦਰਮਿਆਨੀ ਸਮੇਂ ਵਿਚ ਵੱਖੋ ਵੱਖ ਕੰਮਾਂ ਦੇ ਅਨੁਸਾਰ ਚਾਰ ਵਰਣ (੧) ਬ੍ਰਾਹਮਣ, (੨) ਛਤ੍ਰੀ, (੩) ਵੈਸ਼ ਤੇ (੪) ਸ਼ੂਦ੍ਰ ਕਾਇਮ ਹੋ ਗਏ। ਇਨ੍ਹਾਂ ਵਿਚੋਂ ਪਹਿਲੇ ਬ੍ਰਾਹਮਣਾਂ ਦੇ ਕੰਮ ਸਨ (੧) ਵੇਦ ਪੜ੍ਹਨਾ ਤੇ ਪੜ੍ਹਾਉਣਾ, (੨) ਯੱਗ ਕਰਨਾ ਤੇ ਕਰਾਉਣਾ ਤੇ ਇਸ ਸਬੰਧ ਵਿਚ ਹਰ ਪ੍ਰਕਾਰ ਦੇ ਕਰਮ-ਕਾਂਡ ਸਬੰਧੀ ਵਿਧਿ ਵਿਧਾਵਾਂ ਦਾ ਪਾਲਣ ਕਰਨਾ ਤੇ ਕਰਾਉਣਾ ਤੇ ਛਤ੍ਰੀ ਲੋਕ ਪ੍ਰਜਾ ਦੇ ਲੋਕਾਂ ਦਾ ਛਤ (ਨੁਕਸਾਨ) ਤੋਂ ਤ੍ਰਯ (ਬਚਾਉ) ਕਰਦੇ ਸਨ। ਵੈਸ਼ਾਂ ਦਾ ਕੰਮ ਸੀ ਖੇਤੀਬਾੜੀ ਤੇ ਹੋਰ ਪ੍ਰਕਾਰ ਦੇ ਵਣਜ ਵਪਾਰ ਕਰਨਾ ਤੇ ਸ਼ੂਦਰਾਂ ਦਾ ਕੰਮ ਇਹਨਾਂ ਤਿੰਨਾਂ ਉੱਚ ਵਰਣਾਂ ਦੀ ਟਹਿਲ ਸੇਵਾ ਤੋਂ ਸਿਵਾਇ ਹੋਰ ਕੁਝ ਨਹੀਂ ਸੀ। ਸ਼ੂਦਰ ਇਕ ਪ੍ਰਕਾਰ ਦੇ ਦਾਸ ਅਥਵਾ ਗੁਲਾਮ ਸਨ, ਜੋ ਇਥੇ ਦੇ ਆਦਿ ਵਾਸੀ ਦ੍ਰਵਿੜਾਂ ਵਿਚੋਂ ਹੀ ਲਏ ਗਏ ਸਨ। ਸਾਡੇ ਧਾਣਕ ਲੋਕ ਵੀ ਉਹਨਾਂ ਸ਼ੂਦ੍ਰਾਂ ਵਿਚ ਹੀ ਸ਼ਾਮਲ ਸਨ।

ਧਰਮ ਸ਼ਾਸਤਰ ਤੇ ਉਹਨਾਂ ਦੇ ਰਚਣਹਾਰ

ਚਾਰ ਵਰਣਾਂ ਦੀ ਇਸ ਤਰ੍ਹਾਂ ਰਚਨਾ ਹੋਣ ਤੇ ਫੇਰ ਉਨ੍ਹਾਂ ਵਿਚ ਇਕ ਸਦੀਵੀ ਬੰਧੇਜ ਕਾਇਮ ਕਰਨ ਤੇ ਉਹਨਾਂ ਦੀ ਰਹਿਤਲ ਦੱਸਣ ਬਾਰੇ ਕਿ ਜਨਮ ਤੋਂ ਲੈ ਕੇ ਮਰਨ ਪ੍ਰਜੰਤ ਉਨ੍ਹਾਂ ਦੇ ਜੀਵਨ ਸਬੰਧੀ ਕੀ ਕੁਝ ਨਿਯਮ ਹੋਣੇ ਚਾਹੀਦੇ ਹਨ, ਪੱਕੇ ਤੌਰ ਤੇ ਧਰਮ ਸ਼ਾਸਤ੍ਰ ਬਨਾਣ ਦੀ ਲੋੜ ਪਈ ਤਾਕਿ ਕੌਮੀ ਏਕਤਾ ਦੇ ਪੱਖੋਂ

ਚਾਰ ਵਰਣਾਂ ਦਾ ਕੋਈ ਵੀ ਵਿਅਕਤੀ ਆਪਣੀ ਹੱਦ-ਬੰਦੀ ਤੋਂ ਲੰਘ ਕੇ ਕਿਸੇ ਹੋਰ ਪਾਸੇ ਨਾ ਖਿਸਕ ਜਾਵੇ, ਤੇ ਇਥੋਂ ਦੇ ਸਮਾਜਵਾਦ ਦੀ ਹਮੇਸ਼ਾਂ ਇਕ ਸਾਰ ਇਕੋ ਰੂਪ-ਰੇਖਾ ਅਟੱਲ ਰਹੇ। ਇਸ ਲਈ ਇਸ ਸਬੰਧ ਵਿਚ ਭਗਵਾਨ ਮਨੂ ਤੋਂ ਲੈ ਕੇ ਵਸ਼ਿਸ਼ਟ ਤਕ ਜਿਨ੍ਹਾਂ ਧਰਮ ਸ਼ਾਸਤਰਕਾਰਾਂ ਨੇ ਧਰਮ ਸੂਤ੍ਰਾਂ ਤੇ ਸਿਮ੍ਰਤੀਆਂ ਦੀ ਰਚਨਾ ਕੀਤੀ ਉਹ ਯਾਗਯ ਵਲਕਯ ਸਿਮ੍ਰਤੀ ਹੋਰ ਸਿਮ੍ਰਤੀਆਂ ਦੇ ਅਨੁਸਾਰ ਕ੍ਰਮਵਾਰ ਇਹ ਹਨ :

(੧) ਮਨੂੰ, (੨) ਅਤ੍ਰਿ, (੩) ਵਿਸ਼ਣੂ, (੪) ਯਾਗਮਵਲਕਯ, (੫) ਭ੍ਰਿਗੂ, (੬) ਅੰਗਿਰਸ, (੭) ਯਮ, (੮) ਆਪ ਸਤੰਬ, (੯) ਸੰਬਰਤ, (੧੦) ਕਾਤਯਾਯਨ, (੧੧) ਬ੍ਰਿਹਸਪਤਿ, (੧੨) ਪਰਸ਼ਰ, (੧੩) ਹਾਰੀਤ, (੧੪) ਵਿਆਸ, (੧੫) ਸੰਖ, (੧੬) ਲਿਖਿਤ, (੧੭) ਦੱਛ, (੧੮) ਗੌਤਮ, (੧੯) ਸਾਤਾਤਪ, (੨੦) ਔਸ਼ਨਸ਼, (੨੧) ਪੁਲਸਤ, (੨੨) ਬੁੱਧ, (੨੩) ਵਸ਼ਿਸ਼ਟ, (੨੪) ਕਸ਼ਯਪ, (੨੫) ਨਾਰਦ, (੨੬) ਅੰਗਿਰਾ ਤੇ (੨੭) ਵ੍ਰਿਧ ਹਾਰੀਤ ਆਦਿ ਕਵੀ ਬਾਲਮੀਕ ਤੇ ਆਚਾਰਣ ਸ਼ੁਕ੍ਰ ਦਾ ਇਨ੍ਹਾਂ ਸਿਮ੍ਰਤੀਕਾਰਾਂ ਵਿਚ ਕਿਤੇ ਜ਼ਿਕਰ ਨਹੀਂ ਸੀ। ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਰਾਜਨੀਤੀ ਦੇ ਨਾਲ ਹੀ ਆਦਿ ਕਵੀ ਸ਼ੁਕ੍ਰਾ ਚਾਰਯ ਨੇ ਇਕ ਧਰਮ ਸ਼ਾਸਤ੍ਰ ਵੀ ਲਿਖਿਆ ਸੀ, ਪਰ ਉਹ ਕਿਥੇ ਗਿਆ, ਇਸ ਸੂਚੀ ਵਿਚ ਉਸ ਦਾ ਕਿਤੇ ਨਹੀਂ ਨਾਂ ਆਇਆ, ਦਰਅਸਲ ਇਨ੍ਹਾਂ ਸਿਮ੍ਰਤੀਕਾਰਾਂ ਨੇ ਬਹੁ-ਸੰਮਤੀ ਨਾਲ ਅਸੁਰ ਅਥਵਾ ਧਾਣਕ ਜਾਤੀ ਨਾਲ ਸੰਬੰਧਿਤ ਰਿਖੀ, ਮੁਨੀਆਂ ਤੇ ਲੇਖਕਾਂ ਨੂੰ ਇਸ ਵਿਚ ਜਾਣ ਬੁਝ ਕੇ ਅੱਖੋਂ ਉਹਲੇ ਰੱਖਿਆ ਹੈ ਤਾਕਿ ਉਨ੍ਹਾਂ ਦੇ ਸਵਤੰਤ੍ਰ ਵਿਚਾਰ ਹਕੀਕਤ ਪਸੰਦ ਪਾਠਕਾਂ ਦੇ ਸਾਹਮਣੇ ਨਾ ਆ ਸਕਣ।

ਉੱਚੀਆਂ-ਨੀਵੀਆਂ ਅਨੁਲੋਮਜ ਤੇ ਪ੍ਰਤਿ ਲੋਮਜ ਜਾਤਾਂ

ਸਾਡੇ ਦੇਸ਼ ਵਿਚ ਜਾਤ ਪਾਤ ਦਾ ਮਸਲਾ ਦਰਅਸਲ ਚਾਰ ਵਰਣਾਂ ਦੀ ਉਪਜ ਨਿਪਜ ਹੈ। ਚਾਰ ਵਰਣ ਭਾਵੇਂ 'ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਰਮਾਇ ॥' ਵੱਖੋ ਵੱਖ ਆਪੋ ਆਪਣੇ ਕੰਮਾਂ ਦੇ ਕਾਰਣ ਹੀ ਵਜੂਦ ਵਿਚ ਆਏ, ਪਰ ਪਿਛੋਂ ਇਹ ਜਾਤ ਆਪੋ ਆਪਣੇ ਕ੍ਰਿਤਿਆਂ ਦੇ ਨਾਲੋ ਨਾਲ ਕਈ ਵੇਰ ਪ੍ਰਸਪਰ ਬਦਲਦੇ ਵੀ ਰਹੇ। ਉਨ੍ਹਾਂ ਦੇ ਇਸ ਚਾਣਚੱਕ ਦੇ ਪ੍ਰੀਵਰਤਨ ਕਾਰਨ ਹੀ ਅੱਗੇ ਚਲ ਕੇ ਇਹੋ ਵਰਣ ਸਾਡੇ ਜਨ-ਸਮਾਜ ਵਿਚ ਜਾਤ ਪਾਤ ਦੇ ਆਪ ਹੁਦਰੇ ਨਿਕਾਸ ਤੇ ਵਿਕਾਸ ਦਾ ਕਾਰਣ ਬਣੇ। ਉਹ ਇਸ ਤਰ੍ਹਾਂ ਕਿ ਕਈ ਵੇਰ ਛੋਟੇ ਵੱਡੇ

ਪ੍ਰਵਾਰਾਂ ਵਿਚ ਕੁਝ ਆਰਥਿਕ ਤਰੱਕੀ ਜਾਂ ਤਨੱਜ਼ਲ ਆਉਣ ਤੇ ਜਾਂ ਫੇਰ ਕਈ ਵੇਰ ਚਾਣਚੱਕ ਆਈਆਂ ਸਿਆਸੀ ਤਬਦੀਲੀਆਂ ਦੇ ਕਾਰਣ ਬ੍ਰਾਹਮਣਾਂ ਦੇ ਘਰ ਛਤ੍ਰੀ ਔਰਤਾਂ, ਛਤ੍ਰੀਆਂ ਦੇ ਘਰ ਬ੍ਰਾਹਮਣ ਔਰਤਾਂ ਤੇ ਬ੍ਰਾਹਮਣਾਂ ਜਾਂ ਛਤ੍ਰੀ ਔਰਤਾਂ ਵੈਸ਼ਾਂ ਤੇ ਸੂਦ੍ਰਾਂ ਦੇ ਘਰ ਕਿਸੇ ਨ ਕਿਸੇ ਮਜਬੂਰੀ ਦੇ ਕਾਰਣ ਚਲੀਆਂ ਗਈਆਂ। ਏਕਣ ਉਚੇ-ਨੀਵੇਂ ਪੁਰਸ਼ਾਂ ਤੇ ਇਸਤ੍ਰੀਆਂ ਦੇ ਆਪਣੇ ਪ੍ਰੇਮ-ਸੰਬੰਧ ਜਾਂ ਸੰਜੋਗ ਦੇ ਕਾਰਣ ਜੋ ਸੰਤਾਨਾਂ ਪੈਦਾ ਹੋਈਆਂ ਉਹ ਸ਼ੁੱਧ ਬ੍ਰਾਹਮਣ, ਛਤ੍ਰੀ ਜਾਂ ਵੈਸ਼ ਤੇ ਸੂਦ੍ਰ ਨ ਰਹੀਆਂ। ਇਸ ਤਰ੍ਹਾਂ ਉੱਚੀ ਕੁਲ ਦੇ ਪੁਰਸ਼ ਤੋਂ ਨੀਵੀਂ ਕੁਲ ਦੀ ਇਸਤ੍ਰੀ ਦੇ ਪੇਟੋਂ ਜੋ ਸੰਤਾਨ ਜਨਮੀ ਉਹ ਅਨੁਲੋਮਜ ਤੇ ਜੋ ਨੀਵੀਂ ਕੁਲ ਦੇ ਪੁਰਸ਼ ਤੋਂ ਉੱਚੀ ਕੁਲ ਦੀ ਇਸਤ੍ਰੀ ਦੇ ਪੇਟੋਂ ਸੰਤਾਨ ਪੈਦਾ ਹੋਈ ਉਸ ਦੀ ਪ੍ਰਤਿਲੋਮਜ ਜਾਤ ਮੰਨੀ ਗਈ। ਇਸ ਤਰ੍ਹਾਂ ਅਨੇਕ ਅਨੁਲੋਮਜ ਤੇ ਪ੍ਰਤਿਲੋਮਜ ਜਾਤਾਂ ਦਾ ਨਿਕਾਸ ਤੇ ਵਿਕਾਸ ਹੋਣ ਤੇ ਉਪ੍ਰੋਕਤ ਚਾਰ ਵਰਣਾਂ ਦੇ ਮੇਲ ਨਾਲ ਜੋ ਜੋ ਨਵੀਆਂ ਜਾਤਾਂ ਬਣੀਆਂ ਉਹ ਕ੍ਰਮਵਾਰ ਇਸ ਪ੍ਰਕਾਰ ਹਨ :

(ੳ) ਅਨੁਲੋਮਜ ਜਾਤਾਂ :

ਪਿਤਾ ਦੀ ਜਾਤਿ	ਮਾਤਾ ਦੀ ਜਾਤਿ	ਉਨ੍ਹਾਂ ਤੋਂ ਜਨਮੇ ਬੱਚੇ ਦੀ ਜਾਤਿ
ਬ੍ਰਾਹਮਣ	ਛਤ੍ਰਾਣੀ	ਪੂਰਧਾਵਿਵਿਕਤ
,,	ਵੈਸ਼	ਅੰਧ, ਭਾਟੜੇ
,,	ਸੂਦ੍ਰ	ਨਿਖਾਦ, ਕੀਕਨੇ
ਛਤ੍ਰੀ	ਵੈਸ਼ ਤੇ ਸੂਦ੍ਰ	ਮਾਰਿਸ਼ਯ, ਉਗ੍ਰ
ਵੈਸ਼	ਸੂਦ੍ਰ	ਕਰਣ, ਕਲਾਲ

(ਅ) ਪ੍ਰਤਿਲੋਮਜ ਜਾਤਾਂ :

ਛਤ੍ਰੀ	ਬ੍ਰਾਹਮਣੀ	ਸੂਤ (ਰਥਵਾਹੀ), ਗਾਡੀਵਾਨ
ਵੈਸ਼	,,	ਵੱਟੇਹਿਕ,ਸ਼ਿਲਪਕਾਰ, ਪੱਥਰਘਾੜਾ
ਸੂਦ੍ਰ	,,	ਚੰਡਾਲ, ਧਾਣਕ, ਬਾਲਮੀਕੀ
ਛਤ੍ਰੀ	ਵੈਸ਼	ਮਾਗਧ, ਭੱਟ, ਚਾਰਣ, ਬੰਦੀਜਨ,
ਵੈਸ਼	ਸੂਦ੍ਰ	ਖਾਤੀ, ਖਤ੍ਰੀ, ਅਗ੍ਰਵਾਲ
ਸੂਦ੍ਰ	ਵੈਸ਼	ਆਯੋਗਜ, ਢਾਡੀ, ਭਿਰਾਈ, ਮਿਰਾਸੀ, ਡੂਮ

ਫੇਰ ਇਨ੍ਹਾਂ ਜਾਤਾਂ ਤੋਂ ਅੱਗੇ ਮਨੂ ਸਿਮ੍ਰਤੀ, ਯਾਗਵਲਕਯ, ਸਿਮ੍ਰਤੀ ਆਦਿ ਦੇ ਅਨੁਸਾਰ ਹੋਰ ਵਰਣ ਸੰਕਰ ਜਾਂ ਸਕੀਰਣ ਨੀਵੀਆਂ ਜਾਤਾਂ ਦੀ ਉਤਪਤੀ ਹੋਈ

ਮੰਨੀ ਜਾਂਦੀ ਹੈ। ਪੰਜਾਬ ਦੇ ਇਲਾਕਾ ਪਹਾੜ, ਵਿਸ਼ੇਸ਼ ਕਰਕੇ ਕਾਂਗੜੇ, ਚੰਬੇ, ਜੰਮੂ, ਕਸ਼ਮੀਰ (ਸ੍ਰੀ ਨਗਰ) ਆਦਿ ਵਿਚ ਖਤ੍ਰੀਆਂ ਨੂੰ ਰਾਜਪੂਤਾਂ ਤੋਂ ਬਹੁਤ ਨੀਵੇਂ ਤੇ ਪੰਜਵੇਂ ਦਰਜੇ ਦੇ ਖਤ੍ਰੀ (ਵੈਸ਼) ਮੰਨਿਆ ਜਾਂਦਾ ਹੈ।

ਕਾਰਣ ਇਸ ਅਨੁਲੋਮਜ ਤੇ ਪ੍ਰਤਿਲੋਮਜ ਜਾਤਿ ਵੰਡ ਦਾ ਬਹੁਤਾ ਇਹੋ ਹੈ ਕਿ ਤ੍ਰੇਤਾ ਯੁਗ ਦੇ ਸਮੇਂ ਵਿਚ ਹੀ ਅਸਲ ਛਤ੍ਰੀ ਵੈਸ਼, ਬ੍ਰਹਮ ਰਿਖੀ ਪਰਸ ਰਾਮ ਦੇ ਹੱਥੋਂ ਜਾਤੀ ਵਿਰੋਧ ਦੇ ਕਾਰਣ ਨਸ਼ਟ ਹੋ ਚੁੱਕਾ ਸੀ ਤੇ ਉਨ੍ਹਾਂ ਦੇ ਪਰਿਵਾਰ ਰਿਖੀ ਪਰਸ ਰਾਮ ਦੇ ਹੱਥੋਂ ਡਰਦੇ ਮਾਰੇ ਆਪਣੇ ਘਰ ਬਾਰ ਛੱਡ ਨੀਵੀਆਂ ਜਾਤਾਂ ਦੇ ਘਰੀਂ ਜਾਂ ਪਹਾੜਾਂ ਵਿਚ ਜਾ ਲੁਕੇ ਸਨ ਤੇ ਇਸੇ ਕਾਰਣ ਉਨ੍ਹਾਂ ਦੇ ਰਿਸ਼ਤੇ ਨਾਤੇ ਨੀਵੀਆਂ ਜਾਤਾਂ ਵਿਚ ਹੋਣ ਲੱਗ ਪਏ ਸਨ ਤੇ ਇਸ ਦੇ ਨਾਲ ਹੀ ਕੁਝ ਉੱਚੀਆਂ-ਨੀਵੀਆਂ ਜਾਤਾਂ ਜਾਂ ਚਾਰ ਵਰਣਾਂ ਦੇ ਪਰਸਪਰ ਪ੍ਰੇਮਕ ਸੰਬੰਧ ਵੀ ਉੱਚੇ ਨੀਵੇਂ ਥਾਵੀਂ ਕੁਦਰਤੀ ਤੌਰ ਤੇ ਹੋਣ ਲੱਗੇ ਸਨ ਤੇ ਇਸ ਕਾਰਣ ਵਰਣ ਜਾਂ ਜਾਤਿ ਪਰਿਵਰਤਨਾਂ ਦੇ ਕਾਰਣ ਉਨ੍ਹਾਂ ਲੋਕਾਂ ਦੀਆਂ ਉੱਚੀ-ਨੀਵੀਂ ਜਾਤਿ ਦੀਆਂ ਸੰਤਾਨਾਂ ਇਸ ਆਪ ਹੁਦਰੇ ਜਾਤੀ ਨਿਕਾਸ ਤੇ ਵਿਕਾਸ ਦਾ ਕਾਰਣ ਬਣੀਆਂ।† ਫੇਰ ਉਹੋ ਜਾਤਾਂ ਆਪੋ ਆਪਣੀ ਲਹੂ ਦੀ ਸਾਂਝ ਕਰਕੇ ਕੀ ਕੁਝ ਸਮਾਜਿਕ ਦਰਜੇ ਪ੍ਰਾਪਤ ਕਰਦੀਆਂ ਰਹੀਆਂ ਤੇ ਆਪਣੀਆਂ ਇਨ੍ਹਾਂ ਹੀ ਅਨੁਲੋਮਜ ਤੇ ਪ੍ਰਤਿਲੋਮਜ ਜਾਤਾਂ ਦੇ ਮਸਨੂਈ ਜਿਹੇ ਨਾਵਾਂ ਨਾਲ ਅੱਗੇ ਅੱਗੇ ਰਕਤ ਬੀਜ ਦੇ ਖਾਨਦਾਨ ਦੀ ਤਰ੍ਹਾਂ ਦਿਨੋ ਦਿਨ ਪ੍ਰਫੁੱਲਿਤ ਹੁੰਦੀਆਂ ਰਹੀਆਂ, ਇਹ ਇਸ ਜਾਤੀ ਵੰਡ ਦੀ ਤਾਰੀਖੀ ਪੱਖ ਤੋਂ ਹੋਰ ਵੀ ਅਸਚਰਜ ਗੱਲ ਹੈ।

ਧਾਣਕ ਜਾਤਿ ਤੇ ਉਸ ਦਾ ਸੁਭਾਵਿਕ ਪਿਛੋਕੜ :

ਧਾਣਕ (ਧਨੁਖ ਧਾਰੀ) ਜਾਤਿ, ਜਿਸ ਦਾ ਦੂਜਾ ਨਾਮ ਆਯੁਧ ਜੀਵੀ ਹੋਣ ਕਾਰਣ ਧਨ ਜਯ ਜਾਤਿ ਵੀ ਮਸ਼ਹੂਰ ਹੈ, ਦਰ ਅਸਲ ਪੰਜਾਬ ਦੀ ਆਦਿ ਵਾਸੀ ਦ੍ਰਵਿੜ ਜਾਤੀ ਵਿਚੋਂ ਹੈ, ਪਰ ਹਿੰਦੂ ਧਰਮ ਸ਼ਾਸਤ੍ਰ ਦੇ ਅਨੁਸਾਰ ਚੰਡਾਲ ਸਿਰਲੇਖ ਹੇਠ ਇਸ ਨੂੰ ਪ੍ਰਤਿਲੋਮਜ ਜਾਤਾਂ ਵਿਚੋਂ ਇਕ ਨੀਵੇਂ ਦਰਜੇ ਦੀ ਅਛੂਤ ਜਾਤੀ

---

†ਬ੍ਰਹਮ ਵੈਵਰਤ ਪੁਰਾਣ ਵਿਚ ਸੂਤ (ਰਥਵਾਹੀ) ਤੇ ਵੀਰਯ ਤੋਂ ਵੈਸ਼ ਵਰਣ ਦੀ ਇਸਤ੍ਰੀ ਦੇ ਪੇਟੋਂ ਭੱਟ ਅਥਵਾ ਬੰਦੀਜਨ (ਚਾਰਣ) ਦੀ ਉਤਪਤੀ ਹੋਈ ਮੰਨੀ ਹੈ, ਜਿਵੇਂ ਕਿ ਪ੍ਰਮਾਣ ਹੈ :—

ਵੈਸ਼ਯਾਯਾਂ ਸੂਤ ਵੀਰਯਣ ਪੁਮਾਨਕੋ ਬਭੂਵਹਿ॥
ਸ ਭੱਟੋ ਵਾਵਦੂਕਸ਼ਚ ਸਰਵੇਸ਼ਾਂ ਸੂਤਿ ਪਾਠਕ:॥

ਮੰਨਿਆ ਹੈ। ਵੈਦਿਕ ਵਿਚਾਰ ਪਰੰਪਰਾ ਦੇ ਅਨੁਸਾਰ ਪ੍ਰਾਚੀਨ ਕਾਲ ਵਿਚ ਪ੍ਰਮੁਖ ਜਾਤਾਂ ਦਰਅਸਲ ਦੋ ਹਨ,ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ,ਉਹ ਜਾਤਾਂ ਸਨ—(੧) ਆਰਯ (ਸੁਰ) ਅਤੇ (੨) ਦ੍ਰਾਵਿੜ (ਅਸੁਰ)।‡ ਪਿਛੋਂ ਆਰਯ ਲੋਕਾਂ ਨੇ ਵਰਣ-ਵਿਵਸਥਾ ਕਾਇਮ ਹੋਣ ਤੇ ਉਨ੍ਹਾਂ ਵਿਚਾਰ ਵਰਣਾਂ ਦੇ ਆਪ ਹੁਦਰੇ ਮੇਲ ਜੋਲ ਨਾਲ ਜੋ ਅਨੁਲੋਮ ਤੇ ਪ੍ਰਤਿਲੋਮ ਜਾਤਾਂ ਬਣੀਆਂ ਉਨ੍ਹਾਂ ਨੇ ਏਥੇ ਜਾਤੀਵਾਦ ਦਾ ਮੁੱਢ ਬੰਨ੍ਹ ਦਿੱਤਾ। ਧਨੀ ਮਾਨੀ ਦ੍ਰਾਵਿੜ ਲੋਕ, ਜਿਨ੍ਹਾਂ ਨੇ ਅਮੀਰ ਸੱਭਿਅਤਾ ਨੂੰ ਜਨਮ ਦਿੱਤਾ ਸੀ ਤੇ ਏਥੇ ਮੋਹਿੰਜੋਦਾਰੋ ਤੇ ਹੜੱਪਾ ਵਰਗੇ ਚੰਗੇ ਸ਼ਹਿਰ ਵਸਾਏ ਸਨ। ਸੁਖ ਜੀਉੜੇ ਹੋਣ ਕਰਕੇ ਹਮਲਾਆਵਰ ਆਰਯਾਂ ਦਾ ਟਾਕਰਾ ਨਾ ਕਰ ਸਕੇ, ਜਿਸ ਕਰਕੇ ਆਪੋ ਆਪਣੇ ਘਰ-ਘਾਟ ਛੱਡ ਕੇ ਦੱਖਣ ਵਲ ਨੱਸ ਗਏ ਤੇ ਉਨ੍ਹਾਂ ਦੇ ਬਹਾਦੁਰ ਸਿਪਾਹੀ ਧਾਣਕ ਲੋਕ, ਜੋ ਹਮੇਸ਼ਾਂ ਲੜਨ-ਮਰਨ ਵਾਸਤੇ ਤਿਆਰ ਰਹਿੰਦੇ ਸਨ, ਕਾਫ਼ੀ ਜੰਗੀ ਜਦੋਜਹਿਦ ਤੋਂ ਬਾਦ ਗਿਣਤੀ ਵਿਚ ਘੱਟ ਹੋਣ ਕਰਕੇ ਆਰਯਾਂ ਦੀ ਬਹੁਗਿਣਤੀ ਦੇ ਹੱਥੋਂ ਮਾਰ ਖਾ ਕੇ ਅਜਿਹੇ ਦਬੇ ਕਿ ਹਮੇਸ਼ਾਂ ਲਈ ਅਛੂਤ ਬਣ ਕੇ ਏਧੇ ਹੀ ਬਣ ਵਾਸੀਆਂ ਵਾਂਗੂ ਰਹਿਣ ਲਈ ਮਜਬੂਰ ਹੋ ਗਏ ਤੇ ਉਨ੍ਹਾਂ ਦੀ ਗਿਣਤੀ ਪੱਕੇ ਤੋਰ ਤੇ ਸੂਦ੍ਰਾਂ ਵਿਚ ਹੋਣ ਲੱਗ ਪਈ।

ਧਾਣਕ ਤੇ ਹੋਰ ਛੱਤੀ ਪ੍ਰਕਾਰ ਦੀਆਂ ਜਾਤ-ਧਨਾਤਾਂ :

ਪ੍ਰਤਿਲੋਮਜ ਜਾਤਾਂ ਵਿਚੋਂ, ਜਿਵੇਂ ਕਿ ਹਿੰਦੂ ਧਾਰਮਿਕ ਵਿਚਾਰ ਦਾ ਅਧਿਐਨ ਕਰਨ ਤੇ ਪਤਾ ਲਗਦਾ ਹੈ, ਨੀਵੇਂ ਸੂਦ੍ਰ—ਚਮਾਰ, ਚੂੜੇ, ਮੀਣੇ ਬਾਉਰੀਏ, ਸ਼ੈਂਜੀ, ਢਹੇ, ਕੀਕਨੇ, ਟੱਪਰੀਵਾਸ, ਛੱਪਰ ਬੰਨ, ਆਦਿ ਕਿਤਨੀਆਂ ਹੀ ਜਾਤਾਂ ਸਨ। ਤਾਂ ਅੱਗੋਂ ਤੋਂ ਅੱਗੇ ਬਣੀਆਂ ਚਲੀਆਂ ਗਈਆਂ। ਬਾਣੀਏ ਤੇ ਚਮਾਰ, ਜਿਵੇਂ ਕਿ ਆਮ ਪੰਜਾਬੀ ਅਖਾਣ ਹੈ ਪਹਿਲੇ ਪਹਿਲ ਇਕੋ ਹੀ ਜੱਦ ਦੇ ਵਿਅਕਤੀ ਸਨ। ਇਨ੍ਹਾਂ ਦੇ ਵਡਿੱਕੇ ਦੋ ਸਕੇ ਭਾਈ ਸਨ। ਬਾਨੋ ਤੇ ਚਾਨੋ। ਬਾਨੋ ਦੇ ਬੇਟੇ ਤਾਂ ਵਪਾਰ

---

‡ਬ੍ਰਿਹਤ ਸਹਿਤਾ ਦੇ ਕਥਨ ਅਨੁਸਾਰ ਖਤ੍ਰੀਆਂ ਤੇ ਅਗ੍ਰਵਾਲਾਂ (ਬਾਣੀਆਂ) ਦੀ ਉਤਪਤੀ ਇਕ ਧਾਰਮਿਕ ਯੱਗ ਦੇ ਅਗਨਿ ਕੁੰਡ ਵਿਚੋਂ ਹੋਈ ਸੀ। ਇਸੇ ਕਾਰਣ ਖਤ੍ਰੀਆਂ ਨੂੰ ਛਤ੍ਰੀ ਨਹੀਂ, ਸਗੋਂ ਵੈਸ਼ ਵਰਣ ਦੇ ਲਹੂ-ਮਾਸ ਦੀ ਉਪਜ-ਨਿਪਜ ਮੰਨਿਆ ਹੈ, ਜਿਵੇਂ :—

ਅਗਨਿ ਕੁੰਡਾਰ ਸਮੁਦਭੂਤਾ ਸੂਯ: ਪੁਤ੍ਰਾ: ਸੁਧਾਰਮਿਕਾ: ।
ਅਗ੍ਰਵਾਲੇਤਿ ਖਤ੍ਰੀ ਚ ਰੌਨਿਯੌਰੇਤਿ ਸੰਗਯਕਾ: ।

(ਜਾਤਿ ਭਾਸਕਰ, ਸਫ਼ਾ ੨੪੬)

ਵਿਚ ਲੱਗਣ ਕਰਕੇ ਬਾਣੀਏ ਬਣ ਗਏ ਤੇ ਚਾਨੋ ਦੇ ਪੁਤਰ ਪੋਤ੍ਰਿਆਂ ਨੂੰ ਚਮੜੇ ਦੇ ਕੰਮ ਵਿਚ ਰੁੱਝਣ ਕਰਕੇ ਚਮਾਰ ਕਿਹਾ ਜਾਣ ਲੱਗ ਪਿਆ, ਜਿਵੇਂ ਕਿ ਅੱਜ ਕਲ ਵੀ ਕਈ ਥਾਵੀਂ ਕਿਤਨੇ ਹੀ ਵਪਾਰੀ ਲੋਕ ਇਕ ਪਾਸੇ ਤਾਂ ਕਪੜੇ ਜਾਂ ਮੁਨਿਆਰੀ ਦੀ ਦੁਕਾਨ ਖੋਲ੍ਹ ਲੈਂਦੇ ਹਨ ਤੇ ਦੂਜੇ ਪਾਸੇ ਉਨ੍ਹਾਂ ਦੇ ਹੀ ਸਕੇ ਭਰਾ ਬੂਟ ਵੇਚਣ ਲੱਗ ਪੈਂਦੇ ਹਨ। ਅਜਿਹੇ ਬੂਟ ਤੇ ਜੁੱਤੀਆਂ ਵੇਚਣ ਵਾਲੇ ਪਟਿਆਲਾ, ਨਾਭਾ, ਚੰਡੀਗੜ੍ਹ, ਲੁਧਿਆਣਾ, ਜਾਲੰਧਰ, ਅੰਮ੍ਰਿਤਸਰ ਆਦਿ ਸ਼ਹਿਰਾਂ ਵਿਚੋਂ ਅਨੇਕਾਂ ਉੱਚੇ ਖਾਨਦਾਨ ਮਿਲ ਜਾਂਦੇ ਹਨ, ਪਰ ਉਹ ਬੂਟ ਜਾਂ ਜੁੱਤੀਆਂ ਵੇਚਣ ਕਰਕੇ ਚਮਾਰ ਨਹੀਂ ਕਹੇ ਜਾਂਦੇ, ਪਰ ਪੁਰਾਤਨ ਜ਼ਮਾਨੇ ਵਿਚ ਬਾਨੋਕਿਆਂ ਦੇ ਬਾਣੀਏ ਬਣਨ ਸਾਰ ਹੀ ਚਾਨੋ ਕੇ ਚਮਾਰ ਕਿਵੇਂ ਬਣ ਗਏ ਤੇ ਇਹ ਭੈੜਾ ਟਾਈਟਲ ਉਨ੍ਹਾਂ ਦੇ ਨਾਂ ਨਾਲ ਕਿਵੇਂ ਹਮੇਸ਼ਾਂ ਲਈ ਜੁੜ ਗਿਆ, ਇਹ ਰਹੱਸ, ਜੋ ਸਹਿਜੇ ਸੁਲਝਾਇਆ ਨਹੀਂ ਜਾ ਸਕਦਾ, ਸਾਡੇ ਜਨ ਸਮਾਜ ਵਿਚ ਚਿਰੋਕਾ ਸਿਰਦਰਦੀ ਦਾ ਕਾਰਣ ਬਣਿਆ ਹੋਇਆ ਹੈ, ਇਸੇ ਕਾਰਣ ਬਾਣੀਏ ਲੋਕ ਜਦ ਆਪਣੇ ਕੁੜੀਆਂ-ਮੁੰਡਿਆਂ ਦੇ ਵਿਆਹ ਕਰਦੇ ਹਨ ਤਾਂ ਉਹ ਦਹੇਜ ਵਿਚ ਚਾਨੋਕਿਆਂ ਦੀ ਪੁਰਾਣੀ ਭਾਈਚਾਰਕ ਯਾਦ ਨੂੰ ਮੁਖ ਰੱਖ ਕੇ ਰੰਬੀ ਤੇ ਅਮਰ ਉਸ ਮੌਕੇ ਤੇ ਪ੍ਰਦਰਸ਼ਨੀ ਵਿਚ ਜ਼ਰੂਰ ਰਖਦੇ ਹਨ। ਇਸ ਹਾਲਤ ਵਿਚ ਜਦ ਬਾਣੀਏ ਅਸਪ੍ਰਿਸ਼ ਸ਼ੂਦ੍ਰ ਨਹੀਂ ਮੰਨੇ ਜਾ ਸਕਦੇ ਤੇ ਇਕਲੇ ਚਮਾਰ ਹੀ ਅਥਵਾ ਅਛੂਤ ਅਸਪ੍ਰਿਸ਼ ਕਿਉਂ ਗਿਣੇ ਜਾਣ ? ਇਸ ਲਈ ਇਸ ਔਖੇ ਮਸਲੇ ਨੂੰ ਕੋਈ ਵੀ ਅਤਿ ਦਾ ਸਿਆਣਾ ਸਮਾਜ ਸੁਧਾਰਕ ਵਿਅਕਤੀ ਹੀ ਕਿਸੇ ਹੀਲੇ ਸਦੀਵੀ ਪ੍ਰਭਾਵਕ ਢੰਗ ਨਾਲ ਨਿਪਟਾ ਨਹੀਂ ਸਕਦਾ। ਇਸ ਕਾਰਣ ਸਾਧਾਰਣ ਆਗੂ ਇਸ ਬਾਰੇ ਦਿਮਾਗ ਸੋਜ਼ੀ ਕਿਵੇਂ ਕਰ ਸਕਦੇ ਹਨ। ਇਹੋ ਹਾਲ ਹੋਰ ਧਾਣਕ, ਮੀਣੇ ਆਦਿ ਆਦੀ ਵਾਸੀਆਂ ਦਾ ਹੈ।

ਪੁਰਾਣਿਕ ਕਾਲ ਦੀਆਂ ੩੬ ਪ੍ਰਤਿਲੋਮਜ ਜਾਤਾਂ ਵਿਚ ਸ਼ਿਲਪੀ (ਸੁਨਿਆਰ), ਨਟ, ਤ੍ਰਖਾਣ, ਖੋਖਰ, ਗੱਖੜ, ਪ੍ਰਜਾ ਪਤਿ (ਕੁਮਾਰ), ਚਿਤ੍ਰਕਾਰ, ਰੰਗ ਸਾਜ਼, ਜੁਲਾਹੇ, ਧੋਬੀ, ਤੇਲੀ, ਨਗਾਰਚੀ, ਭਰਾਈ, ਕਲਾਲ, ਭੀਲ, ਝੀਵਰ, ਠਠੇਰੇ, ਬਾਜੀਗਰ, ਲੁਹਾਰ, ਮੋਚੀ ਆਦਿ ਜੋ ਨਿੱਤ ਨਵੀਆਂ ਜਾਤੀ ਵਲਗਣਾਂ ਖੜੀਆਂ ਕਰਕੇ ਜਨ-ਸਮਾਜ ਦੇ ਅਮਨ-ਅਮਾਨ ਲਈ ਕਈ ਪ੍ਰਕਾਰ ਦੇ ਖਤਰੇ ਮੱਲੋ ਜੋਰੀ ਸਹੇੜਦੇ ਰਹਿੰਦੇ ਹਨ, ਕਿਵੇਂ ਤੇ ਕਿਸ ਹੀਲੇ ਮਨੁਖੀ ਏਕਤਾ ਦੀ ਇਕ ਪੱਧਰ ਤੇ ਆਉਣ, ਇਹ ਇਕ ਅਜਿਹਾ ਮੁਸ਼ਕਿਲ ਸਵਾਲ ਹੈ, ਜੋ ਹੀਲੇ ਵੀ ਹੱਲ ਨਹੀਂ ਹੋ ਸਕਦਾ, ਪ੍ਰਾਚੀਨ ਕਾਲ ਵਿਚ ਜਦੋਂ ਚਹੁੰ ਵਰਣਾਂ ਤੋਂ ਵਰਣ ਸੰਕਰ ਹੋ ਕੇ ਇਹ ਅਨੁਲੋਮਜ ਤੇ ਪ੍ਰਤਿਲੋਮਜ ਜਾਤਾਂ ਮੱਲੋ ਜ਼ੋਰੀ ਬਣੀਆਂ ਤੇ ਇਨ੍ਹਾਂ ਦੇ ਕਿੱਤੇ ਅਥਵਾ

ਜਿੱਤ ਦੇ ਕਰਤੱਬ ਵੀ ਬੜੀ ਤੇਜ਼ੀ ਨਾਲ ਇਕ ਦੂਜੇ ਤੋਂ ਵੱਖ ਹੁੰਦੇ ਚਲੇ ਗਏ ਤਾਂ ਉਨ੍ਹਾਂ ਨੂੰ ਸੰਕੋਚ ਕੇ ਸੰਜਮ ਵਿਚ ਲਿਆਉਣ ਵਾਲਾ ਏਥੇ ਕੋਈ ਅਜਿਹਾ ਮਹਾਨ ਪ੍ਰਭਾਵਸ਼ਾਲੀ ਵਿਅਕਤੀ ਪੈਦਾ ਨਾ ਹੋ ਸਕਿਆ, ਜਿਸ ਕਾਰਣ ਇਹ ਜਾਤੀ ਵਖੇਵੇਂ ਅਤਿ ਪੀੜੇ ਹੋਣ ਤੇ ਹੋਰ ਵੀ ਅੱਗੇ ਅਨੇਕਾਂ ਮੁਸੀਬਤਾਂ ਦੇ ਕਾਰਣ ਬਣਦੇ ਚਲੇ ਗਏ।

ਬਾਲਮੀਕੀ ਬ੍ਰਾਹਮਣ ਤੇ ਉਨ੍ਹਾਂ ਦੇ ਗੋਤ :

ਪੁਰਾਤਨ ਰਿਖੀ ਮੁਨੀ ਤੇ ਤਪੱਸਵੀ, ਜਿਹੜੇ ਕਿ ਪੂਰੇ ਪੂਰੇ ਬ੍ਰਹਮ ਗਿਆਨੀ ਹੋਣ ਕਰਕੇ ਮਨੁੱਖੀ ਏਕਤਾ ਦੇ ਕਾਫ਼ੀ ਹੱਦ ਤਕ ਹਾਮੀ ਸਨ, ਆਪਣੀ ਆਤਮਿਕ ਸ਼ਕਤੀ ਨਾਲ ਕੁਝ ਅਗਾਂਹ ਵਿਅਕਤੀਆਂ ਵਿਚ ਜਾਤੀ ਪਰਿਵਰਤਨ ਲਿਆਉਣ ਵਿਚ ਜ਼ਰੂਰ ਸਫਲ ਹੋਏ, ਜਿਸ ਕਾਰਣ ਉਨ੍ਹਾਂ ਸਾਮ੍ਹਣੇ ਚੰਗੀ ਤਪੱਸਿਆ ਕਰਨ ਕਰਕੇ ਕਈ ਭਲੇ ਲੋਕ ਛਤ੍ਰੀ, ਵੈਸ਼ ਜਾਂ ਸ਼ੂਦ੍ਰ ਤੋਂ ਬ੍ਰਾਹਮਣ ਬਣ ਜਾਂਦੇ ਸਨ। ਜਿਸ ਕਾਰਣ ਉਨ੍ਹਾਂ ਨੂੰ ਬ੍ਰਾਹਮਣ ਹੀ ਗਿਣਿਆ ਜਾਂਦਾ ਸੀ, ਜਿਵੇਂ ਕਿ ਰਿਖੀ ਪਰਾਸਰ, ਵਿਆਸ ਆਦਿ ਦੇ ਪ੍ਰਮਾਣ ਹਿੰਦੂ ਜਾਤੀ ਦੇ ਇਤਿਹਾਸ ਵਿਚੋਂ ਮਿਲਦੇ ਹਨ। ਇਸੇ ਕਾਰਣ ਧਾਣਕ ਜਾਤੀ ਦੇ ਰਿਖੀ ਬਾਲਮੀਕ ਨੂੰ ਵੀ ਜੇ ਉਸ ਸਮੇਂ ਹਿੰਦੂ ਸਮਾਜ ਜਾਂ ਪੁਰਾਣਿਕ ਲੋਕਾਂ ਨੂੰ ਬ੍ਰਾਹਮਣ ਮੰਨ ਲਿਆ ਹੋਵੇ ਤਾਂ ਇਹ ਕੋਈ ਅਨਹੋਣੀ ਜਾਂ ਹੈਰਾਨੀ ਦੀ ਗੱਲ ਨਹੀਂ ਹੈ। ਚੁਨਾਂਚਿ ਹਿੰਦੂ ਜਾਤੀ ਵਿਚ ਬਾਲਮੀਕ ਖਾਨਦਾਨ ਤੇ ਜਾਤਿ ਗੋਤ ਦੇ ਕਿਤਨੇ ਹੀ ਬ੍ਰਾਹਮਣ ਹੁਣ ਤਕ ਮੌਜੂਦ ਹਨ।

ਕਈ ਸੱਜਨ ਇਥੇ ਇਹ ਇਤਰਾਜ਼ ਉਠਾਉਂਦੇ ਹਨ ਕਿ ਬਾਲਮੀਕੀ ਬ੍ਰਾਹਮਣ ਹਿੰਦੂ ਸਮਾਜ ਵਿਚ ਠੀਕ ਉਸੇ ਤਰ੍ਹਾਂ ਹਨ, ਜਿਸ ਤਰ੍ਹਾਂ ਚਮਾਰਾਂ ਵਿਚ ਚਮਰੂਏ ਬ੍ਰਾਹਮਣ, ਪਰ ਇਹ ਉਨ੍ਹਾਂ ਦੀ ਗਲਤੀ ਹੈ, ਕਿਉਂਕਿ ਚਮਰੂਏ ਬ੍ਰਾਹਮਣ ਦਰਅਸਲ ਚਮਾਰ ਬ੍ਰਾਹਮਣ ਅਰਥਾਤ ਚਮਾਰਾਂ ਦੀ ਜਾਤਿ ਵਿਚੋਂ ਬਣੇ ਹੋਏ ਬ੍ਰਾਹਮਣ ਨਹੀਂ ਹਨ, ਬਲਕਿ ਚਮਾਰਾਂ ਦੇ ਪੁਰੋਹਿਤ ਹੋਣ ਕਰਕੇ ਚਮਰੂਏ ਬ੍ਰਾਹਮਣ ਕਹੇ ਜਾਂਦੇ ਹਨ, ਇਸ ਲਈ ਬਾਲਮੀਕੀ ਬ੍ਰਾਹਮਣ, ਜੋ ਸ਼ੁੱਧ ਬਾਲਮੀਕੀ ਰਿਖੀ ਦੇ ਖਾਨਦਾਨ ਨਾਲ ਲਹੂ-ਮਾਸ ਦਾ ਸੰਬੰਧ ਰਖਦੇ ਹਨ, ਬਾਲਮੀਕੀਆਂ (ਧਾਣਕਾਂ) ਦੇ ਪੁਰੋਹਿਤ ਨਹੀਂ, ਸਗੋਂ ਉਸੇ ਖਾਨਦਾਨ ਵਿਚੋਂ ਮਹਾ ਰਿਖੀ ਵਿਆਸ ਜਾਂ ਪਰਾਸ਼ਰ ਦੀ ਤਰ੍ਹਾਂ ਆਪਣੇ ਜਪ ਤਪ ਦੇ ਜ਼ੋਰ ਨਾਲ ਜਾਤੀ ਬਦਲ ਕੇ ਬਣੇ ਹੋਏ ਬ੍ਰਾਹਮਣ ਹਨ। ਇਸੇ ਕਾਰਣ ਬ੍ਰਾਹਮੋਣਤ ਪੱਤੀ ਮਾਰਤੰਡ ਤੇ ਜਾਤਿ ਭਾਸਕਰ ਦੇ ਕਥਨ ਅਨੁਸਾਰ ਬਾਲਮੀਕੀ ਬ੍ਰਾਹਮਣਾਂ ਦੇ ੧੯ ਗੋਤ ਹਨ, ਜਿਵੇਂ ਕਿ ਭਾਰਤਵਾਜ, ਵਿਸ਼ਿਸ਼ਟ, ਕਾਸ਼ਯਪ,

ਗਾਰਗੀ, ਆਤ੍ਰਯ, ਗੌਤਮ, ਵਤਸ, ਕੌਡਿਨਯ, ਭਾਰਗਣ, ਮੁਦਗਲ, ਜਮ ਦਗਨਿ, (ਰਿਖੀ ਪਰਸੂ ਰਾਮ ਦਾ ਪਿਤਾ), ਆਗਿਰਸ, ਕੁਤਸ, ਕੌਸ਼ਿਕ, ਵਿਸਵਾਮਿਤ੍ਰ, (ਪਹਿਲਾਂ ਰਾਜ ਰਿਖੀ,ਪਰ ਫੇਰ ਬ੍ਰਹਮ ਰਿਖੀ ਕਰਾਰ ਦਿੱਤਾ ਗਿਆ ਸੀ), ਮੁਲਸਤਯ (ਲੰਕਾਪਤੀ ਮਹਾਰਾਜਾ ਰਾਵਣ ਦਾ ਪਿਤਾ), ਰਿਖੀ ਅਗਸਤਯ (ਸਮੁੰਦ੍ਰ ਨੂੰ ਆਪਣੇ ਤਪੋਬਲ ਦੇ ਕਾਰਣ ਢਾਈ ਚੂਲੀਆਂ ਕਰਕੇ ਪੀਣ ਵਾਲਾ ਮਹਾ ਪੁਰਖ) ਤੇ ਰਿਖੀ ਸਾਂਡਿਲਯ ਜਿਸ ਨੇ ਸਾਂਡਿਲਯ ਸਿਮ੍ਰਤੀ ਨਾਮਕ ਇਕ ਧਰਮ ਸ਼ਾਸਤ੍ਰ ਲਿਖਿਆ ਸੀ।

ਬਾਲਮੀਕੀ ਬ੍ਰਾਹਮਣਾਂ ਦੀ ਉਤਪਤੀ ਕਿਵੇਂ ਹੋਈ?

ਇਥੇ ਹੁਣ ਇਹ ਪੁਰਾਣਿਕ ਕਥਨ ਦੱਸਣਾ ਵੀ ਜ਼ਰੂਰੀ ਹੈ ਕਿ ਬਾਲਮੀਕੀ ਬ੍ਰਾਹਮਣਾਂ ਦੀ ਉਤਪੱਤੀ ਕਿਵੇਂ ਤੇ ਕਿਸ ਪ੍ਰਕਾਰ ਹੋਈ, ਹਿੰਦੂਆਂ ਦੇ ੧੮ ਪੁਰਾਣ ਮਸ਼ਹੂਰ ਹਨ ਤੇ ਉਨ੍ਹਾਂ ਪੁਰਾਣਾਂ ਵਿਚੋਂ ਹੀ ਪਦਮ ਪੁਰਾਣ ਇਕ ਚੋਟੀ ਦਾ ਮਹਾਨ ਗ੍ਰੰਥ ਹੈ। ਇਸ ਪੁਰਾਣ ਦੇ ਪਤਾਲ ਖੰਡ ਵਿਚ ਬਾਲਮੀਕੀ ਬ੍ਰਾਹਮਣਾਂ ਦੀ ਉਤਪਤੀ,ਜੋ ਖਾਸ ਤੌਰ ਤੇ ਦਿਲਚਸਪੀ ਦਾ ਕਾਰਣ ਹੈ, ਇਸ ਤਰ੍ਹਾਂ ਵਰਨਣ ਕੀਤੀ ਹੈ ਕਿ ਇਕ ਵੇਰ ਮਹਾਂਰਿਖੀ ਬਾਲਮੀਕ ਜੀ ਮਹਾਰਾਜ ਰਾਮਚੰਦ੍ਰ ਜੀ ਦੇ ਦਰਬਾਰ ਵਿਚ ਗਏ। ਉਥੋਂ ਉਨ੍ਹਾਂ ਨੇ ਬਹੁਤ ਸਾਰਾ ਧਨ ਪ੍ਰਾਪਤ ਹੋਣ ਤੇ ਪੰਜਾਬ ਵਿਚ ਸਰਸਵਤੀ ਨਦੀ ਦੇ ਕੰਢੇ ਅਗਨਿ ਕੋਣ ਵਿਚ ਜੋ ਹੁਣ ਇਲਾਕਾ ਹਰਿਆਣਾ ਵਿਚ ਸ਼ਾਮ ਹੈ,ਯਗਯ ਕਰਨਾ ਆਰੰਭ ਕੀਤਾ ਜਿਸ ਵਿਚ ਗੌਤਮ ਆਦਿ ਅਨੇਕ ਰਿਖੀ ਮੁਨੀ ਆਏ। ਰਿਖੀ ਬਾਲਮੀਕ ਦੇ ਇਸ ਆਸ਼ਰਮ ਦਾ ਘੇਰਾ, ਜਿਥੇ ਬ੍ਰਹਮ ਯਗਯ ਸ਼ੁਰੂ ਕੀਤਾ, ੩੬ ਕੋਹ ਚੌੜਾ ਤੇ ੫੨ ਕੋਹ ਲੰਬਾ ਸੀ। ਇਸ ਤਰ੍ਹਾਂ ਯਗਯ ਸੰਪੂਰਣ ਹੋਣ ਤੇ ਰਿਖੀ ਬਾਲਮੀਕ ਜੀ ਨੇ ਗੌਤਮ ਆਦਿ ਰਿਖੀਆਂ ਪਾਸ ਪ੍ਰਾਰਥਨਾ ਕੀਤੀ ਕਿ ਜਿਸ ਤਰ੍ਹਾਂ ਮੇਰੇ ਇਸ ਆਸ਼ਰਮ ਦੀ ਇੱਜ਼ਤ ਵਧੇ, ਇਸ ਸਮੇਂ ਉਹੋ ਕੰਮ ਹੋਣਾ ਚਾਹੀਏ। ਤਾਂ ਸਾਰੇ ਰਿਖੀਆਂ-ਮੁਨੀਆਂ ਪਾਸ ਉਸ ਸਮੇਂ ਕੁਲ ਮਿਲਾਕਰ ਇਕ ਲੱਖ ਚੇਲੇ ਸਨ। ਉਨ੍ਹਾਂ ਚੇਲਿਆਂ ਵਿਚੋਂ ਉਨ੍ਹਾਂ ਨੇ ਪੰਜਾਹ ਹਜ਼ਾਰ ਚੇਲੇ ਗਊਆਂ ਦੀ ਹਿਫਾਜ਼ਿਤ ਵਾਸਤੇ ਨਿਯੁਕਤ ਕੀਤੇ ਜੋ ਗੋਮਿਤ੍ਰੀਜ ਬ੍ਰਾਹਮਣ ਅਖਵਾਏ, ਅਠਤਾਲੀ ਹਜ਼ਾਰ ਚੇਲੇ ਉਨ੍ਹਾਂ ਵਿਚੋਂ ਭਗਵਾਨ ਸੂਰਜ ਦੇ ਸਿਪੁਰਦ ਸੇਵਾ ਵਜੋਂ ਕੀਤੇ ਗਏ ਜੋ ਰਵਿ (ਸੂਰਜੀ) ਬ੍ਰਾਹਮਣ ਕਰਕੇ ਮਸ਼ਹੂਰ ਹੋਏ। ਫੇਰ ਦੋ ਹਜ਼ਾਰ ਚੇਲੇ, ਜੋ ਨਿਰਮਲ ਗੋਤ੍ਰ ਨਾਲ ਸੰਬੰਧਿਤ ਹੋਏ, ਰਿਖੀ ਬਾਲਮੀਕ ਨਾਲ ਲਹੂ-ਮਾਸ ਦਾ ਸੰਬੰਧ ਰੱਖਣ ਕਰਕੇ ਬਾਲਮੀਕੀ ਬ੍ਰਾਹਮਣ ਨਾਂ ਨਾਲ ਉਸੇ ਸਮੇਂ ਤੋਂ ਪ੍ਰਸਿੱਧ ਹੋਏ, ਜਿਵੇਂ ਕਿ ਇਸ ਪੁਰਾਣ ਦਾ ਕਥਨ ਹੈ:

ਵਾਲਮੀਕਾ ਸਤੇ ਤੁ ਵਿਗਯੇਯਾ ਵਿਖਯਾਤਾ ਭੁਵਨ ਤ੍ਰਯੇ॥

ਅਰਥਾਤ ਉਨ੍ਹਾਂ ਨੂੰ ਤੁਸੀਂ ਬਾਲਮੀਕੀ ਬ੍ਰਾਹਮਣ ਸਮਝੋ ਜੋ ਤਿੰਨ ਲੋਕਾਂ—ਸੁਰਗ, ਪ੍ਰਿਤ ਤੇ ਪਾਤਾਲ ਲੋਕ—ਵਿਚ ਪ੍ਰਸਿੱਧ ਹਨ।

ਬਾਲਮੀਕ ਬ੍ਰਾਹਮਣਾਂ ਦਾ ਧਰਮ ਗ੍ਰੰਥ ਸ਼ੁਕਲ ਯਜੁਰ ਵੇਦ ਤੇ ਮਾਧਯੰਦਿਨੀ ਸ਼ਾਖਾ ਹੈ। ਇਹ ਕੋਕਿਲ ਮੁਨੀ ਦਾ ਮਤ ਮੰਨਦੇ ਹਨ। ਉਨ੍ਹਾਂ ਬਾਲਮੀਕੀ ਬ੍ਰਾਹਮਣਾਂ ਦੇ ੧੧ (ਗਿਆਰਾਂ) ਸੌ ਕਾਇਸਥ ਚੇਲੇ ਵੀ ਬਾਲਮੀਕੀ ਕਾਇਸਥ (ਕਾਇਥ੍ਹ) ਅਖਵਾਏ। ਇਨ੍ਹਾਂ ਦਾ ਨਿਵਾਸ ਸਥਾਨ (ਵਾਲਮੀਕ ਪੁਰ (ਵਾਲਮ) ਕਰਾਰ ਪਾਇਆ। ਪਹਿਲਾਂ ਇਹ ਹਲ ਨਾਲ ਧਰਤੀ ਸਾਫ ਕਰਿਆ ਕਰਦੇ ਸਨ, ਜਿਸ ਕਰਕੇ ਹਲ ਹਲ ਜਾਂ ਹਲਾਹਲੀ ਜਾਤਿ ਦੇ ਨਾਂ ਨਾਲ ਮਸ਼ਹੂਰ ਹੋਏ। ਪਰ ਫੇਰ ਝਾੜੂ ਲੈ ਕੇ ਹਰੇਕ ਘਰ ਦੀ ਸਫਾਈ ਕਰਨ ਲਈ ਇਨ੍ਹਾਂ ਦੀ ਨਿਯੁਕਤੀ ਕਦੋਂ ਤੇ ਕਿਵੇਂ ਹੋਈ, ਇਸ ਜਾਤੀਵਾਦ ਦਾ ਮੁਸ਼ਕਿਲ ਸਵਾਲ ਅਜੇ ਤਕ ਹੱਲ ਨਹੀਂ ਹੋ ਸਕਿਆ ਤੇ ਨਾ ਹੀ ਇਸ ਬਾਰੇ ਕੋਈ ਸਹੀ ਇਤਿਹਾਸਕ ਪ੍ਰਮਾਣ ਹੀ ਮਿਲ ਸਕਿਆ ਹੈ। ਚੁਨਾਂਚਿ ਉਰਦੂ ਦੀ ਪ੍ਰਸਿੱਧ ਖੋਜ-ਪੁਸਤਕ "ਤਹਕੀਕਾਤਿ ਚਿਸ਼ਤੀ" (ਹਿਜਰੀ ਸੰਨ ੧੩੨੪), ਹਮੀਦੀਆ ਪ੍ਰਿੰਟਿੰਗ ਪ੍ਰੈਸ ਲਾਹੌਰ,ਸਫ਼ਾ ੨੯੪ ਦੇ ਕਥਨ ਅਨੁਸਾਰ ਲਾਹੌਰ ਵਿਚ ਠੱਟੀ ਖਾਕ ਰੋਬਾਂ ਦੇ ਬਾਲਮੀਕੀ ਮਿਹਤਰ ਆਪਣੇ ਪਰੰਪਰਾਵਾਦੀ ਅਕੀਦੇ ਮੁਤਾਬਿਕ ਅਜੇ ਤਕ ਇਹ ਗੱਲ ਐਲਾਨੀਆਂ ਕਹਿੰਦੇ ਹਨ ਕਿ ਮਹਾ ਪ੍ਰਲੈ (ਕਯਾਮਤ) ਦੇ ਦਿਨ ਉਹ ਆਪ ਹੀ ਬਹਿਸ਼ਤ (ਸੁਰਗ ਲੋਕ ਜਾਂ ਬੈਕੁੰਠ ਧਾਮ) ਦੇ ਮਾਲਿਕ ਹੋਣਗੇ ਅਤੇ ਉਨ੍ਹਾਂ ਦੀ ਇਜਾਜ਼ਤ ਤੋਂ ਬਗੈਰ ਕੋਈ ਵੀ ਵਿਅਕਤੀ ਬਹਿਸ਼ਤ ਵਿਚ ਦਾਖਲ ਨਹੀਂ ਹੋ ਸਕੇਗਾ, ਕਿਉਂਕਿ ਉਹ ਲੋਕ ਜਿਥੇ ਸਾਰੇ ਲੋਕਾਂ ਦੇ ਘਰਾਂ ਵਿਚ ਸਫਾਈ ਕਰਨ ਵਾਸਤੇ ਜਾਂਦੇ ਹਨ ਤੇ ਉਥੇ ਹਰ ਥਾਵੇਂ ਚੰਗੀ ਤਰ੍ਹਾਂ ਝਾੜੂ ਫੇਰਦੇ ਹਨ, ਇਸ ਲਈ ਇਸੇ ਸਫਾਈ ਦੇ ਕਾਰਣ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਉਨ੍ਹਾਂ ਦੇ ਪੈਰਾਂ ਦੀ ਖਾਕ ਵੀ ਬਹਿਸ਼ਤ ਵਿਚ ਜਾਵੇਗੀ ਤੇ ਜਿਸ ਵਿਅਕਤੀ ਦੀ ਸਿਫਾਰਿਸ਼ ਉਹ ਲੋਕ ਅੱਲਾ ਮੀਆਂ ਜਾਂ ਰੱਬ ਰਹੀਮ ਪਾਸ ਕਰਨਗੇ ਉਹੋ ਬਹਿਸ਼ਤ ਵਿਚ ਕਦਮ ਰੱਖ ਸਕੇਗਾ, ਨਹੀਂ ਤਾਂ ਸਿਵਾਇ ਦੋਜ਼ਖ ਜਾਂ ਕੁੰਭੀ ਨਰਕ ਦੇ, ਜੋ ਹੋਰ ਜਾਤਾਂ ਦੇ ਲੋਕਾਂ ਲਈ ਇਕ ਆਖਰੀ ਥਾਂ ਹੈ, ਸਿਵਾਇ ਉਨ੍ਹਾਂ ਮਿਹਤਰਾਂ ਦੀ ਸਿਫਾਰਸ਼ ਤੇ ਸਿਵਾਇ ਜਨਾਬ ਇਲਾਹੀ ਦੀ ਮਿਹਰਬਾਨੀ ਦੇ ਹੋਰ ਕਿਸੇ ਵੀ ਕੌਮ ਲਈ ਬਹਿਸ਼ਤ ਦਾ ਦਰਵਾਜ਼ਾ ਨਹੀਂ ਖੁਲ੍ਹੇਗਾ। ਇਹ ਜੋ ਬਾਲਮੀਕੀ ਧਾਣਕ ਬ੍ਰਾਹਮਣਾਂ ਦਾ ਪੁਰਾਣਿਕ ਪਿਛੋਕੜ ਤੇ ਹੁਣ ਅੱਗੇ ਲਓ ਉਨ੍ਹਾਂ ਦੇ ਬ੍ਰਹਮਾਵਤਾਰ ਮਹਾਰਿਖੀ ਬਾਲਮੀਕ ਦਾ ਹਾਲ, ਜਿਸ ਨੂੰ ਸਿਖਾਂ ਦੀ ਪ੍ਰਸਿੱਧ ਸਾਹਿਤਕ ਮਹਾਨ ਰਚਨਾ ਦਸਮ ਗ੍ਰੰਥ ਵਿਚ

ਹਿੰਦੂਆਂ ਦੇ ੨੪ ਅਵਤਾਰਾਂ ਤੋਂ ਬਾਦ ਬਾਕੀ ਦੇ ਸੱਤ ਉਪ-ਅਵਤਾਰਾਂ ਵਿਚ ਗਿਣਿਆ ਤੇ ਪ੍ਰਵਾਨਿਆ ਹੈ।

ਧਾਣਕਾਂ ਦੀ ਲੁੱਟ-ਖਸੁੱਟ ਤੇ ਰਿਖੀ ਬਾਲਮੀਕ :

ਧਾਣਕ ਅਥਵਾ ਚੰਡਾਲ ਜੋਧੇ, ਜਿਵੇਂ ਮਨੂ ਸਿਮ੍ਰਤੀ, ਯਾਗਯ ਵਲਕਯ ਸਿਮ੍ਰਤੀ ਆਦਿ ਵਿਚ ਉਨ੍ਹਾਂ ਨੂੰ ਅਜਿਹੇ ਲਕਬ ਦਿਤੇ ਗਏ ਹਨ, ਦਰਅਸਲ ਸ਼ਹਿਰੀ ਆਬਾਦੀ ਤੋਂ ਬਾਹਰ ਵਾਰ ਹੀ ਹੁੰਦੇ ਸਨ, ਜਿਵੇਂ ਕਿ ਅੱਜ ਕਲ ਵੀ ਅਛੂਤਾਂ ਦੇ ਮਕਾਨ ਖਾਕ ਰੋਬਾਂ ਦੀ ਠੱਟੀ, ਦੂੜ ਮਾਜਰੀ ਆਦਿ ਦੀ ਸ਼ਕਲ ਵਿਚ ਦੇਖੇ ਜਾਂਦੇ ਹਨ। ਇਸ ਹਾਲਤ ਕੁੱਤੇ, ਕੁੱਤੀਆਂ ਤੇ ਤੀਰ ਕਮਾਨ ਲੈ ਕੇ ਜੰਗਲਾਂ ਵਿਚ ਫਿਰ ਤੁਰ ਕੇ ਸ਼ਿਕਾਰ ਖੇਡਣ ਤੋਂ ਸਿਵਾਇ ਉਨ੍ਹਾਂ ਦਾ ਹੋਰ ਕੋਈ ਖਾਸ ਕੰਮ ਨਹੀਂ ਸੀ। ਜੇ ਉਹ ਭੁੱਲੇ ਭਟਕੇ ਆਰਯ ਲੋਕਾਂ ਕੋਲ ਉਨ੍ਹਾਂ ਦੇ ਨਗਰਾਂ ਵਿਚ ਆਉਂਦੇ ਸਨ ਤਾਂ ਉਨ੍ਹਾਂ ਦੇ ਆਉਣ-ਜਾਣ ਦੇ ਰਾਹ ਵੀ ਆਰਯਾਂ ਤੋਂ ਅਲੱਗ ਹੀ ਸਨ, ਜਿਵੇਂ ਕਿ ਦੱਖਣੀ ਭਾਰਤ ਵਿਚ ਇਸ ਛੂਆ-ਛਾਤ ਦੇ ਨਤੀਜੇ ਵਜੋਂ ਅਜੇ ਤਕ ਕਈ ਥਾਵੀਂ ਉੱਚੀਆਂ-ਨੀਵੀਆਂ ਵੱਖੋ ਵੱਖ ਸੜਕਾਂ ਦੇ ਰੂਪ ਵਿਚ ਮਿਲਦੇ ਹਨ। ਜਦ ਉਹ ਲੋਕ ਰਾਹ ਜਾਂਦਿਆਂ ਜਾਂ ਘਰੀਂ ਪਹੁੰਚ ਕੇ ਮਿਲਦੇ ਸਨ ਤਾਂ ਬੜੀ ਅਧੀਨਗੀ ਨਾਲ "ਮਹਾਰਾਜ ! ਤੁਹਾਡਾ ਭਲਾ ਹੋਵੇ ਜੀ" ਕਹਿ ਕੇ ਆਪਣੀ ਅਕੀਦਤ ਜ਼ਾਹਿਰ ਕਰਦੇ ਸਨ। ਮਨੂ ਸਿਮ੍ਰਤੀ ਦੇ ਕਥਨ ਅਨੁਸਾਰ ਕਿਸੇ ਵੀ ਬ੍ਰਹਮ ਭੋਜ ਸਮੇਂ ਅਛੂਤਾਂ ਦੀ ਬਦਨਜ਼ਰ ਤੋਂ ਖਾਸ ਬਚਾਉ ਰੱਖਿਆ ਜਾਂਦਾ ਸੀ, ਕਿਉਂਕਿ ਚੰਡਾਲ (ਧਾਣਕ), ਸੂਘਰ, ਮੁਰਗ, ਰਜਸਵਲਾਂ ਇਸਤ੍ਰੀ ਤੇ ਹੀਜੜਾਂ ਇਹ ਪੰਜੇ ਯੱਗਯ ਸਮੇਂ ਅਗਨੀ ਵਿਚ ਹਵਨ ਕਰਨ ਸਮੇਂ ਸੋਨਾ ਚਾਂਦੀ ਆਦਿ ਦਾਨ ਦੇਣ ਸਮੇਂ, ਬ੍ਰਹਮ ਭੋਜ, ਦੇਵ ਕਰਮ ਤੇ ਪਿਤ੍ਰੀ ਆਦਿ ਕਰਮਾਂ ਸਮੇਂ ਕਦੇ ਸਾਹਮਣੇ ਨਹੀਂ ਆਉਣੇ ਚਾਹੀਏ, ਨਹੀਂ ਤਾਂ ਕਿਸੇ ਭੋਜਨ ਨੂੰ ਸੁੰਘਣ ਤੇ ਸੂਘਰ, ਮੁਰਗਾ ਖੰਭ ਫਿਟਕਾਰ ਕੇ ਕੁੱਤਾ ਇਕ ਵੇਰ ਅੱਖਾਂ ਨਾਲ ਦੇਖ ਕੇ ਤੇ ਅਛੂਤ ਵਿਅਕਤੀ ਆਪਣੀ ਛੋਹ ਨਾਲ ਅਪਵਿਤ੍ਰ ਕਰ ਦਿੰਦਾ ਹੈ। (ਪ੍ਰਮਾਣ ਲਈ ਦੇਖੋ ਮਨੂ ਸਿਮ੍ਰਤੀ, ਤੀਜਾ ਅਧਿਆਇ, ਸ਼ਲੋਕ ੨੩੯, ੨੪੦, ੨੪੧ ਤੇ ੨੪੨)

ਇਸੇ ਜਾਤੀ ਦੂਰ ਛੁਹ ਦੇ ਕਾਰਣ ਧਾਣਕ ਲੋਕ, ਜੋ ਪਹਿਲਾਂ ਹੀ ਆਰਯਾਂ ਦੀ ਖੁੜਭਾ ਖੁੜਭੀ ਤੋਂ ਤੰਗ ਸਨ, ਕਈ ਵੇਰ ਮੌਕਾ ਪੈਣ ਤੇ ਉਨ੍ਹਾਂ ਦੇ ਯੱਗ ਕਰਨ ਸਮੇਂ ਉਨ੍ਹਾਂ ਨੂੰ ਭੰਗ ਕਰਨਾ, ਰਸਤੇ ਵਿਚ ਆਉਂਦੇ-ਜਾਂਦੇ ਲੋਕਾਂ ਨੂੰ ਲੁੱਟਣਾ ਤੇ ਦਿਨ ਦੀਵੀਂ ਧਾੜੇ ਮਾਰਨੇ ਉਨ੍ਹਾਂ ਦੇ ਰੋਜ਼ਾਨਾ ਜੀਵਨ ਦੇ ਆਮ ਕਰਤੱਬ ਸਨ, ਜਿਸ ਕਾਰਣ

ਬ੍ਰਾਹਮਣ ਗ੍ਰੰਥਾਂ ਦੇ ਅਨੁਸਾਰ ਇਕ ਵੇਰ ਰਿਖੀ ਵਿਸ਼ਵਾਮਿਤ੍ਰ ਜੀ, ਜੋ ਆਪਣੇ ਜਜਮਾਨਾਂ ਤੋਂ ਕਾਫ਼ੀ ਦਾਨ-ਸਨਮਾਨ ਲੈ ਕੇ ਆਏ ਸਨ, ਦਰਿਆ ਵਿਆਸ ਤੇ ਸਤਲੁਜ ਦੇ ਸੰਗਮ ਪਰ ਦਰਿਆ ਪਾਰ ਕਰਨ ਸਮੇਂ ਧਾਣਕ ਧਾੜਵੀਆਂ ਦੇ ਹੱਥੋਂ ਲੁੱਟੇ ਗਏ ਸਨ। ਧਾਣਕਾਂ ਹੱਥੋਂ ਇਹ ਧਾੜੇ ਅਥਵਾ ਲੁੱਟਮਾਰ ਦੇ ਹਾਦਸੇ, ਜਿਵੇਂ ਕਿ ਪੁਰਾਣਿਕ ਸਾਹਿਤਯ ਦਾ ਅਧਿਐਨ ਕਰਨ ਤੇ ਪਤਾ ਲਗਦਾ ਹੈ, ਕੋਈ ਇਕ ਅੱਧੀ ਵੇਰ ਨਹੀਂ, ਸਗੋਂ ਹਮੇਸ਼ਾਂ ਹੁੰਦੇ ਹੀ ਰਹਿੰਦੇ ਸਨ। ਰਾਮਾਇਣ ਦੇ ਕਥਨ ਅਨੁਸਾਰ ਇਕ ਵੇਰ ਰਿਖੀ ਵਿਸ਼ਵਾਮਿਤ੍ਰ ਦੇ ਅਰਜ਼ ਕਰਨ ਤੇ ਸ੍ਰੀ ਰਾਮ ਚੰਦ੍ਰ ਤੇ ਲਛਮਣ ਨੂੰ ਮਹਾਰਾਜਾ ਦਸਰਥ ਦੇ ਹੁਕਮ ਨਾਲ, ਤਪੋਬਨ ਵਿਚ ਇਕ ਯੱਗ ਨਿਰਵਿਘਨ ਸੰਪੂਰਣ ਕਰਨ ਲਈ ਜਾਣਾ ਪਿਆ ਸੀ,

ਬਾਲਮੀਕੀ ਰਾਮਾਇਣ ਦਾ ਲੇਖਕ ਆਦਿ ਕਵਿ ਮਹਾਰਿਖੀ ਬਾਲਮੀਕ ਖ਼ੁਦ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮਹਾਕਵੀ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਪਤਾ ਲਗਦਾ ਹੈ ਕਿ ਅਜਿਹੇ ਧਾਣਕ-ਧਾੜਵੀ ਸਨ, ਜਿਨ੍ਹਾਂ ਦਾ ਮੁੱਢਲਾ ਜੀਵਨ ਇਸ ਲੁੱਟਮਾਰ ਤੋਂ ਸਿਵਾਇ ਹੋਰ ਕੁਝ ਨਹੀਂ ਸੀ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਮਾਣ ਮਿਲਦੇ ਹਨ :—

ੳ) ਏਕੁ ਸੁਆਨੁ ਦੁਇ ਸੁਆਨੀ ਨਾਲਿ ॥
ਭਲਕੇ ਭਉਕਹਿ ਸਦਾ ਬਇਆਲਿ ॥
ਕੂੜੁ ਛੁਰਾ ਮੁਠਾ ਮੁਰਦਾਰੁ ॥
ਧਾਣਕ ਰੂਪਿ ਰਹਾ ਕਰਤਾਰ ॥੧॥
ਫਾਹੀ ਸੁਰਤਿ ਮਲੂਕੀ ਵੇਸੁ ॥
ਹਉ ਠਗਵਾੜਾ ਠਗੀ ਦੇਸੁ ॥
ਖਰਾ ਸਿਆਣਾ ਬਹੁਤਾ ਭਾਰੁ ॥
ਧਾਣਕ ਰੂਪਿ ਰਹਾ ਕਰਤਾਰ ॥੩॥
(ਸਿਰੀ ਰਾਗ ਮਹਲਾ, ੧, ਘਰੁ ੪)

੨. ਮੇਰੇ ਮਨ ਨਾਮੁ ਜਪਤ ਤਰਿਆ ॥
ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਉਤਰਿਆ ॥
(ਮਾਰੂ ਮਹਲਾ ੪, ਘਰੁ ੨)

੩. ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ ॥
ਏਕ ਨਿਮਖ ਮਨ ਮਾਹਿ ਅਰਾਧਿਓ, ਗਜਪਤਿ ਪਾਰਿ ਉਤਾਰੇ ॥
(ਮਾਰੂ ਮਹਲਾ ੫, ਘਰੁ ੨)

੪. ਬਾਲਮੀਕੈ ਹੋਆ ਸਾਧ ਸੰਗੁ ॥
ਧ੍ਰੂ ਕਉ ਮਿਲਿਆ ਹਰਿ ਨਿਸੰਗ ॥

(ਬਸੰਤ ਮਹਲਾ, ੫, ਘਰੁ ੧)

੫. ਰੇ ਚਿਤ ਚੇਤਿ ਚੇਤ ਅਚੇਤ ॥
ਕਾਹੇ ਨ ਬਾਲਮੀਕਹਿ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥੧॥

(ਕੇਦਾਰਾ ਭਗਤ ਰਵਿਦਾਸ ਜੀ)

ਅ) ਇਸੇ ਤਰ੍ਹਾਂ ਮਹਾਂਰਿਖੀ ਬਾਲਮੀਕ ਦੇ ਮੁੱਢਲੇ ਜੀਵਨ ਬਾਰੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਕਵੀ ਭਾਈ ਗੁਰਦਾਸ ਜੀ ਲਿਖਦੇ ਹਨ :—

੧. ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾਰਾ ॥
ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ ॥
ਮਾਰਨ ਕੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ ॥
ਸਤਿਗੁਰੁ ਮਨੂਆ ਰਾਖਿਆ ਹੋਇ ਨ ਆਵੈ ਉਛੇਹਾੜਾ ॥
ਅਉਗਣ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ ॥
ਘਰਿ ਵਿਚਿ ਪੁਛਣ ਘਲਿਆ ਅੰਤਿਕਾਲ ਹੈ ਕੋਇ ਅਸਾੜਾ ॥
ਕੋੜ ਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ ॥
ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ ॥
ਗੁਰਮੁਖਿ ਲੰਘੇ ਪਾਪ ਪਹਾੜਾ ॥੧੯॥

(ਵਾਰ ੧੦)

ਫੇਰ ਇਸ ਤੋਂ ਅੱਗੇ ਭਾਈ ਗੁਰਦਾਸ ਨੇ ਬਾਲਮੀਕ ਹੋਰਾਂ ਦੇ ਉਹੋ ਗੁਰਮੁਖਾਂ ਵਾਲੇ ਜੀਵਨ ਕਰਤੱਬ ਕ੍ਰਮਵਾਰ ਦੁਹਰਾਏ ਹਨ :—

੨. ਧ੍ਰੂ ਪ੍ਰਹਿਲਾਦੁ ਵਖਾਣੀਅਨਿ ਅੰਬਰੀਕੁ ਬਲਿ ਭਗਤਿ ਸਬਾਏ ।
ਜਨਕਾਦਿਕ ਜੈਦੇਉ ਜਗਿ ਬਾਲਮੀਕੁ ਸਤਿਸੰਗ ਤਰਾਏ ।

(ਵਾਰ ੨੩/੧੫)

੩. ਪੜਿ ਵਿਦਿਆ ਘਰਿ ਆਇਆ ਗੁਰਮੁਖਿ ਬਾਲਮੀਕ ਮਨਿ ਭਾਣਾ ।

(ਵਾਰ ੨੫/੯)

੪. ਬਾਲਮੀਕੁ ਨਿਸਤਾਰਿਆ ਮਾਰੇ ਵਾਟ ਨ ਹੋਇ ਨਿਸੰਗਾ ॥

(ਵਾਰ ੩੧/੯)

ਬ੍ਰਾਹਮਣ ਗ੍ਰੰਥਾਂ ਦੇ ਕਥਨ ਅਨੁਸਾਰ ਅਸੁਰ ਅਥਵਾ ਧਾਣਕ ਲੋਕ ਚੂੰਕਿ ਵਾਹੀਕ ਦੇਸ਼ ਅਥਵਾ ਪੰਚਨਦ ਪ੍ਰਦੇਸ਼ ਦੇ ਹੀ ਵਸਨੀਕ ਸਨ, ਇਸ ਲਈ ਇਥੋਂ ਦੀਆਂ ਪੰਜ ਨਦੀਆਂ ਸਤਲੁਜ, ਬਿਆਸ, ਰਾਵੀ, ਝਨਾਂ ਤੇ ਜਿਹਲਮ ਰਿਗਵੇਦਿਕ ਸਭਿਅਤਾ ਦੇ ਪ੍ਰਮੁਖ ਕੇਂਦਰ ਸਨ, ਇਸ ਲਈ ਇਹਨਾਂ ਨਦੀਆਂ ਦੇ ਕੰਢਿਆਂ ਉਤੇ ਧਾਣਕਾਂ ਦੇ ਆਰਯ ਲੋਕਾਂ ਨਾਲ ਦੇਵ-ਦਾਨਵੀ ਜੰਗਾਂ ਦੀ ਸ਼ਕਲ ਵਿਚ ਹੁੰਦੇ ਹੀ ਰਹਿੰਦੇ ਸਨ। ਮਹਾਂਰਿਖੀ ਬਾਲਮੀਕ ਨੇ ਆਦਿ ਕਵੀ ਹੋਣ ਦੇ ਨਾਤੇ ਨਾ ਕੇਵਲ ਪਛੜੇ ਹੋਏ ਧਾਣਕ ਲੋਕਾਂ ਦੀ ਅਗਵਾਈ ਹੀ ਕੀਤੀ, ਸਗੋਂ ਭਵਿਖ ਵਿਚ ਉਨ੍ਹਾਂ ਦੀ ਜਾਨ-ਮਾਲ ਤੇ ਵੀਰ ਪਰੰਪਰਾ ਦੇ ਕੁਦਰਤੀ ਰਾਖੇ ਅਤੇ ਆਗੂ ਵੀ ਬਣੇ ਰਹੇ।

ਦੇਵ-ਦਾਨਵਾਂ ਦੇ ਹੁਨਰ ਤੇ ਧਾਣਕ ਜੋਧੇ

ਜਿਸ ਤਰ੍ਹਾਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਇਸ ਦੇਸ ਦੇ ਆਦਿ ਵਾਸੀ ਦ੍ਰਾਵਿੜ ਅਥਵਾ ਅਸੁਰ ਆਰਯਾਂ ਦੇ ਮੁਕਾਬਲੇ ਤੇ ਵਧੇਰੇ ਹੁਨਰਮੰਦ, ਸ਼ਸਤ੍ਰ-ਅਸਤ੍ਰਾਂ ਦੇ ਧਨੀ ਤੇ ਸਭਿਆਚਾਰ ਦੇ ਸੰਚੇ ਵਿਚ ਪੂਰੀ ਤਰ੍ਹਾਂ ਢੱਲੇ ਹੋਏ ਹੋਣ ਦੇ ਨਾਲ ਹੀ ਜੰਗੀ ਕੰਮਾਂ ਦੇ ਬੜੇ ਮਾਹਿਰ ਸਨ। ਆਰਯ ਲੋਕ ਉਨ੍ਹਾਂ ਦੇ ਸਾਹਮਣੇ ਇਕ ਪ੍ਰਕਾਰ ਦੇ ਟੱਪਰੀਵਾਸ ਸਨ ਤੇ ਕੱਖਾਂ ਕਾਨਿਆਂ ਦੀਆਂ ਕੁੱਲੀਆਂ ਜਾਂ ਪ੍ਰਣ ਕੁਟੀਆਂ ਬਣਾਕੇ ਉਨ੍ਹਾਂ ਵਿਚ ਗਰੀਬਾਂ ਵਾਗੂ ਦਿਨ ਕਟੀ ਕਰਦੇ ਸਨ। ਕੱਪੜੇ-ਲੀੜਿਆਂ ਦੀ ਥਾਵੇਂ ਵੀ ਆਰਯਾਂ ਪਾਸ ਤਨ ਢਕਣ ਲਈ ਦਰਖਤਾਂ ਦੇ ਪੱਤੇ, ਛਿੱਲੜ, ਚਮੜੇ ਦੇ ਉਛਾੜ, ਮ੍ਰਿਗਸ਼ਾਲਾ ਆਦਿ ਹੀ ਸਨ। ਪ੍ਰਮਾਣ ਵਜੋਂ ਮਹਾਰਿਖੀ ਮਾਰਕੰਡੇਯ ਜਿਸ ਦਾ ਆਮ ਲੋਕਾਂ ਦੇ ਮੁਕਾਬਲੇ ਤੇ ਸਭ ਤੋਂ ਵੱਡੀ ਉਮਰ ਸੀ, ਉਸਨੇ ਵੀ ਸਿਰ ਉਤੇ ਦਰਖਤਾਂ ਦੇ ਪੱਤੇ ਰੱਖਕੇ ਹੀ ਸਾਧਗੀਰੀ ਵਿਚ ਸਾਰੀ ਉਮਰ ਲੰਘਾ ਦਿਤੀ ਸੀ। ਇਸੇ ਕਾਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਇਤਿਹਾਸਕ ਪ੍ਰਮਾਣ ਵਜੋਂ ਭਗਤ ਨਾਮ ਦੇਵ ਜੀ ਦਾ ਇਹ ਮਹਾਵਾਕ ਹੈ :—

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥

ਅਰਥਾਤ ਮ੍ਰਿਕੰਡੁ ਰਿਖਿ ਦੇ ਪੁਤ੍ਰ ਮਾਰਕੰਡੇਯ ਤੋਂ ਵੱਡੀ ਉਮਰ ਵਾਲਾ ਕੌਣ ਹੈ, ਜਿਸਨੇ ਸ੍ਰਿਪੁਰ ਕੱਖ ਰੱਖਕੇ ਹੀ ਦਿਨ ਗੁਜ਼ਾਰ ਦਿੱਤੇ।

(ਦੇਖੋ, ਗੁਰ ਸ਼ਬਦ ਰਤਨਕਾਰ ਮਹਾਨ ਕੋਸ਼ ੧੯੬੦, ਸਫ਼ਾ ੬੩੨)

ਇਸ ਸਾਦੇ ਜੀਵਨ ਦੇ ਨਾਲ ਹੀ ਆਪਣੀ ਬਹੁਗਿਣਤੀ ਦੇ ਸਦਕੇ ਆਰਯ ਲੋਕ ਦ੍ਰਾਵਿੜਾਂ ਉਤੇ ਇਸ ਕਰਕੇ ਭਾਰੂ ਹੋ ਗਏ ਕਿ ਉਹ ਬਹੁਤੇ ਸੁਖੀ ਜੀਉੜੇ ਅਮਨ ਪਸੰਦ ਤੇ ਆਸੂਦਾਂ ਹਾਲ ਸਨ ਤੇ ਧਾਣਕ ਜੋਧੇ ਭਾਵੇਂ ਲੜਾਕੇ ਤਾਂ ਹੱਦ ਦਰਜੇ ਸਨ ਤੇ ਸ਼ਸਤ੍ਰ-ਅਸਤਰਾਂ ਦੀ ਵੀ ਉਨ੍ਹਾਂ ਪਾਸ ਕੋਈ ਕਮੀ ਨਹੀਂ ਸੀ, ਪਰ ਜਨ-ਸੰਖਿਆ

ਅਥਵਾ ਫੌਜੀ ਨਫ਼ਰੀ ਉਨ੍ਹਾਂ ਦੀ ਬੜੀ ਘੱਟ ਸੀ, ਉਹ ਵੀ ਪੰਜਾਬ ਦੇ ਛੋਟੇ ਜਿਹੇ ਦਾਇਰੇ ਵਿਚ ਤੇ ਬਾਹਰੋਂ ਕਿਸੇ ਸਹਾਇਤਾ ਦਾ ਕੋਈ ਜ਼ਰੀਆ ਨਹੀਂ ਸੀ, ਇਸ ਦ੍ਰਾਵਿੜਾਂ ਧਾਣਕ ਜੋਧਿਆਂ ਦਾ ਆਰਯਾਂ ਹੱਥੋਂ ਸ਼ਿਕਸਤ ਖਾਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ।

ਇਸ ਹਾਲਤ ਵਿਚ ਦ੍ਰਾਵਿੜ ਲੋਕ ਜਦ ਆਰਯਾਂ ਹੱਥੋਂ ਹਾਰ ਖਾਣ ਤੇ ਆਪਣੇ ਵਸਦੇ ਰਸਦੇ ਨਗਰ ਮੁਹਿੰਜੋਦਾਰੋ, ਹੜੱਪਾ ਆਦਿ ਖਾਲੀ ਛੱਡ ਗਏ ਤਾਂ ਉਨ੍ਹਾਂ ਵਿਚੋਂ ਕੁਝ ਕਾਰੀਗਰ ਲੋਕ ਜਿਨ੍ਹਾਂ ਤੋਂ ਭਗਵਾਨ ਵਿਸ਼ਕਰਮਾ ਦੇ ਖਾਨਦਾਨ ਦਾ ਮੁੱਢ ਬੱਝਿਆ, ਇਸ ਰਾਜਸੀ ਉਥੱਲ ਪੁਥੱਲ ਹੋਣ ਦੇ ਬਾਵਜੂਦ ਵੀ ਏਥੇ ਹੀ ਰਹੇ, ਜਿਨ੍ਹਾਂ ਤੋਂ ਆਰਯਾਂ ਦੇ ਤ੍ਰੇਤਾ ਯੁਗ ਵਿਚ ਸ਼ਿਵ ਜੀ ਦਾ ਅਸ਼ੀਰਵਾਦ ਲੈ ਕੇ ਦੱਖਣ ਵਿਚ ਸਮੁੰਦਰੋਂ ਪਾਰ ਨਗਰੀ ਲੰਕਾ ਦੀ ਤਮੀਰ ਕਰਵਾਈ, ਜੋ ਮਹਾਰਾਜਾ ਰਾਵਣ ਦੀ ਸੋਨੇ ਦੀ ਲੰਕਾ ਨਾਲ ਮਸ਼ਹੂਰ ਹੋਈ। ਇਸੇ ਤਰ੍ਹਾਂ ਇਸ ਤੋਂ ਬਾਦ ਦੁਆਪਰ ਜੁਗਿ ਵਿਚ ਮਯ ਦਾਨਵ ਦੇ ਹੱਥੋਂ ਕੌਰਵਾਂ-ਪਾਂਡਵਾਂ ਲਈ ਹਸਤਿਨਾ ਪੁਰ (ਦਿੱਲੀ) ਤੇ ਇੰਦਰ ਪ੍ਰਸਥ ਦੇ ਰਾਜ ਭਵਨ ਅਤੇ ਕੌਰਵ ਰਾਜਾ ਦਰਯੋਧਨ ਨੇ ਉਸੇ ਕਾਰੀਗਰ ਤੇ ਬੜੀ ਰੀਝ ਨਾਲ ਇਕ ਲਾਖਾ ਗ੍ਰਿਹ (ਲਾਖ ਦਾ ਕਿਲ੍ਹਾ) ਅਤਿ ਸੁੰਦਰ ਚਿਤਰਕਾਰੀ ਨਾਲ ਸੁਸੱਜਿਤ ਕਿਲਾ ਬਣਾਇਆ ਸੀ, ਤਾਂਕਿ ਪੰਜੇ, ਪਾਡਵਾਂ ਨੂੰ ਧੋਖੇ ਨਾਲ ਉਸ ਵਿਚ ਰੱਖਕੇ ਸਾੜਿਆ ਜਾਵੇ, ਪਰ ਕੌਰਵਾਂ ਦੇ ਇਸ ਧੋਖੇ ਬਾਰੇ ਪਹਿਲਾਂ ਹੀ ਪਤਾ ਲੱਗਣ ਤੇ ਪੰਜੇ ਪਾਂਡਵ ਇਸ ਵਿਪਤਾ ਤੋਂ ਵਾਲ ਵਾਲ ਬਚ ਗਏ ਤੇ ਉਹ ਲਾਖਾ ਗ੍ਰਿਹ ਇਕ ਗਿਣੀ ਮਿਥੀ ਸਾਜਿਸ਼ ਦੇ ਅਧੀਨ ਸੜ ਬਲ ਕੇ ਆਪ ਹੀ ਸਵਾਹ ਹੋ ਗਿਆ। ਇਸ ਤੋਂ ਸਾਫ ਪਤਾ ਲਗਦਾ ਹੈ ਕਿ ਮਯ ਦਾਨਵ ਆਦਿ ਦ੍ਰਾਵਿੜ ਉਸ ਸਮੇਂ ਭਵਨ-ਨਿਰਮਾਣ ਕਲਾ ਵਿਚ ਕਿਤਨੇ ਵੱਡੇ ਮਾਹਿਰ ਸਨ। ਇਸੇ ਹੁਨਰਮੰਦੀ ਕਾਰਣ ਸਾਰੇ ਤਰਖਾਣ ਲੋਕ ਮਯ ਦਾਨਵ ਦੇ ਬਜ਼ੁਰਗ ਬਾਬਾ ਵਿਸ਼ਕਰਮਾ ਜੀ ਨੂੰ, ਜੋ ਮਹਾਰਿਖੀ ਬਾਲਮੀਕ ਜੀ ਦਾ ਹਾਣੀ ਹਵਾਣੀ ਸੀ, ਆਪਣਾ ਪੂਜਨੀਕ ਦੇਵਤਾ ਤੇ ਭਗਵਾਨ ਵਿਸ਼ਨੂੰ ਦਾ ਅਵਤਾਰ ਸਮਝਕੇ ਅਜੇ ਤਕ ਬਕਾਇਦਾ ਮੰਨਦੇ ਪੂਜਦੇ ਹਨ।

ਪੁਰਾਣਿਕ ਕਾਲ, ਬ੍ਰਾਹਮਣੀ ਕਾਲ ਤੇ ਅਗਨੀ ਕੁਲ ਰਾਜਪੂਤ
ਪੰਜਾਬ ਦੇ ਧਾਣਕ, ਜੱਟ ਤੇ ਰਾਜਪੂਤ

ਮੁੱਢਲੇ ਸ਼ਬਦ

ਹੁਣ ਅੱਗੇ ਲਓ ਵੈਦਿਕ ਕਾਲ ਤੋਂ ਬਾਦ ਪੁਰਾਣਿਕ ਅਥਵਾ ਸਨਾਤਨੀ ਕਾਲ। ਇਸ ਕਾਲ ਨੂੰ ਦੂਜੇ ਲਫਜ਼ਾਂ ਵਿਚ ਬ੍ਰਾਹਮਣੀ ਕਾਲ ਵੀ ਕਹਿਆ ਜਾ ਸਕਦਾ ਹੈ। ਪੁਰਾਣਿਕ ਕਾਲ, ਜਦੋਂ ਵਰੁਣ, ਇੰਦਰ ਅਗਨੀ ਆਦਿ ਵੈਦਿਕ ਦੇਵਤਿਆਂ ਦੀ ਥਾਵੇਂ ਪੁਰਾਣਿਕ ਦੇਵੀ-ਦੇਵਤੇ ਬ੍ਰਹਮਾਂ, ਬਿਸ਼ਨੂੰ, ਸ਼ਿਵ, ਦੁਰਗਾ, ਪਾਰਬਤੀ, ਮਹਾਕਾਲੀ ਆਦਿ ਦੀ ਕਲਪਨਾ ਹੋਈ, ਤ੍ਰੇਤਾ ਯੁੱਗ ਤੋਂ ਲੈ ਕੇ ਦਵਾਪਰ ਯੁਗ ਦੇ ਅੰਤ ਅਰਥਾਤ ਮਹਾ-ਭਾਰਤ ਕਾਲ ਤੋਂ ਕੁਝ ਸਮਾਂ ਪਿੱਛੋਂ ਤਕ ਚਲਦਾ ਹੈ। ਬ੍ਰਾਹਮਣੀ ਮਤ ਦੇ ਅਨੁਸਾਰ ਕਲਿਯੁਗ ਦਾ ਪ੍ਰਾਰੰਭ ਹਜ਼ਰਤ ਈਸਾ ਤੋਂ ਪੰਜ ਕੁ ਸਦੀਆਂ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਇਹ ਸਮਾਂ ਰਾਜਾ ਪਰੀਛਤ ਤੋਂ ਬਾਦ ਰਾਜਾ ਜਨਮੇ ਜਯ ਦੇ ਸਮੇਂ ਨਾਲ ਜਾ ਢੁਕਦਾ ਹੈ।

ਯੁਗ ਦਾ ਦੂਜਾ ਅਰਥ ਹੈ ਕਾਲ। ਹਿੰਦੂ ਸ਼ਾਸਤ੍ਰਕਾਰਾਂ ਨੇ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹਾਵਾਕ ਵੀ ਹੈ :—

ਜੁਗਹਿ ਜੁਗਹਿ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥

ਕਿਸੇ ਵੀ ਚਕਰਵਰਤੀ ਰਾਜੇ ਨੂੰ ਹਰੇਕ ਕਾਲ ਅਥਵਾ ਯੁਗ ਦਾ ਮੂਲ ਪਰਵਰਤਕ ਰਾਜਾ ਕਾਲਸਯ ਕਰਣੰ ਕਹਿਕੇ ਮੰਨਿਆ ਹੈ। ਮਨੂੰ ਸਿਮ੍ਰਤੀ ਦੇ ਕਥਨ ਅਨੁਸਾਰ ਜਦ ਰਾਜਾ ਸੁੱਤਾ ਹੁੰਦਾ ਹੈ ਤਾਂ ਕਲਿਜੁਗ ਰਾਜਾ ਜਾਗਦਾ ਹੋਇਆ ਸ਼ੁਭ ਕਰਮਾਂ ਦਾ ਅਨੁਸਠਾਨ ਨਹੀਂ ਕਰਦਾ ਤਾਂ ਦਵਾਪਰ ਜਦ ਉਨ੍ਹਾਂ ਕਰਮਾਂ ਦੇ ਅਨੁਸਠਾਨ ਵਿਚ ਤਤਪਰ ਤਾਂ ਤਰੇਤ ਯੁਗ ਤੇ ਬਦ ਸ਼ਾਸਤਰ ਦੇ ਅਨੁਸਾਰ ਵਾਰ ਵਾਰ ਸ਼ੁਭ ਕਰਮਾਂ

ਦੀ ਅਨੁਸ਼ਠਾਨ ਕਰਦਾ ਹੋਇਆ ਉਨ੍ਹਾਂ ਦੇ ਅਨੁਸਾਰ ਵਿਚਰਦਾ ਹੈ ਤਾਂ ਕ੍ਰਿਤ ਯੁਗ ਅਥਵਾ ਸਤਜੁਗ ਵਰਤ ਜਾਂਦਾ ਹੈ।

(ਦੇਖੋ, ਮਨੂ ਸਿਮ੍ਰਤੀ ਅਧਿਆਇ ੯, ਸਲੋਕ ੩੦੨)

ਇਸ ਤਰ੍ਹਾਂ ਚਾਰੇ ਜੁਗਾਂ ਦੀ ਚੌਕੜੀ ਆਦਿ ਕਾਲ ਤੋਂ ਚਲਦੀ ਚਲਾਂਦੀ ਅਨੇਕ ਰੂਪ ਵਟੀਜਦੀ ਆਈ ਹੈ।

ਪਰਸੁਰਾਮ ਹੱਥੋਂ ਛੱਤਰੀ ਕੁਲ ਦਾ ਨਾਸ਼

ਛੱਤਰੀ ਖਾਨਦਾਨ, ਜਿਵੇਂ ਕਿ ਪਹਿਲਾਂ ਦੱਸ ਆਏ ਹਾਂ, ਸਿਰਫ ਦੋ ਸਨ- ਸੂਰਜ ਵੰਸ਼ ਤੇ ਚੰਦਰ ਵੰਸ਼। ਸਤਜੁਗ ਤੋਂ ਬਾਦ ਤਰੇਤਾ ਯੁਗ ਵਿਚ ਹੀ ਛੱਤ੍ਰੀਆਂ ਦਾ ਮਹਾਂਰਿਖੀ ਪਰਸੁਰਾਮ ਕਾਲ ਇਸ ਕਰਕੇ ਵਿਰੋਧ ਹੋ ਗਿਆ ਕਿ ਉਸਦੇ ਪਿਤਾ ਜਮ ਦਗਨਿ ਨੂੰ ਹੈਹਯ ਵੰਸ਼ ਦੇ ਪਰਮ ਪ੍ਰਤਾਪੀ ਰਾਜਾ ਸਹੰਸਰ ਬਾਹੂ ਨੇ ਹਮਲਾ ਕਰਕੇ ਮਾਰ ਦਿੱਤਾ ਸੀ ਤੇ ਉਸ ਤੋਂ ਕਲਿਲਾ ਗਊ ਖੋਹ ਲਈ ਸੀ। ਜਦ ਇਸ ਧੱਕੇਸ਼ਾਹੀ ਦਾ ਪਰਸੁ ਰਾਮ ਨੂੰ ਪਤਾ ਲੱਗਾ ਤਾਂ ਉਸ ਨੇ ਪ੍ਰਣ ਕਰਕੇ ਇਕੀ ਹਮਲੇ ਕਰਕੇ ਸਾਰੇ ਭਾਰਤ ਵਿਚੋਂ ਛਤਰੀ ਵੰਸ਼ ਦਾ ਸਮੂਲਚਾ ਨਾਸ਼ ਕਰ ਦਿੱਤਾ ਤੇ ਇਸ ਤਰ੍ਹਾਂ ਪਿਤਾ ਦਾ ਬਦਲਾ ਲੈ ਕੇ ਆਪਣੀ ਮਾਤਾ ਰੇਣੁਕਾ ਨੂੰ ਖੁਸ਼ ਕੀਤਾ।

ਭਗਵਾਨ ਪਰਸੁ ਰਾਮ ਦੇ ਇਨ੍ਹਾਂ ਹਮਲਿਆਂ ਵਿਚ ਜੋ ਛਤਰੀ ਜਾਂ ਉਨ੍ਹਾਂ ਦੇ ਪਰਿਵਾਰ ਕਿਸੇ ਹੀਲੇ ਬਚੇ ਉਨ੍ਹਾਂ ਨੇ ਉਤਰਾ ਖੰਡ ਜਾਂ ਕੁੱਲੂ, ਚੰਬਾ, ਕਾਂਗੜਾ ਆਦਿ ਦੀਆਂ ਪਰਬਤ-ਘਾਟੀਆਂ ਵਿਚ ਲੁਕ ਕੇ ਜਾਨਾਂ ਬਚਾਈਆਂ, ਕੁੱਲੂ,ਕਾਂਗੜੇ ਦੇ ਗੱਦੀ ਲੋਕ ਉਨ੍ਹਾਂ ਹੀ ਛੱਤਰੀਆਂ ਵਿਚੋਂ ਬਚੇ ਖੁਚੇ ਪਨਾਹਗੀਰ ਹਨ, ਜੋ ਸਦੀਆਂ ਤੋਂ ਬੜੀ ਗਰੀਬੀ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ। ਇਸ ਤੋਂ ਅਨੇਕਾਂ ਛਤਰੀ ਔਰਤਾਂ ਤੇ ਰਾਜ ਕੁਮਾਰੀਆਂ ਕਿਸੇ ਤਰ੍ਹਾਂ ਬਚ ਬਚਾ ਕੇ ਸਾਧਾਰਣ ਜ਼ਿਮੀਂਦਾਰਾਂ ਜਾਂ ਨੀਵੀਆਂ ਜਾਤਾਂ ਦੇ ਲੋਕਾਂ ਦੇ ਘਰੀ ਜਾ ਵਸੀਆਂ, ਜਿਸ ਕਾਰਣ ਉਨ੍ਹਾਂ ਤੋਂ ਜੋ ਸੰਤਾਨਾਂ ਪੈਦਾ ਹੋਈਆਂ ਉਹ ਅਨੇਕਾਂ ਪ੍ਰਤੀਲੋਮ ਜਾਤ-ਸਨਾਤਾ ਦੇ ਨਾਂ ਨਾਲ ਮਸ਼ਹੂਰ ਹੋਈਆਂ। ਇਸ ਸੰਬੰਧ ਵਿਚ ਜੇ ਕਿਸੇ ਸੱਜਨ ਨੇ ਵਧੀਕ ਵਾਕਿਫੀਅਤ ਹਾਸਲ ਕਰਨੀ ਹੋਵੇ ਤਾਂ ਉਹ ਸਾਰੀਆਂ ਹੀ ਅਨੁਲੋਮ ਤੇ ਪ੍ਰਤਿਲੋਮ ਜਾਤਾਂ ਦੇ ਵੇਰਵੇ ਲੱਭ ਕੇ ਇਸ ਸਚਾਈ ਦਾ ਸਹੀ ਅਨੁਮਾਨ ਲਗਾ ਸਕਦੇ ਹਨ।

ਨਵੇਂ ਅਗਨੀ ਕੁਲ ਰਾਜਪੂਤਾਂ ਦੀ ਉਤਪਤੀ ਤੇ ਤਰੱਕੀ

ਫੇਰ ਇਸ ਤਰ੍ਹਾਂ ਛੱਤ੍ਰੀਆਂ ਤੋਂ ਹੀਨ ਹੋਈ ਪ੍ਰਿਥਵੀ ਨੂੰ ਦੇਖਕੇ ਕੁਝ ਬ੍ਰਾਹਮਣ ਪੁਰੋਹਿਤਾਂ ਨੇ, ਜੋ ਪਹਿਲਾਂ ਹੀ ਭਾਰਤ ਵਿਚ ਜਾਤੀਵਾਦ ਦੇ ਮੋਢੀ ਸਨ, ਆਪਣਾ

ਧਾਰਮਿਕ ਵਪਾਰ ਚਮਕਾਉਣ ਲਈ ਰਾਜਸਥਾਨ ਵਿਚ ਆਬੂ ਪਰਬਤ ਉਤੇ ਇਕ ਯੱਗ ਰਚਿਆ ਜਿਸ ਵਿਕ ਪ੍ਰਚੰਡ ਅਗਨੀ ਪ੍ਰਜਵਲਿਤ ਹੋਣ ਤੇ ਭਰਪੂਰ ਅਹੁਤੀਆਂ ਪਾਈਆਂ ਤੇ ਅਨੇਕ ਪ੍ਰਕਾਰ ਦੇ ਵੇਦ-ਮੰਤਰ ਪੜ੍ਹਕੇ ਚਾਰ ਨੌਜਵਾਨ ਪੁਰਸ਼ ਪ੍ਰਮਾਰ ਪਰਿਹਾਰ, ਸੋਲੰਕਾ ਤੇ ਚੋਹਾਣ ਜਿਨ੍ਹਾਂ ਦੇ ਮੱਥਿਆਂ ਉਤੇ ਲਾਲ ਸੰਧੂਰੀ ਟਿਕੇ ਲੱਗੇ ਹੋਏ ਸਨ, ਉਸ ਯੱਗ ਅਗਨੀ ਤੋਂ ਜਨਮੇ ਦੱਸਕੇ ਸ਼ੁੱਧ ਅਗਨਿ ਕੁਲ ਰਾਜਪੂਤ ਜ਼ਾਹਿਰ ਕੀਤੇ ਤੇ ਉਨ੍ਹਾਂ ਨੂੰ ਉਸ ਵੇਲੇ ਇਹ ਪ੍ਰਸੰਸਾ ਪੱਤਰ ਵੀ ਦਿੱਤੇ ਕਿ ਇਹ ਉਹੋ ਪੁਰਾਤਨ ਕਾਲ ਦੇ ਅਸਲੀ ਰਾਜਪੂਤ ਛੱਤਰੀ ਹਨ। ਫੇਰ ਇਸ ਦੇ ਨਾਲ ਹੀ ਇਕ ਅਸਚਰਜ ਗੱਲ ਇਹ ਵੀ ਕੀਤੀ ਕਿ ਉਨ੍ਹਾਂ ਦੇ ਕਈ ਪ੍ਰਕਾਰ ਦੇ ਕਲਪਨਾ-ਪ੍ਰਸੂਤ ਕੁਰਸੀ ਨਾਮੇ ਪੁਰਾਣੇ ਵੇਦਿਕ ਕਾਲ ਦੇ ਸੂਰਜ ਵੰਸੀ ਤੇ ਚੰਦਰ ਵੰਸੀ ਛੱਤਰੀਆਂ ਨਾਲ ਹੀ ਮੇਲ ਦਿੱਤੇ, ਜੋ ਹੁਣ ਤਕ ਉਸੇ ਤਰ੍ਹਾਂ ਰਾਜਪੂਤਾਂ ਦੇ ਇਤਿਹਾਸ ਦੇ ਅੰਗ ਬਣੇ ਹੋਏ ਦਿਸਦੇ ਹਨ।

ਇਹ ਰਾਜਪੂਤ ਦਰਅਸਲ ਛੱਤਰੀ ਹਨ ਜਾਂ ਕੁਝ ਹੋਰ, ਜੇ ਇਸ ਬਾਰੇ ਖੋਜਾਂ ਤੋਂ ਕੰਮ ਲਿਆ ਜਾਵੇ ਤੇ ਉਸ ਖੋਜ ਨੂੰ ਡੂੰਘੀ ਨਜ਼ਰ ਨਾਲ ਤੱਕਿਆ ਜਾਵੇ ਤਾਂ ਨਤੀਜਾ ਕੁਝ ਹੋਰ ਹੀ ਨਿਕਲਦਾ ਹੈ, ਜਿਵੇਂ ਕਿ ਕੁਝ ਅਸਲ ਹਕੀਕਤ ਇਸ ਤਰ੍ਹਾਂ, ਵੇਖਣ ਵਿਚ ਆਈ ਹੈ। ਰਾਜਪੂਤ ਲਫ਼ਜ਼ ਦਰਅਸਲ ਸੰਸਕ੍ਰਿਤ ਬੋਲੀ ਦਾ ਨਹੀਂ ਸਗੋਂ ਦੇਸੀ ਹੈ। ਇਸ ਦੀ ਅਸਲੀਅਤ ਇਹ ਹੈ ਕਿ ਪੁਰਾਣੇ ਰਾਜ-ਘਰਾਣਿਆਂ ਵਿਚ ਤਿੰਨ ਕਿਸਮ ਦੀਆਂ ਰਾਣੀਆਂ ਤੇ ਰਾਜ-ਵਹੁਟੀਆਂ ਹੁੰਦੀਆਂ ਹਨ—(੧) ਉਚੇ ਖਾਨਦਾਨ ਵਿਚੋਂ ਆਈਆਂ ਰਾਣੀਆਂ ਜਾਂ ਮਹਾਰਾਣੀਆਂ (੨) ਰਾਜ-ਵਹੁਟੀਆਂ ਜੋ ਕੁਝ ਨੀਵੇਂ ਖਾਨਦਾਨ ਦੀਆਂ ਹੁੰਦੀਆਂ ਸਨ ਤੇ (੩) ਟਹਿਲਣਾ ਬੀਬੀਆਂ ਜਿਨ੍ਹਾਂ ਵਿਚੋਂ ਬਹੁਤੀਆਂ ਜੋ ਵਧੇਰੇ ਨੀਵੀਂ ਜਾਤ ਜਾਂ ਨੀਵੇਂ ਤਬਕੇ ਦੀਆਂ ਹੀ ਹੁੰਦੀਆਂ ਸਨ। ਰਾਣੀ ਜਾਂ ਮਹਾਰਾਣੀ ਦੇ ਪੇਟੋਂ ਜਨਮੀ ਸੰਤਾਨ—ਰਾਜ ਕੁਮਾਰ ਤੇ ਰਾਜ ਕੁਮਾਰੀ, ਰਾਜ-ਵਹੁਟੀ ਦੀ ਸੰਤਾਨ—ਰਾਜਪੂਤ, ਰਾਜਪੁਤਰ ਤੇ ਰਾਜ ਪੁਤਰੀ ਅਤੇ ਨੀਵੀਂ ਜਾਤ ਦੀ ਕਿਸੇ ਵੀ ਟਹਿਲਣ ਦੀ ਸੰਤਾਨ ਹਮੇਸ਼ਾਂ ਰਾਜ-ਬੇਟਾ ਤੇ ਰਾਜ ਬੀਬੀ ਦਾ ਰੁਤਬਾ ਪ੍ਰਾਪਤ ਕਰਦੀ ਸੀ। ਇਸ ਲਈ ਇਸ ਹਾਲਤ ਵਿਚ ਰਾਜਪੂਤਾਂ ਨੂੰ ਜੇ ਰਾਜ-ਵਹੁਟੀਆਂ ਦੀ ਸੰਤਾਨ ਮੰਨਿਆ ਜਾਵੇ ਤੇ ਅਸਲ ਛਤ੍ਰੀਆਂ ਦਾ ਦਰਜਾ ਨਾ ਦਿੱਤਾ ਜਾਵੇ ਤਾਂ ਇਹ ਕੋਈ ਬੇ-ਇਨਸਾਫੀ ਅਤਿ ਕਥਨੀ ਜਾਂ ਅਤਿਯੁਕਤੀ ਵਾਲੀ ਗੱਲ ਨਹੀਂ ਹੈ। ਰਾਜਪੂਤਾਂ ਨੂੰ ਇਸੇ ਕਾਰਣ ਅਗਨਿ ਵਿਚੋਂ ਪੈਦਾ ਹੋਏ ਦੱਸਣ ਤੋਂ ਵੀ ਅੱਗ ਵਿਚ ਪੈ ਕੇ ਅੰਗਿਆਏ ਹੋਏ ਵਰਤਣਾ, ਤੋਂ ਵੱਧ ਉਨ੍ਹਾਂ ਦੀ ਆਤਮਿਕ ਸੁੱਧੀ ਦੀ ਹੋਰ ਕੋਈ ਅਹਮੀਅਤ ਨਹੀਂ ਹੈ। ਇਸ ਲਈ

ਕਹਿਣਾ ਪੈਂਦਾ ਹੈ ਕਿ ਇਹ ਰਾਜਪੂਤ ਛਤਰੀ ਨਹੀਂ, ਸਗੋਂ ਅਗਨੀਕੁਲ ਹੋਣ ਦੇ ਨਾਤੇ ਇਕ ਪ੍ਰਕਾਰ ਦੇ ਮਨਸੂਈ ਛਤਰੀ ਹੀ ਹਨ।

ਇਸ ਤੋਂ ਬਾਦ ਇਨ੍ਹਾਂ ਅਗਨੀ ਕੁਲ ਰਾਜਪੂਤਾਂ ਨੇ ਬ੍ਰਾਹਮਣਾਂ ਤੋਂ ਅਸ਼ੀਰਵਾਦ ਲੈਂਦਿਆਂ ਹੀ ਇਕੋ ਹੰਭਲੇ ਨਾਲ ਪਹਿਲਾਂ ਰਾਜਸਥਾਨ, ਮੱਧ ਭਾਰਤ ਦੇ ਦਿੱਲੀ ਆਦਿ ਦੇ ਇਲਾਕੇ ਫ਼ਤਹਿ ਕਰਕੇ ਵਾਹੀਕ ਦੇਸ਼ (ਪੰਜਾਬ) ਤੇ ਇਸ ਨਾਲ ਸੰਬੰਧਿਤ ਤਮਾਮ ਪਹਾੜੀ ਇਲਾਕਿਆਂ ਉਤੇ ਆਪਣਾ ਅਧਿਕਾਰ ਜਮਾ ਲਿਆ। ਪੰਜਾਬ ਦੇ ਸਾਰੇ ਹੀ ਧਾਣਕ ਲੋਕ, ਜੋ ਇਸ ਸਮੇਂ ਗੱਖੜ ਤੇ ਖੋਖਰ ਜਾਤਿ ਦੇ ਨਾਂ ਨਾਲ ਮਸ਼ਹੂਰ ਸਨ, ਇਨ੍ਹਾਂ ਜੰਗੀ ਧਾਣਿਆਂ ਵਿਚ ਪੂਰੀ ਤਰ੍ਹਾਂ ਰਾਜਪੂਤਾਂ ਦੇ ਹਮ ਰਕਾਬ ਹੋ ਕੇ ਰਹੇ ਜਿਸ ਕਰਕੇ ਕੋਈ ਵੀ ਇਲਾਕਾ ਇਨ੍ਹਾਂ ਦੀ ਮਾਰ ਤੋਂ ਬਚ ਨਾ ਸਕਿਆਂ, ਰਾਜਪੂਤਾ ਨੇ ਇਸ ਸਮੇਂ ਪੰਜਾਬ ਤੇ ਉਤਰਾ ਖੰਡ ਦੀਆਂ ਪਰਬਤ-ਘਾਟੀਆਂ ਦੇ ਸਾਰੇ ਹੀ ਭੀਲ ਕਿਰਾਤ ਤੇ ਮੀਣੇ ਲੋਕ ਜਿਹੜੇ ਕਿ ਦ੍ਰਵਿੜ ਜਾਤੀ ਨਾਲ ਸੰਬੰਧ ਹੋਣ ਕਰਕੇ ਮੁੱਢ ਕਦੀਮ ਤੋਂ ਆਰਯ-ਲੋਕਾਂ ਨਾਲ ਲੋਹਾ ਲੈਂਦੇ ਆਏ ਸਨ, ਕਈ ਪ੍ਰਕਾਰ ਦੀਆਂ ਰਾਜਨੀਤਕ ਨਿਊਣੀਆਂ ਖਿਊਣੀਆਂ ਪਾ ਕੇ ਆਪਣੀ ਮਤਲਬ ਪ੍ਰਸਤੀ ਲਈ ਪੰਜਾਬ ਦੀ ਥਾਵੇਂ ਰਾਜਿਸਥਾਨ ਵਿਚ ਜਾ ਵਸਾਏ ਜਿਸ ਕਾ ਰਣ ਉਨ੍ਹਾਂ ਵਿਚੋਂ ਹੁਣ ਤਕ ਬਹੁਤੇ ਉਥੇ ਹੀ ਮੁਕੰਮ ਹਨ। ਪਰ ਰਾਜਪੂਤਾਂ ਦੇ ਸਹਿਯੋਗ ਗੱਖੜ ਤੇ ਖੋਖਰ ਨਾਮੀ ਧਾਣਕ ਲੋਕ ਜੋਧੇ ਪੱਕੇ ਤੌਰ ਤੇ ਰਾਜ ਭਾਗ ਪ੍ਰਾਪਤ ਹੋਣ ਤੇ ਏਥੇ ਪੰਜਾਬ ਵਿਚ ਹੀ ਰਹੇ।

ਖੋਖਰ ਧਾਣਕਾਂ ਦੀ ਪੰਜਾਬ ਉਤੇ ਹਕੂਮਤ

ਗੱਖੜਾਂ ਤੇ ਖੋਖਰਾਂ ਵਲੋਂ ਲਹਿੰਦੇ ਪੰਜਾਬ ਵਿਚ ਰਾਜ ਭਾਗ ਪ੍ਰਾਪਤ ਕਰਨ ਦੇ ਹਾਲ ਵੀ ਬੜੇ ਅਜੀਬ ਹਨ। ਉਹ ਇਸ ਕਰਕੇ ਕਿ ਮਹਾਂਭਾਰਤ ਦਾ ਜੰਗ ਹੋਣ ਪਿਛੋਂ ਦੀਆਂ ਸਾਰੀਆਂ ਗਣਤੰਤਰ ਹਕੂਮਤਾਂ, ਜਿਨ੍ਹਾਂ ਨੇ ਇਸ ਮਹਾਨ ਜੰਗ ਸਮੇਂ ਕੌਰਵਾਂ ਦਾ ਪੱਖ ਲਿਆ ਸੀ, ਮੈਦਾਨਿ ਜੰਗ ਵਿਚ ਆਪੋ ਆਪਣੀਆਂ ਫੌਜਾਂ ਸਮੇਤ ਪੂਰੀ ਤਰ੍ਹਾਂ ਖਤਮ ਹੋ ਚੁਕੀਆਂ ਹਨ, ਜਿਸ ਕਾਰਣ ਸਾਰਾ ਪੰਜਾਬ ਜਨ-ਸ਼ੂਨਯ ਹੋਣ ਤੇ ਏਥੇ ਕੁਝ ਚਿਰ ਪਿਛੋਂ ਮਹਾਰਾਜਾ ਕਸ਼ਮੀਰ ਨੇ ਕਬਜ਼ਾ ਆ ਜਮਾਇਆ ਸੀ। ਰਾਜਾਵਲੀ ਤੇ ਰਾਜਤਰੰਗਿਣੀ (ਕਲ੍ਹਣ) ਦੇ ਕਥਨ ਅਨੁਸਾਰ ਮਹਾਂਭਾਰਤ ਦੇ ਜੰਗ ਸਮੇਂ ਕਸ਼ਮੀਰ ਦਾ ਮਹਾਰਾਜਾ ਬਾਲ ਉਪਰ ਹੋਣ ਕਰਕੇ ਉਸ ਜੰਗ ਵਿਚ ਕਿਸੇ ਧੜੇ ਵਲੋਂ ਸ਼ਾਮਲ ਨਹੀਂ ਹੋਇਆ ਸੀ ਜਿਸ ਕਰਕੇ ਉਸ ਦੀ ਰਾਜ-ਸ਼ਕਤੀ ਵਿਚ ਕੋਈ ਜ਼ੁਅਫ ਨਹੀਂ ਸੀ ਆਇਆ। ਪੰਜਾਬ ਉਤੇ ਕਸ਼ਮੀਰ ਦੀ ਹਕੂਮਤ ਉਸ ਸਮੇਂ ਦਰਿਆ ਜਮਨਾ ਤੋਂ ਲੈ ਕੇ ਇਲਾਕਾ ਰੋਹਤਕ (ਰੋਹੀਤਕ) ਤਕ ਫੈਲੀ ਹੋਈ ਸੀ।

ਪਰ ਪੰਜਾਬ ਉਤੇ ਕਸ਼ਮੀਰ ਦਾ ਇਹ ਕਬਜ਼ਾ ਬਹੁਤ ਚਿਰ ਸਥਾਈ ਨਾ ਰਿਹਾ ਜਿਸ ਕਰਕੇ ਰ ਜਸਥਾਨ ਵਿਚ ਅਗਨਿ ਕੁਲ ਰਾਜਪੂਤਾਂ ਨੇ ਸਿਰ ਉਠਾਇਆ ਤਾਂ ਉਨ੍ਹਾਂ ਦੀ ਸ਼ਹਿ ਪਾਕੇ ਪੂਰੀ ਤੇ ਲਹਿੰਦੇ ਪੰਜਾਬ ਉਤੇ ਗੱਖੜਾਂ ਤੇ ਖੋਖਰਾਂ ਨੇ ਕਬਜ਼ਾ ਕਰ ਲਿਆ। ਗੱਖੜ ਤੇ ਖੋਖਰ ਦੋਵੇਂ ਭਾਵੇਂ ਧਾਣਕ ਜਾਤਿ ਦੇ ਹੀ ਜੰਮਪਲ ਸਨ, ਪਰ ਰਾਜਪੂਤਾਂ ਦੀਆਂ ਮੁਲਕੀ ਗੱਲਾਂ ਵਿਚ ਸ਼ਾਮਲ ਹੋਣ ਤੇ ਇਹ ਆਪਣੀ ਬਹਾਦੁਰੀ ਕਾਰਣ ਏਨੇ ਬੁਲੰਦ ਰੁਤਬੇ ਉਤੇ ਅੱਪੜ ਗਏ ਕਿ ਰਾਜਪੂਤਾਂ ਨਾਲ ਇਕ-ਮਿਕ ਹੋਣ ਤੇ ਰਾਜਪੂਤ ਹੀ ਮੰਨੇ ਗਏ। ਫੇਰ ਰਾਜਪੂਤਾਂ ਦੀ ਰੀਸੋ ਰੀਸ ਅਰੋੜੇ ਖੜ੍ਰੀਆਂ ਨੇ ਵੀ ਗੱਖੜਾਂ ਤੇ ਖੋਖਰਾਂ ਨੂੰ ਆਪਣੇ ਅੰਗ ਬਣਾ ਲਿਆ ਜਿਸ ਕਰਕੇ ਕਿਤਨੇ ਹੀ ਅਰੋੜ ਵੰਸੀ ਹੁਣ ਤਕ ਗੱਖੜਾ ਤੇ ਖੋਖਰਾਇਣ ਨਾਂ ਨਾਲ ਮਸ਼ਹੂਰ ਹਨ। ਮਹਾਂ ਕਵਿ ਚੰਦ ਵਰਦਾਈ ਨੇ ਪ੍ਰਿਥਵੀ ਰਾਜ ਰਾਸੋ ਵਿਚ ਗੱਖੜਾਂ ਤੇ ਖੋਖਰਾਂ ਦੀ ਹਕੂਮਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਮਹਾਰਾਜਾ ਪ੍ਰਿਥਵੀ ਰਾਜ ਦੇ ਪ੍ਰਬਲ ਸਹਾਇਕ ਮੰਨਿਆ ਹੈ, ਗੱਖੜਾਂ ਤੇ ਖੋਖਰਾਂ ਦਾ ਇਹ ਹਕੂਮਤ ਲਹਿੰਦੇ ਪੰਜਾਬ ਵਿਚ ਜਿਹਲਮ ਆਦਿ ਦੇ ਇਲਾਕਿਆਂ ਉਤੇ ਮੁਗਲ ਹਮਲਾਆਵਰ ਤੈਮੂਰ ਦੇ ਸਮੇਂ ਤਕ ਕਾਇਮ ਰਹੀ। ਇਸੇ ਕਾਰਣ ਪੰਜਾਬ ਦੇ ਧਾਣਕ ਹੁਣ ਤਕ ਬੜੇ ਮਾਣ ਤੇ ਫਖਰ ਨਾਲ ਆਪਣੇ ਕੁਰਸੀ ਨਾਮੇ ਗੱਖੜਾਂ ਤੇ ਖੋਖਰਾਂ ਨਾਲ ਜੋੜਦੇ ਹਨ। ਸਰ ਡੈਨਜ਼ਿਲ ਇਥਟਸਨ ਨੇ ਇਸੇ ਕਾਰਣ ਆਪਣੀ ਅੰਗ੍ਰੇਜ਼ੀ ਪੁਸਤਕ ਦੇ ਸਫ਼ਾ ੧੭੩ ਪਰ ਖੋਖਰ ਜਾਤਿ ਦੇ ਨਾਲ ਹੀ ਖੋਖਰ ਹਰਿਜਨਾਂ ਦਾ ਜ਼ਿਕਰ ਵੀ ਉਸ ਸਮੇਂ ਦੀਆਂ ਬੀਰ-ਗਾਥਾਵਾਂ ਦੇ ਆਧਾਰ ਤੇ ਕੀਤਾ ਹੈ।†

ਪੰਜ਼ਾਬ ਦੇ ਖਤਰੀ ਤੇ ਖੋਖਰ (ਧਾਣਕ)

ਰਾਜਪੂਤਾਂ ਦੇ ਨਾਲ ਹੀ ਪੰਜਾਬ ਦੇ ਖਤਰੀ ਵੀ ਆਪਣੇ ਕੁਰਸੀ ਨਾਮੇ ਸੂਰਜ ਵੰਸੀ ਤੇ ਚੰਦਰਵੰਸੀ ਛਤ੍ਰੀਆਂ ਨਾਲ ਮਿਲਾਉਂਦੇ ਹਨ। ਇਨ੍ਹਾਂ ਵਿਚੋਂ ਜੇ ਸੋਢੀ, ਬੇਦੀ, ਤਰੇਹਣ ਆਦਿ ਸਰੀਹਣ ਜਾਤਿ ਦੇ ਖਤ੍ਰੀਆਂ ਨੂੰ ਛੱਡਕੇ ਜੋ ਕਿ ਭੱਟ ਵਹੀਆਂ ਦੇ ਅਨੁਸਾਰ ਸੂਰਜ ਵੰਸੀ ਛਤ੍ਰੀਆਂ ਨਾਲ ਜਾ ਰਲਦੇ ਹਨ, ਬਾਕੀ ਢਾਈ ਘਰੇ,

---

†ਖੋਖਰ ਜਾਤਿ ਅਮੀਰੀ ਤੇ ਗਰੀਬੀ ਦੇ ਲਿਹਾਜ਼ ਨਾਲ ਵੱਖੋ ਵੱਖ ਤਿੰਨ ਦਰਜਿਆਂ ਜਾਂ ਜਾਤਾਂ ਵਿਚ ਵੰਡੀ ਗਈ,ਜਿਵੇਂ (੧)ਖੋਖਰ ਰਾਜਪੂਤ,(੨) ਖੋਖਰ ਜੱਟ ਤੇ (੩) ਖੋਖਰ ਧਾਣਕ। ਇਸ ਮਸਨੂਈ ਜਾਤਿ ਵੰਡ ਤੋਂ ਜੇ ਰਤਾ ਕੁ ਉਚੇ ਹੋ ਕੇ ਦੇਖਿਆ ਜਾਵੇ ਤਾਂ ਸਮੁੱਚੀ ਖੋਖਰ ਜਾਤਿ ਇਕ ਸੂਰਬੀਰ ਜਾਤਿ ਹੋਣ ਕਰਕੇ ਕਿਸੇ ਹਾਲਤ ਵਿਚ ਵੀ ਪੁਰਾਤਨ ਧਾਣਕ ਜਾਤਿ ਤੋਂ ਅਲੱਗ ਨਹੀਂ ਮੰਨੀ ਜਾ ਸਕਦੀ ਹੈ।

ਚਾਰ ਘਰੇ ਆਦਿ ਖਤ੍ਰੀਆਂ ਦੇ ਮੁੱਢ ਵਲ ਤਕਿਆ ਜਾਵੇ ਤਾਂ ਰਾਜਪੂਤਾਂ ਵਾਂਗੂ ਇਕ ਪ੍ਰਕਾਰ ਦੀ ਪ੍ਰਤਿਲੋਮ, ਜਾਤੀ ਹੋਣ ਕਰਕੇ ਜੇ ਹੋਰ ਕੁਝ ਨਹੀਂ ਤਾਂ ਨਿਰੇ ਵੈਸ਼ ਹੀ ਸਾਬਤ ਹੁੰਦੇ ਹਨ, ਕਿਉਂਕਿ ਪੁਰਾਣਿਕ ਲਿਖਤਾਂ ਦੇ ਅਨੁਸਾਰ ਇਨ੍ਹਾਂ ਦੀ ਉਤਪੱਤੀ ਵੀ ਅਗਨਿ ਕੁੰਡ ਤੋਂ ਹੀ ਹੋਈ ਦੱਸੀ ਤੇ ਲਿਖਿਆ ਹੈ :—

ਅਗਨਿ ਕੁੰਡਾਤ ਸਮੁਦ ਭੂਤਾ ਸਤ੍ਰਯ : ਪੁਤ੍ਰਾ ਸੁਧਾਰਮਿਕਾ: ।
ਅਗ੍ਰਵਾਂਲੇਤਿ ਖਤ੍ਰੀ ਚ ਰੌਨਿਯਾਰੇਤਿ ਸੰਗਯਕਾ: ॥

ਅਰਥਾਤ—ਯੱਗ ਦੇ ਅਗਨੀ ਕੁੰਡ ਤੋਂ ਜੋ ਤਿੰਨ ਧਾਰਮਿਕ ਵਿਅਕਤੀ ਪੈਦਾ ਹੋਏ ਉਹ ਸਨ—ਅਗ੍ਰਵਾਲ (ਬਾਣੀਆਂ),ਖਤ੍ਰੀ ਅਤੇ ਸੌਨਿਆਰ (ਸੁਨਿਆਰ)। ਇਸ ਲਈ ਖਤ੍ਰੀਆਂ ਨੂੰ ਅਗ੍ਰਵਾਲ (ਬਾਣੀਆਂ) ਨਾਲੋਂ ਵਿਛੋੜ ਕੇ ਕਿਸੇ ਹੀਲੇ ਵੀ ਛਤਰੀ ਤੇ ਰਾਜਪੂਤ ਨਹੀਂ ਮੰਨਿਆ ਜਾ ਸਕਦਾ, ਦਰਅਸਲ ਇਹ ਖਤਰੀ ਬਾਣੀਆਂ ਦੀ ਹੀ ਇਕ ਸ਼ਾਖ ਹਨ। ਇਹ ਤਾਂ ਹੋਇਆ ਖਤਰੀਆਂ ਦਾ ਮੁੱਢਲਾ ਨਿਕਾਸ ਤੇ ਹੁਣ ਅੱਗੇ ਲਓ ਵਿਕਾਸ।

ਖਤਰੀ ਵੈਸ਼ਾਂ ਦਾ ਖੋਖਰ ਧਾਣਕਾਂ ਨਾਲ ਸੰਬੰਧ

ਏਥੇ ਇਹ ਰਹੱਸ ਵੀ ਸਪਸ਼ਟ ਕਰਨਾ ਜੋਗ ਹੈ ਇਸ ਲਈ ਇਨ੍ਹਾਂ ਦਾ ਮੁੱਢਲਾ ਇਤਿਹਾਸ ਦਸਣਾ ਜ਼ਰੂਰੀ ਹੈ ਤਾਂਕਿ ਇਸ ਖੋਜ ਸੰਬੰਧੀ ਹੋਰ ਕੋਈ ਤੱਥ ਜਾਂ ਉਲਝਣਾਂ ਬਾਕੀ ਨਾ ਰਹਿ ਜਾਵੇ। ਤਾਰੀਖਿ ਖਤ੍ਰੀਆਂ ਦੇ ਅਨੁਸਾਰ ਸੁਲਤਾਨ ਅਲਾਉਦੀਨ ਖਿਲਜੀ ਦੀ ਹਕੂਮਤ ਸਮੇਂ ਖਤਰੀ ਲੋਕ ਅੱਛੇ ਖਾਸੇ ਪੜ੍ਹੇ-ਲਿਖੇ ਤੇ ਚਲਦੇ ਪੁਰਜ਼ੇ ਹੋਣ ਕਰਕੇ ਬਹੁਤੇ ਉਸ ਦੇ ਰਾਜ-ਅਧਿਕਾਰੀ ਸਨ। ਇਕ ਵੇਰ ਦੱਖਣ ਦੀ ਜੰਗ ਸਮੇਂ ਜਦ ਖਤ੍ਰੀਆਂ ਦਾ ਬਹੁਤ ਸਾਰਾ ਜਾਨੀ ਨੁਕਸਾਨ ਹੋਇਆ ਤੇ ਉਨ੍ਹਾਂ ਦੀਆਂ ਅਨੇਕ ਔਰਤਾਂ ਵਿਧਵਾ ਹੋ ਗਈਆਂ ਤਾਂ ਸੁਲਤਾਨ ਅਲਾਉਦੀਨ ਨੇ ਖਤ੍ਰੀਆਂ ਨੂੰ ਉਨ੍ਹਾਂ ਔਰਤਾਂ ਦੇ ਕਰੇਵੇ ਕਰ ਲੈਣ ਦੀ ਸਲਾਹ ਦਿੱਤੀ, ਪਰ ਖਤ੍ਰੀ ਬ੍ਰਾਹਮਣੀ ਮਤ ਦੇ ਅਨੁਯਾਈ ਹੋਣ ਕਰਕੇ ਇਸ ਗਲੋਂ ਇਨਕਾਰ ਕਰ ਗਏ। ਛੇਕੜ ਜਦ ਸੁਲਤਾਨ ਨੇ ਸੁਧਾਰਕ ਪੱਖ ਤੋਂ ਵਿਧਵਾ-ਵਿਵਾਹ ਉਤੇ ਬਹੁਤ ਜ਼ੋਰ ਪਾਇਆ ਤਾਂ ਉਨ੍ਹਾਂ ਵਿਚੋਂ ਕੁਝ ਖਤ੍ਰੀ ਤਾਂ, ਜਿਨ੍ਹਾਂ ਵਿਚ ਸੋਢੀ, ਵੇਦੀ, ਤ੍ਰੇਹਣ, ਭੱਲੇ ਆਦਿ ਸ਼ਾਮਲ ਹਨ। ਕਰੇਵੇ ਕਰਨ-ਕਰਵਾਉਣ ਤੇ ਮੰਨ ਗਏ ਜਿਸ ਕਰਕੇ ਉਹ ਸੁਲਤਾਨ ਅਲਾਉਦੀਨ ਦੇ ਇਸ ਸ਼ਰਈ ਆਈਨ ਦੇ ਅਨੁਯਾਈ ਹੋਣ ਕਰਕੇ ਸਰੀਨ ਅਖਵਾਏ ਤੇ ਬਾਕੀ ਖਤ੍ਰੀ, ਜਿਹੜੇ ਕਿ ਮੁਲਤਾਨ, ਲਾਹੌਰ ਆਦਿ ਨਗਰਾਂ ਤੋਂ ਆਪੋ ਆਪਣੇ ਵਫ਼ਦ ਲੈ ਕੇ ਦਿੱਲੀ ਗਏ ਸਨ, ਬਾਦਸ਼ਾਹ ਦਾ ਇਹ ਹੁਕਮ ਮੰਨ ਨ ਸਕੇ।

ਉਹ ਬਵੰਞਾ (ਬਾਵਨ) ਜਾਤਾਂ ਦੇ ਖਤ੍ਰੀ ਸਨ ਜਿਸ ਕਰਕੇ ਬਾਵੰਜਾਹੀ ਖਤ੍ਰੀ ਅਖਵਾਏ। ਉਨ੍ਹਾਂ ਵਿਚ ਮੁਲਤਾਨ ਦੇ ਖਤਰੀ ਜੋ ਆਪਣੇ ਆਪ ਨੂੰ ਬਹੁਤੇ ਉੱਚੇ ਮੰਨਦੇ ਹਨ, ਮੁਲਤਾਨੋਂ ਦਿੱਲੀ ਵੱਲ ਢਾਈ ਕੋਹ ਇਕੱਲੇ ਹੀ ਚੱਲ ਪਏ ਜਿਸ ਤੇ ਉਹ ਢਾਈ ਘਰ ਦੇ ਖਤਰੀ ਅਖਵਾਏ। ਫੇਰ ਉਸ ਤੋਂ ਅੱਗੇ ਚੱਲ ਕੇ ਚਾਰ ਕੋਹਾਂ ਨੂੰ ਜੋ ਗਵਾਂਢੀ ਖਤਰੀ ਮਿਲੇ ਉਹ ਚਾਰ ਘਰੇ, ਫੇਰ ਪੰਜ ਕੋਹਾਂ ਤੇ ਮਿਲਣ ਵਾਲੇ ਪੰਜ ਘਰੇ ਤੇ ਇਸੇ ਛੇ ਕੋਹਾਂ ਤੇ ਮਿਲਣ ਵਾਲੇ ਛੇ ਘਰੇ ਖਤਰੀ ਮਸ਼ਹੂਰ ਹੋਏ।

ਖਤ੍ਰੀਆਂ ਦੀਆਂ ਚਾਰ ਜਾਤਾਂ ਵਿਚ ਬਾਵੰਜਾਹੀ (ਬੰਜਾਹੀ) ਸਰੀਣ, ਬਾਹਰੀ, ਤੇ ਖੁਖਰਾਇਣ ਮਸ਼ਹੂਰ ਹਨ। ਇਨ੍ਹਾਂ ਵਿਚੋਂ ਖੁਖਰਾਇਣ ਖਤਰੀ ਗੱਖੜਾ ਤੇ ਖੋਖਰਾਂ (ਧਾਣਕ ਜਾਤਾਂ) ਨਾਲ ਮਿਲਣ ਕਰਕੇ ਨੀਵੇਂ ਮੰਨੇ ਗਏ ਜਿਸ ਕਰਕੇ ਹੋਰ ਖਤ੍ਰੀ ਇਨ੍ਹਾਂ ਨਾਲ ਆਪਣੇ ਰਿਸ਼ਤੇ ਨਾਤੇ ਕਰਨੋਂ ਘੱਟ ਗਏ। ਪੰਜਾਬ ਦੇ ਉੱਚੇ ਖਤ੍ਰੀਆਂ ਵਿਚੋਂ ਮਲਹੋਤਰੇ (ਮਹਰੇ), ਖੰਨੇ ਕਪੂਰ ਤੇ ਸੇਠੀ ਖਤ੍ਰੀ ਮਸ਼ਹੂਰ ਹਨ। ਇਹ ਸਾਰੇ ਹੀ ਖਤ੍ਰੀ ਆਪਣਾ ਮੁੱਢਲਾ ਨਿਕਾਸ ਤੇ ਵਿਕਾਸ ਮੁਲਤਾਨ ਵਿਚੋਂ ਹੋਇਆ ਮੰਨਦੇ ਹਨ। ਸੋਢੀ ਖਤ੍ਰੀ ਲਵਪੁਰ (ਲਾਹੌਰ) ਦੇ ਮਹਾਰਾਜਾ ਕਾਲ ਰਾਏ ਦੀ ਸੰਤਾਨ ਤੇ ਵੇਦੀ ਖਤ੍ਰੀ ਕਸੂਰ ਦੇ ਰਾਜਾ ਕਾਲਪਤਿ ਰਾਏ ਨੂੰ ਆਪਣਾ ਮੋਢੀ ਦਸਦੇ ਹਨ। ਇਸੇ ਕਾਰਣ ਉਹ ਆਪਣੇ ਆਪ ਨੂੰ ਸੂਰਜ ਵੰਸੀ ਸਿਧ ਕਰਦੇ ਹਨ।

ਪੰਜਾਬ ਦੇ ਪ੍ਰਮੁਖ ਖਤਰੀ ਤੇ ਉਨ੍ਹਾਂ ਦੇ ਮਸ਼ਹੂਰ ਜਾਤਿ-ਗੋਤ

੧) ਚਾਰ ਜਾਤੀ ਅਥਵਾ ਢਾਈ ਘਰੇ ਖਤਰੀ :

ਮਲਹੋਤਰੇ, ਕਪੂਰ, ਖੰਨੇ ਤੇ ਸੇਠੀ।

੨) ਪੰਜ ਜਾਤੀ ਖਤਰੀ :

ਬੇਰੀ, ਬਹਿਲ, ਵਾਹੀ, ਵਿੱਜ ਤੇ ਸਹਿਗਲ।

੩) ਛੇ ਜਾਤੀ ਖਤਰੀ :

ਤਲਵਾੜ, ਟੰਡਨ, ਚੋਪੜੇ, ਧਵਨ, ਕੱਕੜ ਧੂਰੇ।

੪) ਬਵੰਜਾਹੀ ਭਾਈਚਾਰਾ :

ਪੁਰੀ, ਤੁੱਲੀ, ਭੰਡਾਰੀ, ਕਤਿਆਲ, ਵਸਾਵਨ, ਕੋਛੜ, ਦੁੱਗਲ, ਸੇਖੜੀ (ਨੰਦੇ), (ਹਾਂਡੇ), (ਭੱਲੇ), (ਮਹਤੇ), (ਕੌੜੇ), (ਸ਼ਾਮੀ ਹੋਕ) (ਥਾਪਰ) (ਸੱਭਰਵਾਲ), ਤੇ ਪਾਟਨੀ (ਟਕਸਾਲੀ)।

੫) **ਖੁਖਰਾਇਣ ਖਤਰੀ :**

ਚੱਢੇ, ਸਾਹਣੀ, ਆਨੰਦ, ਭਸੀਨ, ਕੋਹਲੀ, ਸੂਰੀ, ਸੇਠੀ ਤੇ ਸੱਭਰਵਾਲ।

੬) **ਸਰੀਹਣ ਭਾਈਚਾਰਾ (ਵੱਡਾ) :**

ਖੋਸਲੇ, ਮਰਵਾਹੇ, ਤ੍ਰੇਹਣ, ਭੱਲੇ, ਬੇਦੀ, ਬਹਿਲ ਤੇ ਬਬੂਟੀ।

੭) **ਸਰੀਹਣ ਭਾਈਚਾਰਾ (ਛੋਟਾ) :**

ਸੋਨੀ, ਖੁੱਲਰ, ਕਪਾਹੀ, ਪੁਰੀ, ਸੋਢੀ, ਮਿਲੀ, ਜੁਲਕੇ, ਤੇ ਧੁੱਸੇ।

(ਖੱਤਰੀ ਇਤਿਹਾਸ ਕ੍ਰਿਤ ਰਾਮ ਰੱਖਾ ਮਲ)

ਇਨ੍ਹਾਂ ਖਤ੍ਰੀਆਂ ਦੀ ਹੀ ਇਕ ਸ਼ਾਖ ਹੈ। ਪੱਛਮੀ ਪੰਜਾਬ ਦੇ ਘਰੋੜੇ ਖਤਰੀ, ਜੋ ਉਘਰਾਧੀ ਤੇ ਦੱਖਣੀ ਨਾਂ ਹੇਠ ਦੋ ਸ਼ਾਖਾਂ ਵਿਚ ਵੰਡੇ ਹੋਏ ਹਨ ਤੇ ਇਹ ਆਪਣੇ ਆਪ ਨੇ ਕਸ਼ਯਪ ਗੋਤ੍ਰੀ ਮੰਨਦੇ ਹਨ। ਰੋੜੀ (ਸੱਖਰ) ਸਿੰਧ ਦੇ ਆਦਿ ਵਸਨੀਕ ਹੋਣ ਕਰਕੇ ਇਨ੍ਹਾਂ ਖਤ੍ਰੀਆਂ ਦੀ ਅੱਲ ਅਰੋੜੇ ਪ੍ਰਸਿੱਧ ਹਨ। ਅਰੋੜੇ ਖਤ੍ਰੀਆਂ ਵਿਚੋਂ ਜਿਵੇਂ ਕਿ ਤਾਰੀਖਿ ਅਰੋੜ ਵੰਸ਼ ਦਾ ਅਧਿਐਨ ਕਰਨ ਤੇ ਪਤਾ ਲਗਦਾ ਹੈ, ਅਹੂਜੇ, ਬੱਤਰੇ, ਪੋਪਲੀ, ਤਨੇਜੇ, ਠਕੁਰਾਲ, ਪਸਰੀਚੇ, ਭ਼ਾਬ, ਚਾਵਲੇ, ਚੁੱਘ, ਛਾਵੜੇ, ਦੂਏ, ਰਿਉੜੀ, ਸਚਦੇਵੇ, ਸੀਕਰੀ, ਕਾਲੜੇ ਕਟਾਰੀਏ, ਕੰਨਤੋੜ, ਕੋਛੜ, ਖਰਬੰਦੇ, ਖੱਟਰ, ਖੁਰਤੱਤੇ, ਖੁਰਾਣੇ, ਖੇਤ੍ਰ ਪਾਲ, ਨਾਗਪਾਲ, ਗੱਖੜ, ਖੇਪਰ, ਘੁਲਾਟੀਏ, ਗੰਡ, ਗੋਰਾਵਾੜੇ, ਗਲੌਤਰੇ, ਮਾਣਕ ਟਾਹਲ, ਮਦਾਨ, ਮੱਕੜ, ਕੱਕੜ, ਮਨਚੰਦੇ, ਮੂੰਗੀਏ, ਨਾਰੰਗ, ਨਰੂਲੇ, ਵਿਹੁਖਾਣ, ਵਧੇਵੇ, ਆਨੰਦ, ਓਖਲੇ, ਬੱਗੇ, ਪਾਵੇ, ਜਾਵੇ, ਜਸੂਜੇ, ਸਲੂਜੇ, ਚਿਚੜੀ, ਚੋਟੀ ਪੱਟ, ਧਿੰਗਾਣੇ, ਧਵਨ, ਡਾਂਗ, ਧੂੜੀਏ, ਰਾਜਪਾਲ, ਰਾਮਗੜ੍ਹੀਏ, ਸੰਧੂਰੀਏ, ਸੋਨੀ, ਕਥੂਰੀਏ, ਕਰੂੰਡੀਏ, ਕੁਆਟੜੇ, ਕੁੱਬੇ, ਖੰਘਰ ਆਦਿ, ਬੜੇ ਸਿਫਤੀ ਜਾਤਿ-ਗੋਤਾਂ ਦੀ ਸੂਚੀ ਮਿਲਦੀ ਹੈ ਜੋ ਪੰਜਾਬੀ ਸਭਿਆਚਾਰ ਦੇ ਵਿਦਿਆਰਥੀਆਂ ਵਾਸਤੇ ਖਾਸ ਤੌਰ ਤੇ ਬੜੀ ਦਿਲਚਸਪ ਤੇ ਯਾਦ ਰੱਖਣ ਜੋਗ ਹੈ। ਗੱਖੜਾਂ ਤੇ ਖੋਖਰਾਂ ਦੀ ਸ਼ਕਲ ਵਿਚ ਪੰਜਾਬ, ਦੀ ਧਾਣਕ ਜਾਤਿ ਦਾ ਵੀ ਇਨ੍ਹਾਂ ਵਿਚ ਖਾਸ ਰਲਾਉ ਹੈ।

ਪੰਜਾਬ ਸਰਹੱਦ ਦੇ ਰਾਖੇ ਧਾਣਕ-ਗੱਖੜ ਤੇ ਖੋਖਰ

ਸੰਨ ੬੫੦ ਈ: ਦੇ ਲਗ ਭਗ, ਜਦ ਕਿ ਸੂਬਾ ਸਰਹੱਦ ਦੇ ਸਥਾਨ ਪਰ ਗੋਰ ਤੇ ਸੁਲੇਮਾਨ ਦੀਆਂ ਪਹਾੜੀਆਂ ਵਿਚ ਪਠਾਨ ਨਾਂ ਹੇਠ ਇਕ ਨਵੀਂ ਜੰਗੀ ਕੌਮ ਉੱਭਰ ਰਹੀ ਸੀ ਤਾਂ ਅਫ਼ਗਾਨ ਲੋਕ ਜੋ ਅਜੇ ਮੁਸਲਮਾਨ ਨਹੀਂ ਬਣੇ ਸਨ, ਪੰਜਾਬ ਦੇ ਧਾਣਕ ਜੱਪੇ ਗੱਖੜਾਂ ਤੇ ਖੋਖਰਾਂ ਦੇ ਸਹਿਯੋਗ ਨਾਲ ਦੱਰਾ ਖੈਬਰ ਦੀਆਂ

ਪਹਾੜੀਆਂ ਵਿਚੋਂ ਨਿਕਲ ਦਰਿਆ ਸਿੰਧ ਤਕ ਲਾਹੌਰ ਦੇ ਸ਼ਾਹੀ ਖ਼ਾਨਦਾਨ ਦੇ ਰਾਜਿਆਂ ਦੇ ਇਲਾਕੇ ਉਤੇ ਖੁਲ੍ਹੀ ਡੁਲ੍ਹੀ ਲੁੱਟ ਮਾਰ ਕਰਨ ਲੱਗੇ। ਆਖਿਰ ਕਾਫ਼ੀ ਸਮੇਂ ਬਾਦ ਰਾਜਾ ਜੈ ਪਾਲ ਨੇ ਤੰਗ ਆ ਕੇ ਗੱਖੜਾਂ ਤੇ ਖੋਖਰਾਂ ਨੂੰ ਇਸ ਸ਼ਰਤ ਉਤੇ ਕਿ ਉਹ ਬਾਹਰੀ ਹਮਲਿਆਂ ਤੋਂ ਪੰਜਾਬ ਦੀ ਹਮੇਸ਼ਾਂ ਰੱਖਿਆ ਕਰਦੇ ਰਹਿਣਗੇ, ਦਰਿਆ ਸਿੰਧ ਤੋਂ ਪੱਛਮ ਵਲ ਸਾਰਾ ਇਲਾਕਾ ਪਹਾੜ ਤੇ ਕਾਬਲ ਦੇ ਪੂਰਬ-ਦੱਖਣ ਵਲ ਦੇ ਸਾਰੇ ਇਲਾਕੇ ਸਮੇਤ ਦੇਣਾ ਕਰਕੇ ਮੇਲ ਕਰ ਲਿਆ ਤੇ ਅਫ਼ਗਾਨਾਂ ਦੇ ਸਹਿਯੋਗ ਨਾਲ ਦੱਰਾ ਖੈਬਰ ਉਨ੍ਹਾਂ ਦੇ ਰਾਜ ਦੀ ਹੱਦ ਕਰਾਰ ਦੇ ਦਿੱਤੀ, ਪਰ ਪਿਛੋਂ ਸੰਨ ੯੭੮ ਈ: ਵਿਚ ਸੁਬੁਕਤ ਦੀਨ ਗਜ਼ਨਵੀ ਨੇ ਅਫ਼ਗਾਨਾਂ ਤੇ ਗੱਖੜਾਂ ਨੂੰ ਇਸਲਾਮ ਦੇ ਪ੍ਰਭਾਵ ਹੇਠਾਂ ਲਿਆ ਕੇ, ਪਿਸ਼ਾਵਰ ਦੇ ਇਲਾਕੇ ਉਤੇ ਕਬਜ਼ਾ ਕਰਨ ਸਾਰ ਸ਼ਾਹੀ ਰਾਜਾ ਲਾਹੌਰ ਦੇ ਇਹ ਸੁਪਨੇ ਮਿੱਟੀ 'ਚ ਮਿਲਾ ਦਿਤੇ।

ਫੇਰ ਇਸ ਤੋਂ ਬਾਦ ਸੰਨ ੧੨੦੩ ਈ: ਵਿਚ ਸੁਲਤਾਨ ਗਿਆਸੁੱਦੀਨ ਦਾ ਦੇਹਾਂਤ ਹੋਣ ਤੇ ਜਦ ਉਸ ਦੀ ਥਾਵੇਂ ਸੁਲਤਾਨ ਸ਼ਹਾਬੁੱਦੀਨ ਗੱਦੀ ਬੈਠਿਆ ਤਾਂ ਪੰਜਾਬ ਦੇ ਪੁਰਾਣੇ ਧਾਣਕ ਗੱਖੜਾਂ ਤੇ ਖੋਖਰਾਂ ਨੇ, ਜੋ ਜ਼ਿਲਾ ਹਜ਼ਾਰਾ ਤੇ ਦਰਿਆ ਝਨਾਂ ਤੋਂ ਸਿੰਧ ਦੇ ਸਾਰੇ ਇਲਾਕੇ ਦੇ ਮਾਲਿਕ ਸਨ, ਸੰਨ ੧੩੦੫ ਈ: ਵਿਚ ਗੋਰੀ ਹਕੂਮਤ ਤੋਂ ਵਿਰੁੱਧ ਜਹਾਦ ਦਾ ਝੰਡਾ ਬੁਲੰਦ ਕੀਤਾ ਤੇ ਬਗਾਵਤ ਕਰਕੇ ਸਾਰਾ ਪੰਜਾਬ ਉਗਰਾਹ ਖਾਧਾ ਅਤੇ ਲਾਹੌਰ ਉਤੇ ਕਬਜ਼ਾ ਜਮਾ ਲਿਆ। ਇਹ ਦੇਖ ਕੇ ਸੁਲਤਾਨ ਸ਼ਹਾਬੁੱਦੀਨ ਨੇ ਪਹਿਲਾਂ ਗੱਖੜਾਂ ਤੇ ਖੋਖਰਾਂ ਦੇ ਹਮਾਇਤੀ ਮੁਲਤਾਨ ਦੇ ਹਾਕਿਮ ਹਸਨ ਦਾਊਦ ਨੂੰ ਮਾਰਿਆ ਤੇ ਫੇਰ ਪੂਰਬ ਵਲੋਂ ਕੁਤਬੁੱਦੀਨ ਏਬਕ ਦੀ ਸਹਾਇਤਾ ਨਾਲ ਗੱਖੜਾਂ ਤੇ ਖੋਖਰਾਂ ਉਤੇ ਅਜਿਹਾ ਮਾਰੂ ਹਮਲਾ ਕੀਤਾ ਕਿ ਉਹ ਲਗ ਭਗ ਸਾਰੇ ਹੀ ਤਲਵਾਰ ਦੇ ਘਾਟ ਉਤਾਰ ਦਿਤੇ। ਜੋ ਉਨ੍ਹਾਂ ਵਿਚੋਂ ਕਿਸੇ ਹੀਲੇ ਬਚੇ ਉਹ ਪੂਰਬੀ ਪੰਜਾਬ ਵਿਚ ਕਿਸੇ ਪਾਸੇ ਲੁਕ ਛਿਪ ਕੇ ਆਪਣਾ ਗੁਜ਼ਾਰਾ ਕਰਦੇ ਰਹੇ। ਪੰਜਾਬ ਦੇ ਪੁਰਾਣੇ ਧਾਣਕ ਗੱਖੜਾਂ ਤੇ ਖੋਖਰਾਂ ਦੀ ਇਹ ਇਤਿਹਾਸਕ ਹਾਰ ਕਦੇ ਭੁਲਾਈ ਨਹੀਂ ਜਾ ਸਕਦੀ। ਪਿੱਛੋਂ ਇਹੋ ਗੱਖੜ ਤੇ ਖੋਖਰ ਪੰਜਾਬ ਦੇ ਜੱਟਾਂ ਨਾਲ ਘੁਲ ਮਿਲ ਗਏ, ਜਿਸ ਕਰਕੇ ਜੱਟਾਂ ਤੇ ਖੋਖਰ ਧਾਣਕਾਂ ਦੇ ਜਾਤਿ-ਗੋਤ ਆਪਸ ਵਿਚ ਮਿਲਦੇ ਜੁਲਦੇ ਦੇਖਣ ਵਿਚ ਆਉਂਦੇ ਹਨ।

ਧਾਣਕ ਜਾਤਿ
ਬੋਧੀ ਕਾਲ ਤੋਂ ਭਗਤੀ ਕਾਲ ਤਕ

ਪੁਰਾਣਿਕ ਕਾਲ ਤੋਂ ਰਾਜਪੂਤਾਨੀ ਕਾਲ ਤਕ ਹਿੰਦੁਸਤਾਨ ਦੀ ਹਿੰਦੂ ਜਾਤੀ ਵਿਚ ਜਾਤਿ ਪਾਤਿ ਚੂੰਕਿ ਆਪਣੇ ਨਿਸ਼ਚਿਤ ਹੱਦਾਂ ਬੰਨੇ ਟੱਪ ਕੇ ਚੋਟੀ ਉਤੇ ਜਾ ਪੁੱਜੀ ਸੀ, ਇਸ ਲਈ ਹੋਰ ਅਛੂਤ ਜਾਤਿ ਗੁੱਟਬੰਦੀਆਂ ਵਾਂਗੂ ਧਾਣਕ ਜਾਤਿ ਦਾ ਵੀ ਉਹੋ ਹਾਲ ਸੀ ਜੋ ਕਿ ਇਕ ਪਤਨ ਸੀਲ ਜਾਤਿ ਦਾ ਹੋਇਆ ਕਰਦਾ ਹੈ। ਪਰ ਪੰਜਾਬ ਵਿਚ ਗੱਖੜ ਤੇ ਖੋਖਰ ਜਾਤਿ ਦਾ ਬੋਲ ਬਾਲਾ ਹੋਣ ਕਰਕੇ ਇਥੇ ਦੱਖਣੀ ਭਾਰਤ ਦੀ ਤਰ੍ਹਾਂ ਇਸ ਛੂਆ ਛਾਤ ਦਾ ਏਨਾ ਪ੍ਰਭਾਵ ਨਹੀਂ ਸੀ, ਪਰ ਫੇਰ ਵੀ ਬੁੱਧ ਮਤ ਨੇ, ਜਿਸ ਵਿਚ ਹੀਨਯਾਨ ਤੇ ਮਹਾਯਾਨ ਸੰਪ੍ਰਦਾਵਾਂ ਪ੍ਰਮੁੱਖ ਸਨ, ਇਹੋ ਸੰਪ੍ਰਦਾਇਕ ਕਾਰਣ ਸੀ ਜਿਸ ਕਰਕੇ ਮਹਾਯਾਨੀ ਸੰਪ੍ਰਦਾਇ ਤੇ ਬਜਯਾਨੀ ਸਿੱਧ ਪੀਰ, ਜਿਨ੍ਹਾਂ ਵਿਚੋਂ ਗੋਰਖ ਨਾਥ, ਮੱਛਦਰ ਨਾਥ ਦੀ ਯੋਗ ਸੰਪ੍ਰਦਾਇ ਤੇ ਉਸ ਦੇ ਚੁਰਾਸੀ ਸਿੱਧ ਮਸ਼ਹੂਰ ਹਨ, ਜਾਤਿ ਪਾਤਿ ਦੇ ਇਸ ਵਖੇਵੇਂ ਤੋਂ ਉਕੇ ਹੀ ਆਜ਼ਾਦ ਸਨ। ਇਸੇ ਕਾਰਣ ਪ੍ਰਸਿੱਧ ਖੋਜੀ ਲੇਖਕ ਸ੍ਰੀ ਰਹੁਲ ਸਾਂਕ੍ਰਿਤਯਾਯਨ ਦੇ ਕਥਨ ਅਨੁਸਾਰ ਬਜਯਾਨੀ ਬੋਧੀ ਸੰਪ੍ਰਦਾਇ ਦੇ ਚੁਰਾਸੀ ਸਿਧਾਂ ਵਿਚੋਂ ਕਾਇਥਤ੍ਰ, ਬ੍ਰਾਹਮਣ ੧੬, ਛਤਰੀ ੧੨, ਚਮਾਰ ੨, ਧੋਬੀ ੧, ਲੁਹਾਰ, ਡੂਮ, ਤੇ ਕਹਾਰ ੩, ਧਾਣਕ ਜਾਤ ਦੇ ਸਿੱਧ ੨੫ ਤੇ ਬਾਕੀ ਹੋਰ ਸਾਰੀਆਂ ਨਿੱਕੀਆਂ-ਮੋਟੀਆਂ ਜਾਤਾਂ ਦੇ ਸਿੱਧ ਸਨ, ਜਿਨ੍ਹਾਂ ਨੂੰ ਬੋਧੀ ਸਮਾਜ ਵਿਚ ਪੂਰੀ ਤਰ੍ਹਾਂ ਮੰਨਿਆ ਤੇ ਪੂਜਿਆ ਜਾਂਦਾ ਸੀ।

(ਦੇਖੋ ਗੰਗਾ ਪੁਰਾਤਤਵਾਕ, ਭਾਗਲਪੁਰ, ਸੰਨ ੧੯੩੩, ਸਫ਼ੇ ੨੨੧-੨੪)

ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਧਾਣਕ ਜਾਤਿ ਦੀ ਬੋਧੀ ਸੰਪ੍ਰਦਾਇ ਵਿਚ ਖਾਸ ਮਹਾਨਤਾ ਸੀ। ਭਗਤੀ ਕਾਲ ਦਾ ਮੁੱਢ ਸਿੱਧ ਸੰਪ੍ਰਦਾਇ ਦੇ ਨਿਰਾਕਾਰਵਾਦ ਅਥਵਾ ਸੁਨਯਵਾਦ ਤੋਂ ਹੀ ਸ਼ੁਰੂ ਹੁੰਦਾ ਹੈ।

ਰੰਘੜੇਟਾ ਜਾਤਿ ਦੇ ਪ੍ਰਸਿੱਧ ਗੋਤ

ਰੰਘੜੇਟਾ ਜਾਤਿ, ਜਿਵੇਂ ਕਿ ਇਸ ਦੇ ਪਰੰਪਰਾਗਤ ਇਤਿਹਾਸ ਤੋਂ ਪਤਾ ਲਗਦਾ ਹੈ, ਹਮੇਸ਼ਾਂ ਇਕੋ ਹਾਲਤ ਵਿਚ ਨਹੀਂ ਰਹੀ। ਕਾਲ ਕ੍ਰਮ ਦੇ ਅਨੁਸਾਰ

ਇਸ ਵਿਚ ਹਮੇਸ਼ਾਂ ਕੁਝ ਨਾ ਕੁਝ ਪਰਿਵਰਤਨ ਆਉਂਦੇ ਹੀ ਰਹੇ ਹਨ। ਕਾਰਣ ਪੂਰਬ (ਮਹਾਂਭਾਰਤ) ਦੇ ਕਥਨ ਅਨੁਸਾਰ ਵਾਹੀਕ ਦੇਸ਼ (ਪੰਜਾਬ) ਨਿਵਾਸੀ ਚਾਰਤਿਕ (ਜੱਟ) ਜਾਤਿ ਦੇ ਲੋਕ, ਜਿਨ੍ਹਾਂ ਦੀ ਬਹੁਗਿਣਤੀ ਸਿਆਲਕੋਟ (ਸ਼ਾਕਲ) ਦੇ ਇਲਾਕੇ ਵਿਚ ਸੀ, ਬੜੇ ਖੁਲ੍ਹੇ ਡੁਲ੍ਹੇ ਸੁਭਾਉ ਦੇ ਅਗਾਂਹ ਵਧੂ ਵਿਅਕਤੀ ਸਨ। ਧਾਣਕ ਲੋਕ ਵੀ ਚੂੰਕਿ ਉਨ੍ਹਾਂ ਦੇ ਹੀ ਹਮ ਪੱਲਾ ਸਨ, ਇਸ ਲਈ ਚਰਤਿਕ ਲੋਕਾਂ ਦੇ ਕਦਮ ਨਾਲ ਕਦਮ ਮੇਲ ਕੇ ਹੀ ਚਲਦੇ ਰਹੇ। ਚਰਤਿਕ ਜਾਤਿ ਦੇ ਗੋਤ ਚਾਹੇ ਕੁਝ ਵੀ ਹੋਣ, ਪਰ ਧਾਣਕਾਂ ਦੇ ਜਾਤੀ ਗੋਤ ਉਸ ਸਮੇਂ ਇਹ ਸਨ, ਓਟਵਾਲ, ਅਟਵਾਲ, ਸਹੋਣੇ, ਸਿੱਧੂ, ਹਾਂਸ, ਕਲਿਆਣੇ, ਕੰਧਾਰੀ ਖਾਰੂ, ਖੋਖਰ, ਗਿੱਲ, ਛੱਪਰ, ਬਧ, ਧਾਰੀਵਾਲ, ਬਰਾਟ, ਭੱਟੀ, ਮੱਟੂ ਤੇ ਲੱਧੜ। ਇਨ੍ਹਾਂ ਗੋਤਾਂ ਵਿਚੋਂ ਕਿਤਨੇ ਹੀ ਗੋਤ ਪੰਜਾਬ ਦੀ ਜਰਤਿਕ (ਜੱਟ) ਜਾਤਿ ਨਾਲ ਵੀ ਮਿਲਦੇ ਹਨ। ਪਰ ਇਸ ਗੱਲ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੈ। ਕਿਉਂਕਿ ਇਹ ਜਾਤਿ ਗੋਤਾਂ ਦੀਆਂ ਅਦਲਾ ਬਦਲੀਆਂ ਉਸ ਸਮੇਂ ਸੁਭਾਵਿਕ ਸਨ, ਜਿਵੇਂ ਕਿ ਮਹਾਂਭਾਰਤ (ਕਰਣ ਪਰਬ) ਦਾ ਹੀ ਕਥਨ ਹੈ ਕਿ ਵਾਹੀਕ (ਪੰਜਾਬ) ਦੇਸ਼ ਦੇ ਲੋਕ ਕਈ ਵੇਰ ਜੋ ਪਹਿਲਾਂ ਬ੍ਰਾਹਮਣ ਹੁੰਦੇ ਸਨ, ਫੇਰ ਉਹੋ ਛਤਰੀ ਬਣ ਜਾਂਦੇ ਹਨ। ਫੇਰ ਪਿਛੋਂ ਉਹੋ ਛਤਰੀ ਆਪੋ ਆਪਣੀ ਕਾਰ-ਕਰਦਗੀ ਦੇ ਮੁਤਾਬਿਕ ਵੈਸ਼ ਤੇ ਸ਼ੂਦਰ ਵਰਣਾਂ ਦਾ ਰੂਪ ਹੀ ਧਾਰਣ ਕਰ ਲੈਂਦੇ ਸਨ। ਜੋ ਵਿਅਕਤੀ ਪਹਿਲਾਂ ਨਾਈ ਹੁੰਦਾ ਸੀ ਉਸ ਦੇ ਬ੍ਰਾਹਮਣ ਬਣ ਜਾਣਾ ਇਕ ਸੁਭਾਵਕ ਗੱਲ ਸੀ। ਫਿਰ ਉਸੇ ਬ੍ਰਾਹਮਣ ਦੀ ਦਾਸ (ਸ਼ੂਦਰ) ਸੰਗਯਾ ਵੀ ਹੋ ਜਾਂਦੀ ਹੈ। ਇਸੇ ਕਾਰਣ ਮਹਾਂਭਾਰਤ ਕਾਰ ਨੇ ਵਾਰੀਕ ਦੇਸ਼ (ਪੰਜਾਬ) ਦੇ ਮੁਕਾਬਲੇ ਤੇ ਕਰੂ, ਪੰਚਾਲ, ਸ਼ਾਲਵ, ਮਤੁਸਯ, ਨੇਮਿਖ, ਕੋਸ਼ਲ, ਕਾਸੀ, ਘੱਗ, ਬੰਗ, ਕਲਿੰਗ, ਚੇਦਿ ਆਦਿ ਦੇਸ਼ਾਂ ਦੇ ਲੋਕਾਂ ਨੂੰ ਇਸ ਜਾਤਿ ਪਰਿਵਰਤਨ ਤੋਂ ਰਹਿਤ ਹੋਣ ਕਰਕੇ ਵਾਹੀਕ ਦੇਸ਼ (ਪੰਜਾਬ) ਦੇ ਮੁਕਾਬਲੇ ਤੇ ਵਡਭਾਗੀ (ਵਡੇ ਭਾਗਾਂ ਵਾਲੇ) ਤੇ ਧਰਮੀ ਮੰਨਿਆ ਹੈ। ਇਸ ਤਰ੍ਹਾਂ ਭਾਵੇਂ ਇਹ ਜਾਤਿ ਗੋਤ ਕਿਸੇ ਖਾਸ ਵਡੱਪਣ ਦੇ ਸੂਚਕ ਨਹੀਂ ਸਗੋਂ ਉਨ੍ਹਾਂ ਦੀ ਨਿਮਨਤਾ ਹੀ ਦਸਦੇ ਹਨ, ਪਰ ਫੇਰ ਵੀ ਵਾਹੀਕ ਦੇਸ਼ (ਪੰਜਾਬ) ਦੇ ਵਸਨੀਕ ਆਪਣੇ ਨਾਵਾਂ ਨਾਲ ਇਹ ਜਾਤੀ ਅੱਲਾਂ ਜੋੜਨ ਵਿਚ ਬੜਾ ਫ਼ਖ਼ਰ ਮਹਿਸੂਸ ਕਰਦੇ ਹਨ।

ਧਾਣਕ ਜਾਤਿ ਦੇ ਲੋਕ ਵਿਸ਼ੇਸ਼ ਕਰਕੇ ਪੂਰਬੀ ਤੇ ਪੱਛਮੀ ਪੰਜਾਬ ਦੇ ਵਸਨੀਕ ਸਨ। ਰਾਜਸਥਾਨ ਤੇ ਬਿਹਾਰ ਪ੍ਰਾਂਤ ਵਿਚ ਵੀ ਧਾਣਕ ਜਾਤਿ ਦੇ ਵਸੇਬੇ ਦੀ ਸਵਰ ਮਿਲਦੀ ਹੈ। ਪਰ ਉਥੇ ਇਹ ਲੋਕ ਐਵੇਂ ਨਾਮ ਮਾਤਰ ਹਨ ਤੇ ਬਹੁਤਾ ਵਸੇਬਾ ਇਨ੍ਹਾਂ ਦਾ ਪੰਜਾਬ ਵਿਚ ਹੀ ਹੈ। ਧਾਣਕਾਂ ਤੇ ਚਮਾਰ ਜਾਤਿ ਦੇ ਲੋਕਾਂ ਵਿਚ ਬੜਾ

ਫਰਕ ਇਹ ਹੈ ਕਿ ਚਮਾਰ ਪੁਰਾਤਨ ਰਵਾਇਤ ਮੁਤਾਬਿਕ ਬਾਨੋ ਕੇ ਬਾਨੀਏ ਤੇ ਚਾਨੋ ਕੇ ਚਮਾਰ ਹੋਣ ਕਰਕੇ ਬਾਣੀਆਂ ਜਾਤਿ ਨਾਲ ਲਹੂ-ਮਾਸ ਦਾ ਸੰਬੰਧ ਰਖਦੇ ਹਨ ਜਿਸ ਕਰਕੇ ਉਹ ਧਾਣਕ ਲੋਕ ਸ਼ੁਰੂ ਤੋਂ ਹੀ ਧਨੁਖਧਾਰੀ ਹੋਣ ਕਰਕੇ ਸਿੱਧੇ ਇਕ ਵੀਰ ਜਾਤਿ ਜਾਂ ਜੰਗੀ ਜਾਤਿ ਦਾ ਮੁਜੱਸਮ ਰੂਪ ਹਨ। ਇਸ ਤੋਂ ਇਲਾਵਾ ਦੂਜਾ ਫਰਕ ਇਹ ਹੈ ਕਿ ਚਮਾਰ ਲੋਕ ਮਰੇ ਪਸ਼ੂਆਂ ਦੇ ਚੰਮ ਲਾਹੁੰਦੇ ਤੇ ਉਨ੍ਹਾਂ ਦਾ ਮਾਸ ਖਾ ਜਾਂਦੇ ਹਨ, ਪਰ ਧਾਣਕ ਲੋਕ ਜੰਗਲੀ ਜਾਨਵਰਾਂ ਦੇ ਸ਼ਿਕਾਰ ਤੋਂ ਬਗੈਰ ਅਜਿਹੇ ਮਰੇ ਪਸ਼ੂਆਂ ਦੇ ਮਾਸ ਨਾਲ ਉੱਕਾ ਹੀ ਕੋਈ ਸੰਬੰਧ ਨਹੀਂ ਰਖਦੇ, ਸਗੋਂ ਮੁਰਦਾ ਪਸ਼ੂਆਂ ਦੇ ਮਾਸ ਤੋਂ ਉੱਕਾ ਹੀ ਨਫਰਤ ਕਰਦੇ ਹਨ। ਦੂਜਾ ਫਰਕ ਇਨ੍ਹਾਂ ਦੇ ਆਪਸ ਵਿਚਲੇ ਕ੍ਰਿਆ-ਕਰਮ ਦਾ ਵੀ ਹੈ। ਉਹ ਇਸ ਤਰ੍ਹਾਂ ਕਿ ਚਮਾਰ ਚਮਰੂਏ ਬ੍ਰਾਹਮਣ ਪੁਰੋਹਿਤਾਂ ਤੋਂ ਆਪਣੇ ਕ੍ਰਿਆ-ਕਰਮ ਜਨਮ ਤੋਂ ਮਰਨ ਉਪਰੰਤ ਕਰਵਾਉਂਦੇ ਹਨ, ਪਰ ਧਾਣਕ ਉਨ੍ਹਾਂ ਤੋਂ ਪਰੇ ਰਹਿਕੇ ਸਾਰੇ ਕ੍ਰਿਆ-ਕਰਮ ਆਪ ਹੀ ਕਰਦੇ ਹਨ ਤੇ ਰਿਸ਼ਤੇ ਨਾਤੇ ਵੀ ਚਮਾਰਾਂ ਨਾਲ ਉੱਕੇ ਹੀ ਨਹੀਂ ਕਰਦੇ। ਰਿਖੀ ਬਾਲਮੀਕ, ਜਿਸ ਨੂੰ ਬਾਲਾ ਪੀਰ ਜਾਂ ਲਾਲ ਖੇੜਾ ਅਥਵਾ ਲਾਲ ਪੀਰ ਕਿਹਾ ਜਾਂਦਾ ਹੈ, ਧਾਣਕ ਜਤਿ ਦਾ ਪਰਮ ਪ੍ਰਸਿੱਧ ਪੂਜਯ ਅਵਤਾਰ ਮੰਨਿਆ ਗਿਆ ਹੈ। ਜਿਸ ਨੂੰ ਉਹ ਹਮੇਸ਼ਾਂ ਚੇਤੇ ਰਖਦੇ ਤੇ ਫਲ ਪੱਤਰ ਪੁਸ਼ਪ ਭੇਟਾ ਵਜੋਂ ਅਰਪਦੇ ਹਨ। ਇਸੇ ਬਾਲਾ ਪੀਰ ਜਾਂ ਲਾਲ ਪੀਰ ਨੂੰ ਹੀ ਪਿਛੋਂ ਮੁਸਲਮਾਨੀ ਕਾਲ ਵਿਚ ਪੀਰ ਲਾਲ ਬੇਗੀ ਦਾ ਨਾਂ ਦਿੱਤਾ ਗਿਆ ਜੋ ਕਿ ਇਕ ਪੁਰਾਣਿਕ ਕਲਪਨਾ ਹੈ। ਯਾਦਗਾਰਿ ਚਿਸ਼ਤੀ ਆਦਿ ਤਾਰੀਖੀ ਕਿਤਾਬਾਂ ਵਿਚ ਪੀਰ ਲਾਲ ਬੇਗ ਦਾ ਨਾਂ ਕਈ ਵੇਰ ਆਉਂਦਾ ਹੈ, ਜੋ ਕਿ ਰਿਖੀ ਬਾਲਮੀਕ ਦਾ ਹੀ ਪ੍ਰਯਾਯਵਾਚੀ ਹੈ।

ਪਿਛਲੇਰੀ ਜਾਤਿ ਵੰਡ ਤੇ ਉਸ ਦਾ ਪ੍ਰਭਾਵ

ਬ੍ਰਾਹਮਣੀ ਕਾਲ, ਰਾਜਪੂਤ ਕਾਲ, ਤੇ ਮੁਸਲਮਾਨੀ ਕਾਲ ਵਿਚ ਇਥੋਂ ਦੇ ਸਾਮਾਜਿਕ ਪਰਿਵਰਤਨ ਹਮੇਸ਼ਾਂ ਹੁੰਦੇ ਹੀ ਰਹੇ ਹਨ। ਪਹਿਲੇ ਪਹਿਲ ਆਰਯਾਂ ਵਿਚ ਵਿਆਹ-ਸ਼ਾਦੀਆਂ ਦਾ ਕੋਈ ਰਿਵਾਜ ਨਹੀਂ ਸੀ। ਜਿਸ ਕਾਰਣ ਪਰਸਪਰ ਪ੍ਰੇਮ-ਵਿਆਹ ਹੀ ਚਲਦੇ ਸਨ। ਇਸੇ ਤਰ੍ਹਾਂ ਕੁਲ ਦਾ ਖਾਨਦਾਨ ਮਾਤਾ ਦੇ ਨਾਂ ਤੇ ਪ੍ਰਚਲਿਤ ਸੀ ਜਿਸ ਕਾਰਣ ਉਸ ਖਾਨਦਾਨ ਨੂੰ ਸਮੁੱਚੇ ਰੂਪ ਵਿਚ ਮਾਤ੍ਰਿ ਕੁਲ ਆਖਦੇ ਸਨ। ਪਰ ਪਿਛੋਂ ਮਨੂ ਭਗਵਾਨ ਨੇ ਜਦ 'ਮਨੂ-ਸਿਮ੍ਰਤੀ' ਰਾਹੀਂ ਆਪਣਾ ਨਵਾਂ ਆਈਨ ਪ੍ਰਚਲਿਤ ਕੀਤਾ ਤਾਂ ਵਿਆਹਾਂ-ਸ਼ਾਦੀਆਂ ਦਾ ਬਾਕਾਇਦਾ ਰਿਵਾਜ ਪ੍ਰਚਲਿਤ ਹੋਣ ਤੇ ਇਸਤਰੀਆਂ ਦਾ ਦਰਜਾ ਘਟਿਆ ਤੇ ਮਾਤ੍ਰਿ ਕੁਲ ਦੀ ਥਾਵੇਂ

ਸਾਰੇ ਮਨੁੱਖੀ ਖਾਨਦਾਨ ਪਿਤ੍ਰਕੁਲ ਦੇ ਨਾਂ ਨਾਲ ਮਸ਼ਹੂਰ ਹੋਏ। ਫੇਰ ਇਸੇ ਤਰ੍ਹਾਂ ਚਾਰ ਵਰਣਾਂ—ਬ੍ਰਾਹਮਣ, ਛਤ੍ਰੀ, ਸੂਦਰ, ਤੇ ਵੈਸ਼ਾਂ ਦੇ ਆਪਸੀ ਮੇਲ ਨਾਲ ਅਨੇਕਾਂ ਅਨੁਲੋਮ ਤੇ ਪ੍ਰਤਿਲੋਮ ਜਾਤੀ ਗੁੱਟਬੰਦੀਆਂ ਦਾ ਨਿਕਾਸ ਤੇ ਵਿਕਾਸ ਹੋਇਆ। ਆਰਯਾਂ ਦੇ ਪ੍ਰਭਾਵ ਹੇਠ ਸਪਤ ਸਿੰਧੁ ਦੇਸ਼ ਦੇ ਅਸੁਰ ਆਪਣੀ ਪਦਵੀ ਤੋਂ ਨੀਵੇਂ ਹੋਣ ਤੇ ਪਹਿਲਾਂ ਚੰਡਾਲ, ਫੇਰ ਧਾਣਕ, ਗੱਖੜ, ਖੋਖਰਾ ਆਦਿ ਜਾਤਾਂ ਵਿਚ ਬਦਲਣ ਤੇ ਪਦ ਭ੍ਰਸ਼ਟ ਹੋਣ ਸਾਰ ਨਾ ਕੇਵਲ ਨੀਵੇਂ ਅਛੂਤ ਹੀ ਬਣ ਗਏ, ਸਗੋਂ ਇਨ੍ਹਾਂ ਦੀ ਆਬਾਦੀ ਵੀ ਅਖੌਤੀ ਉਚੀਆਂ ਜਾਤਾਂ ਦੇ ਲੋਕਾਂ ਨਾਲੋਂ ਦੂਰ-ਨਗਰ ਦੇ ਇਕ ਪਾਸੇ ਕਰਾਰ ਪਾਈ ਜਿਸ ਨੂੰ ਪਿਛੋਂ ਰਾਜਪੂਤੀ ਕਾਲ ਤੇ ਮੁਸਲਮਾਨੀ ਕਾਲ ਵਿਚ ਚੂੜ, ਮਾਜ਼ਰੀ ਆਦਿ ਨਾਂ ਦਿੱਤੇ ਗਏ। ਇਸ ਹਾਲਤ ਵਿਚ ਨਗਰਾਂ ਅਥਵਾ ਪਿੰਡਾਂ ਦੀ ਸਫਾਈ, ਪਿੰਡਾਂ ਵਿਚੋਂ ਕੂੜਾ ਕਰਕਟ ਸਾਫ਼ ਕਰਨਾ ਤੇ ਲੋਕਾਂ ਦਾ ਗੰਦ ਢੋਣਾ ਇਨ੍ਹਾਂ ਦਾ ਕੰਮ ਸੀ। ਇਸ ਦੇ ਨਾਲ ਹੀ ਕੁਝ ਮਨਚਲੇ ਧਾਣਕ ਲੋਕ, ਜਿਨ੍ਹਾਂ ਨੇ ਕਿਸੇ ਸੀਰੀ ਸਰਕਾਰੇ ਦਰਬਾਰੇ ਨੌਕਰੀਆਂ ਕਰ ਲਈਆਂ, ਉਹ ਕੈਦੀਆਂ ਦੇ ਹਵਾਲਦਾਰ, ਮੀਰ ਸ਼ਿਕਾਰ, ਅਪਰਾਧੀਆਂ ਨੂੰ ਪ੍ਰਾਣ-ਦੰਡ ਦੇਣ ਲਈ ਜਲਾਦ ਆਦਿ ਅਹੁਦਿਆਂ ਉਤੇ ਲਗਾਏ ਗਏ। ਕੁਝ ਧਾਣਕ ਉਨ੍ਹਾਂ ਵਿਚੋਂ ਅਜਿਹੇ ਵੀ ਨਿਕਲੇ ਜਿਨ੍ਹਾਂ ਨੇ ਖੋਖਰ ਜਾਂ ਗੱਖੜ ਅਮਲਦਾਰੀ ਕਾਇਮ ਕਰਨ ਸਮੇਂ ਅੱਛਾ ਸੁਖ ਦਾ ਸਾਹ ਲਿਆ ਸੀ, ਫੇਰ ਰਿਖੀ ਬਾਲਮੀਕ ਵਾਂਗੂ ਉਹੋ ਧਾੜੇ ਮਾਰਨ ਦਾ ਪੇਸ਼ਾ ਅਖਤਿਆਰ ਕਰਕੇ ਗੁਜ਼ਾਰਾ ਕਰਨ ਲੱਗੇ। ਪੰਜਾਬ ਦੇ ਮਜ਼ਹਬੀ ਸਿੱਖ ਅਜਿਹੇ ਧਾੜੇ ਮਾਰ ਧਾਣਕਾਂ ਦੀ ਹੀ ਸੰਤਾਨ ਹਨ, ਜਿਨ੍ਹਾਂ ਨੇ ਕਦੇ ਆਪਣੇ ਆਪ ਨੂੰ ਨੀਵਾਂ ਨਹੀਂ ਅਖਵਾਇਆ।

ਭਗਵਾਨ ਮਨੂ ਤੋਂ ਬਾਦ ਹਿੰਦੁਸਤਾਨੀ ਸਮਾਜ ਵਿਚ ਦੂਜਾ ਇਕ ਵਡਾ ਪਰਿਵਰਤਨ ਇਹ ਆਇਆ ਕਿ ਭਗਵਾਨ ਬੁੱਧ ਤੋਂ ਬਾਦ ਸੱਤਵੀਂ ਸਦੀ ਦੇ ਪ੍ਰਸਿੱਧ ਦਾਰਸ਼ਨਿਕ ਵਿਦਵਾਨ ਸ਼ੰਕਰਾਚਾਰਯ ਨੇ, ਜੋ ਦੱਖਣੀ ਭਾਰਤ ਦੇ ਇਲਾਕਾ ਕੇਰਲ ਦੇ ਜੰਮ ਪਲ ਸਨ, ਜਾਤਿ ਪਾਤਿ ਦੇ ਵਿਰੋਧੀ ਬੁੱਧ ਮਤ ਨੂੰ ਅੱਡੀ ਚੋਟੀ ਦਾ ਜ਼ੋਰ ਲਾਕੇ ਪਿਟਾਇਆ ਤੇ ਉਸਦੇ ਨਾਲ ਹੀ ਸਾਰੀਆਂ ਵੇਦਿਕ ਅਵੇਦਿਕ ਸੰਪ੍ਰਦਾਵਾਂ ਨੂੰ ਜਿਨ੍ਹਾਂ ਵਿਚ ਜੈਨੀ, ਬੋਧੀ ਆਸਤਿਕ ਨਾਸਤਿਕ ਆਦਿ ਸਾਰੇ ਹੀ ਮਤ ਸ਼ਾਮਲ ਸਨ, ਇਕ ਕਰਕੇ ਸਰਬ ਸਾਂਝੇ ਮਤ ਨੂੰ ਸਨਾਤਨ ਧਰਮ ਦਾ ਨਾਂ ਦਿੱਤਾ ਤੇ ਇਸ ਨਵੇਂ ਸੁਧਾਰਵਾਦ ਦੇ ਪੜਦੇ ਹੇਠ ਸੂਰਵੀਰ ਧਾਣਕ ਜਾਤੀ, ਜੋ ਚਿਰ ਕਾਲ ਤੋਂ ਕਈ ਹੀਲੇ ਵਰਤ ਕੇ ਆਪਣਾ ਆਪ ਬਚਾਉਂਦੀ ਚਲੀ ਆ ਰਹੀ ਸੀ, ਇਸ ਨਵੇਂ ਸਨਾਤਨ ਧਰਮ ਦੀ ਮਾਰ ਹੇਠ ਆ ਕੇ ਹੋਰ ਵੀ ਨੀਵੀਂ ਹੋ ਗਈ।

੪.

ਮੁਸਲਮਾਨਾਂ ਦੀ ਆਮਦ ਰਾਜਪੂਤ ਰੰਘੜੇਟੇ ਤੇ ਧਾਣਕ ਜਾਤਿ

ਰਾਜਪੂਤ ਕਾਲ ਤੋਂ ਬਾਦ ਪ੍ਰਿਥਵੀ ਰਾਜ ਚੁਹਾਨ ਦਾ ਪਤਨ ਹੋਣ ਸਾਰ ਭਾਰਤ ਵਿਚ ਇਕ ਨਵੀਂ ਜਾਤ ਮੁਸਲਮਾਨ ਦੀ ਆਮਦ ਅਰਬ ਤੋਂ ਇਲਾਕਾ ਉਤਰ ਪੱਛਮ ਰਸਤੇ ਹੋਈ। ਭਾਰਤ ਵਿਚ ਮੁਸਲਮਾਨੀ ਰਾਜ ਕਾਇਮ ਕਰਨ ਵਾਲਾ ਸਭ ਤੋਂ ਪਹਿਲਾਂ ਸੁਲਤਾਨ ਸ਼ਹਾਬੁੱਦੀਨ ਮੁਹੰਮਦ ਗੌਰੀ ਸੀ। ਪ੍ਰਿਥਵੀ ਰਾਜ ਚੁਹਾਨ ਦਾ ਪਤਨ ਸੰਨ ੧੧੯੨ ਈ: ਦੀ ਘਟਨਾ ਹੈ। ਭਾਵੇਂ ਇਸ ਤੋਂ ਪਹਿਲਾਂ ਮੁਸਲਮਾਨ ਅੱਠਵੀਂ ਸਦੀ ਤੋਂ ਹੀ ਭਾਰਤ ਉਤੇ ਹਮਲੇ ਕਰਨ ਲੱਗ ਪਏ ਸਨ ਤੇ ਹਾਕਿਮ ਅਲਹਜਾਜ ਦੇ ਸੈਨਾਪਤੀ ਮੁਹੰਮਦ ਬਿਨ ਕਾਸਮ ਨੇ ੨੨ ਜੂਨ ਸੰਨ ੭੧੨ ਈ: ਨੂੰ ਮਹਰਾਜ ਤੇ ਬਲੋਚਿਸਤਾਨ ਦੇ ਰਸਤੇ ਸਿੰਧ ਉਤੇ ਚੜ੍ਹਾਈ ਕਰਕੇ ਉਥੋਂ ਦੇ ਰਾਜਾ ਦਾਹਿਰ (ਦਾਰੂ) ਨੂੰ ਜਿੱਤ ਕੇ ਉਸ ਦੀ ਰਾਜਧਾਨੀ ਦੇਵਲ ਉਤੇ ਕਬਜ਼ਾ ਕਰ ਲਿਆ ਸੀ, ਪਰ ਇਹ ਕਬਜ਼ਾ ਆਰਜ਼ੀ ਸੀ। ਭਾਰਤ ਉਤੇ ਅਸਲ ਕਬਜ਼ਾ ਉਸ ਤੋਂ ਚਾਰ ਕੁ ਸੌ ਸਾਲ ਪਿਛੋਂ ਸੁਲਤਾਨ ਸ਼ਹਾਬੁੱਦੀਨ ਗੌਰੀ ਨੇ ਹੀ ਦਿੱਲੀ ਫਤਹਿ ਕਰਕੇ ਕੀਤਾ ਸੀ। ਸੁਲਤਾਨ ਸ਼ਹਾਬੁੱਦੀਨ ਤੋਂ ਬਾਦ ਕੁਤਬਦੀਨ ਏਬਕ ਨੇ ਦਿੱਲੀ ਉਤੇ ਗੁਲਾਮ ਖਾਨਦਾਨ ਦਾ ਕਬਜ਼ਾ ਜਮਾਇਆ।

ਧਾਣਕ ਲੋਕ, ਜੋ ਪਹਿਲਾਂ ਗੱਖੜਾਂ ਤੇ ਖੋਖਰ ਬਣ ਕੇ ਪੱਛਮੀ ਪੰਜਾਬ ਉਤੇ ਹਕੂਮਤ ਕਰਦੇ ਰਹੇ ਸਨ, ਗੁਲਾਮ ਖਾਨਦਾਨ ਤੋਂ ਕੁਝ ਚਿਰ ਪਹਿਲਾਂ ਹੀ ਸੁਲਤਾਨ ਮੁਹੰਮਦ ਗਜ਼ਨਵੀ ਤੇ ਉਸ ਦੇ ਖਾਨਦਾਨ ਦੇ ਸਮੇਂ ਜਦ ਕਿ ਉਸਦੀ ਹਕੂਮਤ ਪੱਛਮੀ ਤੇ ਪੂਰਬੀ ਪੰਜਾਬ ਉਤੇ ਸੂਬਾ ਸਰਹਿੰਦ ਤਕ ਸੀ, ਆਪਣੀ ਅਸਰ-ਰਸੂਖ ਕਾਫ਼ੀ ਹੱਦ ਤਕ ਇਸਲਾਮ ਤੇ ਪ੍ਰਭਾਵ ਮੁਸੱਲੀ ਜਾਤਿ ਦੀ ਸ਼ਕਲ ਵਿਚ ਬਦਲਕੇ ਗਵਾ ਚੁਕੇ ਸਨ, ਪਰ ਫੇਰ ਵੀ ਬਹੁਗਿਣਤੀ ਦੇ ਧਾਣਕ ਸਵਤੰਤਰ ਫਿਰਤੂ ਜੱਥਿਆਂ ਦੀ ਸ਼ਕਲ ਵਿਚ ਰਹਿ ਕੇ ਸੁਲਤਾਨ ਗਜ਼ਨਵੀ ਦੇ ਪ੍ਰਭਾਵ ਤੋਂ ਅਲੱਗ ਥਲੱਗ ਹੀ ਰਹੇ।

ਇਸ ਤਰ੍ਹਾਂ ਪੰਜਾਬ ਵਿਚ ਮੁਸਲਮਾਨਾਂ ਦੇ ਆਉਣ ਤੇ ਜਦ ਕਿ ਅਜੋਧਨ, ਮੁਲਤਾਨ ਆਦਿ ਇਲਾਕੇ ਮੁਸਲਿਮ ਜਾਤ ਦੇ ਗੜ੍ਹ ਬਣ ਚੁਕੇ ਸਨ ਤੇ ਲਾਹੌਰ ਵੀ ਕੁਝ ਸਮੇਂ ਵਾਸਤੇ ਮਹਿਮੂਦ ਪੁਰ ਹੀ ਬਣ ਗਿਆ ਸੀ ਤੇ ਪੰਜਾਬ ਦੇ ਜੱਟ ਵੀ ਉਨ੍ਹਾਂ ਦੇ ਸਾਹਮਣੇ ਝੁਕ ਗਏ ਸਨ ਤਾਂ ਧਾਣਕ ਜਾਤਿ ਦਾ ਰੁਅਬ ਦਾਬ ਕਾਇਮ ਰਹਿਣਾ ਕੋਈ ਸੌਖੀ ਗੱਲ ਨਹੀਂ ਸੀ ਕਿਉਂਕਿ ਉਨ੍ਹਾਂ ਵਿਚੋਂ ਵੀ ਕਾਫੀ ਲੋਕ ਮੁਸੱਲੀ ਬਣਕੇ ਇਸਲਾਮ ਕਬੂਲ ਕਰ ਚੁਕੇ ਸਨ, ਪਰ ਫੇਰ ਵੀ ਬਹੁਗਿਣਤੀ ਦੇ ਸਵਤੰਤਰਤਾ ਪ੍ਰੇਮੀ ਤੇ ਹਠੀਏ ਧਾਣਕਾਂ ਵਲੋਂ ਕਿਸੇ ਸ਼ੁਭ ਸਮੇਂ ਦੀ ਉਡੀਕ ਬੜੀ ਤੀਬਰਤਾ ਨਾਲ ਹੋਣ ਲੱਗੀ।

ਸੁਲਤਾਨ ਅਲਾਉਦੀਨ ਤੇ ਉਸ ਦੇ ਸਮਾਜਿਕ ਸੁਧਾਰ

ਭਾਰਤ ਵਿਚ ਸੁਲਤਾਨ ਅਲਾਉਦੀਨ ਖਿਲਜੀ ਤੇ ਮੁਗਲ ਬਾਦਸ਼ਾਹ ਅਕਬਰ ਦੋਵੇਂ ਸੁਧਾਰਕ ਹੋਣ ਦੇ ਨਾਲ ਹੀ ਅੱਵਲ ਦਰਜੇ ਦੇ ਸੁਲਹ-ਕੁਲ ਬਾਦਸ਼ਾਹ ਮੰਨੇ ਗਏ ਹਨ, ਜਿਨ੍ਹਾਂ ਦੀ ਨਿਗਾਹ ਵਿਚ ਹਿੰਦੂ ਤੇ ਮੁਸਲਮਾਨ ਇਕ ਬਰਾਬਰ ਸਨ, ਇਸੇ ਕਾਰਣ ਉਹ ਬਹੁਤੇ ਇਨਸਾਫ-ਪਸੰਦ ਹੋਣ ਕਰ ਕੇ ਪੈਗੰਬਰੀ (ਅਵਤਾਰਪੁਣੇ) ਦਾ ਦਾਅਵਾ ਵੀ ਕਰਨ ਲਗ ਪਏ ਸਨ। ਸੁਲਤਾਨ ਅਲਾਉਦੀਨ ਖਿਲਜੀ ਨੇ ਬੜੀ ਦਲੇਰੀ ਕਰ ਕੇ ਇਕ ਸਰਬ ਸਾਂਝੇ ਹਿੰਦੂ-ਮੁਸਲਿਮ ਸਮਾਜ ਦਾ ਮੁੱਢ ਬੰਨ੍ਹ ਕੇ ਇਕ ਨਵੀਂ ਸੰਪ੍ਰਦਾਇ ਚਲਾਈ ਤੇ ਮੁਗਲ ਬਾਦਸ਼ਾਹ ਅਕਬਰ ਨੇ ਇਕ ਹੋਰ ਨਵਾਂ ਦੀਨ ਇਲਾਹੀ ਚਲਾਇਆ ਸੀ, ਜਿਹਨਾਂ ਵਿਚ ਇਸਲਾਮੀ ਅਸੂਲਾਂ ਦੀ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ ਤੇ ਹਿੰਦੂ-ਮੁਸਲਮਾਨਾਂ ਨੂੰ ਇਕੋ ਨਜ਼ਰ ਨਾਲ ਵੇਖਿਆ ਜਾਂਦਾ ਸੀ। ਧਾਣਕ ਲੋਕਾਂ ਨੂੰ ਇਹਨਾਂ ਬਾਦਸ਼ਾਹੀ ਸੰਪ੍ਰਦਾਵਾਂ ਦੇ ਮੇਲ-ਜੋਲ ਨਾਲ ਕੁਝ ਸੁੱਖ ਦਾ ਸਾਹ ਮਿਲਣਾ ਇਕ ਕੁਦਰਤੀ ਗੱਲ ਸੀ, ਕਿਉਂਕਿ ਇਹਨਾਂ ਸੰਪ੍ਰਦਾਵਾਂ ਦਾ ਉੱਥਾਨ ਹੋਣ ਤੇ ਪੁਰਾਣੇ ਬ੍ਰਾਹਮਣੀ ਜਾਂ ਰਾਜਪੂਤੀ ਕਾਲ ਦੇ ਕੋੜੇ ਜਾਤੀ ਬੰਧਨ, ਜਿਨ੍ਹਾਂ ਕਾਰਣ ਹਿੰਦੁਸਤਾਨੀ ਦੀ ਇੰਨੀ ਗਿਰਾਵਟ ਹੋਈ ਸੀ, ਕਾਫੀ ਹਦ ਤਕ ਢਿਲੇ ਪੈ ਚੁਕੇ ਸਨ ਤੇ ਹਿੰਦੂ-ਮੁਸਲਮਾਨਾਂ ਦੇ ਪ੍ਰਸਪਰ ਬਿਨਾ ਕਿਸੇ ਜਾਤੀ ਰੋਕ ਟੋਕ ਦੇ ਖੁੱਲ੍ਹੇ ਵਿਆਹ ਵੀ ਹੋਣ ਲਗ ਪਏ ਸਨ। ਪੁਰਾਤਨ ਫ਼ਾਰਸੀ ਤਵਾਰੀਖਾਂ ਦੇ ਕਥਨ ਅਨੁਸਾਰ ਕਹਿੰਦੇ ਕਹਾਉਂਦੇ ਮੁਸਲਮਾਨ ਆਪਣੀਆਂ ਲੜਕੀਆਂ ਨੂੰ ਤੇ ਉੱਚੀਆਂ ਜਾਤਾਂ ਦੇ ਹਿੰਦੂ ਆਪਣੀਆਂ ਲੜਕੀਆਂ ਹਿੰਦੂਆਂ ਮੁਸਲਮਾਨਾਂ ਨੂੰ ਬਕਾਇਦਾ ਵਿਆਹ ਦੇਂਦੇ ਸਨ ਤੇ ਉਹਨਾਂ ਲੜਕੀਆਂ ਦੀ ਸੰਤਾਨ ਹਿੰਦੂਆਂ ਦੇ ਘਰ ਹਿੰਦੂ ਤੇ ਮੁਸਲਮਾਨਾਂ ਦੇ ਘਰ ਮੁਸਲਮਾਨ ਮੰਨੀ ਜਾਂਦੀ ਸੀ ਤੇ ਵਿਵਾਹਿਤ

ਲੜਕੀਆਂ ਦੀ ਜਾਤਿ ਉਹੋ ਹੁੰਦੀ ਸੀ ਜੋ ਉਹਨਾਂ ਦੇ ਪਤੀਆਂ ਦੀ ਹੁੰਦੀ ਸੀ ਤੇ ਹਿੰਦੂ-ਮੁਸਲਿਮ ਸਮਾਜ ਵਿਚ ਉਹਨਾਂ ਬਾਰੇ ਕੋਈ ਛੂਆ ਛਾਤ ਜਾਂ ਵਖਰੇਵੇਂ ਦਾ ਵਰਤਾਉ ਨਹੀਂ ਸੀ ਕੀਤਾ ਜਾਂਦਾ। ਹਿੰਦੂ-ਮੁਸਲਮਾਨਾਂ ਦੀ ਇਹ ਜਾਤੀ ਏਕਤਾ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਸੋਲ੍ਹਵੀਂ ਸਦੀ ਈਸਵੀ ਤਕ ਬਾਕਾਇਦਾ ਇਕ-ਰਸ ਕਾਇਮ ਰਹੀ ਤੇ ਫੇਰ ਮੁਗਲ ਬਾਦਸ਼ਾਹ ਜਹਾਂਗੀਰ ਤੇ ਸ਼ਾਹ ਜਹਾਨ ਦੇ ਕੱਟੜਪੁਣੇ ਕਰ ਕੇ ਇਹ ਜਾਤੀ ਮੇਲ ਮਿਲਾਪ ਇਸਲਾਮੀ ਸ਼ਰ੍ਹਾ ਆਈਨ ਦੇ ਸਖਤ ਵਖੇਵੇਂ ਕਾਰਣ ਕੁਦਰਤੀ ਤੌਰ ਤੇ ਹਮੇਸ਼ਾ ਲਈ ਖਤਮ ਹੋ ਗਿਆ।

ਸੁਲੇਮਾਨ ਅਲਾਉਦੀਨ ਦੇ ਸਮਾਜਿਕ ਸੁਧਾਰਾਂ ਦੇ ਨਤੀਜੇ ਵਜੋਂ ਪੰਜਾਬ ਦੇ ਖੱਤਰੀ ਜੋ ਸ਼ਾਇਦ ਪਹਿਲਾਂ ਪਹਿਲ ਇਕੋ ਵੈਸ਼-ਵੰਸ਼ ਦੇ ਪ੍ਰੰਪਰਾਗਤ ਅਨੁਯਾਈ ਸਨ, ਪਹਿਲਾਂ ਸਰੀਹਣ ਤੇ ਬਵੰਜਾਹੀ ਨਾਂ ਹੇਠ ਦੋ ਜਾਤਾਂ ਵਿਚ ਵੰਡੇ ਗਏ ਤੇ ਫੇਰ ਸਰਹੀਣ ਖੱਤ੍ਰੀਆਂ ਵਿਚੋਂ ਬੇਦੀ, ਤਰੇਹਣ, ਭੱਲੇ ਤੇ ਸੋਢੀ ਆਦਿ ਅਤੇ ਬਵੰਜਾਹੀ ਖੱਤ੍ਰੀਆਂ ਵਿਚੋਂ ਖੰਨੇ, ਕਪੂਰ, ਚੋਪੜੇ, ਤਲਵਾੜ, ਮੱਟਨ, ਸਹਿਗਲ, ਬਿੱਜ, ਮਹਿੰਦਰੂ ਆਦਿ ਅਨੇਕਾਂ ਉਪਜਾਤਾਂ ਅਥਵਾ ਜਾਤ-ਸਨਾਤਾਂ ਵਿਚ ਵੰਡੇ ਗਏ। ਇਸੇ ਤਰ੍ਹਾਂ ਧਾਣਕ ਜਾਤੀ ਵਿਚ ਵੀ ਅਠਾਰ੍ਹਾਂ ਕਿਸਮ ਦੇ ਗੋਤ੍ਰ-ਉਪਗੋਤ੍ਰ ਜਿਹਨਾਂ ਵਿਚੋਂ ਸਰਹੋਤੇ, ਗਿੱਲ, ਭਾਈ, ਖੋਖਰ, ਗੱਖੜ, ਮੱਟੂ, ਖਾਰੂ, ਕਲਿਆਣ, ਲੱਧੜ, ਸਿੱਧੂ, ਛੱਪਰ, ਬੰਧ, ਨੱਯਰ, ਊਂਟਵਾਲ, ਕੰਧਾਰੀ, ਹਾਂਸੀ, ਖੋਸਰ, ਧਾਰੀਵਾਲ ਆਦਿ ਸ਼ਾਮਲ ਹਨ, ਪ੍ਰਮੁੱਖ ਮੰਨੇ ਗਏ। ਸੁਲਤਾਨ ਅਲਾਉਦੀਨ ਤੋਂ ਮੁਗਲ ਬਾਦਸ਼ਾਹ ਅਕਬਰ ਦੇ ਸਮੇਂ ਤਕ ਬਹੁਗਿਣਤੀ ਦੇ ਧਾਣਕ, ਸ਼ਾਹੀ ਫੌਜ, ਦਰਬਾਰੀ ਮੀਰ ਸ਼ਿਕਾਰ ਜਾਂ ਹੋਰ ਖਾਸ ਰਾਜ ਪ੍ਰਬੰਧਕੀ ਅਮਲਿਆਂ ਵਿਚ ਉੱਚੇ ਨੀਵੇਂ ਅਹੁਦਿਆਂ ਉਤੇ ਤਾਇਨਾਤ ਹੁੰਦੇ ਰਹੇ ਜਿਨ੍ਹਾਂ ਬਾਰੇ ਕੁਝ ਰਵਾਇਤੀ ਰੀਕਾਰਡ ਧਾਣਕ ਜਾਤਿ ਦੇ ਇਹਨਾਂ ਗੋਤਰਾਂ ਤੇ ਉਪਗੋਤਰਾਂ ਦੀ ਖਾਨਦਾਨੀ ਖੋਜ ਕਰਨ ਤੇ ਮਿਲਦੇ ਹਨ ਚੁਨਾਂਚਿ ਇਹੋ ਤਾਰੀਖੀ ਹਾਲ ਇਸ ਵੀਰ ਜਾਤੀ ਦਾ ਸਿਖ ਗੁਰੂ ਸਾਹਿਬਾਨ ਤੇ ਤਦ ਪਸ਼ਚਾਤ ਬਾਰ੍ਹਾਂ ਮਿਸਲਾਂ ਤੇ ਸਿਖ ਰਾਜ ਦੇ ਸਮੇਂ ਤਕ ਬਾਕਾਇਦਾ ਪ੍ਰਚਲਿਤ ਰਿਹਾ।

ਰਾਜਪੂਤਾਂ ਤੋਂ ਰੰਘੜ ਤੇ ਰੰਘੜੇਟੇ

ਹੁਣ ਏਥੇ ਰੰਘੜੇਟਾ ਸ਼ਬਦ ਦੀ ਉਪਜ ਨਿਪਜ ਦਸਣੀ ਵੀ ਜ਼ਰੂਰੀ ਹੈ। ਰੰਘੜ ਪੰਜਾਬ ਦੇ ਹਿੰਦੂ ਤੇ ਮੁਸਲਮਾਨ ਰਾਜਪੂਤਾਂ ਦੀ ਜਾਤੀ ਅੱਲ ਹੈ, ਪਰ ਫੇਰ ਵੀ ਇਹ ਲਫਜ਼ ਵਧੇਰੇ ਮੁਸਲਮਾਨ ਰਾਜਪੂਤਾਂ ਬਾਰੇ ਹੀ ਵਰਤਿਆ ਜਾਂਦਾ ਹੈ। ਪੰਜਾਬ

ਦੇ ਖੋਖਰ ਤੇ ਗੱਖੜ ਰਾਜਪੂਤ ਮੁਸਲਮਾਨ ਬਣਨ ਦੇ ਬਾਵਜੂਦ ਵੀ ਆਪਣੀ ਕੁਰਸੀਨਾਮਾ ਅਗਨੀ ਕੁਲ ਰਾਜਪੂਤ (ਛਤ੍ਰੀਆਂ) ਨਾਲ ਮੇਲਦੇ ਹਨ ਤੇ ਸੁਭਾਉ ਦੇ ਲਿਹਾਜ਼ ਨਾਲ ਵੀ, ਜਿਵੇਂ ਕਿ ਜੇਗੀ ਕੌਮਾਂ ਦਾ ਆਮ ਰਿਵਾਜ ਹੈ, ਆਪਣੇ ਰਾਜਪੂਤ ਜਾਤੀ ਅਕੜੇਵੇਂ ਜਾਂ ਰੰਘੜਪੁਣੇ ਦੇ ਕਾਰਣ ਸੁਭਾਉ ਦੇ ਰੁੱਖੇ ਹੁੰਦੇ ਹਨ, ਇਸ ਲਈ ਪੱਛਮੀ ਪੰਜਾਬ ਦੇ ਸਭਿਆਚਾਰਿਕ ਸੰਚੇ ਵਿਚ ਢੱਲ ਕੇ ਖੋਖਰ ਰਾਜਪੂਤਾਂ (ਵਿਸ਼ੇਸ਼ ਕਰ ਕੇ ਮੁਸਲਮਾਨ ਰਾਜਪੂਤਾਂ) ਦੀ ਰੰਘੜ ਸੰਗਯਾ ਸਿੱਧ ਹੋ ਗਈ ਤੇ ਉਹਨਾਂ ਹੀ ਰੰਘੜ ਰਾਜਪੂਤਾਂ ਦੇ ਬੇਟੇ ਹੋਣ ਕਰ ਕੇ ਉਹਨਾਂ ਦੇ ਪੁੱਤਰ ਸਾਰੇ ਹੀ ਰੰਘੜੇਟੇ ਅਰਥਾਤ ਰੰਘੜਾਂ ਦੇ ਬੇਟੇ ਅਖਵਾਏ। ਪਿਛੋਂ ਪੰਜਾਬ ਦੇ ਮਜ਼ਹਬੀ ਸਿਖ ਉਹਨਾਂ ਦੀ ਰੀਸੋ-ਰੀਸ ਜੋ ਕਿ ਖੋਖਰ ਤੇ ਗੱਖੜ ਰਾਜਪੂਤਾਂ ਨਾਲ ਲਹੂ-ਮਾਸ ਦਾ ਸਬੰਧ ਰੱਖਦੇ ਸਨ, ਇਸ ਲਈ ਉਹ ਵੀ ਰੰਘੜੇਟੇ ਨਾਂ ਨਾਲ ਹੀ ਪ੍ਰਸਿੱਧ ਹੋਏ। ਪੰਜਾਬ ਦੇ ਮਜ਼ਹਬੀ ਸਿਖ ਇਸੇ ਰਾਜਪੂਤੀ ਉਪਜ ਨਿਪਜ ਦੇ ਰੰਘੜੇਟੇ ਅਖਵਾਣਾ ਆਪਣੇ ਲਈ ਬੜੇ ਫ਼ਖਰ ਦੀ ਗੱਲ ਸਮਝਦੇ ਹਨ। ਉਹ ਇਸੇ ਕਰ ਕੇ ਕਿ ਇਨ੍ਹਾਂ ਦੇ ਬਜ਼ੁਰਗ ਪੰਜਾਬ ਦੇ ਰਾਜਵੰਸੀ ਖੋਖਰ ਜਾਂ ਗੱਖੜ ਰਾਜਪੂਤ ਸਨ, ਜਿਹਨਾਂ ਤੋਂ ਉਹਨਾਂ ਦਾ ਮੁੱਢ ਤੁਰਿਆ ਮੰਨਿਆ ਜਾਂਦਾ ਹੈ।

ਧਾਣਕ, ਚੂਹੜੇ ਤੇ ਰੰਘੜੇਟੇ

ਏਥੇ ਇਕ ਇਹ ਆਪ ਹੁਦਰਾ ਜਾਤੀ ਭਿੰਨ-ਭੇਦ ਵੀ ਖੋਲ੍ਹ ਦੇਣਾ ਜੋਗ ਹੈ ਕਿ ਖੋਖਰ ਜਾਤਿ ਦੇ ਧਾਣਕ,ਜਿਨ੍ਹਾਂ ਨੇ ਮਹਾਂਭਾਰਤ-ਕਾਲ ਤੋਂ ਬਾਦ ਪੱਛਮੀ ਪੰਜਾਬ ਉਤੇ ਕਬਜ਼ਾ ਕਰਕੇ ਹਕੂਮਤ ਕੀਤੀ, ਜਿਤਨਾ ਚਿਰ ਇਸ ਦੇਸ਼ ਵਿਚ ਰਾਜ-ਭਾਗ ਦੇ ਮਾਲਿਕ ਬਣੇ ਰਹੇ ਉਤਨਾ ਚਿਰ ਉਨ੍ਹਾਂ ਦੀ ਗਿਣਤੀ ਰਾਜਪੂਤਾਂ ਵਿਚ ਹੁੰਦੀ ਰਹੀ, ਪਰ ਫੇਰ ਜਦ ਰਾਜ-ਭਾਗ ਦੀ ਵਾਗਡੋਰ ਹੱਥੋਂ ਨਿਕਲੀ ਤਾਂ ਮੁੜ ਉਹੋ ਧਾਣਕ ਦੇ ਧਾਣਕ ਹੀ ਬਣ ਬੈਠੇ ਤੇ ਉਨ੍ਹਾਂ ਵਿਚੋਂ ਜਿਨ੍ਹਾਂ ਨੇ ਆਪਣੇ ਆਦਰਸ਼ ਨੂੰ ਪਿੱਠ ਦੇ ਕੇ ਪੇਟ ਪੂਰਤੀ ਵਾਸਤੇ ਕਿਸੇ ਮਜਬੂਰੀ ਕਾਰਣ ਨੀਵੇਂ ਕੰਮ ਧੰਦੇ ਕਥਾਂ-ਕਾਨਿਆਂ ਦਾ ਚੂੜਾ (ਚੋਟੀ) ਬੰਨ੍ਹ ਗਲੀਆਂ ਦੀ ਸਫ਼ਾਈ, ਝਾੜੂ ਬੁਹਾਰੀ ਆਦਿ ਕਰਨ ਦੇ ਅਪਣਾਏ, ਉਹ ਚੂਹੜੇ ਅਖਵਾਏ ਤੇ ਇਸ ਹਾਲਤ ਵਿਚ ਚੂਹੜਾ (ਨਾਇਕ ਅਥਵਾ ਸਰਦਾਰ) ਸ਼ਬਦ ਦੇ ਅਸਲ ਅਰਥ ਹੀ ਬਦਲ ਗਏ। ਇਹ ਠੀਕ ਉਹੋ ਗੱਲ ਹੋਈ ਜਿਵੇਂ ਪੁਰਾਣੇ ਪੰਜਾਬ ਦੇ ਗਣਰਾਜਾਂ ਦੀ ਦਰਬਾਰੀ ਨਾਚੀ ਗਣਿਕਾ ਇਕ ਸਾਧਾਰਣ ਕਸਬੀ ਵੇਸਵਾ ਮੰਨੀ ਗਈ ਤੇ ਨਾਇਕ (ਸਰਦਾਰ) ਛੋਟੇ ਦਰਜੇ ਦਾ ਸਿਪਾਹੀ ਤੇ ਜਮਾਂਦਾਰ (ਫੌਜੀ) ਸਰਦਾਰ ਪਿਛੋਂ ਆ ਕੇ ਦਰੋਗਾ ਸਫ਼ਾਈ ਬਣ ਗਿਆ। ਜਿਨ੍ਹਾਂ

ਧਾਣਕਾਂ ਨੇ ਗਰੀਬੀ ਹੋਣ ਦੇ ਬਾਵਜੂਦ ਵੀ ਆਪਣੀ ਉਹੋ ਰਾਜਪੂਤ (ਰੰਘੜ ਪੁਣੇ) ਦੀ ਅਣਖ ਕਾਇਮ ਰੱਖੀ ਅਤੇ ਦਲੇਰੀ ਨਾਲ ਸਿਪਾਹੀਆਨਾ ਫ਼ਰਜ਼ਾਂ ਨੂੰ ਅਪਣਾਇਆ, ਉਹ ਰੰਘੜਾਂ (ਰਾਜਪੂਤਾਂ) ਦੇ ਪੁਤ੍ਰ ਹੋਣ ਕਰਕੇ ਰੰਘੜੇਟੇ ਅਖਵਾਏ। ਇਸੇ ਕਾਰਣ ਰੰਘੜੇਟਾ ਜਾਤਿ ਦੇ ਲੋਕ ਸ਼ੁਰੂ ਤੋਂ ਹੀ ਆਜ਼ਾਦੀ ਪਸੰਦ ਹੋਣ ਕਰਕੇ ਚੂੜ੍ਹਿਆਂ ਤੇ ਹੋਰ ਧਾਣਕਾਂ ਦੀ ਨਿਸਬਤ ਬਹੁਤੇ ਉੱਚੀ ਕੁਲ ਦੇ ਹਨ ਤੇ ਉਨ੍ਹਾਂ ਦੇ ਮੁਕਾਬਲੇ ਤੇ ਚੂਹੜੇ ਅਤੇ ਸਾਧਾਰਣ ਧਾਣਕ, ਜਿਨ੍ਹਾਂ ਨੇ ਨੀਵੇਂ ਕਿੱਤੇ ਅਪਣਾਏ, ਹਮੇਸ਼ਾਂ ਲਈ ਨੀਵੇਂ ਹੀ ਮੰਨੇ ਗਏ। ਇਸੇ ਕਾਰਣ ਸਾਧਾਰਣ ਧਾਣਕ ਤੇ ਚੂਹੜੇ, ਮਿਸਟਰ ਡੈਨਜਿਲ ਇਬਟਸਨ ਦੇ ਕਥਨ ਅਨੁਸਾਰ, ਆਪਣੇ ਵੱਖਰੇ ਪੇਸ਼ੇ ਕਾਰਣ ਵਖਰਾ ਪੀਰ ਲਾਲ ਬੇਗ ਨੂੰ ਮੰਨਣ ਲੱਗੇ ਜਿਸ ਕਾਰਣ ਲਾਲ ਬੇਗੀ ਕਹੇ ਜਾਂਦੇ ਹਨ। ਪਰ ਉਨ੍ਹਾਂ ਦੇ ਮੁਕਾਬਲੇ ਤੇ ਮਜ਼ਹਬੀ ਸਿੱਖ (ਰੰਘੜੇਟੇ) ਗੁਰੂ ਨਾਨਕ-ਦਸ਼ਮੇਸ਼ ਤੋਂ ਸਿਵਾਇ ਹੋਰ ਕਿਸੇ ਗੁਰੂ-ਪੀਰ ਨੂੰ ਨਹੀਂ ਮੰਨਦੇ। ਕੁਝ ਧਾਣਕ ਤੇ ਚੂਹੜੇ, ਜੋ ਭਾਰਤ ਵਿਚ ਮੁਸਲਮਾਨਾਂ ਦੀ ਆਓ-ਆਈ ਸਮੇਂ ਢੇਰ ਚਿਰ ਪਹਿਲਾਂ ਹੀ ਕਿਸੇ ਕਾਰਣ ਮੁਸਲਮਾਨ ਬਣ ਗਏ ਸਨ। ਉਹ ਹਲਾਲ ਖੋਰ, ਦੀਨ ਦਾਰ, ਖਾਕ ਰੋਬ ਜਾਂ ਮੁਸੱਲੀ ਨਾਵਾਂ ਨਾਲ ਮਸ਼ਹੂਰ ਹੋਏ। ਉਹ ਠੀਕ ਓਕਣ ਹੀ ਜੀਕਣ ਕਿ ਕਸ਼ਮੀਰ ਦੇ ਖਤ੍ਰੀਆਂ ਤੋਂ ਬਣੇ ਮੁਸਲਮਾਨ ਖੱਖੇ ਤੇ ਬ੍ਰਾਹਮਣਾਂ ਤੋਂ ਬਣੇ ਮੁਸਲਮਾਨ ਬੱਬੇ ਕਹੇ ਜਾਂਦੇ ਹਨ ਤੇ ਮੁਸਲਮਾਨ ਉਨ੍ਹਾਂ ਸਾਧਾਰਣ ਧਾਣਕਾਂ ਜਾਂ ਚੂਹੜਿਆਂ ਨੂੰ ਕਿਸੇ ਹੀਲੇ ਆਪਣੇ ਦੀਨ-ਇਸਲਾਮ ਵਿਚ ਪੂਰੀ ਤਰ੍ਹਾਂ ਜਜ਼ਬ ਨਹੀਂ ਕਰ ਸਕੇ।

੫.

ਸਿੱਖ ਪੰਥ ਨਾਲ ਰੰਘੜੇਟਾ ਦਾ ਸੰਬੰਧ

ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਜਿਨ੍ਹਾਂ ਦਾ ਸਮਾਂ ਸੰਨ ੧੪੬੯ ਤੋਂ ਸੰਨ ੧੫੩੯ ਈ: ਤਕ ਹੈ, ਧਾਣਕ ਅਥਵਾ ਰੰਘੜੇਟਾ ਜਾਤਿ ਦਾ ਜ਼ਿਕਰ ਆਪਣੀ ਬਾਣੀ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਕੀਤਾ ਹੈ :—

ਸਿਰੀ ਰਾਗ ਮਹਲਾ ੧, ਘਰੁ ੪

ਏਕੁ ਸੁਆਨੁ ਦੁਇ ਸੁਆਨੀ ਨਾਲਿ ॥
ਭਲਕੇ ਭਉਕਹਿ ਸਦਾ ਬਇਆਲਿ ॥
ਕੂੜੁ ਛੁਰਾ ਮੁਠਾ ਮੁਰਦਾਰੁ ॥
ਧਾਣਕ ਰੂਪਿ ਰਹਾ ਕਰਤਾਰ ॥੧॥

ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥
ਹਉ ਬਿਗੜੈ ਰੂਪਿ ਰਹਾ ਬਿਕਰਾਲ ॥
ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥
ਮੈ ਏਹਾ ਆਸ ਏਹੋ ਆਧਾਰੁ ॥੧॥ਰਹਾਉ॥

ਮੁਖਿ ਨਿੰਦਾ ਆਖਾ ਦਿਨੁ ਰਾਤਿ ॥
ਪਰ ਘਰੁ ਜੋਹੀ ਨੀਚ ਸਨਾਤਿ ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥
ਧਾਣਕ ਰੂਪਿ ਰਹਾ ਕਰਤਾਰ ॥੨॥

ਫਾਹੀ ਸੁਰਤਿ ਮਲੂਕੀ ਵੇਸੁ ॥
ਹਉ ਠਗਵਾੜਾ ਠਗੀ ਦੇਸੁ ॥
ਖਰਾ ਸਿਆਣਾ ਬਹੁਤਾ ਭਾਰੁ ॥
ਧਾਣਕ ਰੂਪਿ ਰਹਾ ਕਰਤਾਰ ॥੩॥

ਮੈ ਕੀਤਾ ਨ ਜਾਤਾ ਹਰਾਮ ਖੋਰੁ ॥

ਹਉ ਕਿਉ ਮੁਹੁ ਦੇਸਾ ਦੁਸਟੁ ਚੋਰੁ ॥
ਨਾਨਕੁ ਨੀਚੁ ਕਹੈ ਬੀਚਾਰੁ ॥
ਧਾਣਕ ਰੂਪਿ ਰਹਾ ਕਰਤਾਰ ॥੪॥੨੯॥
(ਸ੍ਰੀ ਗੁਰੂ ਗ੍ਰੰਥ ਸਾਹਿਬ)

ਇਸ ਸ਼ਬਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਾਣਕ ਰੂਪ ਦਾ ਉਹੋ ਚਰਿਤਰ ਚਿਤ੍ਰਣ ਕਰਕੇ ਦੱਸਿਆ ਹੈ ਜੋ ਭਗਵਾਨ ਮਨੂ ਨੇ ਮਨੂ ਸਿਮ੍ਰਤੀ ਦੇ ਦਸਵੇਂ ਅਧਿਆਇ ਦੇ ੫੨-੫੪ ਸਲੋਕ ਵਿਚ ਸਪਸ਼ਟ ਰੂਪ ਵਿਚ ਉਲੀਕਿਆ ਹੈ ਕਿ ਧਾਣਕ (ਚੰਡਾਲ)ਤੇ ਸਵਪਚ (ਗਿੱਦੜ ਮਾਰ) ਅਥਵਾ ਸਾਂਸੀ ਪਿੰਡੋਂ ਬਾਹਰ ਰਹਿਣ, ਟੁੱਟ ਫੁੱਟ ਭਾਂਡਿਆਂ ਵਿਚ ਖਾਣ ਪੀਣ ਅਤੇ ਗਧੇ ਤੇ ਸ਼ਿਕਾਰੀ ਕੁੱਤੇ ਪੈੜੀਆਂ ਉਨ੍ਹਾਂ ਦਾ ਮਾਲ ਧਨ ਹੋਣ। ਪਰਾਏ ਘਰਾਂ ਵਿਚ ਰਾਤੀਂ ਪਾੜ ਲਾਉਣਾ, ਕਾਮ-ਕ੍ਰੋਧ ਚੰਡਾਲਾਂ ਦਾ ਸੰਗੀ ਸਾਥੀ ਹੋਣਾ, ਮਲੂਕਾਂ ਦੇ ਭੇਸ ਵਿਚ ਫਾਹੀਆਂ ਲੈ ਕੇ ਅਨਜਾਣ ਲੋਕਾਂ ਨੂੰ ਫਾਹ ਦੇ ਕੇ ਮਾਰਨਾ ਤੇ ਲੁੱਟਮਾਰ ਕਰਨੀ ਤੇ ਰਾਤੀਂ ਪਿੰਡਾਂ ਤੇ ਨਗਰਾਂ ਵਿਚ ਲੁਕ ਛਿਪ ਕੇ ਫਿਰਨਾ ਆਦਿ ਕੁਕ੍ਰਿਤ ਕਰਮ ਉਨ੍ਹਾਂ ਦੇ ਜੀਵਨ ਅੰਗ ਸਨ। ਭਾਵੇਂ ਇਸ ਸ਼ਬਦ ਵਿਚ ਧਾਣਕ ਰੂਪ ਕਰਤਾਰ ਦਾ ਚਿਤਰ ਚਿਤਰਕੇ ਗੁਰੂ ਜੀ ਨੇ ਮਨੁੱਖੀ ਜੀਵਨ ਦੇ ਗੂੜ ਰਹਸਯ ਨੂੰ ਚੰਗੀ ਤਰ੍ਹਾਂ ਖੋਲ੍ਹਿਆ ਹੈ, ਪਰ ਫੇਰ ਵੀ ਜਨਮ ਸਾਖੀ ਗੁਰੂ ਨਾਨਕ (ਭਾਈ ਬਾਲਾ) ਦੇ ਅਨੁਸਾਰ ਗੁਰੂ ਨਾਨਕ ਨੇ ਨਵਾਂ ਨਗਰ ਕਰਤਾਰ ਪੁਰ ਵਸਾ ਕੇ ਜਦ ਗੁਰੂ ਸਿੱਖੀ ਨੂੰ ਪਰਖਿਆ ਸੀ ਤਾਂ ਇਹੋ ਡਰ-ਪਾਉਣਾ ਧਾਣਕ ਰੂਪ ਧਾਰਣ ਕੀਤਾ ਸੀ। ਗੁਰੂ ਨਾਨਕ ਦਾ ਇਹ ਰੂਪ ਦੇਖਕੇ ਹੋਰ ਸਿਖ ਤਾਂ ਸਭ ਡਰਦੇ ਮਾਰੇ ਨੱਸ ਗਏ ਸਨ ਤੇ ਕੇਵਲ ਭਾਈ ਲਹਿਣਾ (ਗੁਰੂ ਅੰਗਦ) ਹੀ ਸਾਬਤ ਕਦਮ ਰਿਹਾ ਸੀ। ਜਿਸ ਕਰਕੇ ਗੁਰੂ ਸਾਹਿਬ ਨੇ ਉਸ ਨੂੰ ਆਪਣੀ ਥਾਵੇਂ ਦੂਜਾ ਗੁਰੂ ਥਾਪਕੇ ਗੁਰ-ਗੱਦੀ ਪ੍ਰਦਾਨ ਕੀਤੀ ਸੀ।

ਏਥੇ ਹੀ ਬਸ ਨਹੀਂ ਕਿ ਗੁਰੂ ਨਾਨਕ ਨੇ ਧਾਣਕ ਰੂਪ ਨੂੰ ਅਪਣਾ ਕੇ ਇਸ ਖਾਨਦਾਨ ਦਾ ਨਾਂ ਉਚਾ ਕੀਤਾ, ਸਗੋਂ ਆਪਣੇ ਜੀਵਨ ਦੀਆਂ ਪਰਦੇਸ਼ ਫੇਰੀਆਂ ਰੂਪ,ਚਾਰ ਉਦਾਸੀਆਂ ਵਿਚ ਉਨ੍ਹਾਂਨੇ ਇਸੇ ਨੀਚਹੁ ਊਚ ਕਰੇ ਮੇਰਾ ਗੋਬਿੰਦ ਦੀ ਉੱਚੀ ਸੁਚੀ ਭਾਵਨਾ ਦੇ ਅਧੀਨ ਤੁਲੰਭਾ (ਮੁਲਤਾਨ) ਦੇ ਸੱਜਣ ਠੱਗ, ਉੱਤਰੀ ਭਾਰਤ ਦੇ ਕੌਡੇ ਰਾਖਸ਼, ਦੇਵ ਲੂਤ ਆਦਿ ਇਸੇ ਖਾਨਦਾਨ ਦੇ ਅਨੇਕ ਭੁੱਲੇ ਭੱਟਕੇ ਜੀਵਾਂ ਨੂੰ ਆਪਣੇ ਲੜ ਲਾ ਕੇ ਉਧਾਰਿਆ ਤੇ ਮਾਨਸ ਤੋਂ ਦੇਵਤੇ ਬਣਾਇਆ ਸੀ। ਨਾ ਕੇਵਲ ਇਹੋ ਠੱਗ ਰਾਖਸ਼ ਹੀ, ਸਗੋਂ ਇਸੇ ਤਰ੍ਹਾਂ ਅਨੇਕਾਂ ਹੋਰ ਦੱਖਣੀ ਭਾਰਤ ਦੇ ਫਾਂਸੀਗਰ

ਜਾਂ ਫੰਦੇਬਲੇ ਆਦਮੀ ਵੀ, ਜਿਹੜੇ ਕਿ ਬੜੇ ਰਹੱਸਮਈ ਢੰਗ ਨਾਲ ਭੁੱਲੇ ਭਟਕੇ ਰਾਹੀਆਂ ਨੂੰ ਰਾਹ ਜਾਂਦਿਆਂ ਘੇਰਦੇ, ਗਲਾਂ ਵਿਚ ਰੁਮਾਲ ਸੁੱਟ ਕੇ ਅਜੀਬ ਢੰਗ ਨਾਲ ਫੰਦੇ ਘਤ ਕੇ ਮਾਰਦੇ ਤੇ ਫੇਰ ਉਹਨਾਂ ਮਜ਼ਲੂਮਾਂ ਦਾ ਸਾਰਾ ਧਨ ਮਾਲ ਲੁੱਟ ਕੇ ਆਪਣੇ ਗੁਜ਼ਾਰੇ ਤੋਰਦੇ ਸਨ, ਇਸ ਲਈ ਅਜਿਹੇ ਰਾਖਸ਼ ਰੂਪ ਠਗਵਾੜਿਆਂ ਦੀ ਉਸ ਸਮੇਂ ਸਾਡੇ ਦੇਸ ਵਿਚ ਕਮੀ ਸੀ। ਪੰਜਾਬ ਵਿਚ ਮੁਲਤਾਨ ਤੋਂ ਲੈ ਕੇ ਦਿੱਲੀ ਤੇ ਦਿੱਲੀਓਂ ਲੈ ਕੇ ਉੱਤਰ ਪ੍ਰਦੇਸ਼ ਤੇ ਦੱਖਣੀ ਭਾਰਤ ਦਾ ਇਲਾਕਾ ਅਜਿਹੇ ਧਾਣਕ ਜਾਤੀ ਦੇ ਲੋਕਾਂ ਨਾਲ ਭਰਿਆ ਪਿਆ ਸੀ ਜਿਸ ਕਾਰਣ ਉਸ ਸਮੇਂ ਇਕੱਲੇ ਦੁਕੱਲੇ ਰਾਹੀ ਰਾਹ ਨਹੀਂ ਤੁਰਦੇ ਸਗੋਂ ਸੱਥ ਬੰਨ੍ਹ ਕੇ ਸਨਧ-ਬੱਧ ਹੋ ਬੜੀ ਹਿਫਾਜ਼ਿਤ ਨਾਲ ਘਰੋਂ ਤੁਰਦੇ ਸਨ। ਅਜਿਹੇ ਬਦ-ਅਮਨੀ ਦੇ ਜ਼ਮਾਨੇ ਵਿਚ ਗੁਰੂ ਨਾਨਕ ਨੇ ਸਾਰੀ ਧਾਣਕ ਜਾਤੀ ਨੂੰ ਆਪਣਾ ਰੂਹਾਨੀ ਸੰਦੇਸ਼ ਦੇ ਕੇ ਸਮੁੱਤੇ ਲਾਇਆ ਤੇ ਉੱਚੀਆਂ ਜਾਤਾਂ ਦਾ ਘੁਮੰਡ ਤੋੜਨ ਲਈ ਉਨ੍ਹਾਂ ਨੂੰ ਬੜੇ ਪਿਆਰ ਨਾਲ ਸਿਖ ਪੰਥ ਦੇ ਦਾਇਰੇ ਵਿਚ ਦਿਆਂਦਾ ਸੀ। ਸੋ ਇਸ ਹਾਲਤ ਵਿਚ ਧਾਣਕ ਜਾਤੀ ਗੁਰੂ ਨਾਨਕ ਦੀ ਸਖਸ਼ੀਅਤ ਉਤੇ ਜਿਤਨਾ ਵੀ ਮਾਣ ਕਰੇ ਉਤਨਾ ਹੀ ਥੋੜਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਾਣਕ ਜਾਤਿ ਦੀ ਸਦਭਾਵਨਾ ਨੂੰ ਮੁੱਖ ਰਖ ਕੇ ਉਹਨਾਂ ਦੀ ਪੁਰਾਣੀ ਰਹਿਤਲ ਸਚਿਤ੍ਰ ਰੂਪ ਵਿਚ ਅੱਖਾਂ ਅੱਗੇ ਰੱਖਦਿਆਂ ਹੋਇਆਂ ਜੋ ਅੰਮ੍ਰਿਤ ਵਚਨ ਫੁਰਮਾਏ ਉਹਨਾਂ ਵਿਚੋਂ ਇਕ ਰਹੱਸ-ਮਈ ਪ੍ਰਮਾਣ ਇਹ ਵੀ ਹੈ:

ਏਕਾ ਸੁਰਤਿ ਜੇਤੇ ਹੈ ਜੀਅ ॥
ਸੁਰਤਿ ਵਿਹੂਣਾ ਕੋਇ ਨਾ ਕੀਆ ॥
ਜੇਹੀ ਸੁਰਤਿ ਤੇਹਾ ਤਿਨ ਰਾਹੁ ॥
ਲੇਖਾ ਇਕੋ ਆਵਹੁ ਜਾਹੁ ॥੧॥

(ਸਿਰੀ ਰਾਗੁ ਮਹਲਾ ੧, ਘਰੁ ੪)

ਬਸ, ਫ਼ੇਰ ਇਸੇ ਸਨੇਹ-ਭਾਵਨਾ ਨਾਲ ਉਹਨਾਂ ਨੂੰ ਹਮੇਸ਼ਾ ਲਈ ਇਸ ਤਰ੍ਹਾਂ ਅਪਣਾਇਆ ਕਿ ਉਹ ਗੁਰੂ ਘਰ ਨਾਲੋਂ ਕਦੇ ਅਲੱਗ ਨਾ ਹੋਏ ਤੇ ਛਾਵਾਂ ਲੱਦੇ ਸਰ-ਸਬਜ਼ ਦਰਖਤ ਵਾਂਗੂੰ ਹਮੇਸ਼ਾਂ ਗੁਰੂ ਪੰਥ ਦੀ ਛਤਰ-ਛਾਇਆ ਹੇਠ ਹੀ ਰਹੇ ਤੇ ਚਰਣ ਪਾਹੁਲ ਲੈ ਕੇ ਗੁਰੂ ਘਰ ਦੇ ਸੇਵਕ ਬਣ ਗਏ।

ਰੰਘਰੇਟੇ ਮਜ਼ਹਬੀ ਸਿਖ ਕਿਵੇਂ ਬਣੇ ?

ਗੁਰੂ ਨਾਨਕ ਦੇ ਸਿਖਾਂ ਵਿਚ ਸੱਜਣ ਠੱਗ, ਕੌਡੇ ਰਾਖਸ਼ ਆਦਿ ਵਾਂਗੂ ਨਾ

ਕੇਵਲ ਧਾਣਕ ਹੀ, ਸਗੋਂ ਹਿੰਦੂ-ਮੁਸਲਮਾਨ ਆਦਿ ਹੋਰ ਕੌਮਾਂ ਦੇ ਲੋਕ ਵੀ ਸ਼ਾਮਲ ਸਨ । ਫੇਰ ਦੂਜੇ ਪਾਤਸ਼ਾਹ ਗੁਰੂ ਅੰਗਦ ਤੋਂ ਬਾਅਦ ਜਦ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਮਤਿ ਦੇ ਪ੍ਰਚਾਰ ਲਈ ਬਾਈ ਮੰਜੀਆਂ ਸਥਾਪਤ ਕੀਤੀਆਂ ਤਾਂ ਅੱਲਾ ਯਾਰ ਖਾਂ ਆਦਿ ਹੋਰ ਸਿਖਾਂ ਨੂੰ ਵੀ ਉਹਨਾਂ ਵਿਚ ਪ੍ਰਚਾਰਕ ਹੋਣ ਦਾ ਮਾਣ ਦਿਤਾ ਗਿਆ । ਫੇਰ ਏਕਣ ਹੀ ਚੌਥੇ ਪਾਤਸ਼ਾਹ ਗੁਰੂ ਰਾਮਦਾਸ, ਪੰਜਵੇਂ ਗੁਰੂ ਅਰਜਨ ਦੇਵ ਜੀ ਆਦਿ ਉਸੇ ਸਰਬ ਸਾਂਝੇ ਕੌਮੀ ਅਸੂਲ ਦਾ ਪਾਲਣ ਕਰਦੇ ਰਹੇ । ਫੇਰ ਛੇਵੇਂ ਗੁਰੂ ਹਰਿਗੋਬਿੰਦ, ਸੱਤਵੇਂ ਗੁਰੂ ਹਰਿਰਾਇ ਤੇ ਅੱਠਵੇਂ ਗੁਰੂ ਹਰਿ-ਕ੍ਰਿਸ਼ਨ ਤੋਂ ਨੌਵੇਂ ਗੁਰੂ ਤੇਗ ਬਹਾਦਰ ਜੀ ਹਿੰਦ ਦੀ ਚਾਦਰ ਨੇ ਤਾਂ ਇਸ ਪਾਸੇ ਹੋਰ ਵੀ ਫੱਰਾਖ-ਦਿਲੀ ਤੋਂ ਕੰਮ ਲਿਆ । ਉਹਨਾਂ ਮੋਢੀ ਸਿਖਾਂ ਵਿਚ ਭਾਈ ਜੈਤਾ ਜੀ ਧਾਣਕ ਜਾਤੀ ਦੇ ਸਿਖ, ਜੋ ਇਲਾਕਾ ਮਾਝਾ ਦੇ ਹੀ ਜੰਮ ਪਲ ਸਨ, ਆਪਣੇ ਪ੍ਰਵਾਰ ਸਮੇਤ ਸ਼ਾਮਲ ਹੋਏ । ਸਿਖ ਇਤਿਹਾਸ ਦੇ ਪੱਖ ਤੋਂ ਇਹ ਬਹੁਤੇ ਮਸ਼ਹੂਰ ਪਹਿਲੇ ਮਜ਼ਹਬੀ ਸਿਖ ਸਨ ਜੋ ਗੁਰੂ ਜੀ ਦੇ ਹਮੇਸ਼ਾ ਹਜ਼ੂਰੀ ਤੇ ਬਹੁਤੇ ਨਿਕਟਵਰਤੀ ਹੋ ਕੇ ਰਹੇ ।

ਭਾਈ ਜੈਤਾ ਜੀ ਦਾ ਮੁੱਢਲਾ ਇਤਿਹਾਸ ਇਸ ਪ੍ਰਕਾਰ ਹੈ ਕਿ ਉਸਦਾ ਬਜ਼ੁਰਗ ਭਾਈ ਰੱਲਾ ਰੰਘੜੇਟਾ ਨੂੰ ਪਿੰਡ ਗੱਗੋ ਮਾਹਲ ਤੋਂ ਸੱਦ ਕੇ ਬਾਬਾ ਬੁੱਢਾ ਜੀ ਦੇ ਵੰਸਜ ਭਾਈ ਝੰਡਾ ਜੀ ਨੇ ਪਿੰਡ ਰਾਮਦਾਸਪੁਰੇ ਵਸਾਇਆ । ਫੇਰ ਇਸੇ ਭਾਈ ਰੱਲੇ ਰੰਘੜੇਟੇ ਦੀ ਵੰਸ ਵਿਚ ਰਾਮਦਾਸ ਪੁਰੇ ਦੇ ਸਥਾਨ ਪਰ ਭਾਈ ਜਾਗੂ ਉਰਫ ਜੈਤੇ ਰੰਘੜੇਟੇ ਦਾ ਜਨਮ ਹੋਇਆ । ਫੇਰ ਸੁਰਤ ਸੰਭਾਲਣ ਤੇ ਭਾਈ ਜੈਤੇ ਨੇ ਰਾਮਦਾਸ ਪੁਰ ਰਹਿ ਕੇ ਹੀ ਬਾਬਾ ਝੰਡਾ ਜੀ ਤੋਂ ਹੀ ਨਾਮਦਾਨ ਲਿਆ, ਗੁਰਮੁਖੀ ਪੜ੍ਹੀ ਤੇ ਗੁਰਬਾਣੀ ਦੇ ਨਾਲ ਹੀ ਸਿਖ ਇਤਿਹਾਸ ਦਾ ਅਧਿਐਨ ਕੀਤਾ ।

ਰਾਮਦਾਸਪੁਰ ਨਗਰ ਜੋ ਬਾਬਾ ਬੁੱਢਾ ਜੀ ਦੇ ਨਗਰ ਦੇ ਨਾਂ ਨਾਲ ਮਸ਼ਹੂਰ ਹੈ, ਪਹਿਲੇ ਪਹਿਲ ਏਨੀ ਘਣੀ ਅਬਾਦੀ ਵਾਲਾ ਨਹੀਂ ਸੀ, ਪਰ ਫੇਰ ਭਾਈ ਝੰਡਾ ਜੀ ਨੇ, ਜੋ ਬਾਬਾ ਬੁੱਢਾ ਜੀ ਤੋਂ ਬਾਅਦ ਪੰਜਾਬੀ ਪੁਸ਼ਤ ਉਸੇ ਖਾਨਦਾਨ ਦੇ ਰਤਨ ਸਨ, ਇਸ ਨਗਰ ਨੂੰ ਵਧੇਰੇ ਵਧਾ ਕੇ ਸਮ੍ਰਿਧਸ਼ਾਲੀ ਬਣਾਉਣਾ ਚਾਹਿਆ ਤਾਂ ਬਹੁਤ ਸਾਰੇ ਬਾਣੀਏ, ਜੁਲਕੇ, ਖਤ੍ਰੀ, ਬ੍ਰਾਹਮਣ, ਝਿਊਰ, ਨਾਈ ਰਾਈ, ਕਸ਼ਮੀਰੀ, ਕੰਬੋ ਨੀਲਾਰੀ, ਘੁਮਿਆਰ, ਧੋਬੀ, ਪੇਂਜੇ, ਮੋਚੀ, ਦਰਜੀ, ਸੁਨਿਆਰੇ ਆਦਿ, ਹਿੰਦੂ-ਮੁਸਲਮਾਨ ਆਦਿ, ਗੱਲ ਕੀ ਸਾਰੀਆਂ ਨਿੱਕੀਆਂ ਮੋਟੀਆਂ ਜਾਤਾਂ ਦੇ ਲੋਕ ਲਿਆ ਵਸਾਏ, ਜਿਹਨਾਂ ਕਾਰਣ, ਇਸ ਨਗਰ ਦੀ ਹੋਰ ਵੀ ਰੌਣਕ ਵਧ ਗਈ ਤੇ ਇਸ

ਨਗਰ ਦੇ ਚੁਫੇਰੇ ਇਕ ਦਸ ਬਾਰ੍ਹਾਂ ਗਜ਼ ਲੰਮੀ-ਚੌੜੀ ਨੀਂਹ ਰਖਵਾਈ ਤੇ ਕਿਲੇ ਦੀ ਸ਼ਕਲ ਦੀ ਉੱਚੀ ਤੇ ਚੌੜੀ ਕੰਧ ਬਣਵਾਈ ਗਈ ਜਿਸ ਦੇ ਉਤੇ ਅਸਾਨੀ ਨਾਲ ਚਾਰ ਘੋੜੇ ਖੁੱਲ੍ਹੇ ਤੇਜ਼ੀ ਨਾਲ ਦੌੜ ਸਕਣ। ਇਸ ਕਿਲ੍ਹੇ ਦੀ ਕੰਧ ਦੇ ਨਿਸ਼ਾਨ ਇਸ ਨਗਰ ਦੇ ਚੁਗਿਰਦੇ ਹੁਣ ਤਕ ਮੌਜੂਦ ਹਨ। ਫੇਰ ਇਸ ਤਰ੍ਹਾਂ ਸਮ੍ਰਿਧਸ਼ਾਲੀ ਹੋਣ ਤੇ ਇਸ ਨਗਰ ਦੇ ਚਾਰ ਦਰਵਾਜ਼ੇ ਚਾਰੇ ਪਾਸੀਂ ਬਣਵਾਏ ਗਏ। ਗਿਆਨੀ ਮੰਗਲ ਸਿੰਘ ਦੇ ਕਥਨ ਅਨੁਸਾਰ ਜਿਸ ਪਾਸੇ ਬਾਬਾ ਬੁੱਢਾ ਜੀ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਜਾਂਦੇ ਹੁੰਦੇ ਸੀ ਉਸ ਦਰਵਾਜ਼ੇ ਦਾ ਨਾਉਂ ਦਰਸ਼ਨੀ-ਦਰਵਾਜ਼ਾ ਰੱਖਿਆ ਅਤੇ ਜਿਸ ਪਾਸੇ ਬਾਲ੍ਹੇ ਗੋਤ ਦੇ ਜੱਟ ਮੁਸਲਮਾਨ ਪਿੰਡ ਵਿਚ ਬਹੁਤ ਵਸਦੇ ਸਨ ਇਸ ਦਰਵਾਜ਼ੇ ਦਾ ਨਾਉਂ ਬਾਲਿਆਂ ਵਾਲਾ ਦਰਵਾਜ਼ਾ ਰੱਖਿਆ। ਜਿਸ ਪਾਸੇ ਮਾਝੇ ਦੇ ਲੋਕ ਵਸਦੇ ਸਨ, ਆਪਣੇ ਪਿੰਡ ਨੂੰਮਾਝੇ ਦੀ ਹੱਦ ਪਰ ਸਮਝ ਕੇ ਤਿਸ ਦਾ ਨਾਮ ਮਾਝੇ ਵਾਲਾ ਦਰਵਾਜ਼ਾ ਰੱਖਿਆ ਅਤੇ ਕਿਲੇ ਦੀਆਂ ਚਾਰੇ ਨੁੱਕਰਾਂ ਵਿਚ ਚਾਰ ਬੁਰਜ ਬਣਾਏ। ਇਹਨਾਂ ਚੌਹਾਂ ਬੁਰਜਾਂ ਵਿਚ ਸੌ ਸੌ ਸਿਪਾਹੀ ਰਹਿੰਦੇ ਸਨ ਅਤੇ ਦੋ ਦੋ ਸੌ ਸਿਪਾਹੀ ਚੌਹਾਂ ਦਰਵਾਜ਼ਿਆਂ ਤੇ ਰਹਿੰਦੇ ਸਨ ਜਿਨ੍ਹਾਂ ਦੀਆਂ ਨਿਸ਼ਾਨੀਆਂ ਹੁਣ ਤਕ ਕਾਇਮ ਹਨ।

(ਦੇਖੋ, ਜੀਵਨ ਚਰਿਤ੍ਰ ਬਾਬਾ ਬੁੱਢਾ ਜੀ, ੧੯੧੬ ਈ:, ਸਫੇ ੧੨੯-੨੯)

ਨਗਰ ਰਾਮਦਾਸਪੁਰ (ਜ਼ਿਲਾ ਗੁਰਦਾਸਪੁਰ), ਜਿਸ ਦਾ ਅਸਲੀ ਨਾਮ ਝੰਡਾ ਰਾਮਦਾਸ ਪੁਰ ਹੈ, ਬਾਬਾ ਬੁੱਢਾ ਜੀ ਨੇ ਆਪਣੇ ਪੜਪੋਤਰੇ ਬਾਬਾ ਝੰਡਾ ਜੀ ਦੇ ਨਾਮ ਪਰ ਸੰਮਤ ੧੬੩੭ ਬਿ: ਵਿਚ ਅੱਸੂ ਦੇ ਮਹੀਨੇ ਆਬਾਦ ਕੀਤਾ ਸੀ। ਇਸ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੇ ਆਪਣੇ ਪੁੱਤਰ ਬਾਬਾ ਭਾਨਾ ਜੀ ਦੇ ਨਾਮ ਪਰ ਪਿੰਡ ਭਾਨਾ ਤਲਵੰਡੀ ਸੰਮਤ ੧੫੯੩ ਬਿ: ਵਿਚ ਵਸਾਇਆ ਸੀ। ਨਗਰ ਰਾਮਦਾਸ ਪੁਰ ਵਿਚ ਬਾਬਾ ਬੁੱਢਾ ਜੀ ਨੇ ਕੱਦ, ਸੋਢੀ, ਧੁੱਸੇ, ਜਈ, ਕੇਸਰ, ਭੰਡਾਰੀ, ਸੋਨੀ, ਪਸਰਾਲੇ ਤੇ ਪਥਰੀ, ਖਤਰੀ, ਸਾਰਸੁਤ, ਦੇਵੇਸਵਰ, ਲੂਦ, ਟਾਹ ਤੇ ਪਾਲ ਬ੍ਰਾਹਮਣ ਤੇ ਹੋਰ ਝਿਉਰ, ਜੁਲਾਹੇ, ਤੇਲੀ, ਲੁਹਾਰ, ਤਰਖਾਣ, ਘੁਮਿਆਰ, ਮਿਰਾਸੀ ਅਤੇ ਕੱਥੂ ਨੰਗਲ ਦੇ ਕਲਿਆਣੇ ਗੋਤਰ ਦੇ ਮਜ਼ਹਬੀ ਸਿੱਖ ਗੱਲ ਕੀ ਸਾਰੀਆਂ ਜਾਤਾਂ ਦੇ ਲੋਕ ਏਧਰੋਂ ਓਧਰੋਂ ਆਦਰ-ਭਾਓ ਨਾਲ ਲਿਆ ਕੇ ਵਸਾਦੇ ਸਨ।

ਬਾਬਾ ਬੁੱਢਾ ਜੀ ਦੇ ਪੜਪੋਤਰੇ ਬਾਬਾ ਝੰਡਾ ਜੀ ਜਿਨ੍ਹਾਂ ਦੇ ਨਾਂ ਤੇ ਨਗਰ ਰਾਮਦਾਸਪੁਰ ਆਬਾਦ ਹੋਇਆ, ਬੜੇ ਕਰਣੀ ਵਾਲੇ, ਅਕਲਮੰਦ, ਦੂਰ-ਅੰਦੇਸ਼ ਪੜ੍ਹੇ ਲਿਖੇ ਤੇ ਦਲੇਰ ਵਿਅਕਤੀ ਸਨ। ਥੋੜਾ ਚਿਰ ਵਿਚ ਹੀ ਉਨ੍ਹਾਂ ਨੇ ਬੜੀ ਅਕਲਮੰਦੀ ਨਾਲ ਕਾਫੀ ਧਨ-ਦੌਲਤ ਕਮਾ ਕੇ ਦੂਰ ਨੇੜੇ ੨੬ ਪਿੰਡ, ਜਿਨ੍ਹਾਂ ਦੇ ਨਾਂ ਹਨ ਪੱਸੀ, ਮੰਦਰਾਂ ਵਾਲਾ, ਮਲਿਕਪੁਰ, ਦੂਜੋਵਾਲ, ਵਧਾਈ ਚੀਮਾ, ਦਾਊਦ,

ਮੌਜੇ ਕੇ, ਫੀਰੋਜ਼ਪੁਰ ਕੇ, ਸਰਾਜ, ਮੂੰਗ, ਢੋਇ, ਕੋਟ ਲੱਖੂ, ਮੱਲ, ਘਟੋਵਾਲਾ, ਮਾਂਗੀਆਂ ਦਹਾਬ, ਧਾੜੀ, ਮੰਗੇ, ਖੋਜੇ, ਰੱਤਾ, ਖੰਨਾ, ਚਮਾਰਾਂ, ਧਰਮਾਬਾਦ, ਹਰਦੋ ਰਵਾਲ, ਪੱਥਰਾਲੀ, ਅਵਾਣ ਤੇ ਬੋਬਾ ਖਰੀਦ ਕੇ ਇਨ੍ਹਾਂ ਪਿੰਡਾਂ ਉਤੇ ਆਪਣੀ ਚੌਧਰ ਅਥਵਾ ਸ਼ਰਦਾਰੀ ਕਾਇਮ ਕਰ ਲਈ ਤੇ ਇਨ੍ਹਾਂ ਪਿੰਡਾਂ ਦਾ ਹਾਲੀ ਮੁਆਮਲਾ ਆਪ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੇ ਖਜ਼ਾਨੇ ਵਿਚ ਦਿੱਲੀ ਜਮ੍ਹਾਂ ਕਰਵਾਉਣ ਲੱਗੇ ਤੇ ਇਸ ਤਰ੍ਹਾਂ ਸਰਕਾਰੇ ਦਰਬਾਰੇ ਕਾਫ਼ੀ ਰਸੂਖ ਵਧਾ ਕੇ ਆਪ ਨੇ ਇਸ ਇਲਾਕੇ ਦੀ ਹਿਫਾਜ਼ਿਤ ਲਈ ਕਾਫ਼ੀ ਫੌਜ ਵੀ ਰੱਖ ਲਈ। ਇਨ੍ਹੀਂ ਦਿਨੀ ਅਚਾਣਕ ਇਕ ਪਹਾੜੀ ਰਾਜੇ ਨੇ ਸ਼ਾਹੀ ਖਿਰਾਜ ਦੇਣਾ ਬੰਦ ਕਰ ਦਿੱਤਾ ਜੋ ਸੂਬਾ ਲਾਹੌਰ ਦੇ ਕਹਿਣ ਤੇ ਭਾਈ ਝੰਡਾ ਜੀ ਨੇ ਫੌਜ ਭੇਜਕੇ ਉਸ ਤੋਂ ਸਰਦਾਰ ਲਾਹੌਰ ਨੂੰ ਦਿਵਾਇਆ, ਜਿਸ ਕਾਰਣ ਬਾਦਸ਼ਾਹ ਦਿੱਲੀ ਦੇ ਹੁਕਮ ਨਾਲ ਸੂਬਾ ਲਾਹੌਰ ਵਲੋਂ ਇਸ ਬਹਾਦੁਰੀ ਦੇ ਇਵਜ਼ਾਨੇ ਵਜੋਂ "ਮਲਿਕ" ਦਾ ਖਿਤਾਬ ਬੜੇ ਮਾਣ-ਸਤਕਾਰ ਨਾਲ ਦਿੱਤਾ ਗਿਆ, ਤੇ ਹੋਰ ਕਾਫੀ ਇਨਾਮ ਵੀ ਪ੍ਰਾਪਤ ਹੋਇਆ। ਇਸ ਤੋਂ ਭਾਈ ਝੰਡਾ ਜੀ ਕਈ ਵੇਰ ਬਾਦਸ਼ਾਹ ਸ਼ਾਹਜਹਾਂ ਦੀ ਦਿਲੀ ਇੱਛਾ ਮੁਤਾਬਿਕ ਬੜੇ ਮਾਣ-ਸਤਕਾਰ ਸਹਿਤ ਦਿੱਲੀ ਦਰਬਾਰ ਵਿਚ ਵੀ ਹਾਜ਼ਰ ਹੁੰਦੇ ਰਹੇ। ਉਨ੍ਹਾਂ ਦੇ ਇਸ ਰੁਅਬਦਾਬ ਦੇ ਸਦਕੇ ਨਗਰ ਰਾਮਦਾਸ ਪੁਰ ਦੀ ਸੋਭਾ, ਜੋ ਤਰੱਕੀ ਕਰਕੇ ਇਕ ਸ਼ਹਿਰ ਦੀ ਸ਼ਕਲ ਵਿਚ ਪਲਟ ਗਿਆ ਸੀ, ਮੁਗ਼ਲ ਬਾਦਸ਼ਾਹ ਔਰੰਗਜ਼ੇਬ ਤਥਾ ਬਹਾਦੁਰ ਸ਼ਾਹ ਦੇ ਜ਼ਮਾਨੇ ਵਿਚ ਬਦਸਤੂਰ ਬਣੀ ਰਹੀ ਤੇ ਬਾਬਾ ਬੁੱਢਾ ਜੀ ਦੇ ਖਾਨਦਾਨ ਦਾ ਹਰ ਪਾਸਿਓਂ ਮਾਨ-ਸਨਮਾਨ ਹੁੰਦਾ ਰਿਹਾ।

ਭਾਈ ਜਾਗੂ ਉਰਫ ਜੈਤਾ ਰੰਘੜੇਟਾ, ਜੋ ਭਾਈ ਰੱਲੇ ਦਾ ਪੁਤ੍ਰ ਸੀ, ਪਿੰਡ ਗੱਗੋ ਮਾਹਲ ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ। ਇਹ ਪਿੰਡ ਗੱਗੋ ਮਾਹਲ ਦਾ ਜੰਮਪਲ ਸੀ। ਇਸ ਦੇ ਬਜ਼ੁਰਗ ਪਿੰਡ ਕੱਥੂ ਨੰਗਲੋਂ ਆਏ ਸਨ। ਇਹ ਆਪਣੇ ਕਲਿਆਣਾ ਗੋਤਰ ਦੇ ਭਾਈਚਾਰੇ ਨਾਲ ਰਲਕੇ ਗੁਰੂ ਘਰ ਦਾ ਹਮੇਸ਼ਾਂ ਅਨੰਨ ਸਿੱਖ ਬਣਿਆ ਰਿਹਾ, ਇਸ ਦਾ ਪਿਤਾ ਭਾਈ ਰੱਲਾ ਚੂੰਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਦਾ ਅਨੰਨ ਸ਼ਰਧਾਲੂ ਸੀ ਤੇ ਉਸ ਦੇ ਖਾਨਦਾਨ ਦੇ ਲੋਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਫੌਜ ਵਿਚ ਸ਼ਾਮਲ ਹੋਕੇ ਹਰੇਕ ਧਰਮ-ਯੁੱਧ ਵਿਚ ਸ਼ਾਮਲ ਹੁੰਦੇ ਰਹੇ ਸਨ, ਇਸ ਲਈ ਗੁਰੂ ਘਰ ਵਿਚ ਇਸ ਰੰਘੜੇਟਾ ਖਾਨਦਾਨ ਦਾ ਬਹੁਤਾ ਮਾਣ-ਤਾਣ ਵਧ ਗਿਆ। ਪਹਿਲਾਂ ਭਾਈ ਝੰਡਾ ਤੇ ਫੇਰ ਉਨ੍ਹਾਂ ਦੇ ਸਪੁਤਰ ਭਾਈ ਗੁਰਦਿੱਤਾ ਤੇ ਭਾਈ ਹਰਦਿੱਤਾ ਜੀ ਵੀ ਇਸ ਖਾਨਦਾਨ ਦਾ ਉਹੋ ਮਾਣ-ਸਨਮਾਨ ਕਰਦੇ ਤੇ

ਇਨ੍ਹਾਂ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਰਖਦੇ ਰਹੇ। ਇਸੇ ਕਾਰਣ ਪਿੰਡ ਗੱਗੋ ਮਾਹਲ ਤੋਂ ਬੁਲਾਕੇ ਇਨ੍ਹਾਂ ਨੂੰ ਪਿੰਡ ਝੰਡੇ ਰਾਮਦਾਸਪੁਰ ਵਸਾਇਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੇ ਭਾਈ ਜੈਤਾ ਜੀ

ਭਾਈ ਜਾਗੂ, ਪਹਿਲਾਂ ਕੇਵਲ ਜਾਗੂ ਜਾਂ ਜੱਗੂ ਨਾਂ ਨਾਲ ਹੀ ਬੁਲਾਇਆ ਜਾਂਦਾ ਸੀ, ਪਰ ਪਿਛੋਂ ਆਪਣੀਆਂ ਪੁਰਾਣੀਆਂ ਖਾਨਦਾਨੀ ਰਵਾਇਤਾਂ ਮੁਤਾਬਿਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਤੇ ਸੱਤਵੇਂ ਗੁਰੂ ਹਰਿਰਾਇ ਜੀ ਦੀ ਫੌਜ ਵਿਚ ਆਪਣੇ ਬਹਾਦੁਰੀ ਦੇ ਕਾਰਨਾਮਿਆਂ ਦੇ ਕਾਰਣ ਜੈਤਾ (ਜਯਤੂ) ਅਥਵਾ ਫ਼ਤਹਿ ਪ੍ਰਾਪਤ ਕਰਨ ਦੇ ਕਾਰਣ ਜੈਤਾ ਅਰਥਾਤ (ਜੋਧਾ) ਨਾਂ ਨਾਮ ਪ੍ਰਸਿੱਧ ਹੋਇਆ। ਇਸ ਲਈ ਜਦੋਂ ਉਹ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸੇਵਾ ਵਿਚ ਹਾਜ਼ਰ ਹੋ ਕੇ ਮਾਣ ਪ੍ਰਾਪਤ ਕਰਦਾ ਰਿਹਾ ਤਾਂ ਉਹ ਭਾਈ ਜੈਤਾ ਨਾਂ ਨਾਲ ਹੀ ਮਸ਼ਹੂਰ ਸੀ।

ਗੁਰੂ ਸਾਹਿਬ ਛੇਵੇਂ, ਸੱਤਵੇਂ ਤੇ ਅੱਠਵੇਂ ਤੋਂ ਬਾਦ ਚੂੰਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਜੀ ਵੀ ਖੜਗਧਾਰੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜੇਠੇ ਸਪੁਤਰ ਹੋਣ ਕਰਕੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੀਆਂ ਨਜ਼ਰਾਂ ਵਿਚ ਚੋਖੇ ਸਮੇਂ ਤੋਂ ਬੁਰੀ ਤਰ੍ਹਾਂ ਰੜਕਦੇ ਸਨ, ਇਸ ਲਈ ਆਸਾਮ ਦੀ ਮੁਹਿੰਮ ਤੋਂ ਬਾਦ, ਜੋ ਕਿ ਰਾਜਾ ਰਾਮ ਸਿੰਘ ਜੈਪੁਰ ਦੀ ਅਗਵਾਈ ਹੇਠ ਉਥੋਂ ਦੇ ਸਰਕਸ਼ਾਂ ਨੂੰ ਸਰ ਕਰਨ ਵਾਸਤੇ ਬੜੀ ਤੇਜ਼ੀ ਨਾਲ ਚਲ ਰਹੀ ਸੀ ਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਵੀ ਰਾਜਾ ਰਾਮ ਸਿੰਘ ਦੇ ਅਰਜ਼ ਕਰਨ ਤੇ ਉਸ ਦੀ ਸਹਾਇਤਾ ਵਾਸਤੇ ਆਸਾਮ ਗਏ ਸਨ, ਇਸ ਫੌਜੀ ਮਦਦ ਦੇ ਬਾਵਜੂਦ ਵੀ ਬਾਦਸ਼ਾਹ ਔਰੰਗਜ਼ੇਬ ਦਾ ਉਹ ਖਾਨਦਾਨੀ ਵਿਰੋਧ ਨਾ ਹਟਿਆ ਤੇ ਉਸ ਨੇ ਸੰਮਤ ੧੭੩੨ ਬਿ: ਮੁਤਾਬਿਕ ਸੰਨ ੧੬੭੫ ਈ: ਵਿਚ ਜਦ ਉਹ ਪਠਾਨਾਂ ਦੀ ਬਗਾਵਤ ਨੂੰ ਦਬਾਣ ਵਾਸਤੇ ਹਸਨ ਅਬਦਾਲ ਗਿਆ ਤਾਂ ਜਾਂਦਾ ਹੋਇਆ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਗ੍ਰਿਫਤਾਰੀ ਦਾ ਹੁਕਮ ਵੀ ਦੇ ਗਿਆ, ਜਿਸ ਉਤੇ ਉਸ ਦੀ ਹਕੂਮਤ ਵਲੋਂ ਛੇਤੀ ਹੀ ਅਮਲ ਕੀਤਾ ਗਿਆ ਤੇ ਗੁਰੂ ਸਾਹਿਬ ਗ੍ਰਿਫਤਾਰ ਹੋਣ ਤੇ ਦਿਲੀ ਪਹੁੰਚਾਏ ਗਏ। ਗੁਰੂ ਸਾਹਿਬ ਦੇ ਨਾਲ ਉਸ ਸਮੇਂ ਉੱਘੇ ਪੰਜ ਸਿੱਖ ਵੀ ਸ਼ਾਮਲ ਸਨ। ਉਹ ਸਿਖ ਸਨ, ਦੀਵਾਨ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਇਆਲ ਦਾਸ, ਭਾਈ ਗੁਰਦਿੱਤਾ ਤੇ ਭਾਈ ਜਾਗੂ ਅਥਵਾ ਜੈਤਾ ਜੀ।

"ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ" ਦੇ ਕਥਨ ਅਨੁਸਾਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਇਆਲਾ ਤੇ ਭਾਈ ਊਦੇ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲਕੇ ਦਿੱਲੀ ਦੇ ਰਾਹ ਵਿਚ ਗ੍ਰਿਫਤਾਰ ਹੋਏ ਅਤੇ ਭਾਈ ਗੁਰਦਿੱਤਾ ਜੀ, ਜੋ ਕੁਝ ਚਿਰ ਪਹਿਲਾਂ ਬਾਲ ਸ੍ਰੀ ਦਸਮੇਸ਼ ਦੇ ਅਤਾਲੀਕ ਤੇ ਅੰਗ ਰਖਸ਼ਕ ਰਹੇ ਸਨ, ਬਾਦਸ਼ਾਹੀ ਹੁਕਮ ਨਾਲ ਨਗਰ ਰਾਮਦਾਸ ਪੁਰ ਤੋਂ ਗ੍ਰਿਫਤਾਰ ਹੋਣ ਤੇ ਦਿੱਲੀ ਗੁਰੂ ਜੀ ਦੇ ਪਾਸ ਹੀ ਲਿਜਾਏ ਗਏ। ਤੇ ਭਾਈ ਜੈਤਾ ਅਥਵਾ ਜਾਗੂ ਪਿਛੋਂ ਨਗਰ ਝੰਡਾ ਰਾਮਦਾਸ ਪੁਰ ਤੋਂ ਉਨ੍ਹਾਂ ਦੀ ਖ਼ਬਰ ਲੈਣ ਵਾਸਤੇ ਦਿੱਲੀ ਭੇਜਿਆ ਸੀ। ਇਸ ਨੇ ਦਿੱਲੀ ਬੰਦੀਖਾਨੇ ਪਹੁੰਚਦਿਆਂ ਹੀ ਗੁਰੂ ਜੀ ਨੂੰ ਦਿੱਤੇ ਜਾ ਰਹੇ ਤਸੀਹਿਆਂ ਦੀ ਖ਼ਬਰ ਸੁਣ ਕੇ ਬੜਾ ਕ੍ਰੋਧ ਕੀਤਾ ਤੇ ਚਾਹਿਆ ਕਿ ਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਤਪੋ-ਬਲ ਨਾਲ ਦਿੱਲੀ ਨੂੰ ਬਾਦਸ਼ਾਹ ਸਮੇਤ ਗ਼ਰਕ ਕਰਕੇ ਸਾਰੀ ਮੁਗ਼ਲ ਹਕੂਮਤ ਆ ਤਖ਼ਤਾ ਉਲਟਾਦਿਆਂ ਪਰ ਭਾਈ ਗੁਰਦਿੱਤਾ ਜੀ ਦੇ ਰਾਹੀਂ ਪਤਾ ਲੱਗਣ ਤੇ ਗੁਰੂ ਜੀ ਨੇ ਬੜੇ ਠਰ੍ਹੰਮੇ ਨਾਲ ਰੋਕਿਆ ਤੇ ਅਕਾਲ ਪੁਰਖ ਦਾ ਭਾਣਾ ਮੰਨਣ ਲਈ ਰਜ਼ਾਮੰਦ ਕਰ ਲਿਆ। ਆਖਰਕਾਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਸ਼ਾਹੀ ਹੁਕਮ ਨਾਲ, ਜਿਵੇਂ ਕਿ ਗੁਰ ਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ) ਵਿਚ ਲਿਖਿਆ ਹੈ, ਲੋਹੇ ਦੇ ਪਿੰਜਰੇ ਵਿਚ, ਜਿਥੇ ਕਿ ਉਹ ਬੰਦ ਸਨ, ਅਨੇਕ ਪ੍ਰਕਾਰ ਦੇ ਸਖਤ ਤੋਂ ਸਖਤ ਤਸੀਹੇ ਦਿੱਤੇ ਗਏ, ਤਾਂਕਿ ਉਹ ਕਿਸੇ ਤਰ੍ਹਾਂ ਅਜਿਹੇ ਸਖਤੀਆਂ ਭਰੇ ਬੰਦੀ ਜੀਵਨ ਤੋਂ ਤੰਗ ਆ ਕੇ ਦੀਨ ਇਸਲਾਮ ਕਬੂਲ ਕਰ ਲੈਣ, ਪਰ ਆਖ਼ਰ ਜਦ ਗੁਰੂ ਜੀ ਨੇ ਰੱਬੀ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਤੇ ਉਨ੍ਹਾਂ ਸਖਤੀਆਂ ਦੀ ਕੁਝ ਪਰਵਾਹ ਨਾ ਕੀਤੀ ਤਾਂ ਆਖਰ ਗੁਰੂ ਸਾਹਿਬ ਸ਼ਾਹੀ ਹੁਕਮ ਨਾਲ ਚਾਂਦਨੀ ਚੌਕ ਦੇ ਸਥਾਨ ਪਰ ਜਿਥੇ ਕਿ ਹੁਣ ਗੁਰਦੁਆਰਾ ਸੀਸ ਗੰਜ ਤੇ ਕੁਤਵਾਲੀ ਹੈ, ਸੱਯਦ ਜੱਲਾਦ ਜਲਾਲੁਦੀਨ ਸਮਾਣੇ ਵਾਲੇ ਦੇ ਹੱਥੋਂ ਮੱਘਰ ਸੁਦੀ ੫, ਸੰਮਤ ੧੭੩੨ ਨੂੰ ਸ਼ਹੀਦ ਕਰਵਾ ਦਿੱਤੇ ਗਏ। ਉਨ੍ਹਾਂ ਦੇ ਨਾਲ ਹੀ ਦੀਵਾਨ ਮਤੀਦਾਸ, ਸਤੀਦਾਸ ਅਤੇ ਭਾਈ ਦਇਆਲਾ ਜੀ ਵੀ ਕਤਲ ਕਰਵਾਏ ਗਏ। ਭਾਈ ਗੁਰਦਿੱਤਾ ਜੀ, ਭਾਈ ਜਾਗੂ ਅਥਵਾ ਜੈਤੇ ਰੰਘਰੇਟੇ ਸਮੇਤ ਅਚਾਣਕ ਉਸ ਸਮੇਂ ਕੈਦਖ਼ਾਨੇ ਵਿਚੋਂ ਕਿਸੇ ਹੀਲੇ ਬਾਹਰ ਚਲੇ ਗਏ, ਪਰ ਫੇਰ ਉਸੇ ਦਿਨ ਮਜਨੂ ਦੇ ਟਿੱਲੇ ਪਹੁੰਚ ਕੇ ਭਾਈ ਗੁਰਦਿੱਤਾ ਜੀ ਨੇ ਸਹਿਜ ਸਮਾਧੀ ਲਾ ਕੇ ਆਪਣਾ ਸਰੀਰ ਤਿਆਗ ਦਿੱਤਾ ਤੇ ਭਾਈ ਜੈਤਾ ਕਿਸੇ ਹੀਲੇ ਮੁੜ ਗ੍ਰਿਫਤਾਰ ਹੋਣ ਤੋਂ ਬਚ ਗਿਆ।

ਭਾਈ ਜੈਤੇ ਦੀ ਕੁਰਬਾਨੀ ਤੇ ਰੰਘੜੇਟੇ ਗੁਰੂ ਕੇ ਬੇਟੇ ਦਾ ਵਰਦਾਨ

ਸਿੱਖ ਇਤਿਹਾਸ ਦੇ ਕਥਨ ਅਨੁਸਾਰ ਭਾਈ ਜਾਗੂ ਅਥਵਾ ਜੈਤਾ ਉਸ ਸਮੇਂ
ਗੁਰੂ ਸਾਹਿਬ ਦਾ ਹੁਕਮ ਮੰਨ ਕੇ ਅਜੇ ਦਿੱਲੀ ਹੀ ਸੀ ਤਾਂ ਗੁਰੂ ਜੀ ਨੇ ਸ਼ਹੀਦ
ਹੋਣ ਤੋਂ ਪਹਿਲਾਂ ਉਸ ਦੇ ਰਾਹੀਂ ਸ੍ਰੀ ਦਸਮੇਸ਼ ਜੀ ਨੂੰ ਗੁਰਿਆਈ ਦੀ ਨਿਸ਼ਾਨੀ
ਪੰਜ ਪੈਸੇ ਤੇ ਨਰੇਲ ਮੰਗਵਾ ਕੇ ਦਿਤੇ ਤੇ ਫੇਰ ਗੁਰੂ ਜੀ ਸ਼ਾਹੀ ਹੁਕਮ ਨਾਲ ਖ਼ੁਦ
ਸ਼ਹੀਦੀ ਪ੍ਰਾਪਤ ਕਰ ਗਏ । ਮੁਗ਼ਲ ਸਮਰਾਟ ਔਰੰਗਜ਼ੇਬ ਦਾ ਹੁਕਮ ਸੀ ਕਿ ਗੁਰੂ ਜੀ
ਦੇ ਸਰੀਰ ਦੇ ਲਾਗੇ ਕਿਸੇ ਨੂੰ ਜਾਣ ਨਾ ਦਿੱਤਾ ਜਾਵੇ ਤੇ ਉਨ੍ਹਾਂ ਦੇ ਸਰੀਰ ਦੇ
ਟੋਟੇ ਟੋਟੇ ਕਰ ਕੇ ਸਾਰੇ ਦਰਵਾਜ਼ਿਆਂ ਅੱਗੇ ਟੰਗ ਦਿਤੇ ਜਾਣ, ਪਰ ਉਪਰੋਂ ਅਚਾਨਕ
ਹੋਰ ਹੀ ਭਾਣਾ ਵਰਤਿਆ ਤੇ ਘੋਰ ਅੰਨ੍ਹੇਰੀ ਤੇ ਝੱਖੜ ਝੂਲਣ ਕਾਰਣ ਚੂੰਕਿ ਚਾਰੇ
ਪਾਸੇ ਅਨ੍ਹੇਰਾ ਛਾ ਗਿਆ, ਇਸ ਲਈ ਉਸ ਅਨ੍ਹੇਰੇ ਵਿਚ ਹੀ ਭਾਈ ਜੈਤੇ ਨੇ ਬੜੀ
ਦਲੇਰੀ ਨਾਲ ਗੁਰੂ ਜੀ ਦਾ ਪਵਿੱਤਰ ਸੀਸ ਉਠਾ ਕੇ ਇਕ ਕਪੜੇ ਵਿਚ ਲਪੇਟ
ਲਿਆ ਤੇ ਉਧਰ ਲੁਬਾਣੇ ਸਿੱਖ ਗੁਰੂ ਜੀ ਦਾ ਧੜ ਉਠਾ ਕੇ ਲੈ ਗਏ, ਜਿਸਨੂੰ ਉਨ੍ਹਾਂ ਨੇ
ਗੁਰਦੁਆਰਾ ਰਕਾਬ ਗੰਜ (ਦਿੱਲੀ) ਦੇ ਸਥਾਨ ਪਰ, ਜਿਥੇ ਕਿ ਉਨ੍ਹਾਂ ਸਿੱਖਾਂ ਦਾ
ਘਰ ਸੀ, ਸਸਕਾਰ ਕਰ ਦਿੱਤਾ। ਇਸ ਤਰ੍ਹਾਂ ਮੁਗ਼ਲ ਸਮ੍ਰਾਟ ਦਾ ਇਹ ਕਪਟ
ਭਰਿਆ ਇਰਾਦਾ ਸਫਲ ਨਾ ਹੋਣ ਦਿੱਤਾ। ਕਵੀ ਕੇਸਰ ਸਿੰਘ ਛਿਬਰ ਦੇ ਕਥਨ
ਅਨੁਸਾਰ ਭਾਈ ਜੈਤੇ ਦੇ ਨਾਲ ਉਸ ਸਮੇਂ ਦਿੱਲੀ ਵਾਸੀ ਭਾਈ ਨਾਨੌ ਸਿੰਘ ਨਾਮੀ
ਇਕ ਛੀਂਬਾ ਸਿੱਖ ਵੀ ਸੀ। ਇਸ ਲਈ ਉਹ ਦੋਵੇਂ ਸਿਦਕੀ ਸਿੱਖ ਗੁਰੂ ਜੀ ਦਾ
ਸੀਸ ਲੈ ਕੇ ਉਸ ਸਮੇਂ ਦਿੱਲੀਓਂ ਨਿਕਲ ਸਿੱਧੇ ਅੰਬਾਲੇ ਆਦਿ ਥਾਵੀਂ ਹੁੰਦੇ ਹੋਏ
ਸ੍ਰੀ ਆਨੰਦਪੁਰ ਸਾਹਿਬ ਪਹੁੰਚ ਗਏ। ਭਾਈ ਜੈਤੇ ਨੇ ਬਾਲ ਸ੍ਰੀ ਗੁਰੂ ਗੋਬਿੰਦ ਸਿੰਘ
ਜੀ ਦੀ ਹਜ਼ੂਰੀ ਵਿਚ ਪਹੁੰਚਦਿਆਂ ਹੀ, ਜਦੋਂ ਕਿ ਉਹ ਮਸਾਂ ੧੬ ਸਾਲਾਂ ਦੇ ਹੀ ਸਨ,
ਗੁਰੂ ਪਿਤਾ ਤੇਗ ਬਹਾਦਰ ਜੀ ਦਾ ਸੀਸ ਬੜੇ ਅਦਬ ਨਾਲ ਉਨ੍ਹਾਂ ਦੇ ਅੱਗੇ ਲਿਜਾ
ਰਖਿਆ ਅਤੇ ਇਸ ਦੇ ਨਾਲ ਹੀ ਬਾਬਾ ਬੁੱਢਾ ਜੀ ਦੇ ਖਾਨਦਾਨ ਵਿਚੋਂ ਭਾਈ
ਰਾਮ ਕੌਰ ਜੀ ਦੇ ਹੱਥੀਂ ਗੁਰੂ ਗੱਦੀ ਦੀਆਂ ਨਿਸ਼ਾਨੀਆਂ ਪੰਜ ਪੈਸੇ ਤੇ ਨਰੇਲ ਵੀ
ਪੇਸ਼ ਕਰ ਦਿਤੀਆਂ ।

ਭਾਈ ਜੈਤੇ ਦਾ ਇਹ ਸ਼ਰਧਾ ਤੇ ਭਗਤੀ-ਭਾਵ ਦੇਖ ਕੇ ਬਾਲ ਸ੍ਰੀ ਗੁਰੂ
ਗੋਬਿੰਦ ਸਿੰਘ ਜੀ ਬੜੇ ਕਰੁਣਾ-ਰਸ ਵਿਚ ਆਏ ਤੇ ਉਨ੍ਹਾਂ ਨੇ ਬੜੇ ਪਿਆਰ ਨਾਲ
ਭਾਈ ਜੈਤੇ ਨੂੰ ਆਪਣੀ ਛਾਤੀ ਨਾਲ ਲਾ ਕੇ "ਰੰਘੜੇਟੇ ਗੁਰੂ ਕੇ ਬੇਟੇ" ਦਾ
ਖਿਤਾਬ ਬਖਸ਼ਿਆ ਅਤੇ ਉਸ ਦੇ ਨਾਲ ਹੀ ਭਾਈ ਨਾਨੌ ਸਿੰਘ ਦਾ ਵੀ ਬੜਾ

ਸਨਮਾਨ ਕੀਤਾ। ਤਦ ਪਸਚਾਤ ਗੁਰੂ ਸਾਹਿਬ (ਦਸਮੇਸ਼) ਜੀ ਨੇ ਸਾਰੇ ਪਰਿਵਾਰ ਸਹਿਤ ਬੜਾ ਮਾਣ ਸਨਮਾਨ ਦਿਖਾ ਕੇ ਗੁਰੂ ਪਿਤਾ ਦੇ ਸੀਸ ਦਾ ਵਿਧੀ ਪੂਰਵਕ ਆਨੰਦਪੁਰ ਹੀ ਗੁਰਦੁਆਰਾ ਸੀਸ ਗੰਜ ਦੇ ਸਥਾਨ ਪਰ ਸਸਕਾਰ ਕਰ ਦਿੱਤਾ। ਇਸ ਤੋਂ ਬਾਦ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਰਾਮ ਕੋਰ (ਬਾਬਾ ਗੁਰਬਖਸ਼ ਸਿੰਘ) ਜੀ ਨੇ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਉਨ੍ਹਾਂ ਦੇ ਬਜ਼ੁਰਗ ਬਾਬਾ ਬੁੱਢਾ ਜੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਤਕ ਸਾਰੇ ਗੁਰੂ ਸਾਹਿਬਾਨ ਨੂੰ ਕ੍ਰਮਵਾਰ ਗੁਰ-ਗੱਦੀ ਦਾ ਤਿਲਕ ਦਿੰਦੇ ਰਹੇ ਸਨ, ਇਸੇ ਤਰ੍ਹਾਂ ਭਾਈ ਰਾਮ ਕੋਰ ਜੀ ਨੇ ਵੀ ਦਸਮੇਸ਼ ਨੂੰ ਭਰੀ ਸਭਾ ਵਿਚ ਗੁਰਿਆਈ ਦਾ ਤਿਲਕ ਬੜੇ ਮਾਣ-ਸਤਿਕਾਰ ਸਹਿਤ ਦਿੱਤਾ। ਸ੍ਰੀ ਦਸਮੇਸ਼ ਨੂੰ ਗੁਰ-ਗੱਦੀ ਦੇਣ ਸਮੇਂ ਭਾਈ ਜੈਤਾ ਰੰਘਰੇਟਾ ਐਨ ਉਸ ਮੌਕੇ ਤੇ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਸੀ।

ਸ੍ਰੀ ਦਸਮੇਸ਼ ਦਾ ਰਾਜ ਸਾਜ ਤੇ ਰਣਜੀਤ ਨਗਾਰਾ

ਬਚਿਤ੍ਰ ਨਾਟਕ ਪਾਤਸ਼ਾਹੀ ੧੦ ਦੇ ਕਥਨ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਗ ਭਗ ੧੪ ਸਾਲ ਦੀ ਉਮਰ ਵਿਚ ਹੋਣ ਤੇ ਜਦ ਉਨ੍ਹਾਂ ਦੇ ਰਾਜ ਸਾਜ ਦਾ ਸਮਾਂ ਆਇਆ ਤਾਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਚੂੰਕਿ ਦਿੱਲੀ ਜਾ ਕੇ ਸ਼ਹੀਦ ਹੋ ਚੁਕੇ ਸਨ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਇਸ ਲਈ ਸ੍ਰੀ ਦਸਮੇਸ਼ ਜੀ ਨੇ ਸਭ ਤੋਂ ਪਹਿਲਾਂ ਸ਼ਸਤ੍ਰ ਅਸਤ੍ਰ ਇਕੱਤ੍ਰ ਕਰਕੇ ਸਿਖਾਂ ਦੀ ਫੌਜੀ ਤਨਜ਼ੀਮ ਦਾ ਪ੍ਰਬੰਧ ਕੀਤਾ ਤੇ ਫੇਰ ਉਨ੍ਹਾਂ ਦਾ ਜੰਗੀ ਉਤਸ਼ਾਹ ਵਧਾਉਣ ਵਾਸਤੇ ਕੇਸਗੜ੍ਹ, ਆਨੰਦਗੜ੍ਹ, ਅਗਮਗੜ੍ਹ ਆਦਿ ਕਿਲ੍ਹਿਆਂ ਦੀ ਉਸਾਰੀ ਦਾ ਕੰਮ ਕਰਨ ਦੇ ਨਾਲ ਹੀ ਕਿਲ੍ਹਾ ਆਨੰਦਗੜ੍ਹ ਦੇ ਸਥਾਨ ਪਰ ਇਕ ਬੜਾ ਭਾਰੀ ਰਣਜੀਤ ਨਗਾਰਾ ਬਣਵਾ ਕੇ ਸਥਾਪਨ ਕੀਤਾ, ਜਿਸ ਦੇ ਨਗਾਰ ਦੀ ਸੇਵਾ ਬਤੌਰ ਨਗਾਰਚੀ ਆਪਣੇ ਪਰਮ ਪਿਆਰੇ ਰੰਘਰੇਟੇ ਬੇਟੇ ਸੂਰਬੀਰ ਸਿਪਾਹੀ ਭਾਈ ਜੈਤਾ ਜੀ ਦੇ ਸਪੁਰਦ ਕੀਤੀ। ਸੋ ਇਸ ਕਾਰਣ ਗੁਰੂ ਜੀ ਦੇ ਹੁਕਮ ਨਾਲ ਜਦ ਭਾਈ ਜੈਤਾ ਜੀ ਉਸ ਨਗਾਰੇ ਉਤੇ ਬੜੇ ਜ਼ੋਰ ਨਾਲ ਰੋਜ਼ ਸਵੇਰੇ ਚੋਟ ਲਗਾਉਂਦੇ ਸਨ ਤਾਂ ਉਸ ਦੀ ਗਗਨ-ਭੇਦੀ ਸੁਣ ਚੁਤਰਫੀਂ ਬਾਈਧਾਰ ਇਲਾਕਾ ਪਹਾੜ ਦੇ ਸਾਰੇ ਬਨ, ਪਰਬਤ-ਘਾਟੀਆਂ ਬੜੀ ਭਯੰਕਰ ਗੜਗੱਜ ਨਾਲ ਗੂੰਜ ਉਠਦੇ ਸਨ ਤੇ ਹਰ ਥਾਵੇਂ ਬੜੀ ਦਹਿਸ਼ਤ ਫੈਲ ਜਾਂਦੀ ਸੀ। ਇਸ ਅਦੁਤੀ ਕਾਰ-ਕਰਦਗੀ ਬਦਲੇ ਥੋੜੇ ਸਮੇਂ ਪਿਛੋਂ ਹੀ ਭਾਈ ਜੈਤੇ ਨੂੰ ਗੁਰੂ ਸਾਹਿਬ ਨੇ ਆਪਣੇ ਚਹੁੰਵਾਂ ਸਾਹਿਬਜ਼ਾਦਿਆਂ ਵਿਚ ਪੰਜਵਾਂ ਸਾਹਿਬਜ਼ਾਦਾ ਹੋਣ ਦਾ ਮਾਣ ਬਖਸ਼ਿਆ।

੬.

ਭਾਈ ਜੈਤੇ ਤੋਂ ਜੀਵਨ ਸਿੰਘ
ਗੁਰੂ ਪੰਥ ਦਾ ਨਵਾਂ ਮੋੜ

ਭਾਈ ਜੈਤਾ ਇਸ ਤੋਂ ਬਾਦ ਹਮੇਸ਼ਾ ਗੁਰੂ ਦਸਮੇਸ਼ ਜੀ ਦੇ ਹਜ਼ੂਰ ਉਨ੍ਹਾਂ ਦੀ
ਅਪਾਰ ਕ੍ਰਿਪਾ ਦਾ ਪਾਤਰ ਹੋ ਕੇ ਸ੍ਰੀ ਆਨੰਦਪੁਰ ਹੀ ਰਿਹਾ ਤੇ ਆਪਣਾ ਪਰਿਵਾਰ
ਵੀ ਉਸ ਨੇ ਨਗਰ ਰਾਮਦਾਸ ਪੁਰ ਤੋਂ ਆਪਣੇ ਪਾਸ ਹੀ ਮੰਗਵਾ ਲਿਆ। ਇਸ ਤੋਂ
ਪਿਛੋਂ ਰਾਜ ਕਾਜ ਦਾ ਸਨਮਾਨ ਪ੍ਰਾਪਤ ਕਰਕੇ ਜਦ ਸ੍ਰੀ ਦਸਮੇਸ਼ ਨੇ ਸਿੱਖ ਫੌਜਾਂ ਨੂੰ
ਜੰਗੀ ਤਨਜ਼ੀਮ ਦਿਤੀ ਤਾਂ ਭਾਈ ਜੈਤਾ ਜੀ ਹਮੇਸ਼ਾ ਇਸ ਸ਼ੁਭ ਕਾਰਜ ਵਿਚ
ਉਨ੍ਹਾਂ ਦੇ ਹਮ-ਰਕਾਬ ਹੋ ਕੇ ਰਹੇ ਤੇ ਹਰੇਕ ਕਿਸਮ ਦੇ ਜੰਗੀ ਕੰਮਾਂ ਵਿਚ ਬੜੀ
ਦਿਲਚਸਪੀ ਨਾਲ ਹਿੱਸਾ ਲੈਂਦੇ ਰਹੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੪੩ ਤੋਂ ਸੰਮਤ ੧੭੫੫ ਬਿ: ਤਕ
ਜੰਗ ਭੰਗਾਣੀ, ਜੰਗ ਨਦਾਉਣ ਆਦਿ ਕਈ ਧਰਮ-ਜੁੱਧ ਹੋ ਚੁਕੇ ਸਨ ਤੇ ਭਾਈ ਜੈਤਾ
ਉਨ੍ਹਾਂ ਸਾਰੇ ਜੰਗਾਂ-ਜੁੱਧਾਂ ਵਿਚ ਗੁਰੂ ਸਾਹਿਬ ਦਾ ਹਮ-ਰਕਾਬ ਹੋ ਕੇ ਰਿਹਾ ਸੀ।
ਇਸ ਲਈ ਇਨ੍ਹਾਂ ਜੰਗੀ ਕਾਰਵਾਈਆਂ ਤੋਂ ਬਾਦ ਸੰਮਤ ੧੭੫੬ ਬਿ: ਮੁਤਾਬਿਕ
ਸੰਨ ੧੬੯੯ ਈ: ਵਿਚ ਵੈਸਾਖੀ ਸਮੇਂ ਗੁਰ ਦਰਬਾਰ ਸ੍ਰੀ ਕੇਸਗੜ੍ਹ ਦੇ ਸਥਾਨ
ਪਰ ਜਦ ਗੁਰੂ ਸਾਹਿਬ ਨੇ ਖਾਲਸਾ ਪੰਥ ਸਾਜਿਆ ਤਾਂ ਸਾਹਿਬ ਬਾਬਾ ਬੁੱਢਾ ਜੀ ਦੇ
ਖਾਨਦਾਨ ਵਿਚ ਭਾਈ ਰਾਮ ਕੌਰ ਜੀ ਨੇ ਖੰਡੇ ਦਾ ਅੰਮ੍ਰਿਤ ਗੁਰੂ ਸਾਹਿਬ ਦੇ
ਹੱਥੋਂ ਛਕਿਆ ਤੇ ਆਪਣਾ ਨਾਮ ਗੁਰਬਖਸ਼ ਸਿੰਘ ਰਖਵਾਇਆ, ਉਸ ਸਮੇਂ ਭਾਈ
ਰਾਮ ਕੌਰ (ਗੁਰਬਖਸ਼ ਸਿੰਘ) ਦੇ ਨਾਲ ਹੀ ਭਾਈ ਜੈਤੇ ਰੰਘਰੇਟੇ ਨੇ ਵੀ ਪਰਿਵਾਰ
ਸਮੇਤ ਖੰਡੇ ਦਾ ਅੰਮ੍ਰਿਤ ਗੁਰੂ ਜੀ ਦੇ ਹੱਥੋਂ ਛਕਿਆ, ਜਿਸ ਕਰਕੇ ਭਾਈ ਜੈਤੇ ਦਾ
ਨਾਂ ਜੀਵਨ ਸਿੰਘ ਰੱਖਿਆ ਗਿਆ।

ਅੰਮ੍ਰਿਤ ਸੰਸਕਾਰ ਦੀ ਇਸ ਘਟਨਾ ਤੋਂ ਬਾਦ ਸਾਰੇ ਹੀ ਸਿੱਖ ਚੂੰਕਿ ਖੰਡੇ

ਦਾ ਅੰਮ੍ਰਿਤ ਛਕ ਕੇ ਪੂਰੇ ਪੂਰੇ ਸਿੰਘ ਸਜ ਗਏ ਸਨ, ਇਸ ਲਈ ਸਿੱਖ ਪੰਥ ਵਿਚ ਨਵਾਂ ਪਰਿਵਰਤਨ ਆਉਣ ਤੇ ਸਿੱਖ ਚਾਰ ਹਿੱਸਿਆਂ ਵਿਚ ਵੰਡੇ ਗਏ— (੧) ਦਰਸ਼ਨੀ ਅਥਵਾ ਦਰਬਾਰੀ, (੨) ਘਰ ਬਾਰੀ, (੩) ਮੁਕਤੇ ਅਤੇ (੪) ਸੇਵਾਦਾਰ। ਦਰਸ਼ਨੀ ਜਾਂ ਦਰਬਾਰੀ ਸਿੱਖ ਉਹ ਸਨ ਜੋ ਗੁਰੂ ਦਰਬਾਰ ਵਿਚ ਹਾਜ਼ਰ ਰਹਿੰਦੇ ਤੇ ਚੋਬਦਾਰਾਂ ਵਾਂਗੂ ਬਾਹਰੋਂ ਆਉਣ ਵਾਲੇ ਪ੍ਰਾਹੁਣਿਆਂ ਦੀ ਪੂਰੀ ਪੂਰੀ ਆਓ-ਭਗਤ ਕਰਦੇ ਸਨ। ਉਨ੍ਹਾਂ ਦੇ ਮੁਕਾਬਲੇ ਤੇ ਘਰਬਾਰੀ ਉਹ ਸਿੱਖ ਸਨ ਜੋ ਵੱਖੋਂ ਵੱਖ ਪਿੰਡਾਂ ਤੇ ਨਗਰਾਂ ਵਿਚ ਆਪਣਾ ਪਰਿਵਾਰਿਕ ਜੀਵਨ ਗੁਜ਼ਾਰਦੇ ਤੇ ਸਾਲ-ਛਿਮਾਰੀ ਆਪੋ ਆਪਣੀ ਸ਼ਰਧਾ ਮੁਤਾਬਿਕ ਪੂਜਾ ਲੈ ਕੇ ਦਿਲੀ ਸ਼ਰਧਾ ਭਾਵ ਸਹਿਤ ਗੁਰੂ ਦਰਬਾਰ ਵਿਚ ਹਾਜ਼ਰ ਹੁੰਦੇ ਰਹਿੰਦੇ ਸਨ। ਮੁਕਤੇ ਸਿੰਘ ਆਪੋ-ਆਪਣੇ ਪਰਿਵਾਰਾਂ ਦੇ ਮੋਹ-ਜਾਲ ਤੋਂ ਮੁਕਤ ਹੋ ਕੇ ਬਤੌਰ ਜੰਗੀ ਸਿਪਾਹੀਆਂ ਦੇ ਗੁਰੂ ਸਾਹਿਬ ਤੋਂ ਮੁਕਤ ਹੋ ਕੇ ਜੰਗੀ ਸਿਪਾਹੀਆਂ ਦੇ ਗੁਰੂ ਸਾਹਿਬ ਦੀ ਖਾਲਸਾ ਫੌਜ ਵਿਚ ਹਮੇਸ਼ਾ ਹਾਜ਼ਰੀ ਭਰਦੇ, ਨੀਲੀ ਫੌਜੀ ਵਰਦੀ ਪਹਿਰਾਵੇ ਤੇ ਹਮੇਸ਼ਾ ਸਨੱਧ-ਬੱਧ ਰਹਿ ਕੇ ਧਰਮ-ਯੁੱਧਾਂ ਲਈ ਤਤਪਰ ਰਹਿੰਦੇ ਸਨ। ਭਾਈ ਜੀਵਨ ਸਿੰਘ ਉਰਫ ਜੈਤਾ ਜੀ ਵੀ ਉਨ੍ਹਾਂ ਹੀ ਮੁਕਤੇ ਸਿੰਘਾਂ ਵਿਚ ਸ਼ਾਮਲ ਹੋ ਗੁਰੂ ਜੀ ਦੇ ਰਣਜੀਤ ਨਗਾਰੇ ਦੇ ਨਗਾਰਚੀ ਬਣ ਕੇ ਗੁਰੂ ਘਰ ਦੀ ਸੇਵਾ ਕਰਦੇ ਰਹੇ, ਜਿਸ ਕਾਰਣ ਉਨ੍ਹਾਂ ਨੇ ਸ੍ਰੀ ਆਨੰਦਪੁਰ ਤੋਂ ਆਪਣਾ ਸਾਰਾ ਆਰ ਪਰਿਵਾਰ ਵਾਪਸ ਰਾਮਦਾਸ ਪੁਰ ਭੇਜ ਦਿੱਤਾ ਤੇ ਉਹ ਖੁਦ ਗੁਰੂ ਜੀ ਦੀ ਸੇਵਾ ਵਿਚ ਆਖਰੀ ਦਮ ਤਕ ਹਾਜ਼ਰ ਰਹੇ। ਫੇਰ ਕੁਝ ਸਮੇਂ ਤੋਂ ਬਾਦ ਜਦ ਗੁਰੂ ਖਾਲਸੇ ਦੀਆਂ ਧਰਮ-ਯੁੱਧ ਲਈ ਜੰਗੀ ਤਿਆਰੀਆਂ ਤੇਜ਼ ਹੋਣ ਲੱਗੀਆਂ ਤੇ ਬਾਹਰੋਂ ਦੁਸ਼ਮਨ ਦੇ ਹਮਲਿਆਂ ਦਾ ਜ਼ੋਰ ਵੀ ਵਧਦਾ ਨਜ਼ਰ ਆਇਆ ਤਾਂ ਬਵੰਜਾ ਕਵੀਆਂ ਦੇ ਨਾਲ ਹੀ ਹੋਰ ਵਿਦਵਾਨ ਸਿੱਖਾਂ ਭਾਈ ਗੁਰਬਖਸ਼ ਸਿੰਘ (ਰਾਮ ਕੌਰ) ਜੀ ਵੀ ਸ਼ਾਮਲ ਸਨ, ਗੁਰੂ ਜੀ ਦੇ ਹੁਕਮ ਨਾਲ ਆਨੰਦਪੁਰੀ ਦਾ ਵਸੇਬਾ ਛੱਡ ਕੇ ਗਏ ਤੇ ਬਾਹਰ ਜਾ ਕੇ ਆਪੋ ਆਪਣੇ ਥਾਵੀਂ ਵਸ ਗਏ। ਮੁਕਤੇ ਸਿੰਘਾਂ ਵਾਂਗੂ ਹੀ ਗੁਰੂ ਜੀ ਦੇ ਚੌਥੀ ਸ਼ਰੇਣੀ ਦੇ ਸੇਵਾਦਾਰ ਸਿੱਖ ਵੀ ਜਿਨ੍ਹਾਂ ਦਾ ਕੰਮ ਗੁਰੂ ਦਰਬਾਰ ਦਾ ਸਾਰਾ ਕੰਮ-ਕਾਜ ਕਰਨਾ ਤੇ ਗੁਰੂ ਸੰਗਤਾਂ ਦੇ ਲੰਗਰ ਆਦਿ ਦੀ ਸੇਵਾ ਦਾ ਭਾਰ ਸੀ, ਉਹ ਆਖਰੀ ਸਮੇਂ ਤਕ ਗੁਰੂ ਜੀ ਦੇ ਨਾਲ ਗੁਰੂ ਦਰਬਾਰ ਵਿਚ ਹੀ ਹਾਜ਼ਰ ਰਹੇ।

ਅਨੰਦਪੁਰ ਦਾ ਸਦੀਵੀ ਤਿਆਗ

ਸੰਮਤ ੧੭੫੭ ਤੋਂ ਸੰਮਤ ੧੭੬੧ ਬਿ: ਤਕ ਲਗ ਭਗ ਚਾਰ ਸਾਲ ਮੁਗਲਾਂ

ਤੇ ਪਹਾੜੀ ਰਾਜੇ-ਰਾਣਿਆਂ ਦੀ ਅਦਾਵਤ ਦੇ ਕਾਰਣ ਸ੍ਰੀ ਆਨੰਦਪੁਰ ਇਕ ਪ੍ਰਕਾਰ ਦਾ ਜੰਗੀ ਅਖਾੜਾ ਬਣਿਆ ਰਿਹਾ। ਉਸ ਸਮੇਂ ਸ੍ਰੀ ਆਨੰਦਪੁਰ ਨਗਰ ਦੇ ਇਰਦ-ਗਿਰਦ ਇਸ ਦੇ ਬਚਾਉ ਲਈ ਫਰਾਂਸ ਦੀ ਮੈਜਨਯੋ ਕਿਲ੍ਹਾ ਬੰਦੀ ਵਾਂਗੂ ਬਣੇ ਮਜ਼ਬੂਤ ਸੱਤ ਕਿਲ੍ਹੇ ਬਣੇ ਹੋਏ ਸਨ, ਜਿਨ੍ਹਾਂ ਦੇ ਨਾਂ ਸਨ—(੧) ਕਿਲ੍ਹਾ ਲੋਹ ਗੜ੍ਹ, (੨) ਕੇਸ ਗੜ੍ਹ, (੩) ਆਨੰਦ ਗੜ੍ਹ, (੪) ਅਗਮ ਗੜ੍ਹ, (੫) ਹੋਲ ਗੜ੍ਹ, (੬) ਫਤਹਿ ਗੜ੍ਹ, (੭) ਅਜੀਤ ਗੜ੍ਹ। ਇਨ੍ਹਾਂ ਸੱਤਾਂ ਕਿਲ੍ਹਿਆਂ ਵਿਚ ਗੁਰੂ ਸਾਹਿਬ ਦੇ ਇਕ ਸੌ ਤੋਂ ਉਪਰ ਪੰਜ ਸੌ ਤਕ ਵੱਖੋ ਵੱਖਰੀਆਂ ਉਨ੍ਹਾਂ ਕਿਲ੍ਹਿਆਂ ਦੀਆਂ ਲੋੜਾਂ ਮੁਤਾਬਿਕ ਬੜੇ ਅੱਛੇ ਟਰੇਂਡ ਤੇ ਜੰਗਜੂ ਮੁਕਤੇ ਸਿਪਾਹੀ ਰਹਿੰਦੇ ਸਨ। ਭਾਈ ਜੀਵਨ ਸਿੰਘ ਰੰਘੜੇਟਾ ਵੀ ਭਾਈ ਉਦੇ ਸਿੰਘ, ਬਚਿਤ੍ਰ ਸਿੰਘ, ਆਲਮ ਸਿੰਘ ਆਦਿ ਜੋਧਿਆਂ ਦਾ ਹਮਪੱਲਾ ਹੋਣ ਕਰਕੇ ਇਨ੍ਹਾਂ ਕਿਲ੍ਹਿਆਂ ਵਿਚੋਂ ਇਕ ਕਿਲ੍ਹੇ ਦਾ ਕਮਾਂਡਰ ਸੀ। ਗੁਰੂ ਜੀ ਦੇ ਚਾਰ ਸਾਹਿਬਜ਼ਾਦਿਆਂ ਵਿਚੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਪਰਮ ਸਨੇਹੀ ਹੋਣ ਕਰਕੇ ਨਾ ਕੇਵਲ ਸ੍ਰੀ ਦਸਮੇਸ਼ ਜੀ ਦੇ ਦਿਲ ਵਿਚ ਹੀ, ਸਗੋਂ ਸਾਰੇ ਹੀ ਗੁਰੂ-ਪਰਿਵਾਰ ਵਿਚ ਬੜਾ ਮਾਣ ਸੀ। ਇਸੇ ਕਾਰਣ ਲਗਾਤਾਰ ਸ੍ਰੀ ਆਨੰਦਪੁਰ ਦੀਆਂ ਪੰਜ-ਛੇ ਲੜਾਈਆਂ ਤੋਂ ਬਾਦ ਮੁਗਲਾਂ ਤੇ ਪਹਾੜੀ ਰਾਜੇ-ਰਾਣਿਆਂ ਦੀ ਤੱਦੀ ਕਾਰਣ ਸਿੱਖਾਂ ਦੇ ਮਜਬੂਰ ਕਰਨ ਤੇ ਜਦ ਗੁਰੂ ਜੀ ਨੂੰ ਸ੍ਰੀ ਆਨੰਦਪੁਰ ਦਾ ਸਦੀਵੀ ਤਿਆਗ ਸੰਮਤ ੧੭੬੧ ਬਿ: ਦੇ ਮਹੀਨਾ ਪੋਹ ਵਿਚ ਕਰਨਾ ਪਿਆ ਤਾਂ ਭਾਈ ਜੀਵਨ ਸਿੰਘ ਹੋਰੀਂ ਭਾਈ ਉਦੇ ਸਿੰਘ ਤੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਹਮ-ਰਕਾਬ ਰਹਿ ਕੇ ਗੁਰੂ ਜੀ ਦੇ ਪਿਛੇ ਪਿਛੇ ਦੁਸ਼ਮਨ ਦਾ ਜ਼ਬਰਦਸਤ ਟਾਕਰਾ ਕਰਦੇ ਹੋਏ ਸ੍ਰੀ ਕੀਰਤਪੁਰ ਤੋਂ ਦਰਿਆ ਸਰਸਾ ਤਕ ਗਏ। ਅੱਗੇ ਦਰਿਆ ਸਰਸਾ ਚੂੰਕਿ ਪਿਛੇ ਇਲਾਕਾ ਪਹਾੜ ਵਿਚ ਭਾਰੀ ਬਾਰਿਸ਼ ਹੋਣ ਕਰਕੇ ਚੜ੍ਹਿਆ ਹੋਇਆ ਸੀ, ਇਸ ਲਈ ਪਰਿਵਾਰ ਸਮੇਤ ਗੁਰੂ ਸਾਹਿਬ ਤਾਂ ਔਖੇ ਸੌਖੇ ਆਪਣੇ ਸਿੱਖ ਸਾਥੀਆਂ ਸਮੇਤ ਕਿਸੇ ਹੀਲੇ ਦਰਿਆਉਂ ਪਾਰ ਲੰਘ ਗਏ, ਪਰ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਉਦੇ ਸਿੰਘ ਤੇ ਭਾਈ ਜੀਵਨ ਸਿੰਘ ਜੀ ਰੰਘੜੇਟਾ, ਜੋ ਉਸ ਸਮੇਂ ਆਪਣੇ ਜੋਧਿਆਂ ਸਮੇਤ ਪਿਛੇ ਰਹਿ ਕੇ ਦੁਸ਼ਮਨ ਦਾ ਮੁਕਾਬਲਾ ਕਰ ਰਹੇ ਸਨ, ਮਜਬੂਰਨ ਉਸ ਬੰਨੇ ਹੀ ਅਟਕ ਗਏ।

ਭਾਈ ਜੀਵਨ ਸਿੰਘ, ਰੰਘੜੇਟੇ ਦੀ ਸ਼ਹੀਦੀ

ਇਸ ਦੂੰਦ ਯੁੱਧ ਵਿਚ ਪ੍ਰਸਿੱਧ ਵਿਦਵਾਨ ਤੇ ਗੁਰੂ ਦਰਬਾਰ ਦੇ ਪ੍ਰਮੁਖ ਲੇਖਕ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਵੱਡੇ ਜੇਠੇ ਸਪੁਤਰ ਭਾਈ ਉਦੇ ਸਿੰਘ,

ਜੋ ਦਸਮੇਸ਼ ਦੇ ਅੰਗ ਰਖਯਕ ਤੇ ਹਜ਼ੂਰੀ ਸੇਵਕ ਸਨ, ਬੜੀ ਬਹਾਦੁਰੀ ਨਾਲ ਦੁਸ਼ਮਨ ਦਾ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ। ਉਨ੍ਹਾਂ ਤੋਂ ਪਿਛੋਂ ਭਾਈ ਜੀਵਨ ਸਿੰਘ ਰੰਘਰੇਟੇ ਨੇ ਆਪਣੇ ਸਾਥੀਆਂ ਸਮੇਤ ਉਹੋ ਮੋਰਚਾ ਸਾਂਭਿਆ ਤੇ ਦੁਸ਼ਮਨ ਦੇ ਹੱਲੇ ਨੂੰ ਬੜੀ ਜਵਾਂ-ਮਰਦੀ ਨਾਲ ਰੋਕਿਆ। ਇਸ ਦੂੰਦ ਯੁੱਧ ਸਮੇਂ ਅਚਾਨਕ ਸ੍ਰੀ ਦਸਮੇਸ਼ ਵਲੋਂ ਸੱਦਾ ਆਉਣ ਤੇ ਵੱਡੇ ਸਾਹਿਬਜ਼ਾਦੇ ਬਾਬਾ ਜੀਵਨ ਸਿੰਘ ਜੀ ਤਾਂ ਦਰਿਆਓਂ ਪਾਰ ਹੋ ਗੁਰੂ ਪਿਤਾ ਦੀ ਹਜ਼ੂਰੀ ਵਿਚ ਜਾ ਹਾਜ਼ਰ ਹੋਏ ਤੇ ਏਧਰ ਭਾਈ ਜੀਵਨ ਸਿੰਘ ਰੰਘਰੇਟੇ ਨੇ, ਜਿਵੇਂ ਕਿ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਮਹਾਂਕਵੀ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ, ਇਸ ਤਰ੍ਹਾਂ ਸੰਗ੍ਰਾਮ ਭੂਮੀ ਨੂੰ ਸਰਗਰਮ ਕੀਤਾ :

ਨਦੀ ਤੀਰ ਲਗਿਆ ਇਗੋ ਸਿੰਘ ਰੰਘਰੇਟਾ ਜੋਇ।
ਪਿਖਿ ਕੈ ਦਲ ਬਲਿ ਰਿਪੁਨਿ ਕੋ ਭਯੋ ਕੇਰ ਕਿਯ ਢੋਇ ॥੧੨॥

ਅਮਰ ਸਿੰਘ ਕੇਤਿਕ ਥਿਰੇ, ਹੋਨਿ ਲਗਯੋ ਸੰਗਰਾਮ।
ਨਿਕਟ ਢੁਕੇ ਹੋਕੇ ਹੁਤੇ, ਪਹੁੰਚਤਿ ਭਟ ਜਮ ਧਾਮ ॥੧੩॥ਸਵੈਯੇ ॥

ਜੀਵਨ ਸਿੰਘ ਥਿਰਯੋ ਤਿਹਨਾਂ, ਗਨਿ ਸਿੰਘਨਿ ਹਾਥਿ ਤੁਫੰਗ ਸੰਭਾਰੇ।
ਪਾਇ ਬਾਰੂਦ ਕਸੈਂ ਗੁਲਕਾ, ਦੁਇ ਢੋਕਨ ਤੇ ਬਣਕੈ ਗਜ ਭਾਰੇ ॥੧੪॥

ਜੀਵਨ ਸਿੰਘ ਰੁਪਯੋ ਪਗ ਠਾਢ ਹਵੈ ਛੋਰਿ ਤੁਫੰਗਨਿ ਸੰਗ ਪ੍ਰਹਾਰੇ।
ਹੇਲਨ ਝਾਲਤਿ ਚਾਲਤਿ ਮੰਦਰਿ, ਘਾਲਤਿ ਸੂਤ੍ਰਨਿ ਕੋ ਦੁਖ ਭਾਰੇ॥੧੫॥

ਬਸ ਫੇਰ ਇਸ ਦੂੰਦ ਜੁੱਧ ਵਿਚ ਹੀ ਭਾਈ ਜੀਵਨ ਸਿੰਘ ਜੀ ਸਾਥੀਆਂ ਸਮੇਤ ਸੈਂਕੜੇ ਦੁਸ਼ਮਨਾਂ ਦੇ ਆਹੂ ਲਾਹੁੰਦੇ ਹੋਏ ਸ਼ਹੀਦ ਹੋ ਗਏ, ਜਿਵੇਂ ਕਿ ਕਵੀ ਸੰਤੋਖ ਸਿੰਘ ਦਾ ਕਥਨ ਹੈ :—

ਜੀਵਨ ਸਿੰਘ ਸਮੇਤ ਗਿਰੇ ਸਭਿ, ਪ੍ਰਾਨ ਦਯੋ ਗੁਰ ਕੋ ਪੁਰਿ ਪਾਯੋ ॥੧੫॥
(ਦੇਖੋ ਗੁਰਪ੍ਰਤਾਪ ਸੂਰਜ ਰਿਤੁ ੬, ਅੰਸੂ ੩੩)

ਭਾਈ ਜੀਵਨ ਸਿੰਘ ਦੇ ਇਸ ਸ਼ਹੀਦੀ ਕਾਰਨਾਮੇ ਦੀ ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ ਨੇ ਵੀ ਆਪਣੇ ਗੁਰਬਿਲਾਸ ਵਿਚ ਤਸਦੀਕ ਕੀਤੀ ਹੈ ਤੇ ਲਿਖਿਆ ਹੈ : —

ਇਸ ਘਮਸਾਨ ਕਰਤ ਅਤਿ ਭਾਰੀ।
ਜੀਵਨ ਸਿੰਘ ਸੂਰ ਬਲਕਾਰੀ ॥੪॥

ਸਿਰਸਾ ਲਗ ਜਿਹਿ ਕਿਹਿ ਬਿਧਿ ਆਏ ।
ਅੰਤ ਦੇਵ ਪੁਰ ਆਪ ਸਮਾਏ ।
ਮਹਾ ਘੋਰ ਘਮਸਾਨ ਸੋ ਕੀਨਾ ।
ਸ੍ਰੀ ਜੀਵਨ ਸਿੰਘ ਸੁਰੁ ਬਾਸਾ ਲੀਨਾ ॥੫॥

(ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼, ਸਫ਼ਾ ੫੦੩)

ਸਰਸੇ ਕੰਢੇ ਇਹ ਜੰਗ ਜਿਵੇਂ ਕਿ ਬਾਬਾ ਸੁਮੇਰ ਸਿੰਘ ਨੇ ਗੁਰ-ਬਿਲਾਸ ਪਾ: ੧੦ ਦੇ ਸਫ਼ਾ ੫੦੪ ਪਰ ਲਿਖਿਆ ਹੈ, ਵੀਹ ਕੋਹਾਂ ਵਿਚ ਹੋਇਆ ਸੀ :—

ਬੀਸ ਕੋਸ ਮਹਿ ਜੁਧ ਅਤਿ ਭਯੋ ਮਹਾ ਬਲਕਾਰ ।
ਉਦੇ ਸਿੰਘ ਅਰੁ ਅਤਿ ਸੁਖਦ ਜੀਵਨ ਸਿੰਘ ਬਲਧਾਰ ॥੯॥

ਇਨ੍ਹਾਂ ਦੋਹਾਂ ਲੇਖਕਾਂ ਦੇ ਇਸ ਕਥਨ ਦੇ ਬਾਵਜੂਦ ਕਿ ਭਾਈ ਜੀਵਨ ਸਿੰਘ ਜੀ ਰੰਘੜੇਟਾ ਆਪਣੇ ਸਾਥੀਆਂ ਸਮੇਤ ਦਰਿਆ ਸਰਸੇ ਦੇ ਇਸ ਜੁੱਧ ਵਿਚ ਹੀ ਸ਼ਹੀਦ ਹੋ ਗਏ ਸਨ, ਕੁਝ ਹੋਰ ਤਾਰੀਖੀ ਰਵਾਇਤਾਂ ਦੇ ਅਨੁਸਾਰ ਭਾਈ ਜੀਵਨ ਸਿੰਘ ਜੀ ਏਥੇ ਸ਼ਹੀਦ ਨਹੀਂ ਹੋਏ, ਸਗੋਂ ਇਸ ਜੰਗ ਵਿਚੋਂ ਕਿਸੇ ਹੀਲੇ ਬਚ ਨਿਕਲ ਤੇ ਗੁਰੂ ਸਾਹਿਬ ਦੇ ਨਾਲ ਹੀ ਸ਼ਾਮਲ ਹੋ ਕੇ ਰੋਪੜ ਥੀਂ ਹੁੰਦੇ ਹੋਏ ਚਮਕੌਰ ਜਾ ਪਹੁੰਚੇ ਸਨ। ਸਬੂਤ ਵਜੋਂ ਚਮਕੌਰ ਦੀ ਗੜ੍ਹੀ ਦੇ ਉੱਤਰ-ਪੱਛਮੀ ਮੁੱਠੇ ਇਕ ਬੁਰਜ ਦੀ ਨਿਸ਼ਾਨੀ ਹੈ, ਜਿਥੇ ਮੋਰਚੇ ਲਾ ਕੇ ਭਾਈ ਜੀਵਨ ਸਿੰਘ ਨੇ ਬੜੀ ਦਲੇਰੀ ਨਾਲ ਦੁਸ਼ਮਨ ਦਾ ਮੁਕਾਬਲਾ ਕੀਤਾ ਸੀ। ਫੇਰ ਆਪ ਇਥੇ ਹੀ ਜੰਗ ਕਰਦੇ ਹੋਏ ਸ਼ਹੀਦ ਹੋਏ। ਸਨੇ ਸਬੂਤ ਵਜੋਂ ਚਮਕੌਰ ਦੇ ਇਸ ਘੋਰ ਸੰਗਰਾਮ ਵਿਚ ਸ੍ਰੀ ਦਸਮੇਸ਼ ਜੀ ਦੇ ਹਮ-ਰਕਾਬ ਰਹਿੰਦੇ ਹੋਏ ਜੋ ਚਾਲੀ ਸਿੰਘ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਸਮੇਤ ਸ਼ਹੀਦ ਹੋਏ ਸਨ, ਇਸੇ ਯਾਦਗਾਰ ਵਜੋਂ ਚਮਕੌਰ ਦੀ ਗੜ੍ਹੀ ਵਿਚ ਭਾਈ ਜੀਵਨ ਸਿੰਘ ਰੰਘੜੇਟੇ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ। ਇਹੋ ਹਾਲ ਸੰਤ ਵਿਸਾਖਾ ਸਿੰਘ ਜੀ ਨੇ ਮਾਲਵਾ ਇਤਿਹਾਸ ਭਾਗ ੧ ਦੇ ਸਫ਼ਾ ੧੭੫ ਪਰ ਵੀ ਦਿੱਤਾ ਹੈ।

ਗਿਆਨੀ ਮੰਗਲ ਸਿੰਘ ਜੀ ਉਪਦੇਸ਼ਕ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਕਥਨ ਅਨੁਸਾਰ, ਜਿਵੇਂ ਕਿ ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ ਦੇ ਸਫੇ ੪੩੧-੩੨ ਪਰ ਲਿਖਿਆ ਹੈ, ਭਾਈ ਜੀਵਨ ਸਿੰਘ ਜੀ ਨਾ ਤਾਂ ਦਰਿਆ ਸਰਸਾ ਦੇ ਕੰਢੇ ਤੇ ਨਾਹੀਂ ਚਮਕੌਰ ਦੇ ਜੰਗ ਵਿਚ ਸ਼ਹੀਦ ਹੋਏ, ਸਗੋਂ ਉਹ ਇਸ ਜੰਗ ਸਮੇਂ ਜਦ ਰਣਜੀਤ ਨਗਾਰੇ ਦੇ ਨਗਾਰਚੀ ਵਜੋਂ ਸੇਵਾ ਕਰ ਰਹੇ ਸਨ ਤਾਂ ਗੁਰੂ ਜੀ ਦੇ

ਚਮਕੌਰੋਂ ਨਿਕਲਣ ਸਾਰ ਭਾਈ ਜੀਵਨ ਸਿੰਘ ਵੀ ਭਾਈ ਗੁਰਬਖਸ਼ ਸਿੰਘ (ਰਾਮ ਕੌਰ) ਦੇ ਨਾਲ ਹੀ ਗੁਰੂ ਆਗਿਆ ਅਨੁਸਾਰ ਕਿਸੇ ਹੀਲੇ ਚਮਕੌਰੋਂ ਨਿਕਲ ਕੇ ਆਪਣੇ ਨਗਰ ਝੰਡੇ ਰਾਮਦਾਸਪੁਰ ਪਹੁੰਚ ਕੇ ਬਾਬਾ ਬੁੱਢਾ ਜੀ ਦੇ ਗੁਰਦੁਆਰੇ ਦੀ ਸੇਵਾ ਕਰਦਾ ਰਿਹਾ ਤੇ ਫੇਰ ਉਥੇ ਹੀ ਚਲਾਣਾ ਕੀਤਾ, ਜਿਥੇ ਕਿ ਉਸ ਗੁਰਦੁਆਰੇ ਦੇ ਕੋਨੇ ਪਾਸ ਅਸਮਾਨੀ ਖੂਹ ਦੇ ਕੋਲ ਭਾਈ ਜੀਵਨ ਸਿੰਘ ਦੀ ਸਮਾਧ ਹੁਣ ਤਕ ਮੌਜੂਦ ਹੈ ਤੇ ਉਸ ਸਮਾਧ ਦੀ ਕੰਧ ਪਰ ਲਿਖਿਆ ਹੋਇਆ ਹੈ :—"੧ਓ ਰੰਘਰੇਟਾ ਗੁਰੂ ਕਾ ਬੇਟਾ **ਸਮਾਧ ਭਾਈ ਜੀਵਨ ਸਿੰਘ ਜੀ,** ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿੱਤ੍ਰ ਸੀਸ ਦਿੱਲੀ ਤੋਂ ਆਨੰਦਪੁਰ ਸਾਹਿਬ ਲਿਆਏ ਸਨ।" ਭਾਈ ਜੀਵਨ ਸਿੰਘ ਜੀ ਦੇ ਬਾਰੇ ਇਨ੍ਹਾਂ ਬਿਆਨਾਂ ਵਿਚੋਂ ਕਿਹੜਾ ਤੇ ਕੀ ਕੁਝ ਠੀਕ ਹੈ, ਇਸ ਰਹਸਯ ਦਾ ਵਿਦਵਾਨ ਪਾਠਕ ਖੁਦ ਹੀ ਨਿਰਣਯ ਕਰ ਸਕਦੇ ਹਨ।

ਬਾਬਾ ਜੀਵਨ ਸਿੰਘ ਜੀ ਦਾ ਖਾਨਦਾਨ

ਇਸ ਤਰ੍ਹਾਂ ਬਾਬਾ ਜੀਵਨ ਸਿੰਘ ਜੀ ਦੀ ਜੀਵਨ ਲੀਲ੍ਹਾ ਗੁਰੂ ਘਰ ਦੀ ਸੇਵਾ ਕਰਦਿਆਂ ਸਮਾਪਤ ਹੋਣ ਤੇ ਫੇਰ ਉਨ੍ਹਾਂ ਦੇ ਖਾਨਦਾਨ ਦਾ ਜੋ ਪਿੰਡ ਗਗੋ ਮਾਲ ਰਹਿੰਦਾ ਸੀ, ਕੀ ਹਾਲ ਹੋਇਆ ਤੇ ਉਨ੍ਹਾਂ ਦੇ ਕਿਤਨੇ ਪੁਤਰ ਤੇ ਭਤੀਜੇ ਆਦਿ ਸਨ ਅਤੇ ਫੇਰ ਉਹ ਕੀ ਕੁਝ ਕਰਦੇ ਰਹੇ, ਇਸ ਬਾਰੇ ਤਾਂ ਸਹੀ ਸਹੀ ਤਾਰੀਖੀ ਹਾਲਾਤ ਮਿਲ ਨਹੀਂ ਸਕੇ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਰੰਘਰੇਟੇ ਸਿੰਖ ਸ੍ਰੀ ਦਸਮੇਸ਼ ਜੀ ਦੇ ਪਿਛੇ ਪਿਛੇ ਜਦੋਂ ਕਿ ਉਹ ਚਮਕੌਰੋਂ ਨਿਕਲ ਰਾਇ ਕੋਟ, ਕਾਂਗੜ ਮੁਕਤਸਰ ਆਦਿ ਥਾਵੀਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਭਾਈ ਧਰਮ ਸਿੰਘ, ਮਾਨ ਸਿੰਘ ਤੋਂ ਇਲਾਵਾ ਗੁਰੂ ਸਾਹਿਬ ਦੇ ਅੰਗ ਰਖਸ਼ਕਾਂ ਵਿਚ ਬਹੁਤਾ ਰੰਘਰੇਟੇ ਸਿੱਖਾਂ ਦਾ ਹੀ ਭਾਗ ਸੀ।

ਡੱਲੇ ਦੀ ਪਰਖ ਅਤੇ ਦੋ ਰੰਘਰੇਟੇ ਸਿੱਖ

ਤਲਵੰਡੀ ਸਾਬੋ ਸ੍ਰੀ ਦਮਦਮਾ ਸਾਹਿਬ ਪਹੁੰਚਣ ਤੇ ਉਥੋਂ ਦੇ ਮਾਲਿਕ ਡੱਲੇ ਬਰਾੜ ਤੇ ਉਸ ਦੇ ਜੋਧਿਆਂ ਨਾਲ ਸ੍ਰੀ ਦਸਮੇਸ਼ ਦਾ ਵਾਹ ਪਿਆ। ਡੱਲੇ ਨੇ ਸ੍ਰੀ ਦਸਮੇਸ਼ ਅੱਗੇ ਆਪਣੇ ਕੱਦਾਵਰ ਜੋਧਿਆਂ ਦਾ ਬਾਹੂਬਲ ਦੱਸ ਕੇ ਬੜਾ ਮਾਣ ਕੀਤਾ ਤੇ ਕਿਹਾ ਕਿ ਇਨ੍ਹਾਂ ਦੀ ਮੌਜੂਦਗੀ ਵਿਚ ਕੋਈ ਦੂਤੀ-ਦੁਸ਼ਮਨ ਤੁਹਾਡੇ ਨੇੜੇ ਨਹੀਂ ਢੁੱਕ ਸਕਦਾ। ਪਰ ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਕੱਦਾਵਰ ਜੋਧਿਆਂ ਦੀ

ਕੋਈ ਵਡਿਆਈ ਨਹੀਂ। ਅਸਲ ਵਡਿਆਈ ਤਾਂ ਸਾਡੇ ਉਨ੍ਹਾਂ ਗਰੀਬ ਸਿਖਾਂ ਦੀ ਹੈ, ਜੋ ਧਰਮ-ਜੁੱਧ ਕਰਦੇ ਹੋਏ ਵੱਧ ਤੋਂ ਵੱਧ ਕੁਰਬਾਨੀਆਂ ਦਿੰਦੇ ਰਹੇ ਹਨ।

ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਗੁਰ-ਦਰਬਾਰ ਵਿਚ ਅਜੇ ਗੱਲਾਂ ਹੋ ਹੀ ਰਹੀਆਂ ਸਨ ਕਿ ਲਾਹੌਰੋਂ ਇਕ ਕਾਰੀਗਰ ਬੜੀ ਅੱਛੀ ਹਲਕੀ ਬੰਦੂਕ ਲੈ ਕੇ ਆਇਆ ਤੇ ਉਹ ਬੰਦੂਕ ਉਸ ਨੇ ਗੁਰੂ ਜੀ ਨੂੰ ਭੇਟ ਕੀਤੀ। ਗੁਰੂ ਸਾਹਿਬ ਨੇ ਉਹ ਬੰਦੂਕ ਭਰ ਕੇ ਉਸ ਵੇਲੇ ਬੜੀ ਬੁਲੰਦ ਆਵਾਜ਼ ਵਿਚ ਕਿਹਾ ਕਿ, "ਭਾਈ ਡੱਲਿਆ! ਆਪਣਾ ਕੋਈ ਕੱਦਾਵਰ ਜੋਧਾ ਸਾਡੇ ਸਾਮ੍ਹਣੇ ਖੜਾ ਕਰ। ਅਸੀਂ ਉਸ ਦੀ ਛਾਤੀ ਵਿਚ ਗੋਲੀ ਮਾਰ ਕੇ ਇਸ ਬੰਦੂਕ ਦੀ ਪਰਖ ਕਰਨੀ ਚਾਹੁੰਦੇ ਹਾਂ।" ਬਸ, ਇਹ ਕਹਿਣ ਦੀ ਦੇਰ ਸੀ ਕਿ ਡੱਲੇ ਸਰਦਾਰ ਦੇ ਬਰਾੜ ਜੋਧੇ ਇਹ ਦੇਖ ਉਥੋਂ ਕਿਸੇ ਨ ਕਿਸੇ ਬਹਾਨੇ ਵਾਰੋ ਵਾਰੀ ਖਿਸਕਣੇ ਸ਼ੁਰੂ ਹੋ ਗਏ। ਆਖਰ ਭਾਈ ਡੱਲਾ ਜਦ ਇਕੱਲਾ ਹੀ ਰਹਿ ਗਿਆ ਤਾਂ ਹੱਥ ਜੋੜ ਕੇ ਬੋਲਿਆ, "ਸੱਚੇ ਪਾਤਸ਼ਾਹ! ਇਤਨਾ ਅਨਿਆਈ ਮੌਤੇ ਕਿਉਂ ਮਰਦੇ ਹੋ, ਜ਼ਰਾ ਕੋਈ ਜੰਗ ਦਾ ਮੌਕਾ ਆਉਣ ਦਿਓ ਫੇਰ ਤੁਸੀਂ ਮੇਰੇ ਇਨ੍ਹਾਂ ਜੋਧਿਆਂ ਦੇ ਹੱਥ ਵੇਖਣੇ।" ਪਰ ਗੁਰੂ ਸਾਹਿਬ ਉਸ ਦੀ ਇਹ ਜੋਦੜੀ ਸੁਣ ਕੇ ਹੱਸ ਪਏ ਤੇ ਉਸੇ ਵੇਲੇ ਗੁਰੂ ਸਾਹਿਬ ਨੇ ਆਪਣੇ ਦੋ ਮਾੜਚੂ ਜਿਹੇ ਪਿਉ-ਪੁੱਤਰ ਰੰਘੜੇਟੇ ਸਿੱਖ, ਜੋ ਸਾਮ੍ਹਣੇ ਦਰਬਾਰ ਦੇ ਬੂਹੇ ਅੱਗੇ ਹਾਜ਼ਰ ਖੜੇ ਸਨ, ਉਸ ਬੰਦੂਕ ਦਾ ਨਿਸ਼ਾਨ ਬਣਨ ਲਈ ਬੁਲਾਏ। ਉਹ ਰੰਘੜੇਟੇ ਸਿੱਖ ਜਿਨ੍ਹਾਂ ਦੇ ਨਾਂ ਸਨ—ਭਾਈ ਵੀਰ ਸਿੰਘ ਤੇ ਹਸੀਰ ਸਿੰਘ ਗੁਰੂ ਪਾਤਸ਼ਾਹ ਦਾ ਹੁਕਮ ਸੁਣਨ ਸਾਰ ਬੜੇ ਉਤਸ਼ਾਹ ਨਾਲ ਛਾਲਾਂ ਮਾਰਦੇ ਹੋਏ ਅੱਗੇ ਵਧੇ ਤੇ ਆਪਸ ਵਿਚ ਝਗੜਨ ਲਗੇ। ਪਿਓ ਕਹਿਣ ਲੱਗਾ ਕਿ, "ਪੁੱਤਰ! ਤੂੰ ਉਮਰ ਵਿਚ ਛੋਟਾ ਹੈਂ, ਇਸ ਲਈ ਬਜ਼ੁਰਗ ਹੋਣ ਕਰਕੇ ਪਹਿਲਾਂ ਮੇਰੀ ਵਾਰੀ ਸ਼ਹੀਦੀ ਪ੍ਰਾਪਤ ਕਰਨ ਦੀ ਹੈ।" ਪਰ ਪੁੱਤਰ ਕਹਿਣ ਲੱਗਾ, "ਬਾਪੂ ਜੀ! ਪੁੱਤਰ ਦੇ ਹੁੰਦਿਆਂ ਪਿਤਾ ਨੂੰ ਇਸ ਤਰ੍ਹਾਂ ਸ਼ਹੀਦ ਹੋਣ ਦੀ ਕੀ ਲੋੜ ਜਦ ਕਿ ਮੈਂ ਤੁਹਾਡਾ ਆਗਿਆਕਾਰ ਬੇਟਾ ਤੁਹਾਡੇ ਕੁਰਬਾਨੀ ਕਰਨ ਲਈ ਹਾਜ਼ਰ ਹਾਂ।" ਛੇਕੜ ਜਦ ਉਹ ਦੋਵੇਂ ਗੁਰੂ ਸਾਹਿਬ ਦੇ ਸਾਮ੍ਹਣੇ ਛਾਤੀਆਂ ਨੰਗੀਆਂ ਕਰ ਖਲੋਤੇ ਤਾਂ ਗੁਰੂ ਸਾਹਿਬ ਨੇ ਸਿਸਤ ਉੱਚੀ ਕਰਕੇ ਪਲੀਤਾ ਲਾ ਉਹ ਬੰਦੂਕ ਚਲਾ ਦਿਤੀ। ਜਦ ਉਨ੍ਹਾਂ ਵਿਚੋਂ ਕੋਈ ਇਕ ਵੀ ਡੋਲਿਆ ਨਾ ਤਾਂ ਗੁਰੂ ਸਾਹਿਬ ਨੇ ਕਿਹਾ ਕਿ, "ਦੇਖ, ਭਾਈ ਡੱਲਿਆ! ਅਸੀਂ ਇਨ੍ਹਾਂ ਅੰਮ੍ਰਿਤਧਾਰੀ ਸਿਦਕੀ ਸਿੱਖਾਂ ਦੇ ਸਹਾਰੇ ਹੀ ਸ੍ਰੀ ਆਨੰਦਪੁਰ, ਚਮਕੌਰ ਤੇ ਮੁਕਤਸਰ ਦੀਆਂ ਲੜਾਈਆਂ ਲੜੀਆਂ ਹਨ ਤੇ ਹੁਣ ਅੱਗੇ ਇਨ੍ਹਾਂ ਗਰੀਬ ਤੇ ਮਾੜਚੂ ਜੇਹੇ ਸਿੱਖਾਂ ਦੇ ਤਪ ਤੇਜ਼ ਨਾਲ ਹੀ ਗੁਰੂ ਪੰਥ ਦੀ ਹਰ ਮੈਦਾਨ ਫ਼ਤਹਿ

ਹੋਣੀ ਹੈ, ਇਸ ਲਈ ਤੂੰ ਵੀ ਜੇ ਅਜਿਹਾ ਸਿੰਘ ਬਣਨਾ ਚਾਹੁੰਦਾ ਹੈ ਤਾਂ ਇਨ੍ਹਾਂ ਗੁਰੂ ਜੋਧਿਆਂ ਦੇ ਦਿਲੋਂ ਡਰ ਦੂਰ ਕਰ ਤੇ ਇਨ੍ਹਾਂ ਸਮੇਤ ਖੰਡੇ ਦਾ ਅੰਮ੍ਰਿਤ ਛਕ ਕੇ ਖਾਲਸਾ ਪੰਥ ਦੀ ਜਥੇਬੰਦੀ ਵਿਚ ਸ਼ਾਮਲ ਹੋ ਜਾ।" ਗੁਰੂ ਜੀ ਦੇ ਇਹ ਵਾਕ ਸੁਣਨ ਸਾਰ ਭਾਈ ਡੱਲੇ ਨੇ ਆਪਣਾ ਸਿਰ ਝੁਕਾਇਆ ਤੇ ਸਾਥੀ ਜੋਧਿਆਂ ਖੰਡੇ ਦਾ ਅੰਮ੍ਰਿਤ ਛਕ ਕੇ ਡੱਲੇ ਤੋਂ ਡੱਲ ਸਿੰਘ ਬਣ ਗਿਆ। ਗੁਰੂ ਸਾਹਿਬ ਦੀ ਉਹ ਬੰਦੂਕ, ਜਿਸ ਦਾ ਨਿਸ਼ਾਨਾ ਰੱਖ ਰੰਘਰੇਟੇ ਸਿੱਖਾਂ ਸਮੇਤ ਡੱਲੇ ਨੂੰ ਪਰਖਿਆ ਸੀ, ਹੁਣ ਸ੍ਰੀ ਤਖ਼ਤ ਕੇਸ ਗੜ੍ਹ (ਆਨੰਦਪੁਰ) ਦੇ ਸਥਾਨ ਪਰ ਉਥੋਂ ਦੇ ਅਸਲਾਖ਼ਾਨੇ ਵਿਚ ਰੱਖੀ ਹੋਈ ਹੈ।

ਇਸ ਤੋਂ ਬਾਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਉਨ੍ਹਾਂ ਦੋਹਾਂ ਰੰਘਰੇਟੇ ਸਿੱਖਾਂ ਦਾ ਜੋ ਪਰਸਪਰ ਪਿਉ-ਪੁੱਤਰ ਸਨ, ਭਰੇ ਦਰਬਾਰ ਵਿਚ ਬੜਾ ਮਾਣ-ਸਨਮਾਨ ਕੀਤਾ ਤੇ ਕੀਮਤੀ ਸਿਰਪਾਓ ਦੇ ਕੇ ਉਨ੍ਹਾਂ ਦਾ ਮਾਣ ਵਧਾਇਆ। ਨਾ ਕੇਵਲ ਦਮਦਮੇ ਸਾਹਿਬ (ਤਲਵੰਡੀ ਸਾਬੋ) ਤਕ ਹੀ ਜਦੋਂ ਕਿ ਡੱਲਾ ਤੇ ਉਸ ਦੇ ਸਾਥੀ ਬਰਾੜ ਜੋਧੇ ਗੁਰੂ ਜੀ ਦਾ ਸਾਥ ਛੱਡ ਗਏ, ਸਗੋਂ ਨੰਦੇੜ (ਦੱਖਣ) ਤਕ ਉਹ ਰੰਘਰੇਟੇ ਸਿੱਖ ਗੁਰੂ ਜੀ ਦੇ ਹਮੇਸ਼ਾ ਹਮਰਕਾਬ ਹੋ ਕੇ ਰਹੇ। ਗੁਰੂ ਸਾਹਿਬ ਦੇ ਜੰਗੀ ਸਿਪਾਹੀਆਂ (ਮੁਕਤੇ ਸਿੱਖਾਂ) ਵਿਚ ਨੀਲਾ ਬਾਣਾ ਪਹਿਣ ਕੇ ਨਿਹੰਗ ਬਣੇ ਹੋਏ ਭਾਈ ਦਯਾ ਸਿੰਘ, ਧਰਮ ਸਿੰਘ ਆਦਿ ਸਿਦਕੀ ਸਿੰਘਾਂ ਸਮੇਤ ਬਹੁ-ਗਿਣਤੀ ਦੇ ਪੰਜਾਬ ਤੋਂ ਗਏ ਰੰਘਰੇਟੇ ਸਿੱਖ ਹੀ ਸਨ, ਜੋ ਅੱਗੇ ਵੱਧ ਵੱਧ ਕੇ ਕੁਰਬਾਨੀਆਂ ਦੇਣ ਲਈ ਹਮੇਸ਼ਾਂ ਤੱਤਪਰ ਰਹੇ।

ਬਾਬਾ ਬੰਦਾ ਬਹਾਦੁਰ ਤੋਂ ਬਾਦ ਰੰਘੜੇਟਿਆਂ ਦੀਆਂ ਕੁਰਬਾਨੀਆਂ

ਸੰਮਤ ੧੭੬੫ ਬਿ: ਮੁਤਾਬਿਕ ਸੰਨ ੧੭੦੮ ਈ: ਵਿਚ ਗੁਰੂ ਦਸਮੇਸ਼ ਜੀ ਦੇ ਨੰਦੇੜ (ਦੱਖਣ) ਅਬਿਚਲ ਨਗਰ ਦੇ ਸਥਾਨ ਪਰ ਜੋਤੀ ਜੋਤ ਸਮਾਉਣ ਤੇ ਜਦੋਂ ਕਿ ਏਧਰ ਬੰਦਾ ਬਹਾਦੁਰ ਉਥੋਂ ਪੰਜਾਬ ਪਹੁੰਚ ਕੇ ਗੁਰੂ ਜੀ ਦੇ ਹੁਕਮ ਨਾਲ ਮੁਗਲ ਹਕੂਮਤ ਨੂੰ ਨੱਕ ਚਣੇ ਚਬਾ ਰਿਹਾ ਸੀ ਤਾਂ ਰੰਘੜੇਟੇ ਸਿੱਖਾਂ ਨੇ ਪੰਜਾਬ ਦੀਆਂ ਜਿੱਤਾਂ ਵਿਚ ਵੀ ਹਮੇਸ਼ਾ ਬੰਦਾ ਬਹਾਦੁਰ ਦਾ ਪੂਰਾ ਪੂਰਾ ਸਾਥ ਦਿੱਤਾ। ਫੇਰ ਸੰਨ ੧੭੧੬ ਤੋਂ ੧੭੪੬ ਈ: ਤਕ ਜਦ ਮੁਗਲ ਬਾਦਸ਼ਾਹ ਫਰੁਖਸੀਅਰ ਦੇ ਸਮੇਂ ਤੋਂ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਤਕ ਸਾਰਾ ਪੰਜਾਬ ਰਾਜ ਗਰਦੀ ਦਾ ਅੱਡਾ ਬਣਿਆ ਤੇ ਹਕੂਮਤ ਲਾਹੌਰ ਵਲੋਂ ਸੂਬਾ ਖਾਨ ਬਹਾਦੁਰ ਦੇ ਹੁਕਮ ਨਾਲ ਸਿਖਾਂ ਦੇ ਸਿਰਾਂ ਦਾ ਮੁੱਲ ੮੦-੮੦ ਰੁਪਏ ਪੈਂਦਾ ਰਿਹਾ ਤਾਂ ਰੰਘੜੇਟੇ ਸਿੱਖਾਂ ਨੇ ਇਸ ਮੁਸੀਬਤ ਸਮੇਂ ਵੀ ਗੁਰੂ ਖਾਲਸਾ ਦਾ ਸਾਥ ਨਹੀਂ ਛੱਡਿਆ ਤੇ ਇਸ ਕਠਿਨ ਅਵਸਥਾ ਵਿਚ ਵੀ ਹਮੇਸ਼ਾ ਗੁਰੂ ਪੰਥ ਦੇ ਨਾਲ ਰਹਿ ਕੇ ਦੇਸ਼ ਦੀ ਅਜ਼ਾਦੀ ਲਈ ਵੱਧ ਤੋਂ ਵੱਧ ਕੁਰਬਾਨੀਆਂ ਬੜੇ ਦਿਲੀ ਉਤਸ਼ਾਹ ਨਾਲ ਦਿੰਦੇ ਰਹੇ।

ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਦੀ ਅਦੁੱਤੀ ਸ਼ਹੀਦੀ :

ਬਾਬਾ ਬੰਦਾ ਬਹਾਦੁਰ ਤੋਂ ਦਸ ਵਰ੍ਹੇ ਪਿਛੋਂ ਸੰਨ ੧੭੨੬ ਈ: ਵਿਚ ਭਾਈ ਤਾਰਾ ਸਿੰਘ ਵਾਂਈਆਂ ਸੰਨ ੧੭੩੭ ਈ: ਵਿਚ ਭਾਈ ਮਨੀ ਸਿੰਘ ਤੇ ਭਾਈ ਗੁਲਜ਼ਾਰਾ ਸਿੰਘ ਆਦਿ ਤੇ ਸੰਨ ੧੭੩੯ ਵਿਚ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਮਜ਼ਹਬੀ ਨੇ ਬੜੀ ਦਲੇਰੀ ਨਾਲ ਸੂਬਾ ਲਾਹੌਰ ਦੀ ਫੌਜ ਦਾ ਟਾਕਰਾ ਕਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹ ਪਿਛਲੇ ਦੋਵੇਂ ਜੋਧੇ ਮਾਝੇ ਦੇ ਵਸਨੀਕ ਸਨ। ਉਸ ਸਮੇਂ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਤੇ ਭਾਈ

ਗੁਲਜ਼ਾਰਾ ਸਿੰਘ ਆਦਿ ਪੰਜ ਸਿੰਘਾਂ ਦੀਆਂ ਸ਼ਹੀਦੀਆਂ ਹੋਣ ਤੇ ਸਾਰੇ ਦੇਸ਼ ਵਿਚ ਚੂੰਕਿ ਬੜੀ ਦਹਿਸ਼ਤ ਫੈਲ ਗਈ ਸੀ। ਇਸ ਲਈ ਬਹੁਤੇ ਸਿੰਘ ਆਪਣੇ ਪਰਿਵਾਰਾਂ ਸਮੇਤ ਮਾਝੇ ਦਾ ਵਸੇਬਾ ਛੱਡ ਕੇ ਏਥੋਂ ਦੂਰ ਬੀਕਾਨੇਰ ਦੇ ਰੇਤਲੇ ਥਲਾਂ ਵਿਚ ਜਾ ਰਹੇ ਸਨ, ਜਿਸ ਕਰਕੇ ਅੰਮ੍ਰਿਤਸਰ, ਤਰਨ ਤਾਰਨ ਆਦਿ ਦੇ ਨੇੜੇ ਤੇੜੇ ਕੋਈ ਸਿੰਘ ਨਜ਼ਰ ਨਹੀਂ ਸੀ ਆਉਂਦਾ। ਨਾਲੇ ਕੁਝ ਮਨਚਲੇ ਹਾਕਮ ਹੱਥਾਂ ਵਿਚ ਬੰਦੂਕਾਂ ਫੜ ਬੜੀ ਬੇਰਹਿਮੀ ਨਾਲ ਸਿੰਘਾਂ ਦਾ ਸ਼ਿਕਾਰ ਵੀ ਖੇਡਣ ਲੱਗ ਪਏ ਸਨ, ਇਸ ਹਾਲਤ ਵਿਚ ਜੇ ਇਹ ਕਹਿ ਦਿਤਾ ਜਾਵੇ ਕਿ ਮਾਝਾ ਸਿੰਘਾਂ ਤੋਂ ਸੱਖਣਾ ਹੋ ਗਿਆ ਸੀ ਤਾਂ ਇਹ ਕੋਈ ਅਤਿ ਕਥਨੀ ਵਾਲੀ ਗੱਲ ਨਹੀਂ ਹੈ।

ਪਰ ਫੇਰ ਵੀ ਮਾਝੇ ਦੇ ਦੋ ਦਲੇਰ ਸਿੰਘ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਮਜ਼ਹਬੀ, ਮੁਗਲਾਂ ਦੇ ਇਸ ਤਸ਼ੱਦਦ ਦੇ ਬਾਵਜੂਦ ਏਧਰ ਉਧਰ ਜੰਗਲਾਂ ਵਿਚ ਫਿਰਦੇ ਹੋਏ ਕਿਸੇ ਹੀਲੇ ਬਚ ਹੀ ਰਹੇ। ਇਕ ਦਿਨ ਅਚਾਣਕ ਉਹ ਜਦ ਤਰਨ ਤਾਰਨ ਦੇ ਨੇੜੇ ਨੂਰਦੀ ਸਰਾਂ ਕੋਲ ਕੁਝ ਲੋਕਾਂ ਦੀ ਨਜ਼ਰੇ ਪਏ ਤਾਂ ਉਨ੍ਹਾਂ ਵਿਚੋਂ ਇਕ ਨੇ ਮੂੰਹ ਵਿਚ ਉਂਗਲਾਂ ਪਾ ਕੇ ਕਿਹਾ ਕਿ "ਓਇ, ਫੱਜਿਆ, ਸਿੰਘ ਤਾਂ ਏਥੇ ਅਜੇ ਵੀ ਮੌਜੂਦ ਹਨ ਤੇ ਉਹ ਇਥੋਂ ਗਏ ਨਹੀਂ।" ਤਾਂ ਅੱਗੋਂ ਫੱਜੇ ਨੇ ਬੜੀ ਬੇਹੂਦਗੀ ਨਾਲ ਉਤਰ ਦਿਤਾ, "ਕਰਮਿਆ! ਇਹ ਸਿੰਘ ਨਹੀਂ, ਇਹ ਤਾਂ ਐਵੇਂ ਕੋਈ ਡਰੂ ਆਦਮੀ ਹਨ, ਜੋ ਸਿੰਘਾਂ ਵਰਗੇ ਹੀ ਨਜ਼ਰ ਆਉਂਦੇ ਤੇ ਆਪਣੀਆਂ ਜਾਨਾਂ ਲੁਕਾਉਂਦੇ ਫਿਰਦੇ ਹਨ।" ਉਨ੍ਹਾਂ ਦੀ ਇਹ ਬਾਤ-ਚੀਤ ਸੁਣ ਕੇ ਸੂਰਬੀਰ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਨੂੰ ਰੋਹ ਚੜ੍ਹ ਗਿਆ, ਜਿਸ ਕਰਕੇ ਉਹਨਾਂ ਨੇ ਤੁਰਤ ਹੀ ਲਾਹੌਰ ਦਾ ਰਾਹ ਰੋਕ ਲਿਆ ਤੇ ਇਕ ਪੈਸਾ ਖੋਤਾ ਤੇ ਇਕ ਆਨਾ ਗੱਡੇ ਦਾ ਟੈਕਸ ਵਲਸੂਣਾ ਸ਼ੁਰੂ ਕਰ ਦਿਤਾ। ਇਸ ਦੇ ਨਾਲ ਹੀ ਭਾਈ ਬੋਤਾ ਸਿੰਘ ਨੇ ਲਾਹੌਰ ਨੂੰ ਇਕ ਚਿੱਠੀ ਲਿਖੀ, ਜਿਵੇਂ ਕਿ ਸਰਦਾਰ ਰਤਨ ਸਿੰਘ ਭੰਗੂ ਦਾ ਕਥਨ ਹੈ :

ਚਿੱਠੀ ਲਿਖੈ ਯੌ ਸਿੰਘ ਬੋਤਾ।
ਹਾਥ ਹੈ ਸੋਟਾ ਵਿਚ ਰਾਹ ਖਲੋਤਾ।
ਆਨਾ ਲਾਯਾ ਗੱਡੇ ਨੂੰ ਤੇ ਪੈਸਾ ਲਾਯਾ ਖੋਤਾ।
ਆਖੋ ਭਾਬੀ ਖਾਨੋ ਨੂੰ ਯੌ ਆਖੈ ਸਿੰਘ ਬੋਤਾ।

(ਦੇਖੋ, ਪ੍ਰਾਚੀਨ ਪੰਥ ਪ੍ਰਕਾਸ਼, ੧੯੨੯, ਸਫ਼ਾ ੨੩੦)

ਬੀਬੀ ਖਾਨੋ ਨਵਾਬ ਖਾਨ ਬਹਾਦੁਰ (ਜ਼ਕਰੀਆ ਖਾਨ) ਦੀ ਵੱਡੀ ਭੈਣ ਸੀ ਜੋ ਫੈਰਜ਼ੁੱਲਾ ਖਾਨ ਨਾਲ ਵਿਆਹੀ ਹੋਈ ਸੀ। ਇਹ ਪੱਤਰ ਦੇਖਦਿਆਂ ਹੀ ਇਸ

ਬੀਬੀ ਖਾਨੇ ਨੇ ਸਿੰਘਾਂ ਉਤੇ ਫੌਜੀ ਚੜ੍ਹਾਈ ਕਰਵਾ ਦਿੱਤੀ। ਬਸ, ਫੇਰ ਕੀ ਸੀ, ਇਸ ਫੌਜ ਦੇ ਸਰਾਇ ਨੂਰਦੀ ਪਹੁੰਚਦਿਆਂ ਹੀ ਅੱਗੇ ਦੋਹਾਂ ਸਿੰਘਾਂ ਬਹਾਦਰਾਂ ਨੇ ਆਪਸ ਵਿਚ ਪਿੱਠਾਂ ਜੋੜ ਕੇ ਦੁਸ਼ਮਨ ਦਾ ਇਸ ਦਲੇਰੀ ਨਾਲ ਟਾਕਰਾ ਕੀਤਾ ਕਿ ਵੱਡੇ ਵੱਡੇ ਦਲੇਰ ਦੁਸ਼ਮਨ ਵੀ ਦੰਗ ਰਹਿ ਗਏ, ਬੜੀ ਖੂਬੀ ਦੀ ਗੱਲ ਇਹ ਕਿ ਇਨ੍ਹਾਂ ਸਿੰਘਾਂ ਪਾਸ ਸਿਵਾਇ ਡੰਡੇ ਸੋਟਿਆਂ ਦੇ ਹੋਰ ਹਥਿਆਰ ਕੋਈ ਨਹੀਂ ਸੀ, ਪਰ ਫੇਰ ਵੀ ਇਨ੍ਹਾਂ ਨੇ ਅਜਿਹੇ ਹੱਥ ਦਿਖਾਏ ਕਿ ਕਿਤਨੇ ਹੀ ਤੇਗਾਂ-ਤਲਵਾਰਾਂ ਵਾਲੇ ਪਲੱਥੇਬਾਜ਼ ਜੋਧੇ ਇਨ੍ਹਾਂ ਨੇ ਡੰਡੇ ਮਾਰ ਕੇ ਧਰਤੀ ਉਤੇ ਲਿਟਾ ਦਿਤੇ। ਆਖਰ ਬਹੁਤੀ ਮੁਗਲ ਫੌਜ ਅੱਗੇ ਇਨ੍ਹਾਂ ਦੋਹਾਂ ਬਹਾਦਰਾਂ ਦੀ ਪੇਸ਼ ਨਾ ਗਈ ਤੇ ਦੋਵੇਂ ਹੀ ਗੋਲੀਆਂ ਦਾ ਨਿਸ਼ਾਨਾ ਬਣਨ ਤੇ ਸ਼ਹੀਦ ਹੋ ਗਏ। ਉਨ੍ਹਾਂ ਦੇ ਇਸ ਤਰ੍ਹਾਂ ਧਰਤੀ ਉਤੇ ਡਿਗਣ ਸਾਰ ਹੀ ਮੁਗਲ ਸਿਪਾਹੀਆਂ ਨੇ ਤੇਜ਼ ਹਥਿਆਰਾਂ ਨਾਲ ਟੋਟੇ ਕਰ ਦਿਤੇ ਤਾਂਕਿ ਉਹ ਫੇਰ ਉਠ ਕੇ ਖੜੇ ਨਾ ਹੋ ਜਾਣ, ਜਿਵੇਂ ਸ: ਰਤਨ ਸਿੰਘ ਭੰਗੂ ਹੋਰੀਂ ਲਿਖਦੇ ਹਨ :—

ਟੂਕ ਟੂਕ ਸੋ ਤੁਰਕਨ ਕਰੇ। ਮਤ ਸਿੰਘ ਫੇਰ ਨ ਹੋਵੈਂ ਖਰੇ।
(ਦੇਖੋ, ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੨੩੨)

ਇਹ ਜੇ ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ ਨਾਮੀ ਇਕ ਮਜ਼ਹਬੀ ਸ਼ਿੱਖ ਦੀ ਬਹਾਦਰੀ, ਜੋ ਆਉਂਦੀਆਂ ਸਿੱਖ ਨਸਲਾਂ ਲਈ ਹਮੇਸ਼ਾਂ ਰਹਿਨੁਮਾਈ ਕਰਦੀ ਰਹੇਗੀ।

ਮਜ਼ਹਬੀ ਸਿੰਘਾਂ ਦਾ ਸ਼ਹੀਦੀ ਦਲ

ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਪਿਛੋਂ ਸ੍ਰੀ ਅੰਮ੍ਰਿਤਸਰ ਦੇ ਸਥਾਨ ਪਰ, ਜਦ ਕਿ ਕੁਝ ਪੰਥਈ ਸਿੱਖ ਗੁਰੂ ਪੰਥ ਨਾਲੋਂ ਅਲੱਗ ਹੋ ਗਏ ਤਾਂ ਦੂਰ-ਅੰਦੇਸ਼ ਸਿਖਾਂ ਨੇ ਪੰਥਕ ਜਥੇਬੰਦੀ ਨੂੰ ਇਕ ਮੁੱਠ ਕਰਨ ਲਈ ਇਕ ਸਰਬ ਸਾਂਝਾ ਦਲ ਕਾਇਮ ਕੀਤਾ, ਜਿਸ ਦਾ ਨਾਂ "ਖਾਲਸਾ ਦਲ" ਸੀ। ਫੇਰ ਇਸ ਇਕੋ ਖਾਲਸਾ ਦਲ ਦੇ ਦੋ ਦਲ ਬਣ ਗਏ :—(੧) ਬੁੱਢਾ ਦਲ ਤੇ (੨) ਤਰੁਣਾ ਦਲ। ਬੁੱਢਾ ਦਲ ਤੇ ਤਰੁਣਾ ਦਲ ਵਿਚ ਕਾਫੀ ਗਿਣਤੀ ਦੇ ਮਜ਼ਬੀ ਸਿੰਘ ਸ਼ਾਮਲ ਸਨ। ਫੇਰ ਸੰਨ ੧੭੩੬ ਈ: ਵਿਚ ਭਾਈ ਮਨੀ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ ਸੂਬਾ ਖਾਨ ਬਹਾਦਰ ਲਾਹੌਰ ਵਲੋਂ ਖਾਲਸੇ ਨੂੰ ੧੨ ਪਿੰਡਾਂ ਦੀ ਜਾਗੀਰ ਤੇ ਨਵਾਬੀ ਮਿਲੀ ਤਾਂ ਨਵਾਬ ਕਪੂਰ ਸਿੰਘ ਨੇ ਬੁੱਢਾ ਦਲ ਤੇ ਤਰੁਣਾ ਦਲ ਦੇ ਸਹਿਯੋਗ ਨਾਲ ਉਸ

ਜਾਗੀਰ ਦੀ ਵੰਡ ਨੂੰ ਮੁਖ ਰੱਖ ਕੇ ਸਿੰਘਾਂ ਦੇ ਪੰਜ ਜਥੇ ਬਣਾਏ, ਜਿਨ੍ਹਾਂ ਵਿਚ ਇਕ ਜਥਾ ਭਾਈ ਬੀਰ ਸਿੰਘ ਦੇ ਅਧੀਨ ਮਜ਼ਹਬੀ ਸਿੰਘਾਂ ਦਾ ਸੀ। ਇਸ ਜਥੇ ਵਿਚ ੨੩੦੦ ਸਵਾਰ ਸਨ। ਪਰ ਮਜ੍ਹਬੀ ਸਿੰਘ ਚੂੰਕਿ ਗਿਣਤੀ ਵਿਚ ਹੋਰ ਸਿੰਘਾਂ ਦੇ ਮੁਕਾਬਲੇ ਤੇ ਬਹੁਤੇ ਨਹੀਂ ਸਨ, ਇਸ ਲਈ ਇਸ ਤੋਂ ੧੨-੧੪ ਸਾਲ ਪਿਛੋਂ ਸੰਨ ੧੭੫੦ ਈ: ਦੇ ਕਰੀਬ ਜਦ ਸਿਖਾਂ ਦੀਆਂ ਬਾਰ੍ਹਾਂ ਮਿਸਲਾਂ ਬਣੀਆਂ ਤਾਂ ਮਜ਼ਹਬੀ ਸਿੰਘ ਅਚਾਣਕ ਸ: ਜੱਸਾ ਸਿੰਘ ਰਾਮਗੜ੍ਹੀਏ ਵਾਂਗੂ ਸਿੰਘਾਂ ਨਾਲ ਕੁਝ ਬਿਟਰਨ ਲਗੇ। ਉਹ ਇਸ ਤਰ੍ਹਾਂ ਕਿ ਜਿਵੇਂ ਸ: ਜੱਸਾ ਸਿੰਘ ਰਾਮਗੜ੍ਹੀਏ ਜਲੰਧਰ ਦੇ ਨਵਾਬ ਅਦੀਨਾ ਬੇਗ ਨਾਲ ਜਾ ਰਲਿਆ ਸੀ, ਤਿਵੇਂ ਮਜ਼ਹਬੀ ਸਿੰਘ ਵੀ ਸ: ਬੀਰੂ ਸਿੰਘ ਰੰਘੜ੍ਹੇਟੇ ਦੇ ਅਧੀਨ ਅਚਾਣਕ ਤੁਰਕਾਂ ਦੀ ਦੋਸਤੀ ਦਾ ਦਮ ਭਰਨ ਲਗੇ। ਪਰ ਫੇਰ ਛੇਤੀ ਹੀ ਜਿਵੇਂ ਸ: ਜੱਸਾ ਸਿੰਘ ਰਾਮਗੜ੍ਹੀਆ ਰਾਮ ਰਉਣੀ ਅੰਮ੍ਰਿਤਸਰ ਦੇ ਜੰਗ ਸਮੇਂ ਜੋ ਸੰਨ ੧੭੪੬ ਈ: ਵਿਚ ਹੋਇਆ, ਚਾਰੇ ਪਾਸਿਓਂ ਤੁਰਕਾਂ ਦਾ ਘੇਰਾ ਪੈਣ ਤੇ ਸਿੰਘਾਂ ਨੂੰ ਔਕੜਾਂ ਵਿਚ ਫਸੇ ਦੇਖ ਨਵਾਬ ਅਦੀਨਾ ਬੇਗ ਦਾ ਸਾਥ ਛੱਡ ਸਿੰਘਾਂ ਵਿਚ ਹੀ ਆ ਰਲਿਆ ਸੀ, ਤਿਵੇਂ ਸ: ਬੀਰੂ ਸਿੰਘ ਰੰਘੜੇਟਾ ਵੀ ਆਪਣੇ ਸਾਥੀ ਸਿੱਖ ਸਰਦਾਰਾਂ ਦੇ ਭਰੱਪਣ ਨੂੰ ਚਿਤਾਰ ਕੇ ਤੁਰਕਾਂ ਦਾ ਸਾਥ ਛੱਡ ਆਪਣੇ ਸਿੱਖ ਭਰਾਵਾਂ ਨਾਲ ਹੀ ਆ ਰਲਿਆ ਤੇ ਬਾਰ੍ਹਾਂ ਮਿਸਲਾਂ ਦੇ ਸਾਰੇ ਸਿੰਘਾਂ ਨੇ ਉਨ੍ਹਾਂ ਦਾ ਦਿਲ ਖੋਲ੍ਹ ਕੇ ਸਵਾਗਤ ਕੀਤਾ। ਸ: ਰਤਨ ਸਿੰਘ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੇ ਅੰਤ ਵਿਚ ਇਸ ਤਾਰੀਖੀ ਘਟਨਾ ਉਤੇ ਇਸ਼ਾਰੇ ਮਾਤਰ ਰੋਸ਼ਨੀ ਪਾਈ ਹੈ।

ਭਾਈ ਨਿਬਹੂ ਸਿੰਘ ਹੱਥੋਂ ਜਸਪਤਿ ਰਾਇ ਦਾ ਕਤਲ

ਸੰਨ ੧੭੩੯ ਈ: ਤੋਂ ਸੰਨ ੧੭੪੫ ਈ: ਤਕ ਲਗ ਭਗ ਸੱਤ ਸਾਲ ਸਿੰਘਾਂ ਨੇ ਬੜੀ ਔਖ-ਸੌਖ ਨਾਲ ਲੰਘਾਏ ਤੇ ਅਨੇਕ ਹੀਲੇ ਵਰਤ ਕੇ ਮੁਗਲ ਹਕੂਮਤ ਤੋਂ ਆਪਣੇ ਆਪ ਨੂੰ ਬਚਾਇਆ। ਸਮੇਂ ਦੇ ਇਸ ਦੌਰਾਨ ਵਿਚ ਭਾਈ ਮਨੀ ਸਿੰਘ ਤੋਂ ਪਿਛੋਂ ਧਰਮੀ ਹਕੀਕਤ ਰਾਇ, ਭਾਈ ਸੁਬੇਗ ਸਿੰਘ ਜੰਬਰ, ਭਾਈ ਸ਼ਾਹਬਾਜ਼ ਸਿੰਘ, ਭਾਈ ਤਾਰੂ ਸਿੰਘ ਆਦਿ ਕਿਤਨੇ ਹੀ ਸਿਦਕੀ ਸਿੱਖ ਸੂਬਾ ਲਾਹੌਰ ਦੇ ਹੁਕਮ ਨਾਲ ਬੇਦੋਸ਼ੇ ਹੀ ਸ਼ਹੀਦ ਕੀਤੇ ਗਏ। ਪਰ ਫੇਰ ਵੀ ਸਿਖਾਂ ਨੇ ਹੌਸਲਾ ਨਾ ਹਾਰਿਆ। ਪਹਿਲਾਂ ਉਹ ਧੀਰੇ ਧੀਰੇ ਜੰਗਲੀ ਖੋਹਾਂ ਵਿਚੋਂ, ਜਿਥੇ ਉਹ ਹਾਕਮਾਂ ਦੇ ਡਰ ਤੋਂ ਲੁਕੇ ਰਹਿੰਦੇ ਸਨ, ਨਿਕਲੇ ਤੇ ਫੇਰ ਦੁਆਬੇ ਤੇ ਮਾਝੇ ਵਿਚ ਏਧਰ ਉਧਰ ਚੱਕਰ ਲਗਾਉਣ ਲੱਗ ਪਏ।

ਸੰਨ ੧੭੪੫ ਵਿਚ ਲਾਹੌਰ ਦਾ ਸੂਬੇਦਾਰ ਨਵਾਬ ਜ਼ਕਰੀਆ ਖਾਨ (ਪ੍ਰਸਿੱਧ ਨਾਮ ਸੂਬਾ ਖਾਨ ਬਹਾਦੁਰ) ਅਚਾਣਕ ਮੂਤ੍ਰ-ਕ੍ਰਿਛ ਹੋਣ ਤੇ ਮੌਤ ਦਾ ਗ੍ਰਾਸ ਬਣਿਆ ਤੇ ਫੇਰ ਉਸ ਦੀ ਥਾਵੇਂ ਪਹਿਲਾਂ ਉਸ ਦਾ ਪੁੱਤਰ ਯਾਹੀਆ ਖਾਨ ਤੇ ਪਿਛੋਂ ਸ਼ਾਹ ਨਿਵਾਜ਼ ਖਾਨ ਲਾਹੌਰ ਦਾ ਗਵਰਨਰ ਬਣਿਆ। ਸ਼ਾਹ ਨਿਵਾਜ਼ ਖਾਨ ਨੇ ਕਲਾਨੌਰ (ਗੁਰਦਾਸਪੁਰ) ਦੇ ਖੱਤਰੀ ਲਖਪਤ ਰਾਇ ਨੂੰ ਲਾਹੌਰ ਦਾ ਦੀਵਾਨ ਤੇ ਉਸ ਦੇ ਭਾਈ ਜਸਪਤਿ ਰਾਇ ਨੂੰ ਏਮਨਾਬਾਦ ਦਾ ਫੌਜਦਾਰ ਥਾਪਿਆ। ਉਸ ਸਮੇਂ ਅਚਾਨਕ ਸਿੰਘਾਂ ਦਾ ਇਕ ਜੱਥਾ, ਜਿਸ ਵਿਚ ਬਹੁਤੇ ਰੰਘਰੇਟੇ ਸਿੰਘ ਸਨ, ਅਚਾਣਕ ਰੋੜੀ ਸਾਹਿਬ ਜਾ ਟਿਕਿਆ। ਜਦ ਸਿੰਘ ਅਜੇ ਬੱਕਰੇ ਝਟਕਾ ਕੇ ਦੇਗਾਂ ਚਾੜ੍ਹ ਹੀ ਰਹੇ ਸਨ ਤਾਂ ਪਤਾ ਲੱਗਣ ਤੇ ਦੀਵਾਨ ਜਸਪਤ ਰਾਇ ਆਪਣੇ ਸਿਪਾਹੀਆਂ ਸਮੇਤ ਆ ਧਮਕਿਆ ਤੇ ਸਿੰਘਾਂ ਨੂੰ ਕਈ ਤਰ੍ਹਾਂ ਅਬਾ ਤਬਾ ਲਫਜ਼ ਬੋਲ ਕੇ ਡਰਾਉਣ ਲੱਗਾ। ਸਿੰਘਾਂ ਨੇ ਉਸ ਨੂੰ ਪਹਿਲਾਂ ਤਾਂ ਬੜੀ ਨਰਮਾਈ ਨਾਲ ਚੁੱਪ ਕਰਾਉਣਾ ਚਾਹਿਆ, ਪਰ ਜਦ ਉਹ ਟੱਸ ਤੋਂ ਮੱਸ ਨਾ ਹੋਇਆ ਅਤੇ ਲੜਾਈ ਕਰਨ ਤੇ ਉਤਰ ਆਇਆ ਤਾਂ ਜਥੇਦਾਰ ਭਾਈ ਨਿਭਾਹੂ ਸਿੰਘ ਰੰਘੜੇਟੇ ਨੇ ਬੜੀ ਫੁਰਤੀ ਨਾਲ ਪਿਛਲੇ ਪਾਸਿਓਂ ਉਸ ਦੇ ਹਾਥੀ ਉਤੇ ਚੜ੍ਹ ਕੇ ਉਸ ਦਾ ਸਿਰ ਕੱਟ ਲਿਆ। ਇਹ ਦੇਖ ਕੇ ਕਿ ਉਹਨਾਂ ਦਾ ਸਰਦਾਰ ਮਾਰਿਆ ਗਿਆ ਹੈ, ਜਸਪਤ ਦੀ ਸਾਰੀ ਫੌਜ ਦੁਮ ਦਬਾ ਕੇ ਨੱਸ ਗਈ। ਸਿੰਘਾਂ ਨੇ ਇਸ ਫਤਹਿਯਾਬੀ ਤੋਂ ਖੁਸ਼ ਹੋ ਕੇ ਪਹਿਲਾਂ ਤਾਂ ਬੜੇ ਅਰਾਮ ਨਾਲ ਲੰਗਰ ਛਕਿਆ ਤੇ ਫੇਰ ਹੱਲਾ ਕਰ ਕੇ ਏਮਨਾਬਾਦ ਉਤੇ ਜਾ ਪਏ, ਅਤੇ ਸਾਰੇ ਨਗਰ ਤੋਂ ਮਾਮਲਾ ਉਗਰਾਹੁੰਦਿਆਂ ਹੀ ਉਥੋਂ ਕੂਚ ਕਰ ਦਿਤਾ। ਇਹ ਛੋਟੇ ਘੱਲੂਘਾਰੇ ਦਾ ਮੁੱਢ ਸੀ।

ਛੋਟਾ ਘੱਲੂਘਾਰਾ ਤੇ ਲਖਪਤ ਰਾਇ ਦਾ ਅੰਤ (੧੭੪੬-੪੮)

ਜਦ ਇਹ ਦੁਖਦਾਈ ਖਬਰ ਕਿ ਦੀਵਾਨ ਜਸਪਤ ਰਾਇ ਸਿੰਘਾਂ ਹਥੋਂ ਮਾਰਿਆ ਗਿਆ ਹੈ, ਲਾਹੌਰ ਪਹੁੰਚੀ ਤਾਂ ਉਸ ਦਾ ਵੱਡਾ ਭਾਈ ਲਖਪਤ ਰਾਇ ਕਰੋਧ ਨਾਲ ਲੋਹਾ ਲਾਖਾ ਹੋ ਕੇ ਦੰਦ ਚੱਬਣ ਲਗ ਪਿਆ ਤੇ ਉਸ ਨੇ ਤੁਰਤ ਹੀ ਸਿੰਘਾਂ ਉਤੇ ਫੌਜ-ਕਸ਼ੀ ਕਰ ਦਿਤੀ। ਅੱਗੋਂ ਪਤਾ ਲੱਗਣ ਤੇ ਸਿੰਘ ਵੀ ਏਨੇ ਅਵੇਸਲੇ ਨਹੀਂ ਸਨ, ਉਹ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੇ ਸ: ਸੁੱਖਾ ਸਿੰਘ ਮਾੜੀ ਕੰਬੋਕੀ ਦੀ ਅਗਵਾਈ ਹੇਠ ਦਰਿਆ ਰਾਵੀ ਲੰਘਦਿਆਂ ਹੀ ਗੁਰਦਾਸਪੁਰ ਲਾਗੇ ਕਾਹਨੂੰਵਾਨ ਦੇ ਛੰਭ ਵਿਚ ਸਰਬੱਤ ਖਾਲਸੇ ਨੂੰ ਜਾ ਮਿਲੇ।

ਦੀਵਾਨ ਲਖਪਤ ਰਾਇ ਚੂੰਕਿ ਸਿੰਘਾਂ ਦਾ ਬੀਜ ਨਾਸ ਕਰਨ ਤੇ ਤੁਲਿਆ

ਹੋਇਆ ਸੀ, ਇਸ ਲਈ ਉਹ ਸ਼ਾਹੀ ਫੌਜਾਂ ਲੈ ਕੇ ਉਥੇ ਹੀ ਜਾ ਪੁੱਜਾ। ਉਸ ਸਮੇਂ ਉਥੇ ਸਿੰਘਾਂ ਦੇ ਪੰਜਾਹ ਸਨੱਧ-ਬੱਧ ਜਥੇ ਸਨ, ਪਰ ਫੇਰ ਵੀ ਟਿੱਡੀ ਦਲ ਮੁਗਲਈ ਸਿਪਾਹ ਦੇ ਮੁਕਾਬਲੇ ਤੇ ਉਹਨਾਂ ਦੀ ਗਿਣਤੀ ਬੜੀ ਘੱਟ ਸੀ। ਇਸ ਕਮੀ ਦੇ ਬਾਵਜੂਦ ਵੀ ਜਦ ਗਗਨ ਦਮਾਮਾ ਵੱਜਿਆ ਤਾਂ ਅੱਗੋਂ ਸਿੰਘਾਂ ਨੇ ਬੜੀ ਦਲੇਰੀ ਨਾਲ ਦੁਸ਼ਮਣ ਦਾ ਡੱਟ ਕੇ ਮੁਕਾਬਲਾ ਕੀਤਾ। ਇਸ ਟਾਕਰੇ ਵਿਚ ਨਾ ਕੇਵਲ ਸਿੰਘ ਹੀ ਸਗੋਂ ਸਾਰੇ ਦੁਸ਼ਮਨ ਦੇ ਸਿਪਾਹੀ ਵੀ ਮਾਰੇ ਗਏ।

ਆਖਰ ਚਾਰੇ ਪਾਸਿਆਂ ਤੋਂ ਦੁਸ਼ਮਣ ਦਾ ਜ਼ਬਰਦਸਤ ਘੇਰਾ ਪੈਣ ਤੇ ਸਿੰਘ ਉਥੇ ਠਹਿਰ ਨਾ ਸਕੇ ਤੇ ਕਠੂਹੇ (ਇਲਾਕਾ ਪਹਾੜਾ) ਵਲ ਵਧੇ। ਅੱਗੋਂ ਪਹਾੜੀਏ ਵੀ, ਜੋ ਕਿ ਪਹਿਲਾਂ ਹੀ ਦੁਸ਼ਮਣ ਦੇ ਹੱਥ ਵਿਕੇ ਹੋਏ ਸਨ, ਜਾਨੀ ਦੁਸ਼ਮਨ ਬਣ ਕੇ ਟੱਕਰੇ, ਜਿਸ ਕਰ ਕੇ ਬਹੁਤ ਸਾਰੇ ਸਿੰਘ ਜੋ ਹੱਲਾ ਕਰ ਕੇ ਪਹਾੜਾਂ ਵਿਚ ਜਾ ਵੜੇ, ਉਹ ਉਥੇ ਹੀ ਪਹਾੜੀਆਂ ਹੱਥੋਂ ਸ਼ਹੀਦ ਹੋ ਗਏ। ਹੁਣ ਇਕ ਪਾਸੇ ਇਲਾਕਾ ਪਹਾੜ ਸੀ ਤੇ ਦੂਜੇ ਦੋਹੀਂ ਪਾਸੀਂ ਦਰਿਆ ਰਾਵੀ ਤੇ ਬਿਆਸ ਠਾਠਾਂ ਮਾਰ ਰਹੇ ਸਨ, ਪਰ ਫੇਰ ਵੀ ਸਿੰਘਾਂ ਨੇ ਉਥੋਂ ਸ: ਸੁੱਖਾ ਸਿੰਘ ਮਾੜੀ ਕੰਬੋ ਕੀ ਦੀ ਅਗਵਾਈ ਥੱਲੇ ਮੈਦਾਨੀ ਇਲਾਕੇ ਵਲ ਹੱਲਾ ਕਰ ਕੇ ਮੋੜਾ ਪਾਇਆ ਤੇ ਉਹ ਬੜੀਆਂ ਮੁਸ਼ਕਿਲਾਂ ਨਾਲ ਦਰਿਆ ਬਿਆਸ ਤੋਂ ਲੰਘੇ, ਫੇਰ ਦਰਿਆ ਸਤਿਲੁਜ ਲੰਘ ਕੇ ਮਾਲਵੇ ਵਿਚ ਜੈਤੋ ਦੇ ਲਾਗੇ ਜਾ ਨਿਕਲੇ, ਜਿਸ ਕਰ ਕੇ ਇਸ ਮੁਸ਼ਕਿਲ ਦੇ ਕਾਰਣ ਪੰਜਾਹ ਜਥਿਆਂ ਵਿਚੋਂ ਕੇਵਲ ਦੱਸ ਜਥੇ ਹੀ ਬਚੇ ਤੇ ਬਾਕੀ ਸਭ ਇਸ ਮਹਾਂ-ਯੁੱਧ ਵਿਚ ਬਹੁਗਿਣਤੀ ਦੇ ਰੰਘੜੇਟੇ ਜਧਿਆਂ ਸਮੇਤ ਦੁਸ਼ਮਣ ਦੇ ਹਥੋਂ ਸ਼ਹੀਦ ਹੋ ਗਏ।

ਇਹ ਮਹਾਂ-ਯੁੱਧ ਜੋ ਸੰਨ ੧੭੪੬ ਈ: ਵਿਚ ਹੋਇਆ, ਸਿਖ ਇਤਿਹਾਸ ਵਿਚ ਛੋਟੇ ਘੱਲੂਘਾਰੇ ਦੇ ਨਾਂ ਨਾਲ ਪ੍ਰਸਿੱਧ ਹੈ ਤੇ ਇਸ ਜੰਗ ਦਾ ਮੋਢੀ ਦੀਵਾਨ ਲਖਪਤ ਰਾਇ ਵੀ ਇਸ ਤੋਂ ਬਾਅਦ ਸੰਨ ੧੭੪੯ ਤਕ ਥੋੜਾ ਚਿਰ ਹੀ ਜੀਵਿਆ ਤੇ ਫੇਰ ਦੀਵਾਨ ਕੌੜਾ ਮਲ ਦੇ ਜਤਨ ਨਾਲ ਗ੍ਰਿਫਤਾਰ ਹੋਣ ਤੇ ਸਿੰਘਾਂ ਦੇ ਹਥੋਂ ਬੁਰੀ ਹਾਲਤ ਵਿਚ ਮਾਰਿਆ ਗਿਆ।

ਸਿਖ ਮਿਸਲਾਂ ਤੇ ਰੰਘੜੇਟੇ

ਸਿਖਾਂ ਦੀਆਂ ਬਾਰਾਂ ਮਿਸਲਾਂ ਜਿਵੇਂ ਕਿ ਪਿਛੇ ਦਸਿਆ ਗਿਆ ਹੈ ਸੰਨ ੧੭੫੦ ਦੇ ਕਰੀਬ ਸਿਖ ਰਾਜ ਦੇ ਭਵਿਖ ਦੀ ਉਸਾਰੀ ਨੂੰ ਮੁੱਖ ਰੱਖ ਕੇ ਬਣੀਆਂ ਤਾਂ ਰੰਘੜੇਟੇ ਸਿੰਘਾਂ ਨੇ ਉਸੇ ਸਮੇਂ ਇਹਨਾਂ ਮਿਸਲਾਂ ਦੀ ਕਾਇਮੀ ਵਿਚ ਦਿਲ ਖੋਹਲ ਕੇ

ਗੁਰੂ ਪੰਥ ਦਾ ਪੂਰਾ ਪੂਰਾ ਸਾਥ ਦਿਤਾ। ਸਿਖਾਂ ਵਿਚ ਉਸ ਸਮੇਂ ਜਿਵੇਂ ਕਿ ਇਹਨਾਂ ਮਿਸਲਾਂ ਦੀ ਬਣਤਰ ਤੋਂ ਪਤਾ ਲਗਦਾ ਹੈ, ਜਾਤ ਪਾਤ ਜਾਂ ਊਚ ਨੀਚ ਦਾ ਉਕਾ ਹੀ ਮਤਭੇਦ ਨਹੀਂ ਸੀ, ਇਸ ਲਈ ਸਾਰੇ ਸਿਖ ਇਕ ਦੂਜੇ ਨੂੰ ਸਕੇ ਭਾਈਆਂ ਤੋਂ ਵੱਧ ਪਿਆਰਦੇ ਸਨ। ਸੋ ਇਸ ਕਾਰਣ ਰੰਘਰੇਟੇ ਸਿਖ ਵੀ ਸਿਖ ਮਿਸਲਾਂ ਦੀਆਂ ਫੌਜਾਂ ਵਿਚ ਬੜਾ ਅੱਛਾ ਮਾਣ-ਸਤਿਕਾਰ ਤੇ ਉੱਚ ਪਦਵੀਆਂ ਪਾਉਂਦੇ ਰਹੇ। ਰੰਘਰੇਟੇ ਸਿਖਾਂ ਵਾਂਗ ਹੀ ਰਵਿਦਾਸੀਏ ਤੇ ਹੋਰ ਪੱਛੜੀਆਂ ਸ੍ਰੇਣੀਆਂ ਚੋਂ ਆਏ ਸਿਖ ਵੀ ਸਿਖ ਮਿਸਲਾਂ ਦੀ ਛਤਰ ਛਾਇਆ ਹੇਠ ਹਮੇਸ਼ਾਂ ਕੌੜੀ ਵੇਲ ਵਾਂਗੂੰ ਵਧਦੇ ਫੂਲਦੇ ਰਹੇ ਤੇ ਇਸ ਤਰ੍ਹਾਂ ਮੁਗਲ ਹਕੂਮਤ ਦਾ ਖਾਤਮਾ ਕਰ ਕੇ ਸਿਖ ਰਾਜ ਦਾ ਭਵਿੱਖ ਉਸਾਰਨ ਵਿਚ ਸਭ ਨੇ ਇਕੋ ਜਿਹਾ ਹਿੱਸਾ ਪਾਇਆ। ਸਿਖ ਫੌਜਾਂ ਵਿਚ ਉਸ ਸਮੇਂ ਰੰਘਰੇਟੇ ਸਿਖਾਂ ਦੀਆਂ ਹਰ ਥਾਵੇਂ ਕੰਪਨੀਆਂ ਬਣੀਆਂ ਹੋਈਆਂ ਸਨ ਜੋ ਸਿਖ ਰਾਜ ਤੋਂ ਪਿਛੋਂ ਅੰਗਰੇਜ਼ੀ ਰਾਜ ਦੇ ਸਮੇਂ ਤਕ ਬਾਕਾਇਦਾ ਕਾਇਮ ਰਹੀਆਂ।

ਵੀਰ ਨਾਇਕ ਬੀਰੂ ਸਿੰਘ ਰੰਘਰੇਟੇ ਦੀ ਕੌਮ-ਪ੍ਰਸਤੀ

ਸਿਖਾਂ ਦੀਆਂ ਬਾਰ੍ਹਾਂ ਮਿਸਲਾਂ ਵਿਚੋਂ ਹੀ ਕੁਝ ਸਾਮੰਤ ਸਰਦਾਰ ਵੀ ਸਨ ਜੋ ਲੋੜ ਮੁਤਾਬਿਕ ਮੌਕਾ ਪੈਣ ਤੇ ਮਦਦ ਦੇ ਕੇ ਵੱਖੋ ਵੱਖ ਮਿਸਲਾਂ ਦਾ ਮਾਣ ਵਧਾਉਂਦੇ ਸਨ। ਉਹਨਾਂ ਹੀ ਸਾਮੰਤ ਸਰਦਾਰਾਂ ਵਿਚੋਂ ਇਕ ਸਰਦਾਰ ਬੀਰੂ ਸਿੰਘ ਰੰਘਰੇਟਾ ਸੀ, ਜਿਸ ਦੇ ਅਧੀਨ ੧੩੦੦ ਸਵਾਰ ਸਨ ਤੇ ਉਸ ਦਾ ਇਲਾਕਾ ਗੁੱਜਰਾਂ ਵਾਲੇ ਦੇ ਲਾਗੇ ਸਰਦਾਰ ਚੜ੍ਹਤ ਸਿੰਘ ਸ਼ੁਕ੍ਰਚਕੀਏ ਦੇ ਇਲਾਕੇ ਨਾਲ ਮਿਲਦਾ ਸੀ। ਅਚਾਣਕ ਕਿਸੇ ਗੱਲੋਂ ਸਰਦਾਰ ਚੜ੍ਹਤ ਸਿੰਘ ਸ਼ੁਕ੍ਰਚਕੀਏ ਨਾਲ ਨਰਾਜ਼ਗੀ ਪੈਦਾ ਹੋਣ ਤੇ ਸਰਦਾਰ ਬੀਰੂ ਸਿੰਘ ਨੇ ਲੜਨਾ ਤਾਂ ਯੋਗ ਨਾ ਸਮਝਿਆ ਤੇ ਆਪਣੇ ਸਵਾਰਾਂ ਸਮੇਤ ਅਹਿਮਦਸ਼ਾਹ ਦੁੱਰਾਨੀ ਦੇ ਲਸ਼ਕਰ ਨਾਲ ਜਾ ਰਲਿਆ। ਇਹ ਠੀਕ ਉਹੋ ਗੱਲ ਸੀ ਜਿਸ ਤਰ੍ਹਾਂ ਕੁਝ ਚਿਰ ਪਹਿਲਾਂ ਸ: ਜੱਸਾ ਸਿੰਘ ਰਾਮਗੜ੍ਹੀਆ ਕਿਸੇ ਮਤਭੇਦ ਕਾਰਨ ਸਿੰਘਾਂ ਦਾ ਸਾਥ ਛੱਡ ਕੇ ਨਵਾਬ ਅਦੀਨਾ ਬੇਗ ਜਾਲੰਧਰੀ ਪਾਸ ਚਲਿਆ ਗਿਆ ਸੀ।

ਸਰਦਾਰ ਚੜ੍ਹਤ ਸਿੰਘ ਸ਼ੁਕ੍ਰਚਕੀਏ ਤੇ ਉਸ ਦੇ ਹੋਰ ਸਾਥੀ ਸਿਖ ਸਰਦਾਰਾਂ ਨੂੰ ਇਸ ਗੱਲੋਂ ਡਾਢਾ ਅਫਸੋਸ ਹੋਇਆ ਤੇ ਉਹਨਾਂ ਨੇ ਇਤਫਾਕ ਰਾਇ ਨਾਲ ਆਪਣੀ ਹਮਦਰਦੀ ਦਾ ਪ੍ਰਗਟਾਵਾ ਕਰ ਕੇ ਗੁਰੂ ਪੰਥ ਦੇ ਸਾਹਮਣੇ ਆਈਆਂ ਹੋਈਆਂ ਔਕੜਾਂ ਦਸਦਿਆਂ ਸਰਦਾਰ ਬੀਰੂ ਸਿੰਘ ਨੂੰ ਕੌਮੀ ਸਵਰੱਖਿਆ ਦੀ ਦੁਹਾਈ ਦੇ ਕੇ ਵਾਪਸ ਬੁਲਾਇਆ। ਸਰਦਾਰ ਬੀਰੂ ਸਿੰਘ ਦਾ ਦਿਲ ਸਿੰਘਾਂ ਦੀ

ਇਸ ਤਰ੍ਹਾਂ ਮੁਹੱਬਤ ਦਾ ਅਨੁਮਾਨ ਲਾ ਕੇ ਡਾਢਾ ਪਿਘਲਿਆ ਤੇ ਉਹ ਫੌਰਨ ਆਪਣੇ ਸਵਾਰਾਂ ਸਮੇਤ ਦੁੱਰਾਨੀਆਂ ਦਾ ਸਾਥ ਛੱਡ ਕੇ ਠੀਕ ਓਕਣ ਹੀ ਵਾਪਸ ਗੁਰੂ ਪੰਥ ਦੇ ਨਾਲ ਆ ਰਲਿਆ ਜੀਕਣ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਰਾਮ ਰਾਉਣੀ (ਅੰਮ੍ਰਿਤਸਰ) ਨੂੰ ਦੁਸ਼ਮਣ ਦੇ ਹੱਥੋਂ ਤਬਾਹ ਹੋਣ ਤੋਂ ਬਚਾਇਆ ਸੀ। ਸਰਦਾਰ ਰਤਨ ਸਿੰਘ ਭੰਗੂ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਸ: ਬੀਰੂ ਸਿੰਘ ਦੀ ਇਸ ਕੌਮ-ਪ੍ਰਸਤੀ ਦਾ ਇਸ਼ਾਰੇ ਮਾਤਰ ਸੰਖੇਪ ਜਿਹਾ ਜ਼ਿਕਰ ਕੀਤਾ ਹੈ, ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਆਪਣੇ ਭਾਈ ਭਰਾ ਹਮੇਸ਼ਾਂ ਹੀ ਆਪਣੇ ਹੁੰਦੇ ਹਨ ਤੇ ਕੌਮ-ਪ੍ਰਸਤੀ ਨੂੰ ਪਿੱਠ ਦੇ ਕੇ ਕਦੇ ਪਰਾਏ ਨਹੀਂ ਬਣਿਆ ਕਰਦੇ।

ਸਿੱਖ ਰਾਜ ਤੇ ਰੰਘੜੇਟੇ

ਸਿੱਖ ਰਾਜ ਦੀ ਉਸਾਰੀ ਵਿਚ ਰੰਘੜੇਟਿਆਂ ਦਾ ਹੱਥ

ਸਿੱਖ ਰਾਜ, ਜਿਸ ਨੂੰ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਕਿਹਾ ਜਾਂਦਾ ਹੈ, ਸਿਖਾਂ ਦੀਆਂ ਬਾਰ੍ਹਾਂ ਮਿਸਲਾਂ ਦਾ ਹੀ ਸਮੁੱਨਤ ਰੂਪ ਸੀ। ਸਿੱਖ ਮਿਸਲਾਂ ਮੁੱਢ ਵਿਚ ਤਾਂ ਭਾਵੇਂ ਪਰਸਪਰ ਬੜਾ ਇਤਫਾਕ ਰਖਦੀਆਂ ਸਨ, ਪਰ ਜਦ ਉਨ੍ਹਾਂ ਦੀ ਰਾਜਨੀਤਿਕ ਹਾਲਤ ਦੇ ਨਾਲ ਹੀ ਮਾਲੀ ਹਾਲਤ ਕਾਫੀ ਸੁਧਰ ਗਈ ਤਾਂ ਵੱਖੋ ਵੱਖ ਹੱਦਬੰਦੀਆਂ ਦੇ ਬਖੇੜੇ ਖੜੇ ਹੋਣ ਲੱਗ ਪਏ ਤੇ ਇਕ ਦੂਜੇ ਨਾਲ ਕੁਦਰਤੀ ਤੌਰ ਤੇ ਵੈਰ-ਵਿਰੋਧ ਜਾਗ ਪਿਆ। ਪਹਿਲਾਂ ਸਾਰੇ ਸਿੱਖ ਇਕੱਠੇ ਹੋ ਕੇ ਮੁਗਲਾਂ ਨਾਲ ਲੜਦੇ ਸਨ, ਪਰ ਫੇਰ ਜਦ ਆਪੋ ਵਿਚ ਲੜਨ ਲੱਗੇ ਤਾਂ ਨਿੱਤ ਦੇ ਉਧ ਮੂਲ ਮਿਟਾਉਣ ਲਈ ਸਿੱਖ ਮਿਸਲਾਂ ਦਾ ਇਕ ਕਰਨਾ ਜ਼ਰੂਰੀ ਸਮਝਿਆ ਗਿਆ, ਜਿਸ ਦੀ ਪਹਿਲ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਕੀਤੀ ਤੇ ਸਾਰੀਆਂ ਸਿੱਖ ਮਿਸਲਾਂ ਨੇ ਆਹਿਸਤਾ ਆਹਿਸਤਾ ਆਪਣੀ ਫੌਜ ਏਨੀ ਵਧਾ ਲਈ ਕਿ ਸੰਨ ੧੭੯੯ ਵਿਚ ਲਾਹੌਰ ਉਤੇ ਮੁਕੰਮਲ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਵਿਚ ਭਾਵੇਂ ਸਾਰੀਆਂ ਜ਼ਾਤਾਂ ਦੇ ਸਿੱਖ ਸਨ, ਪਰ ਨਿਹੰਗ ਸਿੰਘਾਂ ਦਾ ਬਹੁਤ ਬੋਲ ਬਾਲਾ ਹੋਣ ਕਰਕੇ ਜਿਨ੍ਹਾਂ ਵਿਚ ਰੰਘੜੇਟੇ ਸਿੱਖ ਵੀ ਚੋਖੀ ਤਾਦਾਦ ਵਿਚ ਮੌਜੂਦ ਸਨ, ਮਹਾਰਾਜਾ ਉਨ੍ਹਾਂ ਦੇ ਸਾਮ੍ਹਣੇ ਹਮੇਸ਼ਾ ਝੁਕਦਾ ਰਿਹਾ। ਲਾਹੌਰ ਉਤੇ ਕਬਜ਼ਾ ਕਰਨ ਸਾਰ ਮਹਾਰਾਜੇ ਨੇ ਕਸੂਰ, ਮੁਲਤਾਨ, ਕਸ਼ਮੀਰ, ਹਜ਼ਾਰਾ ਤੇ ਸੂਬਾ ਸਰਹੱਦ (ਪਿਸ਼ਾਵਰ, ਬੰਨੂ ਆਦਿ) ਉਤੇ ਕਬਜ਼ਾ ਕਰਨ ਦੇ ਨਾਲ ਹੀ ਪੂਰਬ ਵਿਚ ਸਤਲੁਜੋਂ ਪਾਰ, ਸ੍ਰੀ ਅਨੰਦਪੁਰ, ਬੱਦੋਵਾਲ, ਮੁਦਕੀ, ਮੁਕਤਸਰ ਆਦਿ ਚੋਖੇ ਹਿੱਸੇ ਤੇ ਵੀ ਕਬਜ਼ਾ ਕਰ ਲਿਆ। ਏਥੇ ਇਹ ਗੱਲ ਯਾਦ ਰੱਖਣ ਜੋਗ ਹੈ ਕਿ ਸੰਨ ੧੮੧੮-੧੯ ਵਿਚ ਸ੍ਰੀ ਨਗਰ (ਕਸ਼ਮੀਰ) ਉਤੇ ਜਦ ਖਾਲਸਾ ਫੌਜਾਂ ਨੇ ਕਬਜ਼ਾ ਕੀਤਾ ਤਾਂ ਉਨ੍ਹਾਂ ਵਿਚ ਰੰਘੜੇਟੇ ਸਿਖਾਂ ਦੀ ਬਹੁ-ਗਿਣਤੀ ਸੀ। ਮਹਾਰਾਜੇ ਦਾ ਜੰਗੀ ਜਰਨੈਲ ਹਰੀ ਸਿੰਘ ਨਲੂਆ ਜੋ ਪਹਿਲੇ ਪਹਿਲੇ ਕਸ਼ਮੀਰ ਦਾ ਵਿਜੇਤਾ

ਹੋਣ ਕਰਕੇ ਹਾਕਮ ਆਲਾ ਬਣਿਆ, ਰੰਘੜੇਟੇ ਸਿਪਾਹੀਆਂ ਉਤੇ ਵਧੇਰੇ ਖੁਸ਼ ਸੀ, ਜਿਸ ਕਰਕੇ ਮਹਾਰਾਜੇ ਦੀ ਇੱਛਾ ਅਨੁਸਾਰ ਉਸ ਨੇ ਬਹੁਤ ਸਾਰੇ ਰੰਘੜੇਟੇ ਸਿਪਾਹੀ ਬੜਾ ਉਤਸ਼ਾਹ ਦੇ ਕੇ ਸ੍ਰੀ ਨਗਰ ਵਿਚ ਹੀ ਵਸਾ ਲਏ, ਜੋ ਹੁਣ ਤਕ ਉਥੇ ਰਹਿੰਦੇ ਦੇਖਣ ਵਿਚ ਆਉਂਦੇ ਹਨ। ਉਹ ਸਭ ਰੰਘੜੇਟੇ ਸਿੱਖ ਰਾਜ ਦੀਆਂ ਨਿਸ਼ਾਨੀਆਂ ਹਨ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਇਲਾਕਿਆਂ ਵਿਚ ਵੀ ਮਹਾਰਾਜੇ ਨੇ ਰੰਘੜੇਟੇ ਵਸਾਏ ਸਨ।

ਨਿਹੰਗ ਸਿੰਘ, ਅਕਾਲ ਰਜਮੈਂਟ ਤੇ ਸ੍ਰੀ ਅਕਾਲ ਤਖਤ ਦਾ ਕਬਜ਼ਾ

ਬੁੱਢਾ ਦਲ ਦੇ ਨਿਹੰਗ ਸਿੰਘ, ਜਿਨ੍ਹਾਂ ਵਿਚ ਬਹੁ-ਗਿਣਤੀ ਦੇ ਰੰਘੜੇਟੇ ਸਿੱਖ ਸ਼ਾਮਲ ਸਨ, ਸੰਨ ੧੭੬੪ ਈ: ਵਿਚ ਜਦ ਸਰਬੱਤ ਖਾਲਸੇ ਨੇ ਸਰਬ-ਸੰਮਤੀ ਨਾਲ ਅੰਮ੍ਰਿਤਸਰ ਦਾ ਦਰਬਾਰ ਸ੍ਰੀ ਹਰਿਮੰਦਰ ਸਾਹਿਬ, ਜੋ ਇਸ ਤੋਂ ਦੋ ਸਾਲ ਪਹਿਲਾਂ ਸੰਨ ੧੭੬੨ ਈ: ਵਿਚ ਅਹਿਮਦ ਸ਼ਾਹ ਦੁੱਰਾਨੀ ਨੇ ਢਾਹ ਦਿੱਤਾ ਸੀ, ਮੁੜ ਨਵੇਂ ਸਿਰੇ ਉਸਾਰਿਆ ਤਾਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਤਾਂ ਪੁਜਾਰੀ ਸਿੰਘਾਂ ਦੇ ਸਪੁਰਦ ਕੀਤਾ ਅਤੇ ਸ੍ਰੀ ਦਰਬਾਰ ਸਾਹਿਬ ਦੇ ਸਾਮ੍ਹਣੇ ਖਾਲਸੇ ਦਾ ਰਾਜ-ਸਿੰਘਾਸਨ ਸ੍ਰੀ ਅਕਾਲ ਤਖਤ ਸਾਹਿਬ, ਜਿਸ ਨੂੰ ਉਸ ਸਮੇਂ ਸ੍ਰੀ ਅਕਾਲ ਬੁੰਗਾ ਕਿਹਾ ਜਾਂਦਾ ਸੀ, ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਸਪੁਰਦ ਕਰ ਦਿੱਤਾ ਤਾਂਕਿ ਉਹ ਸੰਸਾਰਿਕ ਰੁਝੇਵਿਆਂ ਤੋਂ ਉਪਰਾਮ ਰਹਿੰਦੇ ਹੋਣ ਕਾਰਣ ਗੁਰਮਤਿ ਰਹਿਤ-ਮਰਯਾਦਾ ਦਾ ਪੂਰਾ ਪੂਰਾ ਖਿਆਲ ਰੱਖਣ।

ਨਿਹੰਗ ਸਿੰਘਾਂ ਦੀ ਛਾਉਣੀ ਉਸ ਸਮੇਂ ਅੰਮ੍ਰਿਤਸਰੋਂ ਬਾਹਰ ਬੁਰਜ ਅਕਾਲੀ ਫੂਲਾ ਸਿੰਘ ਦੇ ਸਥਾਨ ਪਰ ਕਰਾਰ ਪਾਈ। ਅਕਾਲੀ ਫੂਲਾ ਸਿੰਘ, ਜੋ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਤੇ ਜੰਗੀ ਜਰਨੈਲ ਸੀ, ਇਸ ਤੋਂ ਢੇਰ ਸਮਾਂ ਪਿਛੋਂ ਹੋਇਆ ਹੈ, ਇਸ ਲਈ ਇਹ ਸਥਾਨ ਇਸ ਤੋਂ ਪਹਿਲਾਂ ਹੀ ਨਿਹੰਗਾਂ ਦੇ ਅਧਿਕਾਰ ਵਿਚ ਸੀ ਤੇ ਬਹੁ-ਗਿਣਤੀ ਦੇ ਨਿਹੰਗ ਸਿੰਘ ਏਥੇ ਹੀ ਰਹਿੰਦੇ ਤੇ ਨਿਤ ਪ੍ਰਤੀ ਆਪਣੀ ਹਾਜ਼ਰੀ ਅਕਾਲ ਬੁੰਗੇ ਜਾ ਕੇ ਭਰਦੇ ਸਨ। ਸਰਬੱਤ ਖਾਲਸੇ ਵਲੋਂ ਹਸਬ-ਦਸਤੂਰ ਜਦ ਕੋਈ ਗੁਰਮਤਾ ਹੁੰਦਾ ਜਾਂ ਗ਼ਨੀਮ ਉਤੇ ਚੜ੍ਹਾਈ ਕਰਨੀ ਹੁੰਦੀ ਤਾਂ ਅਕਾਲ ਬੁੰਗੇ ਤੇ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਦਰਮਿਆਨ ਇਕ ਵਿਸ਼ੇਸ਼ ਕਮਰੇ ਵਿਚ ਜੋ ਇਸੇ ਕੰਮ ਲਈ ਬਣਿਆ ਹੋਇਆ ਸੀ, ਸਾਰੀਆਂ ਮਿਸਲਾਂ ਦੇ ਚੋਣਵੇਂ ਸਿੰਘ ਆਉਂਦੇ ਸਨ ਤੇ ਉਸ ਕਮਰੇ ਦੇ ਚਾਰੇ ਪਾਸੇ ਨਿਹੰਗ ਸਿੰਘਾਂ ਦਾ ਪਹਿਰਾ ਲੱਗ ਜਾਂਦਾ ਤਾਂ ਕਿ ਕੋਈ ਗੈਰ ਆਦਮੀ ਬਾਹਰੋਂ ਅੰਦਰ ਨਾ ਆਵੇ

ਤੇ ਮਨ-ਭਾਉਂਦੇ ਪ੍ਰੋਗਰਾਮ ਸਰਬ-ਸੰਮਤੀ ਨਾਲ ਸਿਰੇ ਚੜ੍ਹਦੇ ਅਤੇ ਸਰਬ-ਸੰਮਤੀ ਨਾਲ ਗੁਰਮਤਾ ਪਾਸ ਹੋਣ ਤੇ ਫੇਰ ਖਾਲਸੇ ਦੀ ਕਿਸੇ ਪਾਸੇ ਚੜ੍ਹਾਈ ਹੁੰਦੀ ਸੀ। ਬਸ, ਇਹੋ ਉਸ ਸਮੇਂ ਗੁਰੂ ਖਾਲਸੇ ਦੀ ਪ੍ਰਮੁੱਖ ਮਰਯਾਦਾ ਸੀ।

ਮਜ਼੍ਹਬੀ ਸਿੰਘ, ਜੋ ਉਸ ਸਮੇਂ ਨਿਹੰਗਾਂ ਵਿਚ ਇਕ ਖਾਸ ਅਹਿਮੀਅਤ ਰਖਦੇ ਸਨ, ਇਕ ਸਨੱਧ-ਬੱਧ ਅਕਾਲ ਰਜਮੈਂਟ ਦੇ ਰੂਪ ਵਿਚ ਗੁਰੂ ਖਾਲਸੇ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੇ ਸਨ। ਫੇਰ ਬਾਰ੍ਹਾਂ ਮਿਸਲਾਂ ਤੋਂ ਬਾਦ ਨਿਹੰਗਾਂ ਦੀ ਇਹ ਅਕਾਲ ਰਜਮੈਂਟ ਖਾਲਸਾ ਦਰਬਾਰ ਲਾਹੌਰ ਤੇ ਪੰਜਾਬ ਦੀਆਂ ਹੋਰ ਸਿੱਖ ਰਿਆਸਤਾਂ ਵਿਚ ਵੀ ਜਿਨ੍ਹਾਂ ਵਿਚੋਂ ਨਾਭਾ, ਪਟਿਆਲਾ ਤੇ ਜੀਂਦ ਮੁਖ ਹਨ, ਹੋਰ ਸਿੱਖ ਰਜਮੈਂਟਾਂ ਦੇ ਨਾਲ ਹੀ ਆਪਣੀ ਹੋਂਦ ਬਾਕਾਇਦਾ ਬਰਕਰਾਰ ਰਖਦੀ ਰਹੀ।

ਸਤਲੁਜ ਦੀ ਲੜਾਈ ਤੇ ਸਿੱਖ ਰਾਜ ਦੀ ਗਿਰਾਵਟ

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਖਾਲਸਾ ਦਰਬਾਰ ਲਾਹੌਰ ਵਿਚ ਚੂੰਕਿ ਡਾਢੀ ਫੁੱਟ ਪੈ ਗਈ, ਇਸ ਲਈ ਡੋਗਰਾ-ਗਰਦੀ ਦੇ ਨਤੀਜੇ ਵਜੋਂ ਸੰਨ ੧੮੪੫-੪੬ ਵਿਚ ਸਿਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਦਰਿਆ ਸਤਲੁਜ ਕੰਢੇ ਮੁਦਕੀ ਫੇਰੂ ਸ਼ਹਿਰ ਸਭਰਾਉਂ ਆਦਿ ਥਾਵੀਂ ਹੋਈ, ਜਿਸ ਵਿਚ ਸਿੱਖ ਫੌਜਾਂ ਦੀ ਹਾਰ ਹੋਣ ਤੇ ਸਰਕਾਰ ਅੰਗਰੇਜ਼ਾਂ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ ਤੇ ਦਰਬਾਰ ਲਾਹੌਰ ਦੀਆਂ ਤਿੰਨ ਹਿੱਸੇ ਪਲਟਨਾਂ ਤੋੜ ਦਿਤੀਆਂ। ਉਨ੍ਹਾਂ ਦੇ ਨਾਲ ਹੀ ਨਿਹੰਗ ਸਿੰਘਾਂ ਦੀ ਅਕਾਲ ਰਜਮੈਂਟ, ਜਿਨ੍ਹਾਂ ਵਿਚ ਮਜ਼੍ਹਬੀ ਸਿੰਘਾਂ ਦਾ ਬੋਲ-ਬਾਲਾ ਸੀ, ਤੋੜ ਦਿਤੀ ਗਈ ਤੇ ਨਿਹੰਗਾਂ ਦੇ ਹੱਥੋਂ ਅਕਾਲ ਤਖਤ ਦਾ ਕਬਜ਼ਾ ਖੋਹ ਕੇ ਪੁਜਾਰੀਆਂ ਦੇ ਹੱਥ ਦੇ ਦਿੱਤਾ। ਬਸ ਫੇਰ ਕੀ ਸੀ, ਇਸ ਤੋਂ ਬਾਦ ਢਹਿੰਦੀ ਕਲਾ ਹੁੰਦੀ ਗਈ ਜਿਸ ਕਾਰਣ ਮਾਰਚ ਸੰਨ ੧੮੪੯ ਵਿਚ ਸਾਰੇ ਪੰਜਾਬ ਉਤੇ ਕਬਜ਼ਾ ਹੋਣ ਸਾਰ ਸਿੱਖ ਰਾਜ ਹੀ ਸਮੁੱਚਾ ਖਤਮ ਹੋ ਗਿਆ।

ਸਿੱਖ ਰਾਜ ਦਾ ਅੰਤ ਤੇ ਰੰਘਰੇਟਿਆਂ ਦੀ ਮੁਸੀਬਤ

ਸਤਲੁਜ ਦੀ ਲੜਾਈ, ਜੋ ਸੰਨ ੧੮੪੫-੪੬ ਵਿਚ ਸਿਖਾਂ ਤੇ ਅੰਗਰੇਜ਼ਾਂ ਦੇ ਵਿਚਕਾਰ ਹੋਈ, ਦਰਅਸਲ ਸਿਖਾਂ ਤੇ ਵਿਸ਼ੇਸ਼ ਕਰਕੇ ਰੰਘਰੇਟਿਆਂ ਦੀਆਂ ਮੁਸੀਬਤਾਂ ਦਾ ਮੁੱਢ ਸੀ। ਸਿੱਖ ਰਾਜ ਦੇ ਅਧੀਨ ਉਸ ਸਮੇਂ ਨਿਹੰਗਾਂ ਦੀ ਅਕਾਲ ਰਜਮੈਂਟ ਵਿਚ ਬਹੁ-ਗਿਣਤੀ 'ਚ ਰੰਘਰੇਟੇ ਸਿੱਖ ਸ਼ਾਮਿਲ ਸਨ, ਇਸ ਲਈ ਸੰਨ ੧੮੪੫-੪੬ ਵਿਚ

ਡੋਗਰਾ-ਗਰਦੀ ਦੇ ਕਾਰਣ ਜਦ ਸਿਖਾਂ ਦੀ ਅੰਗਰੇਜ਼ਾਂ ਹੱਥੋਂ ਹਾਰ ਹੋਈ ਤਾਂ ਉਸ ਦਾ ਨਜ਼ਲਾ ਹੋਰ ਸਿਖਾਂ ਦੇ ਨਾਲ ਹੀ ਵਧੇਰਾ ਰੰਘੜੇਟਿਆਂ ਉਤੇ ਹੀ ਵਗਿਆ। ਅਕਾਲ ਰਜਮੈਂਟ ਟੁੱਟਣ ਤੇ ਸ੍ਰੀ ਅਕਾਲ ਤਖਤ ਦਾ ਕਬਜ਼ਾ ਨਿਹੰਗਾਂ ਹੱਥੋਂ ਖੁੱਸ ਕੇ ਪੁਜਾਰੀਆਂ ਦੇ ਹੱਥ ਜਾਣ ਤੇ ਰੰਘੜੇਟੇ ਇਸ ਸਦੀ ਦੇ ਲਗ ਭਗ ਇਕ ਦੁਹੱਕੇ ਲਈ ਏਨੇ ਗਰੀਬ ਹੋ ਗਏ ਕਿ ਰੋਟੀ ਪਾਣੀ ਦੇ ਮੁਹਤਾਜ ਹੋ ਗਏ। ਬਹੁਤੇ ਰੰਘੜੇਟੇ ਜਿਸ ਤਰ੍ਹਾਂ ਕਿ ਪੰਜਾਬ ਸਰਕਾਰ ਦੇ ਪੁਰਾਣੇ ਰੀਕਾਰਡਾਂ ਤੋਂ ਪਤਾ ਲੱਗਦਾ ਹੈ, ਬਗਾਵਤ ਦਾ ਇਲਜ਼ਾਮ ਲਾ ਕੇ ਸਰ ਹੈਨਰੀ ਨਾਰੰਗ ਦਾ ਹੁਕਮ ਹੋਣ ਤੇ ੧੮੪੬-੪੭ ਵਿਚ ਪਹਿਲਾਂ ਲਾਹੌਰ ਤੇ ਫੇਰ ਅੰਮ੍ਰਿਤਸਰ ਵਿਚ ਗੋਲੀਆਂ ਨਾਲ ਭੁੰਨੇ ਵੀ ਗਏ ਤੇ ਕੁਝ ਫਾਂਸੀ ਦਿਤੇ ਗਏ। ਫੇਰ ਇਸ ਤੋਂ ਬਾਦ ਸੰਨ ੧੮੪੮-੪੯ ਵਿਚ ਸਿਖਾਂ ਤੇ ਅੰਗਰੇਜ਼ਾਂ ਦੀ ਦੂਜੀ ਲੜਾਈ ਚਿੱਲੀਆਂ ਵਾਲਾ, ਗੁਜਰਾਤ ਆਦਿ ਤੋਂ ਬਾਦ ਵੀ ਅਕਾਲ ਰਜਮੈਂਟ ਦੇ ਰਹਿੰਦੇ ਖੂੰਹਦੇ ਚੋਟੀ ਦੇ ਗੇਣਵੇਂ ਸਿੱਖ ਸਿਪਾਹੀਆਂ ਨਾਲ ਸਰਕਾਰ ਅੰਗਰੇਜ਼ੀ ਵਲੋਂ ਇਹੋ ਤਸ਼ੱਦਦ ਦਾ ਵਰਤਾਉ ਵਰਤਿਆ ਗਿਆ ਤਾਂਕਿ ਗੁਰੂ ਪੰਥ ਦਾ ਇਹ ਜੋਸ਼ੀਲਾ ਅੰਗ ਪੰਜਾਬ ਵਿਚੋਂ ਹਮੇਸ਼ਾਂ ਲਈ ਖ਼ਤਮ ਹੋਵੇ ਤੇ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਇਥੇ ਚਿਰ ਸਥਾਈ ਤੌਰ ਤੇ ਪੱਕੀਆਂ ਕੀਤੀਆਂ ਜਾਣ।

ਅੰਗਰੇਜ਼ੀ ਰਾਜ
ਸਿੱਖ ਰਜਮੈਂਟਾਂ ਤੇ ਮਜ਼ਹਬੀ ਸਿੱਖ

ਸੰਨ ੧੮੪੯ ਵਿਚ ਪੰਜਾਬ ਉਤੇ ਅੰਗਰੇਜ਼ੀ ਕਬਜ਼ਾ ਹੁੰਦਿਆਂ ਹੀ ਪਹਿਲਾਂ ਤਾਂ ਸਿੱਖ ਨਵੀਂ ਹਕੂਮਤ ਵਲੋਂ ਕਾਫੀ ਹੱਦ ਤਕ ਦਬਾਏ ਗਏ, ਪਰ ਫੇਰ ਛੇਤੀ ਹੀ ਸੰਨ ੧੮੫੭ ਵਿਚ ਦਿੱਲੀਓਂ ਕਾਲਿਆਂ ਦੇ ਗ਼ਦਰ ਦੀ ਅੰਨ੍ਹੇਰੀ ਉੱਠਣ ਤੇ ਅੰਗਰੇਜ਼ਾਂ ਨੂੰ ਮੁੜ ਸਿਖਾਂ ਦੀ ਲੋੜ ਪਈ, ਜਿਸ ਕਰਕੇ ਥਾਂ ਪਰ ਥਾਂ ਸਿਖਾਂ ਦੀ ਫੌਜੀ ਭਰਤੀ ਉਤੇ ਜ਼ੋਰ ਦਿੱਤਾ ਗਿਆ, ਫੀਰੋਜ਼ਪੁਰ ਸਿਖਸ ਆਦਿ ਕੁਝ ਸਿੱਖ ਪਲਟਨਾਂ, ਜੋ ਸੰਨ ੧੮੪੬ ਤੋਂ ਹੀ ਖੜੀਆਂ ਕੀਤੀਆਂ ਜਾ ਰਹੀਆਂ ਸਨ, ਉਨ੍ਹਾਂ ਵਿਚ ਰੈਟਰੇ ਦੀ ਸਿੱਖ ਰਜਮੈਂਟ ਆਦਿ ਹੋਰ ਪਲਟਨਾਂ ਮਿਲਣ ਤੇ ਅੰਗਰੇਜ਼ੀ ਫੌਜ ਵਿਚ ਸਿਖਾਂ ਦੀ ਗਿਣਤੀ ਦੁਗਣੀ ਚੌਗੁਣੀ ਹੋ ਗਈ ਅਤੇ ਮਜ਼ਹਬੀ ਸਿਖਾਂ ਦੇ ਵੀ ਇਸ ਫੌਜੀ ਭਰਤੀ ਸਮੇਂ ਵਸਾਏ ਗਏ ਸਫਰਮੈਨਾ ਤੋਂ ਇਲਾਵਾ ਮਜ਼ਹਬੀ ਅਥਵਾ ਰੰਘੜੇਟੇ ਸਿਖਾਂ ਦੀਆਂ ਕੁਝ ਵੱਖ ਰਜਮੈਂਟਾਂ ਤੇ ਕੰਪਨੀਆਂ ਵੀ ਬਣਾਈਆਂ ਗਈਆਂ ਤੇ ਜੋਧੇ ਹੋਣ ਕਰਕੇ ਫੌਜ ਵਿਚ ਉਨ੍ਹਾਂ ਨੂੰ ਹਰ ਥਾਵੇਂ ਚੰਗੇ ਰੁਤਬੇ ਦਿਤੇ ਗਏ। ਸੰਨ ੧੮੬੦ ਵਿਚ ਪੰਜਾਬ ਦੇ ਪੱਧਰ ਮੈਦਾਨੀ ਇਲਾਕੇ ਤੋਂ ਧੁਰ ਦੱਰਾ ਖੈਬਰ ਤਕ ਜੋ ਸਭ ਤੋਂ ਵੱਡੀ ਸ਼ਾਹੀ ਸੜਕ (ਗਰਾਂਡ ਟਰੰਕ ਰੋਡ) ਬਣਾਈ ਗਈ, ਜਿਸ ਨੇ ਨੌਸ਼ਹਿਰਾ ਤੇ ਪਿਸ਼ਾਵਰ ਦੇ ਦਰਮਿਆਨ ਸੈਨਿਕ ਆਵਾਜਾਈ ਬੜੀ ਆਸਾਨ ਕਰ ਦਿਤੀ, ਇਸ ਸੜਕ ਦੇ ਤਿਆਰ ਕਰਨ ਵਿਚ ਰੰਘੜੇਟੇ ਸਿਖਾਂ ਦਾ ਖਾਸ ਹੱਥ ਸੀ।

(Punjab Castis, 1916)

ਅੰਗਰੇਜ਼ੀ ਫੌਜ ਵਿਚ ਸਿੱਖ ਉਸ ਸਮੇਂ ਹਿੰਦੂ ਤੇ ਪਠਾਨ ਸਿਪਾਹੀਆਂ ਦੀ ਨਿਸਬਤ ਵਧੇਰੇ ਭਰੋਸੇ ਯੋਗ ਸਮਝੇ ਜਾਂਦੇ ਸਨ, ਜਿਸ ਕਾਰਣ ਇਨ੍ਹਾਂ ਦੀ ਵਫਾਦਾਰੀ ਵਿਚ ਕਿਸੇ ਪੱਖੋਂ ਵੀ ਕੋਈ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ। ਸੋ ਇਸੇ ਕਾਰਣ ਪੰਜਾਬ ਵਿਚ ਖਾਸ ਕਰਕੇ ਤੇ ਸਮੁੱਚੇ ਹਿੰਦੁਸਤਾਨ ਵਿਚ ਆਮ ਕਰਕੇ ਅੰਗਰੇਜ਼ੀ

ਰਾਜ ਦੇ ਪੈਰ ਪੱਕੇ ਕਰਨ ਵਿਚ ਸਿੱਖ ਸਿਪਾਹੀਆਂ ਦਾ ਵਧੇਰੇ ਹੱਥ ਸੀ।

ਸਿੱਖ ਸਮਾਜਿਕ ਲਹਿਰਾਂ ਤੇ ਮਜ਼ਹਬੀ ਸਿੱਖ

ਸੰਨ ੧੮੫੦ ਤੋਂ ੧੮੬੦ ਤਕ ਨਿਰੰਕਾਰੀ ਲਹਿਰ, ਸੰਨ ੧੮੬੧ ਤੋਂ ੧੮੭੨ ਤਕ ਨਾਮਧਾਰੀ ਲਹਿਰ ਤੇ ਸੰਨ ੧੮੭੩ ਤੋਂ ੧੯੧੦ ਤਕ ਸਿੰਘ ਸਭਾ ਲਹਿਰ, ਜਿਸ ਵਿਚ ਸਿੱਖ ਵਿਦਯਕ ਲਹਿਰ ਵੀ ਸ਼ਾਮਲ ਸੀ। ਪੰਜਾਬੀ ਸਿਖਾਂ ਦੀਆਂ ਖਾਸ ਸਮਾਜ ਸੁਧਾਰਕ ਲਹਿਰਾਂ ਸਨ, ਜਿਨ੍ਹਾਂ ਵਿਚ ਰੰਘਰੇਟੇ ਸਿੱਖ ਹਮੇਸ਼ਾ ਯੋਗਦਾਨ ਦਿੰਦੇ ਹੋਏ ਇਨ੍ਹਾਂ ਲਹਿਰਾਂ ਨੂੰ ਕਾਮਯਾਬ ਬਣਾਉਂਦੇ ਰਹੇ। ਖਾਸ ਕਰਕੇ ਸਿੰਘ ਸਭਾ ਲਹਿਰ ਰੰਘਰੇਟੇ ਸਿਖਾਂ ਨੂੰ ਹਮੇਸ਼ਾਂ ਦੂਜੇ ਸਿਖਾਂ ਦੇ ਮੁਕਾਬਲੇ ਤੇ ਬਰਾਬਰੀ ਦੇ ਹੱਕ ਦੇਣ ਲਈ ਪੂਰੀ ਪੂਰੀ ਜੱਦੋ-ਜਹਿਦ ਕਰਦੀ ਰਹੀ।

ਇਨ੍ਹਾਂ ਲਹਿਰਾਂ ਤੋਂ ਬਾਦ ਫੇਰ ਸੰਨ ੧੯੧੪ ਦੀ ਗਦਰ ਲਹਿਰ ਤੇ ਯੋਰਪ ਦਾ ਮਹਾਨ ਜੁੱਧ ਸੰਨ ੧੯੧੮ ਵਿਚ ਖਤਮ ਹੁੰਦਿਆਂ ਹੀ ਸੰਨ ੧੯੧੯ ਵਿਚ ਸਰਬ ਹਿੰਦ ਕੌਮੀ ਕਾਂਗਰਸ ਦੀ ਨਾ-ਮਿਲਵਰਤਣ ਲਹਿਰ ਦੇ ਦੌਰਾਨ ਵਿਚ ਕੁਝ ਅਗਾਂਹ-ਵਧੂ ਸਿਖਾਂ ਦੇ, ਜਿਨ੍ਹਾਂ ਵਿਚ ਬਹੁ-ਗਿਣਤੀ ਦੇ ਰੰਘਰੇਟੇ ਸਿੱਖ ਸ਼ਾਮਲ ਸਨ, ਗੁਰਦੁਆਰਾ ਸੁਧਾਰ ਅਥਵਾ ਅਕਾਲੀ ਲਹਿਰ ਦਾ ਮੁੱਢ ਇਸ ਤਰ੍ਹਾਂ ਬੰਨ੍ਹਿਆ ਕਿ ਨਵੰਬਰ ੧੯੨੦ ਵਿਚ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਦੀ ਜਨਰਲ ਇਕੱਤ੍ਰਤਾ ਸਮੇਂ ਪਛੜੀਆਂ ਸ਼ਰੇਣੀਆਂ ਦੇ ਅਗਾਂਹ ਵਧੂ ਮੋਢੀਆਂ ਨੇ ਜਿਨ੍ਹਾਂ ਵਿਚ ਬਹੁ-ਗਿਣਤੀ ਦੇ ਰੰਘਰੇਟੇ ਸਿੱਖ ਭਾਈ ਢੇਰਾ ਸਿੰਘ ਦੀ ਅਗਵਾਈ ਹੇਠ ਸ਼ਾਮਲ ਸਨ, ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਕੇ ਬੜੇ ਅੱਛੇ ਜਲੂਸ ਦੀ ਸ਼ਕਲ ਵਿਚ ਸ੍ਰੀ ਦਰਬਾਰ ਸਾਹਿਬ ਵਲ ਚਾਲੇ ਪਾ ਦਿਤੇ ਤੇ ਸ੍ਰੀ ਅਕਾਲ ਤਖਤ ਦੇ ਸਾਮ੍ਹਣੇ ਪਹੁੰਚ ਕੇ ਜਦ ਜੈਕਾਰੇ ਛੱਡੇ ਤਾਂ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀ ਉਨ੍ਹਾਂ ਨੂੰ ਦੇਖਦਿਆਂ ਹੀ ਡਰਦੇ ਮਾਰੇ ਭੱਜ ਗਏ ਤੇ ਸ੍ਰੀ ਅਕਾਲ ਤਖਤ ਵੀ ਸੁੰਞਾ ਹੋ ਗਿਆ, ਜਿਸ ਕਾਰਣ ਸਿੰਘਾਂ ਨੇ ਜਥੇਦਾਰ ਭਾਈ ਢੇਰਾ ਸਿੰਘ ਦੇ ਹੱਥੋਂ ਪ੍ਰਸ਼ਾਦਿ ਵਰਤਾ ਕੇ ਅਰਦਾਸਾ ਸੋਧ ਦੋਹਾਂ ਪਵਿੱਤ੍ਰ ਸਥਾਨਾਂ ਪਰ ਪੰਥਕ ਅਧਿਕਾਰ ਸਥਾਪਤ ਕਰ ਲਿਆ। ਬਸ, ਫਿਰ ਇਹੋ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਅਥਵਾ ਇਉਂ ਕਹੋ ਕਿ ਸਹੀ ਅਰਥਾਂ ਵਿਚ ਅਕਾਲੀ ਲਹਿਰ ਦਾ ਪ੍ਰਾਰੰਭ ਸੀ।

ਸ਼੍ਰੋਮਣੀ ਕਮੇਟੀ, ਅਕਾਲੀ ਦਲ ਤੇ ਮਜ਼ਹਬੀ ਸਿਖਾਂ ਦੀ ਪੰਥਕ ਸੇਵਾ

ਇਸ ਤਰ੍ਹਾਂ ਸਰਬੱਤ ਖਾਲਸੇ ਵਲੋਂ ਗੁਰਦੁਆਰਿਆਂ ਦੇ ਸੁਧਾਰ ਦਾ ਕੰਮ

ਅਮਲੀ ਤੌਰ ਤੇ ਸ਼ੁਰੂ ਹੋਣ ਸਾਰ ੧੫ ਨਵੰਬਰ ਸੰਨ ੧੯੨੦ ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੇ ਸਥਾਨ ਪਰ ਅਰਦਾਸਾ ਸੋਧ ਕੇ ਇਤਿਹਾਸਿਕ ਗੁਰ-ਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਬੰਨ੍ਹਿਆ ਗਿਆ, ਜਿਸ ਵਿਚ ੧੭੫ ਮੈਂਬਰ ਲਏ ਗਏ ਤੇ ਰੰਘਰੇਟੇ ਅਤੇ ਰਵਿਦਾਸੀਏ ਸਿਖ ਵੀ ਇਸ ਵਿਚ ਸ਼ਾਮਲ ਕੀਤੇ ਗਏ ਤੇ ਫੇਰ ਇਸ ਨਵੀਂ ਬਣੀ ਕਮੇਟੀ ਦੀ ਸਹਾਇਤਾ ਵਾਸਤੇ ਇਸ ਤੋਂ ਲਗਭਗ ਇਕ ਮਹੀਨੇ ਪਿਛੋਂ ੧੪ ਦਸੰਬਰ ਨੂੰ ਇਕ ਨਵੀਂ ਅਗਾਂਹ-ਵਧੂ ਸਰਬ ਸਾਂਝੀ ਪੰਥਕ ਸੰਸਥਾ ਸ਼੍ਰੋਮਣੀ ਅਕਾਲੀ ਦਲ ਦੀ ਨੀਂਹ ਰੱਖੀ ਗਈ। ਇਸ ਸ਼ੁਭ ਕਾਰਜ ਨੂੰ ਸਿਰੇ ਚਾੜ੍ਹਨ ਲਈ ਪ੍ਰਮੁੱਖ ਆਗੂ ਸਨ—ਸ: ਤੇਜਾ ਸਿੰਘ ਜੀ ਭੁੱਚਰ, ਸ: ਕਰਤਾਰ ਸਿੰਘ ਜੀ ਝੱਬਰ ਆਦਿ ਅਗਾਂਹ-ਵਧੂ ਅਕਾਲੀ ਜਿਹਨਾਂ ਦੇ ਦਿਲਾਂ ਵਿਚ ਗੁਰਦੁਆਰਾ ਸੁਧਾਰ ਦੇ ਨਾਲ ਹੀ ਦੇਸ਼-ਭਗਤੀ ਦਾ ਜਜ਼ਬਾ ਵੀ ਬੜੀ ਤੇਜ਼ੀ ਨਾਲ ਠਾਠਾਂ ਮਾਰ ਰਿਹਾ ਸੀ। ਮਜ਼ਹਬੀ ਤੇ ਰਵਿਦਾਸੀਏ ਆਦਿ ਸ਼੍ਰੇਣੀਆਂ ਦੇ ਸਿੱਖ, ਜੋ ਪਹਿਲਾਂ ਅਛੂਤ ਮੰਨੇ ਜਾਂਦੇ ਸਨ, ਪੁਜਾਰੀਆਂ ਵਲੋਂ ਨੀਵੇਂ ਕਹਿ ਕੇ ਦੁਰਕਾਰੇ ਜਾਂਦੇ ਰਹੇ, ਗੁਰੂ ਪੰਥ ਦੀ ਇਸ ਵਾਹਦ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਿਚ ਬੜੀ ਖੁੱਲ੍ਹ-ਦਿਲੀ ਨਾਲ ਬਰਾਬਰ ਦੇ ਭਾਈਵਾਲ ਬਣਾ ਕੇ ਸ਼ਾਮਲ ਕੀਤੇ ਗਏ ਤੇ ਉਹਨਾਂ ਦੇ ਨਿਕਟ ਸਬੰਧੀਆਂ ਨੂੰ ਜ਼ਿਮੇਂਵਾਰੀ ਦੇ ਕਈ ਚੰਗੇ ਚੰਗੇ ਅਹੁਦੇ ਵੀ ਦਿਤੇ ਗਏ। ਸਰਦਾਰ ਤੇਜਾ ਸਿੰਘ ਭੁੱਚਰ ਤੇ ਸਰਦਾਰ ਕਰਤਾਰ ਸਿੰਘ ਝੱਬਰ ਨੇ ੨੫ ਸਿੰਘਾਂ ਦੇ ਇਕ ਸਰਬ ਸਾਂਝੇ ਜਥੇ ਨੂੰ ਸ੍ਰੀ ਅਕਾਲ ਤਖਤ ਦੀ ਸੇਵਾ ਲਈ ਨਿਯੁਕਤ ਕਰ ਕੇ ਇਸ ਤੋਂ ਅਗੇ ਗੁਰਦੁਆਰਾ ਸੁਧਾਰ ਦੇ ਕਈ ਹੋਰ ਮੋਰਚੇ ਪਹਿਲਾਂ ਅੜੇ ਪਏ ਸਨ ਆਹਿਸਤਾ ਆਹਿਸਤਾ ਸਰ ਕਰਨੇ ਸ਼ੁਰੂ ਕਰ ਦਿਤੇ।

ਸ੍ਰੀ ਅਕਾਲ ਤਖਤ ਤੇ ਸ੍ਰੀ ਦਰਬਾਰ ਸਾਹਿਬ ਦੇ ਕਬਜ਼ੇ ਤੋਂ ਬਾਅਦ ਫੇਰ ਸਿੰਘਾਂ ਨੇ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ (ਸੂਬਾ ਸਰਹੱਦ) ਤੇ ਫੇਰ ਇਸ ਤੋਂ ਅਗਲੇ ਸਾਲ ੨੧ ਜਨਵਰੀ ਸੰਨ ੧੯੨੧ ਨੂੰ ਦਰਬਾਰ ਸਾਹਿਬ ਤਰਨ ਤਾਰਨ ੪੦ ਸਿੰਘਾਂ ਦਾ ਇਕ ਜੱਥਾ ਭੇਜ ਕੇ ਪੁਜਾਰੀਆਂ ਤੋਂ ਅਜ਼ਾਦ ਕਰਵਾ ਲਿਆ। ਇਸ ਮੁਹਿੰਮ ਵਿਚ ਦੋ ਸਿੰਘ ਭਾਈ ਹਜ਼ਾਰਾ ਸਿੰਘ ਪਿੰਡ ਅਲਾਦੀਨਪੁਰ ਜ਼ਿਲਾ ਅੰਮ੍ਰਿਤਸਰ ਤੇ ਭਾਈ ਹੁਕਮ ਸਿੰਘ ਪਿੰਡ ਵਧਾਊ ਕੋਣ (ਗੁਰਦਾਸਪੁਰ) ਸ਼ਹੀਦ ਹੋਏ ਤੇ ੨੭ ਸਿੰਘ ਜ਼ਖਮੀ ਹੋ ਗਏ ਅਤੇ ਇਸ ਕੁਰਬਾਨੀ ਦੇ ਕਾਰਣ ੨੬ ਜਨਵਰੀ ਨੂੰ ਇਹ ਮੋਰਚਾ ਪੂਰੀ ਤਰ੍ਹਾਂ ਫਤਹਿ ਹੋ ਗਿਆ।

ਇਸ ਤੋਂ ਪਿਛੋਂ ਬਾਅਦ ਭਾਈ ਲਛਮਣ ਸਿੰਘ ਧਾਰੋਵਲੀਏ ਦੀ ਅਗਵਾਈ ਹੇਠ ਦੋ ਸੌ ਸਿੰਘਾਂ ਦੇ ਜਥੇ ਨੇ ੧੯ ਫਰਵਰੀ ੧੯੨੧ ਨੂੰ ਸ਼ਾਮੀ ਸ੍ਰੀ ਨਨਕਾਣਾ ਸਾਹਿਬ (ਜਨਮ ਅਸਥਾਨ ਗੁਰੂ ਨਾਨਕ ਦੇਵ ਜੀ) ਪਹੁੰਚ ਕੇ ਮੋਰਚਾ ਲਾ ਦਿਤਾ ਤੇ

ਇਸ ਤੋਂ ਅਗਲੇ ਦਿਨ ੨੦ ਫਰਵਰੀ ਨੂੰ ਉਹ ਸਾਰੇ ਹੀ ਸਿੰਘ ਭਾਈ ਲਛਮਣ ਸਿੰਘ ਸਮੇਤ ਮਹੰਤ ਨਰਾਇਣ ਦੀ ਗੁੰਡਾ ਪਾਰਟੀ ਹਥੋਂ ਬੁਰੀ ਤਰ੍ਹਾਂ ਸ਼ਹੀਦ ਕਰ ਦਿਤੇ ਗਏ। ਜਦ ਇਸ ਖੂਨੀ ਘਟਨਾ ਦੀ ਖਬਰ ਲਾਹੌਰ, ਅੰਮ੍ਰਿਤਸਰ ਆਦਿ ਥਾਵੀਂ ਪਹੁੰਚੀ ਤਾਂ ਸਰਕਾਰ ਨੇ ਮਹੰਤ ਨਾਰਾਇਣ ਦਾਸ ਸਮੇਤ ਸਾਰੇ ਅਪਰਾਧੀ ਗ੍ਰਿਫਤਾਰ ਕਰ ਲਏ ਤੇ ਗੁਰਦੁਆਰਾ ਜਨਮ ਅਸਥਾਨ ਸਿੰਘਾਂ ਦੇ ਹਵਾਲੇ ਕਰ ਦਿਤਾ।

ਫੇਰ ਇਸ ਤੋਂ ਬਾਅਦ ਸਿੰਘਾਂ ਦੀ ਜਾਬਰ ਅੰਗਰੇਜ਼ੀ ਹਕੂਮਤ ਨਾਲ ਸਿੱਧੀ ਟੱਕਰ ਹੋਣ ਤੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਲੱਗਾ ਤੇ ਫੇਰ ਗੁਰੂ ਕੇ ਬਾਗ (ਅੰਮ੍ਰਿਤਸਰ) ਦਾ ਅੰਦੋਲਨ ਸ਼ੁਰੂ ਹੋਇਆ। ਇਹਨਾਂ ਦੋਹਾਂ ਮੋਰਚਿਆਂ ਦੇ ਸਮੇਂ ਦੇ ਦੌਰਾਨ ਵਿਚ ਹੀ ਪੰਜਾਬ ਦੇ ਅਨੇਕਾਂ ਇਤਿਹਾਸਿਕ ਗੁਰਦੁਆਰੇ, ਜੋ ਪਹਿਲਾਂ ਪੁਜਾਰੀਆਂ ਜਾਂ ਮਹੰਤਾਂ ਦੇ ਕਬਜ਼ੇ ਵਿਚ ਸਨ, ਬੜੀ ਤੇਜ਼ੀ ਨਾਲ ਪੰਥਕ ਕਬਜ਼ੇ ਹੇਠ ਆ ਗਏ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਸਰਬ ਹਿੰਦ ਕੌਮੀ ਕਾਂਗਰਸ ਦੀ ਹਮਦਰਦੀ ਸਿਖਾਂ ਨਾਲ ਹੋਣ ਕਰ ਕੇ ਸਰਕਾਰ ਅੰਗਰੇਜ਼ੀ ਨੂੰ ਹੋਰ ਵੀ ਪਿੱਸੂ ਪੈ ਗਏ ਤੇ ਉਸ ਨੇ ਕਈ ਤਰ੍ਹਾਂ ਦੇ ਬਹਾਨੇ ਬਣਾ ਕੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ, ਜੋ ਕਿ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੇ ਸਮੇਂ ਤੋਂ ਪਿਛੋਂ ਹੀ ਸਰਬ ਹਿੰਦ ਕੌਮੀ ਕਾਂਗਰਸ ਦੇ ਨਾਲ ਰਲ ਕੇ ਅਗਾਂਹ-ਵਧੂ ਅਕਾਲੀਆਂ ਦਾ ਸਾਥ ਦੇ ਰਹੇ ਸਨ, ਇਕ ਕਾਨੂੰਨੀ ਸ਼ਿਕੰਜੇ ਵਿਚ ਫਸਾ ਕੇ ਰਾਜ-ਗੱਦੀ ਛੱਡਣ ਲਈ ਮਜਬੂਰ ਕਰ ਦਿਤਾ, ਜਿਸ ਦੇ ਨਤੀਜੇ ਵਜੋਂ ੯ ਜੁਲਾਈ ਸੰਨ ੧੯੨੩ ਨੂੰ ਟਿੱਕਾ ਪ੍ਰਤਾਪ ਸਿੰਘ ਦੇ ਹੱਕ ਵਿਚ ਮਹਾਰਾਜਾ ਨਾਭਾ ਦਾ ਅਸਤੀਫ਼ਾ ਲੈ ਕੇ ਉਸ ਨੂੰ ਜਬਰਨ ਡੇਹਰਾਦੂਨ (ਉੱਤਰ ਪ੍ਰਦੇਸ਼) ਭੇਜ ਦਿਤਾ ਤੇ ਗੁਰਦੁਆਰਾ ਗੰਗਸਰ ਜੈਤੋ ਦੇ ਸਥਾਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਵਿਚ ਵਿਘਨ ਪਾ ਦਿਤਾ।

ਆਪਣੇ ਇਸ ਧਾਰਮਿਕ ਕੰਮ ਵਿਚ ਸਰਕਾਰ ਅੰਗਰੇਜ਼ੀ ਦਾ ਸਿੱਧਾ ਦਖਲ ਸਮਝ ਕੇ ਸਿੰਘਾਂ ਨੇ ਜੈਤੋ ਦਾ ਮੋਰਚਾ ਸ਼ੁਰੂ ਕਰ ਦਿੱਤਾ। ਜੈਤੋ ਦਾ ਇਹ ਮੋਰਚਾ ਨਾਭਾ ਐਜੀਟੇਸ਼ਨ ਦਾ ਮੁੱਢ ਸੀ ਜਿਸ ਵਿਚ ਅੰਮ੍ਰਿਤਸਰੋਂ ਸ਼੍ਰੋਮਣੀ ਅਕਾਲੀ ਦਲ ਦਾ ਹੁਕਮ ਹੋਣ ਤੇ ਪਹਿਲਾਂ ੨੫-੨੫ ਸਿੰਘਾਂ ਦੇ ਜਥੇ ਜਦੋ-ਜਹਿਦ ਕਰਨ ਲਈ ਗਏ ਤੇ ਫੇਰ ਪੰਜ ਸੌ ਸਿੰਘਾਂ ਦਾ ਪਹਿਲਾ ਸ਼ਹੀਦੀ ਜੱਥਾ ਜੈਤੋ ਗਿਆ। ਜਿਸ ਪਰ ੨੧ ਫਰਵਰੀ ਨੂੰ ਅੰਗਰੇਜ਼ ਹਾਕਮ ਮਿਸਟਰ ਜਾਨੇਸਟਨ ਵਿਸਲ ਦੇ ਇਸ਼ਾਰੇ ਨਾਲ ਨਾਭਾ ਪੁਲਸ ਦੇ ਹਥੋਂ ੧੫੦ ਸਿੰਘ ਮਸ਼ੀਨ-ਗੰਨਾਂ ਨਾਲ ਭੁੰਨੇ ਗਏ। ਬਸ, ਫੇਰ ਕੀ ਸੀ, ਇਸ ਤਸ਼ੱਦਦ ਦੀ ਖਬਰ ਸੁਣ ਕੇ ਅੰਮ੍ਰਿਤਸਰੋਂ ਪੰਜ ਪੰਜ ਸੌ ਦੇ ਲਗਾਤਾਰ ੧੭ ਸ਼ਹੀਦੀ

ਜਥੇ ੨੭ ਫਰਵਰੀ ੧੯੨੫ ਤਕ ਜੈਤੋ ਜਾ ਜਾ ਕੇ ਗ੍ਰਿਫਤਾਰ ਹੁੰਦੇ ਤੇ ਸਰਕਾਰ ਅੰਗਰੇਜ਼ੀ ਦੇ ਤਸ਼ੱਦਦ ਦਾ ਸ਼ਿਕਾਰ ਹੁੰਦੇ ਰਹੇ, ਪਰ ਫੇਰ ਵੀ ਸਿੰਘਾਂ ਨੇ ਇਸ ਮੋਹਚੇ ਵਿਚ ਪਿੱਠ ਨਾ ਦਿਖਾਈ।

ਆਖਰ ਜਦ ਸਰਕਾਰ ਅੰਗਰੇਜ਼ੀ ਨੇ ਦੇਖਿਆ ਕਿ ਸਿਖ ਇਸ ਜਦੋ-ਜਹਿਦ ਵਿਚ ਪਿਛੇ ਹਟਣ ਵਾਲੇ ਨਹੀਂ ਤੇ ਵੱਧ ਤੋਂ ਵੱਧ ਕੁਰਬਾਨੀਆਂ ਦੇਣ ਲਈ ਤੱਤਪਰ ਹਨ ਤਾਂ ਅਗੋਂ ਇਹ ਭਰੋਸਾ ਮਿਲਣ ਤੇ ਕਿ ਸਿਖਾਂ ਦਾ ਉੱਦੇਸ਼ ਇਤਿਹਾਸਿਕ ਗੁਰਦੁਆਰਿਆਂ ਦੀ ਅਜ਼ਾਦੀ ਤੋਂ ਸਿਵਾਏ ਹੋਰ ਕੁਝ ਨਹੀਂ ਹੈ। ਸਰਕਾਰੀ ਤੌਰ ਤੇ ਗੁਰਦੁਆਰਾ ਐਕਟ ਪ੍ਰਵਾਨ ਕਰਨ ਦੇ ਨਾਲ ਹੀ ਸਾਰੇ ਅਕਾਲੀ ਕੈਦੀ ਬਿਲਾ-ਸ਼ਰਤ ਰਿਹਾ ਕਰਨ ਤੇ ਗੁਰਦੁਆਰਾ ਗੰਗਸਰ ਜੈਤੋ ਦੇ ਅਖੰਡ ਪਾਠ ਤੋਂ ਸਾਰੀਆਂ ਪਾਬੰ-ਦੀਆਂ ਹਟਾਉਣ ਤੇ ਇਹ ਜਦੋ-ਜਹਿਦ ਆਪਣੇ ਆਪ ਖਤਮ ਹੋ ਗਈ ਅਤੇ ਇਸ ਦੇ ਨਾਲ ਹੀ ਨਾਭੇ ਦਾ ਮੋਰਚਾ ਤੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਬਹਾਲੀ ਦਾ ਸਵਾਲ ਵੀ ਮਹਾਤਮਾ ਗਾਂਧੀ ਦੇ ਆਦੇਸ਼ ਅਨੁਸਾਰ ਮਹਾਰਾਜਾ ਨਾਭਾ ਦੇ ਸਵਤੰਤਰ ਤੌਰ ਤੇ ਆਪਣਾ ਕੇਸ ਅਲੱਗ ਚਲਾਉਣ ਦੀ ਪ੍ਰਬਲ ਇੱਛਾ ਕਾਰਣ ਅਕਾਲੀ ਦਲ ਨੇ ਇਸ ਪਾਸਿਓਂ ਵੀ ਸੁਬਕ-ਦੋਸ਼ ਹੋਣਾ ਹੀ ਮੁਨਾਸਿਬ ਸਮਝਿਆ, ਸੋ ਇਸ ਕਰ ਕੇ ਸਰਕਾਰ ਅੰਗਰੇਜ਼ੀ ਦੇ ਬੜੇ ਨਾਟਕੀ ਢੰਗ ਨਾਲ ਪਿਛੇ ਹਟਣ ਤੇ ਸਿਖਾਂ ਨਾਲ ਉਸ ਦਾ ਸਮਝੌਤਾ ਹੋ ਗਿਆ ਤੇ ਸਰਕਾਰ ਦੇ ਮੱਥੇ ਤੋਂ ਇਹ ਕਲੰਕ, ਜੋ ਉਸ ਦੀ ਬਦਨਾਮੀ ਦਾ ਕਾਰਣ ਬਣ ਰਿਹਾ ਸੀ, ਆਪਣੇ ਆਪ ਲਹਿ ਗਿਆ।

ਦੇਸ਼ ਦੀ ਆਜ਼ਾਦੀ ਤੇ ਰੰਘਰੇਟੇ ਸਿੱਖਾਂ ਦੀ ਦਲੇਰੀ

ਪਾਕਿਸਤਾਨ ਦਾ ਮੁੱਢ

ਫੇਰ ਇਸ ਤੋਂ ਪਿਛੋਂ ਸੰਨ ੧੯੨੬ ਤੋਂ ੧੯੪੬ ਤਕ ਲਗ ਭਗ ੨੦ ਸਾਲ ਸਾਰੇ ਹੀ ਰੰਘਰੇਟੇ ਸਿੱਖ, ਜਿਵੇਂ ਕਿ ਪਹਿਲਾਂ ਅਠਾਰ੍ਹਵੀਂ ਸਦੀ ਵਿਚ ਖਾਲਸਾ ਦਲ (ਬੁੱਢਾ ਦਲ ਤੇ ਤਰੁਣਾ ਦਲ) ਤੇ ਫੇਰ ਬਾਰ੍ਹਾਂ ਮਿਸਲਾਂ ਦੇ ਸਮੇਂ ਤੋਂ ਇਨ੍ਹਾਂ ਦੀ ਗੁਰੂ ਪੰਥ ਨਾਲ ਦੇਸ਼-ਕੌਮ ਦੀ ਸੇਵਾ ਦੇ ਪੱਖ ਤੋਂ ਪੂਰੀ ਪੂਰੀ ਮਿਲਵਰਤਣ ਚਲੀ ਆ ਰਹੀ ਸੀ, ਤਿਵੇਂ ਹੀ ਉਹ ਇਸ ਸਮੇਂ ਵਿਦੇਸ਼ੀ ਹਕੂਮਤ ਦੇ ਹੱਥੋਂ ਦੇਸ਼-ਕੌਮ ਦੀ ਆਜ਼ਾਦੀ ਦੇ ਘੋਲ ਵਿਚ ਵੀ ਹਮੇਸ਼ਾ ਗੁਰੂ ਖਾਲਸੇ ਦੇ ਕਦਮ ਨਾਲ ਕਦਮ ਮੇਲ ਕੇ ਚਲਦੇ ਰਹੇ ਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਤੋਂ ਪਿਛੇ ਨਹੀਂ ਹਟੇ।

ਸਰਕਾਰ ਅੰਗਰੇਜ਼ੀ ਦੀ "ਪਾੜੋ ਤੇ ਰਾਜ ਕਰੋ" ਦੀ ਨੀਤੀ ਮੁਤਾਬਿਕ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ ਦੂਜੇ ਤੋਂ ਵੱਖ ਨਿਖੇੜਨ ਲਈ ਭਾਵੇਂ ਦੋ ਕੌਮਾਂ ਦੀ ਥਿਊਰੀ ਦਾ ਮਸਲਾ ੧੮੫੭ ਈ: (ਮੁਤਾਬਿਕ ਸੰਮਤ ੧੯੧੪ ਬਿ:) ਦੇ ਕਾਲੇ ਸਿਪਾਹੀਆਂ ਦੇ ਗਦਰ ਦੇ ਸਮੇਂ ਤੋਂ ਹੀ ਚਲ ਰਿਹਾ ਸੀ, ਪਰ ਫੇਰ ਸੰਨ ੧੮੮੫ ਵਿਚ ਏਥੇ ਦੇਸ਼ ਦੇ ਕੁਝ ਅਗਾਂਹ ਵਧੂ ਆਗੂਆਂ ਵਲੋਂ ਸਰਬ ਹਿੰਦ ਕੌਮੀ ਕਾਂਗਰਸ ਦੀ ਸਥਾਪਨਾ ਹੋਣ ਤੇ ਸਰਕਾਰ ਅੰਗਰੇਜ਼ੀ ਦੇ ਦਿਲ ਵਿਚ ਇਹ ਅੰਦੇਸ਼ਾ ਪੈਦਾ ਹੋਣ ਸਾਰ ਕਿ ਕਿਤੇ ਇਸ ਨਵੀਂ ਲਹਿਰ ਨਾਲ ਮਿਲ ਕੇ ਹਿੰਦੂ ਤੇ ਮੁਸਲਮਾਨ ਇਕ ਨਾ ਹੋ ਜਾਣ, ਇਸ ਲਈ ਮਜ਼ਹਬੀ ਖਿੱਚੋਤਾਣ ਪੈਦਾ ਕਰਕੇ ਇਨ੍ਹਾਂ ਦੋਹਾਂ ਨੂੰ ਇਕ ਦੂਜੇ ਤੋਂ ਵੱਖ ਕਰਨ ਤੇ ਵਧੇਰੇ ਜ਼ੋਰ-ਤ੍ਰਾਣ ਦਿੱਤਾ ਜਾਣ ਲੱਗ ਪਿਆ। ਸੋ ਇਸ ਹਿੰਦੂ ਮੁਸਲਮਾਨਾਂ ਦੀ ਮਜ਼ਹਬੀ ਖੜਖੱਸ ਦੇ ਕਾਰਣ ਸਰਕਾਰ ਅੰਗਰੇਜ਼ਾਂ ਦੀ ਨੀਤੀ ਸਫਲ ਹੋਈ ਤੇ ਸੰਨ ੧੯੩੦ ਵਿਚ ਇਸ ਦੋ ਕੌਮਾਂ ਦੀ ਥਿਊਰੀ ਨੂੰ ਮੁੱਖ ਰੱਖ ਕੇ ਅਮਲੀ ਤੌਰ ਤੇ ਮੁਸਲਮਾਨ ਹਿੰਦੂਆਂ ਤੋਂ ਵੱਖ ਹੋਣੇ ਸ਼ੁਰੂ ਹੋ ਗਏ ਤੇ ਉਰਦੂ-ਫਾਰਸੀ ਦੇ ਪ੍ਰਸਿੱਧ ਸ਼ਾਇਰ ਡਾਕਟਰ ਸਰ ਮੁਹੰਮਦ ਇਕਬਾਲ ਦੀ ਪ੍ਰੇਰਣਾ ਨਾਲ, ਜਿਵੇਂ ਕਿ

ਉਸ ਦੀਆਂ ਸਪੀਚਾਂ ਤੋਂ ਪਤਾ ਲੱਗਦਾ ਹੈ, ਇਸੇ ਦੇਸ਼ ਵਿਚ ਮੁਸਲਮਾਨਾਂ ਲਈ ਵੱਖਰਾ ਪਾਕਿਸਤਾਨ ਬਣਾਏ ਜਾਣ ਦਾ ਮੁੱਢ ਬੱਝ ਗਿਆ ਤੇ ਇਸ ਨਵੀਂ ਪਾਕਿਸਤਾਨ ਬਣਾਏ ਜਾਣ ਦੀ ਮੁਸਲਿਮ ਤਹਿਰੀਕ ਵਿਚ ਬੰਬਈ ਦੇ ਪ੍ਰਸਿੱਧ ਵਕੀਲ ਮਿਸਟਰ ਮੁਹੰਮਦ ਅਲੀ ਜਿਨਾਹ, ਜੋ ਪਹਿਲਾਂ ਪੱਕੇ ਕਾਂਗਰਸੀ ਤੇ ਭਾਰਤੀ ਕੌਮੀ ਏਕਤਾ ਦੇ ਪੂਰੇ ਪੂਰੇ ਚਾਹਵਾਨ ਸਨ, ਕਿਸੇ ਜ਼ਾਤੀ ਨਫਰਤ ਦੇ ਕਾਰਣ ਦੇਸ਼-ਭਗਤਾਂ ਨਾਲੋਂ ਨਿਖੜ ਕੇ ਮੁਸਲਮਾਨਾਂ ਦੇ ਇਸ ਪਿਛਾਂਹ-ਖਿਚੂ ਦਲ ਵਿਚ ਸ਼ਾਮਲ ਹੋ ਗਏ। ਦੇਸ਼-ਕੌਮ ਦੇ ਹਰਮਨ ਪਿਆਰੇ ਆਗੂ ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਇਸ ਗੱਲੋਂ ਰੋਕਣ ਦਾ ਭਰਪੂਰ ਜਤਨ ਕੀਤਾ, ਪਰ ਉਹ ਅਜਿਹੇ ਬਿਟਰੇ ਕਿ ਇਕ ਇੰਚ ਵੀ ਆਪਣੇ ਇਸ ਵਖਰੇਪਣ ਦੇ ਇਰਾਦੇ ਤੋਂ ਪਿਛੋਂ ਨਾ ਹਟੇ। ਬਹੁਤ ਸਾਰੇ ਮੁਸਲਮਾਨ ਸਰਮਾਏ-ਦਾਰ ਰਈਸਾਂ ਤੇ ਨਵਾਬਾਂ ਨੇ, ਜੋ ਪਹਿਲਾਂ ਹੀ ਸਰਕਾਰ ਅੰਗਰੇਜ਼ੀ ਦੇ ਪੈਰੋਕਾਰ ਹੋਣ ਕਰਕੇ ਸਰਬ ਹਿੰਦ ਕੌਮੀ ਕਾਂਗਰਸ ਦੀ ਕੌਮੀ ਏਕਤਾ ਆਜ਼ਾਦੀ ਦੀ ਜੱਦੋ-ਜਹਿਦ ਨਾਲ ਦਿਲੀ ਨਫਰਤ ਰਖਦੇ ਸਨ, ਇਸ ਸਮੇਂ ਮਿਸਟਰ ਜਿਨਾਹ ਦੇ ਹਮ-ਰਕਾਬ ਹੋ ਕੇ ਚਲ ਪਏ।

ਬਾਬਾ ਜੀਵਨ ਸਿੰਘ ਮਜ਼ਹਬੀ ਦਲ (੧੯੨੭ ਈ:)

ਸਰਬ ਹਿੰਦ ਕੌਮੀ ਕਾਂਗਰਸ ਵਲੋਂ ਮਹਾਤਮਾ ਗਾਂਧੀ ਜੀ ਦੀ ਅਗਵਾਈ ਹੇਠ ਸੰਨ ੧੯੧੯ ਵਿਚ ਜਦ ਸਰਕਾਰ ਅੰਗਰੇਜ਼ੀ ਨਾਲ ਨਾ-ਮਿਲਵਰਤਣ ਦੀ ਲਹਿਰ ਚਲੀ ਤਾਂ ਦੇਸ਼ ਵਿਚ ਦੇਸ਼-ਭਗਤਾਂ ਦੀਆਂ ਧੜਾ ਧੜ ਗ੍ਰਿਫਤਾਰੀਆਂ ਸ਼ੁਰੂ ਹੋਈਆਂ ਤੇ ਇਸ ਲੋਹਿਰ ਦੇ ਨਤੀਜੇ ਵਜੋਂ ਵੈਸਾਖੀ ਵਾਲੇ ਦਿਨ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਵਿਚ ਜਨਰਲ ਡਾਇਰ ਵਲੋਂ ਸਰਕਾਰ ਅੰਗਰੇਜ਼ੀ ਦੇ ਹੁਕਮ ਨਾਲ ਨਿਹੱਥੇ ਦੇਸ਼-ਭਗਤਾਂ ਉਤੇ ਅੰਧਾ-ਧੁੰਦ ਮਸ਼ੀਨ ਗੰਨ ਦੀਆਂ ਗੋਲੀਆਂ ਚਲਣ ਤੇ ਭਿਆਨਕ ਨਰ-ਸੰਹਾਰ ਹੋਇਆ ਤੇ ਫੇਰ ਹਿੰਦੂ-ਮੁਸਲਮਾਨਾਂ ਵਲੋਂ ਮਿਲਵਾਂ ਕੌਮੀ ਏਕਤਾ ਦਾ ਨਾਅਰਾ ਲੱਗਣ ਦੇ ਬਾਵਜੂਦ ਜਦ ਪ੍ਰਸਿੱਧ ਦੇਸ਼-ਭਗਤ ਲਾਲਾ ਲਾਜਪਤ ਰਾਇ ਤੇ ਲਾਲਾ ਹਰਦਿਆਲ ਐਮ.ਏ. ਵਲੋਂ ਦੇਸ਼ ਵਿਚ ਛੇਤੀ ਹੀ ਸਵਤੰਤਰ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਇਰਾਦੇ ਨਾਲ ਦੋ ਕੌਮਾਂ ਹਿੰਦੂ ਮੁਸਲਮਾਨਾਂ ਦੀ ਥਿਊਰੀ ਦੀ ਪੁਰਜ਼ੋਰ ਲਫ਼ਜ਼ਾਂ ਰਾਹੀਂ ਪ੍ਰੈਸ ਵਿਚ ਪ੍ਰੋੜ੍ਹਤਾ ਹੋਣ ਲੱਗੀ ਤਾਂ ਰੰਘਰੇਟੇ ਸਿਖਾਂ ਨੇ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਨੇ ਸ੍ਰੀ ਦਸਮੇਸ਼ ਦੇ ਆਨੰਦਪੁਰੀ ਦਰਬਾਰ ਵਿਚ ਰਣਜੀਤ ਨਗਾਰੇ ਦਾ ਨਗਾਰਚੀ ਹੁੰਦੇ ਹੋਇਆਂ ਹਰ ਪਾਸੇ ਦੁਸ਼ਮਣ ਦੇ ਹਮਲਿਆਂ ਦਾ ਬੜੀ ਬਹਾਦਰੀ ਨਾਲ ਟਾਕਰਾ

ਕੀਤਾ ਤੇ ਫੇਰ ਗੁਰੂ ਖਾਲਸੇ ਦੀ ਆਨ ਸ਼ਾਨ ਬਰਕਰਾਰ ਰੱਖਣ ਲਈ ਪਹਿਲਾਂ ਦਰਿਆ ਸਰਸੇ ਕੰਢੇ ਤੇ ਫੇਰ ਚਮਕੌਰ ਦੇ ਜੰਗ ਵਿਚ ਸਿਰ ਧੜ ਦੀ ਬਾਜ਼ੀ ਲਾ ਕੇ ਆਪਣੀ ਅਦੁੱਤੀ ਬਹਾਦਰੀ ਦੇ ਜੌਹਰ ਦਿਖਾਏ ਸਨ, ਐਨ ਉਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਅਧੀਨ ਗੁਰਦੁਆਰਾ ਸੁਧਾਰ ਅਥਵਾ ਅਕਾਲੀ ਲਹਿਰ ਦੀ ਕਾਮਯਾਬੀ ਲਈ ਮਨ ਬਚਨ ਕਰਮ ਤੋਂ ਅਮਲੀ ਤੌਰ ਤੇ ਹਿੱਸਾ ਪਾਇਆ ਅਤੇ ਬੜੀ ਖੁਲ੍ਹ-ਦਿਲੀ ਨਾਲ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਦਿਤੀਆਂ ਤੇ ਫੇਰ ਦੇਸ਼-ਕੌਮ ਦੇ ਵਕਾਰ ਤੇ ਆਪਣੇ ਆਪੇ ਦੀ ਕਾਇਮੀ ਲਈ ਸੰਨ ੧੯੨੭ ਵਿਚ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਂ ਤੇ ਸਰਬ-ਸੰਮਤੀ ਨਾਲ ਬਾਬਾ ਜੀਵਨ ਸਿੰਘ ਮਜ਼ਹਬੀ ਖਾਲਸਾ ਦਲ ਕਾਇਮ ਕੀਤਾ ਅਤੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਇਸਦਾ ਦਫ਼ਤਰ ਖੋਲ੍ਹਿਆ। ਇਹ ਇਸ ਕਰਕੇ ਕਿ ਸੰਨ ੧੯੨੧ ਦੀ ਮਰਦੁਮ-ਸ਼ੁਮਾਰੀ ਸਮੇਂ ਮੁਸਲਿਮ ਲੀਗੀਆਂ ਦੇ ਪ੍ਰਭਾਵ ਹੇਠ ਮੁਸਲਮਾਨ ਪਟਵਾਰੀ ਤਾਂ ਮਜ਼੍ਹਬੀ ਸਿਖਾਂ ਨੂੰ ਮਰਦੁਮ ਸ਼ੁਮਾਰੀ ਸਮੇਂ ਮਜ਼ਹਬ ਦੇ ਖਾਨੇ ਵਿਚ ਮੁਸਲਮਾਨ ਲਿਖ ਦਿੰਦੇ ਸਨ ਤੇ ਹਿੰਦੂ ਕਰਮਚਾਰੀ ਉਨ੍ਹਾਂ ਨੂੰ ਹਰੀਜਨ ਜਾਂ ਹਿੰਦੂ ਲਿਖ ਧਰਦੇ ਸਨ ਤਾਂਕਿ ਜੇ ਉਨ੍ਹਾਂ ਦੀਆ ਵੋਟਾਂ ਲਈਆਂ ਜਾਣ ਤਾਂ ਸਿੱਖ ਕੌਮ ਕਿਸੇ ਪਹਿਲੂ ਤੋਂ ਵੀ ਉਨ੍ਹਾਂ ਦਾ ਲਾਭ ਨਾ ਉਠਾ ਸਕੇ ਤੇ ਨਾਲੇ ਉਨ੍ਹਾਂ ਨੂੰ ਇਸ ਹੀਲੇ ਸਿਖ ਪੰਥ ਨਾਲੋਂ ਹਮੇਸ਼ਾ ਲਈ ਤੋੜ ਕੇ ਪੰਜਾਬ ਵਿਚੋਂ ਸਿਖਾਂ ਦੀ ਗਿਣਤੀ ਘਟਾਈ ਜਾਵੇ। ਮਜ਼ਹਬੀ ਜਾਂ ਰੰਘਰੇਟੇ ਗੁਰੂ ਕੇ ਬੇਟੇ ਸਿੱਖ, ਜਿਨ੍ਹਾਂ ਨੇ ਸ਼ੁਰੂ ਤੋਂ ਹੀ ਖਾਲਸਾ ਪੰਥ ਦਾ ਸਾਥ ਦਿੱਤਾ ਤੇ ਆਪਣਾ ਪੂਰਣ-ਜੀਵਨ ਗੁਰੂ ਪੰਥ ਦੇ ਨਾਲ ਹਮੇਸ਼ਾ ਇਕਮਿਕ ਕਰੀ ਰਖਿਆ। ਇਸ ਤਰ੍ਹਾਂ ਰਾਜਨੀਤਕ ਪਲੱਥੇਬਾਜ਼ਾਂ ਦੇ ਹੱਥੋਂ ਕਿਵੇਂ ਠੱਗੀ ਵਿਚ ਆ ਸਕਦੇ ਸਨ, ਇਸ ਲਈ ਬਾਬਾ ਜੀਵਨ ਸਿੰਘ ਮਜ਼ਹਬੀ ਦਲ ਦੇ ਨਾਂ ਹੇਠ ਪੰਥਕ ਝੰਡਾ ਬੁਲੰਦ ਕਰਕੇ ਇਸ ਸਮੇਂ ਸਿਖੀ ਪ੍ਰਚਾਰ ਦੀ ਅਜਿਹੀ ਜ਼ਬਰਦਸਤ ਲਹਿਰ ਚਲਾਈ ਕਿ ਥੋੜੇ ਚਿਰ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇਕੱਲੇ ਜ਼ਿਲਾ ਲਾਹੌਰ ਵਿਚੋਂ ਹੀ ੭੦000 (ਸੱਤਰ ਹਜ਼ਾਰ) ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਪੰਥ ਦੇ ਲੜ ਲਾ ਦਿੱਤਾ।

ਮਜ਼ਹਬੀ ਸਿਖਾਂ ਦੀ ਇਸ ਪ੍ਰਚਾਰ-ਮੁਹਿੰਮ ਵਿਚ ਸਰਦਾਰ ਕਪੂਰ ਸਿੰਘ ਜੀ ਜਾਹਮਣ ਪ੍ਰਧਾਨ ਬਾਬਾ ਜੀਵਨ ਸਿੰਘ ਮਜ਼ਹਬੀ ਦਲ, ਸ: ਆਤਮਾ ਸਿੰਘ ਡੱਲ, ਸ: ਹਾਕਿਮ ਸਿੰਘ ਕਾਹਨਾ ਕਾਛਾ, ਸ: ਭਗਤ ਸਿੰਘ ਢੂਲਕਾ, ਸ: ਹੀਰਾ ਸਿੰਘ ਸਾਧੋਕੇ, ਸੰਤ ਬਾਬਾ ਆਸਾ ਸਿੰਘ ਰਾਜ ਰਿਖੀ, ਜਥੇਦਾਰ ਮੱਖਣ ਸਿੰਘ ਸਭਰਾ ਆਦਿ ਮੋਢੀਆਂ ਦਾ ਖਾਸ ਹੱਥ ਸੀ। ਸਰਦਾਰ ਹਰੀ ਸਿੰਘ ਦਹੂਰੀ, ਜੋ ਮਜ਼ਹਬੀ

ਸਿਖਾਂ ਵਿਚ ਜ਼ਿੰਦਾ ਸ਼ਹੀਦ ਦੇ ਨਾਂ ਨਾਲ ਮਸ਼ਹੂਰ ਸਨ, ਖਾਸ ਤੌਰ ਤੇ ਇਸ ਪ੍ਰਚਾਰ-ਮੁਹਿੰਮ ਵਿਚ ਹਮੇਸ਼ਾ ਬੜੀ ਤਨ-ਦਿਹੀ ਨਾਲ ਮਨ, ਵਚਨ, ਕਰਮ ਤੋਂ ਅੱਗੇ ਵੱਧ ਵੱਧ ਕੇ ਹਿੱਸਾ ਲੈਂਦੇ ਰਹੇ। ਉਨ੍ਹਾਂ ਦਾ ਇਹ ਪ੍ਰਯਤਨ ਸਿੱਖ ਪੰਥ ਨੂੰ ਭਵਿੱਖ ਵਿਚ ਆਉਣ ਵਾਲੀ ਰਾਜ-ਬਣਤਰ ਲਈ ਹਿੰਦੂ ਰਾਸ਼ਟਰ ਸੰਘ ਅਥਵਾ ਜਨ ਸੰਘ ਅਤੇ ਮੁਸਲਿਮ ਲੀਗੀਆਂ ਦੀਆਂ ਦੇ ਇਨ੍ਹਾਂ ਅੰਦਰੂਨੀ ਹੱਥ ਕੰਡਿਆਂ ਤੋਂ ਪੱਕੇ ਤੌਰ ਤੇ ਸੁਚੇਤ ਕਰਨ ਤੋਂ ਸਿਵਾਇ ਹੋਰ ਕੁਝ ਨਹੀਂ ਸੀ, ਜਿਸ ਕਾਰਣ ਉਹ ਇਸ ਸੰਘਰਸ਼ ਵਿਚ ਗੁਰੂ ਪੰਥ ਦੇ ਹਮੇਸ਼ਾ ਸ਼ੁਭਚਿੰਤਕ ਤੇ ਪੂਰੇ ਪੂਰੇ ਹਮਦਰਦ ਸਾਬਤ ਹੁੰਦੇ ਰਹੇ।

ਪਾਕਿਸਤਾਨੀ ਲਹਿਰ ਤੇ ਰੰਘੜੇਟੇ

ਰੰਘੜੇਟੇ ਸਰਦਾਰ ਹਰੀ ਸਿੰਘ ਦਹੂਰੀ ਦੇ ਕਥਨ ਅਨੁਸਾਰ ਸੰਨ ੧੯੨੧ ਦੀ ਮਰਦਮ ਸ਼ੁਮਾਰੀ ਸਮੇਂ ਹਿੰਦੂ ਕਰਮਚਾਰੀ ਮਜ਼ਹਬੀ ਸਿਖਾਂ ਨੂੰ ਹਰੀਜਨ ਤੇ ਮੁਸਲਮਾਨ ਕਰਮਚਾਰੀ ਮੁਸਲਮਾਨ ਜਾਂ ਹਲਾਲ ਖੋਰ ਲਿਖਦੇ ਰਹੇ। ਉਨ੍ਹਾਂ ਦੀ ਇਸ ਕਮੀਨੀ ਚਾਲ ਦਾ ਪਤਾ ਲੱਗਣ ਤੇ ਹਿੰਦੂ ਮਹਾ ਸਭਾ ਆਰੀਆ ਸਮਾਜ ਤੇ ਮੁਸਲਿਮ ਲੀਗ ਦੇ ਇਸ਼ਾਰੇ ਤੇ ਚਲੀ ਜਾ ਰਹੀ ਸੀ, ਮਜ਼੍ਹਬੀ ਸਿੱਖ ਮੋਢੀਆਂ ਨੂੰ ਖਾਸ ਤੌਰ ਤੇ ਬੜੀ ਚਿੰਤਾ ਪੈਦਾ ਹੋਈ ਜਿਸ ਕਾਰਣ ਉਨ੍ਹਾਂ ਨੇ ਆਪਣੀ ਤੇ ਗੁਰੂ ਪੰਥ ਦੀ ਹਿਫ਼ਾਜ਼ਿਤ ਲਈ ਸੰਨ ੧੯੨੭ ਵਿਚ ਬਾਬਾ ਜੀਵਨ ਸਿੰਘ ਮਜ਼੍ਹਬੀ ਦਲ ਦੀ ਸ੍ਰੀ ਅੰਮ੍ਰਿਤਸਰ ਦੇ ਸਥਾਨ ਪਰ ਜੜ੍ਹ-ਬੁਨਿਆਦ ਕਾਇਮ ਕੀਤੀ ਤੇ ਇਸ ਜਥੇਬੰਦੀ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਨਾਲ ਸੰਬੰਧਿਤ ਕੀਤਾ।

ਇਸ ਤੋਂ ਬਾਦ ਮਜ਼੍ਹਬੀ ਸਿੱਖ ਆਗੂਆਂ ਨੇ, ਜਿਨ੍ਹਾਂ ਵਿਚ ਸਰਦਾਰ ਕਪੂਰ ਸਿੰਘ ਜਾਹਮਣ (ਪ੍ਰਧਾਨ), ਸ: ਆਤਮਾ ਸਿੰਘ ਡਲ (ਵਾਂ), ਸ: ਹੀਰਾ ਸਿੰਘ ਸਾਧੋਕੇ, ਸ: ਹਾਕਮ ਸਿੰਘ ਕਾਹਨਾ ਕਾਛਾ, ਸ: ਸੁੰਦਰ ਸਿੰਘ ਤੇ ਰੰਗਾ ਸਿੰਘ ਰਾਇ, ਸੰਤ ਬਾਬਾ ਆਸਾ ਸਿੰਘ ਰਾਜ ਰਿਖੀ, ਸ: ਭਗਤ ਸਿੰਘ ਪਿਰਵਾੜੀ, ਸ: ਮੱਖਣ ਸਿੰਘ ਸਭਰਾਂ ਸ: ਕਾਲਾ ਸਿੰਘ ਬੱਗਾ ਆਦਿ ਨੇ ਜਤਨ ਕਰਕੇ ਇਕੱਲੇ ਜ਼ਿਲਾ ਲਾਹੌਰ ਵਿਚੋਂ ਸੱਤਰ ਹਜ਼ਾਰ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਪੰਥ ਦੇ ਲੜ ਲਾਇਆ ਤੇ ਇਕ ਨਵਾਂ ਕਿਰਤੀ ਅਕਾਲੀ ਦਲ ਪਛੜੀਆਂ ਸ਼੍ਰੇਣੀਆਂ ਦੇ ਹੱਕਾਂ ਦੀ ਰਾਖੀ ਵਾਸਤੇ ਕਾਇਮ ਕੀਤਾ।

ਸੰਨ ੧੯੩੦ ਤੋਂ ਚੂੰਕਿ ਸਮੁੱਚੇ ਭਾਰਤ ਵਿਚ ਸਾਡੇ ਕੌਮੀ ਆਗੂਆਂ ਦੀ ਅਨਗਹਿਲੀ ਕਾਰਣ, ਜਿਸ ਵਿਚ ਲਾਲਾ ਲਾਜਪਤ ਰਾਇ, ਲਾਲਾ ਹਰਦਿਆਲ ਤੇ

ਪ੍ਰਸਿੱਧ ਨਾਮ ਦੇਵਤਾ ਸਰੂਪ ਭਾਈ ਪਰਮਾਨੰਦ ਮੋਢੀ ਸਨ, ਦੋ ਕੌਮਾਂ ਦੀ ਥਿਊਰੀ ਦਾ ਮੁੱਢ ਬੱਝ ਚੁਕਿਆ ਸੀ ਤੇ ਮੁਸਲਿਮ ਲੀਗ ਦੇ ਮੋਢੀ ਡਾਕਟਰ ਸਰ ਮੁਹੰਮਦ ਇਕਬਾਲ, ਮਿਸਟਰ ਜਿਨਾਹ ਆਦਿ ਉਨ੍ਹਾਂ ਦੇ ਇਸ ਖਿਆਲ ਤੋਂ ਬੜੇ ਪ੍ਰਭਾਵਿਤ ਸਨ, ਇਸ ਲਈ ਉਨ੍ਹਾਂ ਨੇ ਜਿਵੇਂ ਕਿ ਡਾਕਟਰ ਸਰ ਮੁਹੰਮਦ ਇਕਬਾਲ ਦੇ ਉਸ ਸਮੇਂ ਇਲਾਹਾਬਾਦ, ਲਖਨਊ ਆਦਿ ਥਾਵੀਂ ਦਿਤੇ ਗਏ ਭਾਸ਼ਨਾਂ ਤੋਂ ਪਤਾ ਲੱਗਦਾ ਹੈ, ਦੇਸ਼ ਵਿਚ ਹਿੰਦੂਆਂ ਦੇ ਮੁਕਾਬਲੇ ਤੇ ਮੁਸਲਮਾਨਾਂ ਲਈ ਵੱਖਰੇ ਪਾਕਿਸਤਾਨ ਦੀ ਨੀਂਹ ਰਖੀ ਤੇ ਇਸ ਸੰਬੰਧੀ ਥਾਉਂ ਥਾਈਂ ਆਪਣਾ ਪ੍ਰਚਾਰ ਤੇਜ਼ ਕਰ ਦਿੱਤਾ।

ਮੁਸਲਿਮ ਲੀਗੀਆਂ ਦੇ ਸਾਮ੍ਹਣੇ ਇਸ ਸਮੇਂ ਦੋ ਮੁੱਖ ਸਵਾਲ ਸਨ (੧) ਹਰ ਮੁਮਕਿਨ ਤਰੀਕੇ ਨਾਲ ਭਾਰਤ ਤਥਾ ਪੰਜਾਬ ਦੇ ਹਰੇਕ ਇਲਾਕੇ ਵਿਚ ਆਪਣੀ ਜਨ-ਸੰਖਿਆ ਵਧਾਉਣਾ ਤੇ (੨) ਘਟ ਗਿਣਤੀ ਦੇ ਮਜ਼੍ਹਬੀ ਤੇ ਈਸਾਈ ਲੋਕਾਂ ਨੂੰ ਵੱਖਰੇ ਪਾਕਿਸਤਾਨ ਦੇ ਹਿਮਾਇਤੀ ਸਾਬਤ ਕਰਕੇ ਆਪਣੇ ਨਾਲ ਮਿਲਾਉਣਾ, ਇਸ ਸੰਬੰਧ ਵਿਚ ਇਸ ਸਕੀਮ ਦੇ ਮੁਤਾਬਿਕ ਉਨ੍ਹਾਂ ਨੇ ਈਸਾਈਆਂ ਦੀ ਹਮਦਰਦੀ ਜਿੱਤਣ ਦਾ ਜਤਨ ਕਿਵੇਂ ਕੀਤਾ, ਇਹ ਤਾਂ ਇਕ ਵੱਖਰਾ ਸਵਾਲ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਜ਼੍ਹਬੀ ਸਿਖਾਂ ਨੂੰ ਹੋਰ ਪਛੜੀਆਂ ਜਾਤਾਂ ਦੇ ਗਰੋਹਾਂ ਸਹਿਤ ਜੋ ਲਾਲਚ ਦਿਤੇ ਤੇ ਉਨ੍ਹਾਂ ਨੂੰ ਆਪਣੇ ਨਾਲ ਗੰਢਣ ਦਾ ਜਤਨ ਕੀਤਾ ਉਹ ਕਿਸੇ ਵਿਸ਼ੇਸ਼ ਟੀਕਾ-ਟਿੱਪਣੀ ਦਾ ਮੁਹਤਾਜ ਨਹੀਂ ਕਿਹਾ ਜਾ ਸਕਦਾ।

ਮਜ਼੍ਹਬੀ ਸਿਖਾਂ ਵਿਚੋਂ ਸਰਦਾਰ ਹਰੀ ਸਿੰਘ ਦਹੂਰੀ ਦੇ ਕਥਨ ਮੁਤਾਬਿਕ ਮੁਸਲਿਮ ਲੀਗੀਆਂ ਨੇ ਕਈ ਮੋਢੀਆਂ ਨੂੰ ਕਈ ਕਿਸਮ ਦਾ ਚੋਗਾ ਪਾ ਕੇ ਖ਼੍ਰੀਦਣ ਦਾ ਜਤਨ ਕੀਤਾ। ਮਜ਼੍ਹਬੀ ਸਿਖਾਂ ਦੇ ਨੌਜਵਾਨ ਆਗੂ ਸਰਦਾਰ ਹਰੀ ਸਿੰਘ ਨਿਰਭੈ, ਜਿਹੜੇ ਕਿ ਹੁਣ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਰਹਿੰਦੇ ਹਨ, ਆਪਣੇ ਪੱਖ ਤੇ ਅਜਿਹੇ ਢੰਗ ਨਾਲ ਕੀਤੇ ਕਿ ਸ਼੍ਰੋਮਣੀ ਬਾਬਾ ਜੀਵਨ ਸਿੰਘ ਮਜ਼੍ਹਬੀ ਦਲ ਵਿਚ ਬੜੀ ਭਾਰੀ ਫੁੱਟ ਪੈ ਗਈ ਜਿਸ ਕਰਕੇ ਇਕ ਵੱਖਰਾ ਨਵਾਂ ਆਲ ਇੰਡੀਆ ਬਾਬਾ ਜੀਵਨ ਸਿੰਘ ਮਜ਼੍ਹਬੀ ਦਲ ਬਣਾ ਲਿਆ। ਸਰਦਾਰ ਹਰੀ ਸਿੰਘ ਨਿਰਭੈ ਨੇ ਇਸ ਮੌਕੇ ਮੁਸਲਿਮ ਲੀਗੀਆਂ ਨੂੰ ਭਰੋਸਾ ਦਿੱਤਾ ਕਿ ਇਕ ਲੱਖ ਸਤਵੰਜਾ ਹਜ਼ਾਰ ਮਜ਼੍ਹਬੀ ਸਿਖਾਂ ਨੂੰ ਈਦ ਦੀ ਨਮਾਜ਼ ਸਮੇਂ ਲਾਹੌਰ ਸ਼ਾਹੀ ਮਸਜਿਦ ਵਿਚ ਦੀਨ ਇਸਲਾਮ ਕਬੂਲਣ ਲਈ ਪੇਸ਼ ਕੀਤਾ ਜਾਵੇਗਾ।

ਮੁਸਲਿਮ ਲੀਗੀਆਂ ਦੀ ਇਹ ਸਕੀਮ ਅਚਾਨਕ ਸਰਦਾਰ ਹਰੀ ਸਿੰਘ ਨਿਰਭੈ ਦੀ ਥਾਵੇਂ, ਜੋ ਕਿ ਉਸ ਸਮੇਂ ਅੰਮ੍ਰਿਤਸਰ ਹੀ ਰਹਿੰਦੇ ਸਨ, ਅਚਾਨਕ ਸਰਦਾਰ

ਹਰੀ ਸਿੰਘ ਦਹੂਰੀ ਦੇ ਹੱਥ ਇਸ ਕਰਕੇ ਲੱਗ ਗਈ ਕਿ ਸਕੀਮ ਲਿਆਉਣ ਵਾਲਾ ਲੀਗੀ ਸੱਜਣ ਅਚਾਨਕ ਹਰੀ ਸਿੰਘ ਦਹੂਰੀ ਨੂੰ ਸ: ਹਰੀ ਸਿੰਘ ਨਿਰਭੈ ਹੀ ਸਮਝ ਬੈਠਾ। ਬਸ ਫੇਰ ਕੀ ਸੀ, ਜਦ ਇਸ ਖੁਫੀਆ ਹੋ ਰਹੇ ਸੌਦੇ ਦਾ ਸ਼੍ਰੋਮਣੀ ਅਕਾਲੀ ਦਲ ਦੇ ਨਾਂ ਤੇ ਆਪਾ ਵਾਰਨ ਵਾਲੇ ਬਾਬਾ ਜੀਵਨ ਸਿੰਘ ਮਜ਼੍ਹਬੀ ਦਲ ਦੇ ਮਜ਼੍ਹਬੀ ਸਿਖਾਂ ਨੂੰ ਲੱਗਾ ਤਾਂ ਉਹ ਇਸ ਆ ਰਹੀ ਬਿਪਤਾ ਤੋਂ ਪੂਰੀ ਤਰ੍ਹਾਂ ਸੁਚੇਤ ਹੋ ਗਏ ਜਿਸ ਕਾਰਣ ਸ: ਹਰੀ ਸਿੰਘ ਨਿਰਭੈ ਦੀ ਬਣੀ-ਬਣਾਈ ਸਕੀਮ ਆਪਣੇ ਆਪ ਫੇਲ੍ਹ ਹੋ ਗਈ। ਇਸੇ ਕਾਰਣ ੧੫ ਅਗਸਤ ਸੰਨ ੧੯੪੭ ਈ: ਨੂੰ ਜਦ ਪਾਕਿਸਤਾਨ ਬਣਨ ਤੇ ਪੰਜਾਬ ਦਾ ਵੰਡਵਾਰ ਹੋਇਆ ਤਾਂ ਸ: ਹਰੀ ਸਿੰਘ ਨਿਰਭੈ ਤਾਂ ਮੁਸਲਿਮ ਲੀਗੀਆਂ ਦੇ ਨਾਲ ਹੀ ਏਥੋਂ (ਅੰਮ੍ਰਿਤਸਰ) ਨੱਸ ਕੇ ਲਾਹੌਰ (ਪਾਕਿਸਤਾਨ) ਚਲਾ ਗਿਆ ਤੇ ਹੋਰ ਸਾਰੇ ਮਜ਼੍ਹਬੀ ਸਿੱਖ ਇਸ ਚਾਣਚੱਕ ਦੀ ਬਿਪਤਾ ਤੋਂ ਵਾਲ ਵਾਲ ਬਚ ਗਏ।

ਜੇ ਉਸ ਸਮੇਂ ਜਿਵੇਂ ਕਿ ਪਾਕਿਸਤਾਨੀਆਂ ਦੀ ਗਿਣੀ-ਮਿਥੀ ਸਕੀਮ ਸੀ, ਸ: ਹਰੀ ਸਿੰਘ ਨਿਰਭੈ ਦੀ ਅਗਵਾਈ ਹੇਠ ਪਾਕਿਸਤਾਨ ਨਾਲ ਮਿਲ ਜਾਂਦੇ ਤਾਂ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੇ ਨਾਲ ਹੀ ਬਾਕੀ ਸਾਰਾ ਪੂਰਬੀ ਪੰਜਾਬ ਕਿਸੇ ਹੀਲੇ ਹਿੰਦੁਸਤਾਨ ਵਿਚ ਨਹੀਂ ਸਨ ਰਹਿੰਦੇ। ਇਸ ਲਈ ਪਾਕਿਸਤਾਨ ਦੀਆਂ ਕੁਦਰਤੀ ਹੱਦਾਂ ਦਰਿਆ ਜਮਨਾ ਨਾਲ ਜਾ ਲੱਗਣ ਤੇ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਸੌ ਜਤਨ ਕਰਨ ਤੇ ਵੀ ਹਿੰਦੁਸਤਾਨ ਵਿਚ ਨਹੀਂ ਸੀ ਰਹਿ ਸਕਦੀ ਤੇ ਸਿੱਖ ਰਾਜ ਜਾਂ ਪੰਜਾਬੀ ਸੂਬੇ ਦੀ ਮੰਗ ਕਰਨ ਵਾਲੇ ਸਾਰੇ ਸਿੱਖ ਵੀ ਅਜਿਹੀ ਸਦੀਵੀ ਬਿਪਤਾ ਵਿਚ ਫਸ ਜਾਂਦੇ ਕਿ ਮੁੜ ਉਸ ਬਿਪਤਾ ਵਿਚੋਂ ਇਨ੍ਹਾਂ ਦਾ ਛੁਟਕਾਰਾ ਹੋਣਾ ਇਕ ਮੁਸ਼ਕਿਲ ਤੇ ਅਨਹੋਣੀ ਜਿਹੀ ਗੱਲ ਸੀ। ਇਸ ਲਈ ਦੇਸ਼-ਕੌਮ ਤੇ ਪੰਥਕ ਭਲਾਈ ਦੇ ਪੱਖ ਤੋਂ ਇਸ ਬਾਰੇ ਮਜ਼੍ਹਬੀ ਸਿਖਾਂ ਦੀ ਜਿਤਨੀ ਵੀ ਪ੍ਰਸੰਸਾ ਕੀਤੀ ਜਾਵੇ, ਉਤਨੀ ਹੀ ਥੋੜੀ ਹੈ।

੧੧.

ਵਰਤਮਾਨ ਕਾਲ ਤੇ ਮਜ਼ਬੀ ਸਿੱਖ

ਉਨ੍ਹੀਵੀਂ ਸਦੀ ਤੇ ਵਰਤਮਾਨ ਵੀਹਵੀਂ ਸਦੀ ਦੇ ਮਜ਼ਬੀ ਸਿੱਖਾਂ ਦਾ ਜੇ ਪਰਸਪਰ ਮੁਕਾਬਲਾ ਕੀਤਾ ਜਾਵੇ ਤਾਂ ਵਿਦਿਅਕ ਤੇ ਸਮਾਜਿਕ ਤਰੱਕੀ ਨੂੰ ਮੁੱਖ ਰੱਖ ਕੇ ਜ਼ਮੀਨ-ਅਸਮਾਨ ਦਾ ਫਰਕ ਸੁਭਾਵਿਕ ਹੀ ਨਜ਼ਰ ਆਉਂਦਾ ਹੈ। ਉਹ ਇਸ ਕਾਰਣ ਕਿ ੧੮੮੦ ਤੋਂ ੧੯੧੦ ਈ: ਤਕ ਜਦ ਕਿ ਏਥੇ ਸਿੰਘ ਸਭਾ ਲਹਿਰ ਦਾ ਪ੍ਰਚਾਰ ਜ਼ੋਰਾਂ ਤੇ ਚਲ ਰਿਹਾ ਸੀ ਤਾਂ ਕਾਫੀ ਹੱਦ ਤਕ ਇਹ ਲੋਕ ਅਨਪੜ੍ਹ ਤੇ ਪਿਛਾਂਹ-ਖਿੱਚੂ ਸਨ ਪਰ ਫੇਰ ਧੀਰੇ ਧੀਰੇ ਜਾਗ੍ਰਿਤੀ ਦਾ ਸਮਾਂ ਆਉਣ ਤੇ ਜਿਉਂ ਜਿਉਂ ਬੜੀ ਤੇਜ਼ੀ ਨਾਲ ਲੋਕ-ਵਿਚਾਰਧਾਰਾ ਬਦਲੀ ਤਾਂ ਮਜ਼ਬੀ ਸਿੱਖਾਂ ਨੂੰ ਵੀ ਅਗਾਂਹ ਵਧਣ ਦਾ ਮੌਕਾ ਮਿਲਿਆ ਤੇ ਇਹ ਨਾ ਕੇਵਲ ਵਿਦਿਅਕ ਪੱਖ ਤੋਂ ਵੀ ਅੱਗੇ ਵਧੇ ਸਗੋਂ ਸਮਾਜਿਕ ਪੱਖ ਤੋਂ ਵੀ ਅਸੈਂਬਲੀਆਂ ਦੇ ਮੈਂਬਰ, ਪਾਰਲੀਮੈਂਟ ਦੇ ਮੈਂਬਰ, ਗਵਰਨਮੈਂਟ ਦੇ ਮਨਿਸਟਰ, ਹੋਰ ਸਿਵਲ ਤੇ ਮਿਲਟਰੀ ਵਿਚ ਹਰ ਪਾਸੇ ਤਰੱਕੀ ਕਰਨ ਤੇ ਸੱਤਾਂ ਵਿਲਾਇਤਾਂ ਵਿਚ ਆਪਣੇ ਅਜ਼ਾਦਾਨਾ ਫੇਰੇ-ਤੋਰੇ ਕਾਰਣ ਨਾ ਕੇਵਲ ਵਿਖਯਾਤ ਹੀ ਹੋਏ, ਸਗੋਂ ਮਾਨਵਤਾ ਦੇ ਵਾਜਿਬ ਅਧਿਕਾਰ ਪ੍ਰਾਪਤ ਕਰਨ ਵਿਚ ਹੋਰ ਜਾਤੀਆਂ ਦੇ ਹਮ-ਪੱਲਾ ਹੋ ਗਏ, ਇਸ ਲਈ ਹੁਣ ਇਹ ਕਹਿਣਾ ਕਿ ਮਜ਼ਬੀ ਸਿੱਖ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹਨ, ਮੇਰੀ ਜਾਚੇ ਕਿਸੇ ਵੀ ਸਵਤੰਤਰ ਚਿੰਤਕ ਲਈ ਯੋਗ ਤੇ ਮੁਨਾਸਿਬ ਗੱਲ ਨਹੀਂ ਹੈ।

ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਮਜ਼ਬੀ ਸਿੱਖ ਮੈਂਬਰ

ਭਾਈ ਸਾਹਿਬ ਭਾਈ ਢੇਰਾ ਸਿੰਘ, ਜਿਨ੍ਹਾਂ ਦੇ ਅਣਥੱਕ ਜਤਨਾਂ ਨਾਲ ਸੰਨ ੧੯੨੦ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਕਾਇਮ ਹੋਣ ਤੇ ਗੁਰਦੁਆਰਾ ਸੁਧਾਰ ਅਥਵਾ ਅਕਾਲੀ ਲਹਿਰ ਸਿਰੇ ਚੜ੍ਹੀ ਅਤੇ ਮਜ਼ਬੀ ਸਿੱਖ ਆਗੂ ਸਰਦਾਰ ਨਿਰੰਜਨ ਸਿੰਘ ਕਿਰਤੀ, ਸਰਦਾਰ ਕਰਮ ਸਿੰਘ ਮਸਕੀਨ, ਸਰਦਾਰ

ਚਰਨ ਸਿੰਘ ਤੁੰਗ, ਸਾਬਕ ਐਮ.ਐਲ.ਏ., ਮਜ਼੍ਹਬੀ ਸਿੱਖ ਆਗੂ ਸਰਦਾਰ ਗੰਡਾ ਸਿੰਘ ਭੱਦਰ, ਸਰਦਾਰ ਹਰੀ ਸਿੰਘ ਦਹੂੜੀ, ਸਰਦਾਰ ਖਜ਼ਾਨ ਸਿੰਘ ਮੀਰਾਂ-ਕੋਟੀਆ, ਸਰਦਾਰ ਧੰਨਾ ਸਿੰਘ ਗੁਲਸ਼ਨ (ਸਾਬਕ ਸਿਖਿਆ ਮੰਤਰੀ ਭਾਰਤ ਸਰਕਾਰ), ਸਰਦਾਰ ਮੁਖਤਿਆਰ ਸਿੰਘ ਸਾਬਕ ਐਮ.ਐਲ.ਏ., ਸਾਬਕ ਸੁਪ੍ਰਿੰਟੈਂਡੈਂਟ ਜੇਲ੍ਹ, ਸਰਦਾਰ ਸ਼ੇਰ ਸਿੰਘ ਲੁਧਿਆਣਾ, ਸ: ਨਿਰੰਜਨ ਸਿੰਘ ਸ਼ੇਰੋਂ ਐਮ.ਐਲ.ਏ., ਸਰਦਾਰ ਸੁੰਦਰ ਸਿੰਘ, ਸਰਦਾਰ ਦਲਬੀਰ ਸਿੰਘ ਆਦਿ ਕਿਸੇ ਵਧੇਰੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ ਤੇ ਸਾਰੇ ਪੰਥਕ ਆਗੂ ਇਨ੍ਹਾਂ ਤੋਂ ਭਲੀ ਪ੍ਰਕਾਰ ਪਰਿਚਿਤ ਹਨ।

ਪ੍ਰਸਿੱਧ ਸਰਕਾਰੀ ਅਫ਼ਸਰ, ਪ੍ਰੋਫੈਸਰ ਆਦਿ

ਉਪ੍ਰੋਕਤ ਪ੍ਰਸਿੱਧ ਵਿਅਕਤੀਆਂ ਤੋਂ ਇਲਾਵਾ ਸਰਦਾਰ ਬਲਵੰਤ ਸਿੰਘ ਜੀ ਤੇਜੀ ਐਡੀਸ਼ਨਲ ਸੈਸ਼ਨ ਜੱਜ, ਅੰਮ੍ਰਿਤਸਰ, ਸਰਦਾਰ ਬਘੇਲ ਸਿੰਘ ਤੇਜੀ ਸੀਨੀਅਰ ਸਬ ਜੱਜ, ਅੰਮ੍ਰਿਤਸਰ, ਸਰਦਾਰ ਹਰਨਾਮ ਸਿੰਘ ਜੀ ਆਈ.ਏ.ਐਸ., ਨਾਸਿਕ (ਮਹਾਰਾਸ਼ਟਰ), ਸਰਦਾਰ ਨਿਰਮਲ ਸਿੰਘ, ਸਕੱਤਰ ਪੰਜਾਬ ਕਾਂਗਰਸ ਕਮੇਟੀ, ਚੰਡੀਗੜ੍ਹ, ਸਰਦਾਰ ਬੂਟਾ ਸਿੰਘ ਸਾਬਕ ਰੇਲਵੇ ਮੰਤਰੀ, ਭਾਰਤ ਸਰਕਾਰ, ਐਕਸ ਕੈਪਟਨ ਬੰਤਾ ਸਿੰਘ ਦੁਰਗਾ ਨਗਰ, ਅੰਬਾਲਾ, ਮੇਜਰ ਮੰਨਾ ਸਿੰਘ ਆਲ ਇੰਡੀਆ ਚੈਂਪੀਅਨ, ਸਰਦਾਰ ਗੁਰਦੀਪ ਸਿੰਘ ਸਾਬਕ ਡੀ.ਐਸ.ਪੀ., ਪ੍ਰੋ: ਕੁਲਵੰਤ ਸਿੰਘ ਐਮ.ਏ., ਖਾਲਸਾ ਕਾਲਜ, ਅੰਮ੍ਰਿਤਸਰ, ਪ੍ਰੋਫੈਸਰ ਸੁਲੱਖਣ ਸਿੰਘ ਮੀਤ ਗਵਰਨਮੈਂਟ ਕਾਲਜ, ਗੁਰਦਾਸਪੁਰ, ਪ੍ਰਸਿੱਧ ਗਾਇਕਾ ਬੀਬੀ ਗੀਤਾ ਬਾਲੀ, ਜੋਗੀਤਾ ਬਾਲੀ ਤੇ ਨਰਿੰਦਰ ਬੀਬਾ ਆਦਿ ਮਜ਼੍ਹਬੀ ਸਿੱਖ ਸ਼੍ਰੇਣੀ ਦੇ ਹੀ ਮੋਤੀ ਤੇ ਲਾਲ ਹਨ।

ਇਨ੍ਹਾਂ ਦੇ ਨਾਲ ਹੀ ਫੌਜੀ ਸਿਖਾਂ ਵਿਚੋਂ ਸੂਬੇਦਾਰ ਵਸਾਵਾ ਸਿੰਘ ਚੱਕ ਨੰ: ੫੯, ੧੨ ਐਲ. ਮਿੰਟਗੁਮਰੀ, ਸੂਬੇਦਾਰ ਆਲਾ ਸਿੰਘ, ਸਰਦਾਰ ਪ੍ਰੀਤਮ ਸਿੰਘ ਆਨਰੇਰੀ ਕੈਪਟਨ, ਸਰਦਾਰ ਹੁਕਮ ਸਿੰਘ ੬੫/੯ ਐਲ. ਮਿੰਟਗੁਮਰੀ, ਸੂਬੇਦਾਰ ਮੇਜਰ ਮੇਵਾ ਸਿੰਘ, ਮੇਜਰ ਸਰਦਾਰ ਇੰਦਰ ਸਿੰਘ, ਨੰ: ੬੧੪, ਇਸਲਾਮਾਬਾਦ, ਅੰਮ੍ਰਿਤਸਰ ਆਦਿ ਫੌਜੀ ਸਿੰਘ ਆਪਣੀਆਂ ਸੈਨਿਕ ਯੋਗਤਾਵਾਂ ਦੇ ਪੱਖੋਂ ਅਦੁੱਤੀ ਕਹੇ ਜਾ ਸਕਦੇ ਹਨ, ਜਿਨ੍ਹਾਂ ਵਿਚੋਂ ਕਈਆਂ ਨੇ ਸਿਖ ਰਜਮੈਂਟਾਂ ਵਿਚ ਭਰਤੀ ਹੋ ਕੇ ਬੜੀ ਬਹਾਦਰੀ ਦੇ ਜੌਹਰ ਦਿਖਾਏ ਤੇ ਸਿਖ ਕੌਮ ਦਾ ਨਾਂ ਦੇਸ਼-ਵਿਦੇਸ਼ ਵਿਚ ਹਰ ਥਾਵੇਂ ਉੱਜਲ ਕੀਤਾ ਹੈ।

ਸਰਕਾਰ ਅੰਗਰੇਜ਼ੀ ਦੀਆਂ ਕਾਇਮ ਕੀਤੀਆਂ ਹੋਈਆਂ ਸਿਖ ਰਜਮੈਂਟਾਂ, ਜਿਨ੍ਹਾਂ ਵਿਚ ਮਜ਼੍ਹਬੀ ਸਿਖਾਂ ਨੇ ਬੜਾ ਅਹਿਮ ਰੋਲ ਸੰਨ ੧੯੧੪-੧੮ ਦੇ ਪਹਿਲੇ ਮਹਾਂ-ਯੁੱਧ ਤੇ ਸੰਨ ੧੯੩੯-੪੨ ਦੇ ਦੂਜੇ ਮਹਾਂਯੁੱਧ ਸਮੇਂ ਅਦਾ ਕੀਤਾ, ੨੩, ੩੨, ੩੪ ਸਿਖ ਪਾਇਉਨੀਅਰਜ਼ ਮਸ਼ਹੂਰ ਹਨ। ਇਨ੍ਹਾਂ ਦੇ ਨਾਲ ਹੀ ਸੰਨ ੧੯੪੭ ਤੋਂ ਬਾਦ ਦੀਆਂ ਆਜ਼ਾਦ ਹਿੰਦੁਸਤਾਨੀ ਰਜਮੈਂਟਾਂ ਵਿਚ ਮਜ਼੍ਹਬੀ ਸਿਖਾਂ ਦੀਆਂ ਨੇਫ਼ਾ ਦੇ ਹਿੰਦ-ਚੀਨ ਤੇ ਪਾਕ-ਭਾਰਤੀ ਜੰਗ-ਜੁੱਧਾਂ ਸਮੇਂ ਕੀਤੀਆਂ ਅਦੁੱਤੀ ਕੁਰਬਾਨੀਆਂ ਵੀ ਦੇਸ਼ ਦੇ ਸੈਨਿਕ ਇਤਿਹਾਸ ਵਿਚ ਕੋਈ ਘੱਟ ਅਹਿਮੀਅਤ ਨਹੀਂ ਰੱਖਦੀਆਂ।

ਮਜ਼੍ਹਬੀ ਸਿੱਖਾਂ ਦੇ ਕਵੀ, ਲੇਖਕ ਤੇ ਵਿਦਵਾਨ

ਹੁਣ ਅੱਗੇ ਬਾਕੀ ਰਹੀ ਇਹ ਗੱਲ ਕਿ ਮਜ਼੍ਹਬੀ ਸਿਖਾਂ ਵਿਚੋਂ ਸੰਨ ੧੮੫੦ ਤੋਂ ਸੰਨ ੧੯੭੯ ਈ: ਤਕ ਲਗ ਭਗ ੧੨੯ ਵਰ੍ਹਿਆਂ ਦੇ ਸਮੇਂ ਵਿਚ ਕਿਤਨੇ ਕਵੀ, ਲੇਖਕ ਤੇ ਵਿਦਵਾਨ ਹੋਏ ਹਨ। ਇਸ ਸੰਬੰਧ ਵਿਚ ਇਸ ਲੰਬੇ ਸਮੇਂ ਨਾਲ ਸੰਬੰਧਿਤ ਕੁਝ ਚੋਣਵੇਂ ਪੰਜਾਬੀ ਕਵੀ, ਲੇਖਕ ਤੇ ਵਿਦਵਾਨ, ਜੋ ਮੇਰੇ ਨੋਟਸ ਵਿਚ ਆਏ, ਕਰਮਵਾਰ ਇਹ ਹਨ :

(੧) ਸੰਤ ਕਵੀ ਵਜ਼ੀਰ ਸਿੰਘ ਗੁਲਾਬਦਾਸੀਆ, ਪਿੰਡ ਲਹੁਕਾ, ਜ਼ਿਲਾ ਫ਼ੀਰੋਜ਼ਪੁਰ।

(੨) ਸਾਧੂ ਦਘਾ ਸਿੰਘ ਜੀ ਆਰਿਫ਼, ਪਿੰਡ ਜਲਾਲਾਬਾਦ, ਜ਼ਿਲਾ ਫ਼ੀਰੋਜ਼ਪੁਰ।

(੩) ਕਵੀ ਗੁਰਦਿਤ ਸਿੰਘ ਜੀ ਖੜਗ, ਚੌਕ ਘੰਟਾ ਘਰ, ਲੁਧਿਆਣਾ।

(੪) ਭਾਈ ਰੁਲਾ ਸਿੰਘ ਜੀ, ਜਲਾਲਾਬਾਦ।

(੫) ਸਰਦਾਰ ਧੰਨਾ ਸਿੰਘ ਜੀ ਗੁਲਸ਼ਨ, ਸਾਬਕਾ ਵਜ਼ੀਰ, ਪਿੰਡ ਆਕਲੀਆਂ, ਨਾਭਾ।

ਸੰਤ ਕਵੀ ਵਜ਼ੀਰ ਸਿੰਘ ਲਹੁਕਾ

ਇਨ੍ਹਾਂ ਕਵੀ-ਵਿਦਵਾਨਾਂ ਵਿਚੋਂ ਪਹਿਲੇ ਸੰਤ ਕਵੀ ਵਜ਼ੀਰ ਸਿੰਘ ਜੀ ਲਹੁਕਾ, ਜੋ ਸਿਖ ਰਾਜ ਦੇ ਸਮਕਾਲੀ ਸਾਹਿਤਕਾਰ ਸਨ, ੭੦ ਪੰਜਾਬੀ ਸੀਹਰਫ਼ੀਆਂ ਦੇ ਲੇਖਕ ਹੋਣ ਕਰਕੇ ਇਕ ਮਹਾਂ-ਕਵੀ ਆਖੇ ਜਾ ਸਕਦੇ ਹਨ, ਸਾਧੂ ਵਜ਼ੀਰ ਸਿੰਘ ਦਾ ਰਚਨਾ-ਕਾਲ ਸੰਨ ੧੮੩੬ ਈ: ਤੋਂ ਸੰਨ ੧੮੭੮ ਈ: ਤਕ ਹੈ। ਇਨ੍ਹਾਂ

ਦੀਆਂ ਇਹ ਹੱਥ-ਲਿਖਿਤ ਪੰਜਾਬੀ ਸੀਹਰਫ਼ੀਆਂ, ਜੋ ਕਾਵਯ-ਰਚਨਾ ਦੇ ਪੱਖੋਂ ਬੜੇ ਬੁਲੰਦ ਪਾਏ ਦੀਆਂ ਹਨ, ਇਨ੍ਹਾਂ ਸਤਰਾਂ ਦੇ ਲੇਖਕ ਪਾਸ ਮੁਕੰਮਲ ਰੂਪ ਵਿਚ ਤੇ ਕਈ ਸੀਹਰਫ਼ੀਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੁਸਤਕਾਲਯ ਵਿਚ ਸੁਰੱਖਿਅਤ ਹਨ। ਇਹ ਸੀਹਰਫ਼ੀਆਂ ਅਜੇ ਤਕ ਛਪ ਕੇ ਪ੍ਰਕਾਸ਼ਿਕ ਨਹੀਂ ਹੋਈਆਂ, ਜਿਸ ਕਰਕੇ ਸਮੁੱਚੇ ਰੂਪ ਵਿਚ ਸੰਪਾਦਿਤ ਹੋ ਕੇ ਛਪਣ ਜੋਗ ਹਨ। ਇਨ੍ਹਾਂ ਤੋਂ ਬਿਨਾ ਕਵੀ ਵਜ਼ੀਰ ਸਿੰਘ ਕ੍ਰਿਤ ਦੋਹੇ, ਬਾਰਾਂ ਮਾਹਾਂ, ਨਸੀਹਤਾਂ, ਬੈਂਤ, ਅਵਲ ਹਕੀਕਤ, ਵਾਕ ਨਿਧੜਕੀ ਕੇ ਆਦਿ ਰਚਨਾਵਾਂ ਵੀ ਦੇਖਣ ਯੋਗ ਹਨ।

ਸੰਤ ਕਵੀ ਵਜ਼ੀਰ ਸਿੰਘ ਹੋਰਾਂ ਦੀ ਕਵਿਤਾ ਵੰਨਗੀ ਇਨ੍ਹਾਂ ਛੇਕੜਲੀਆਂ ਹੱਥ-ਲਿਖਤਾਂ ਵਿਚੋਂ ਇਹ ਹੈ :

(੧) ਸੁਭ ਸਿਖਯਾ ਸਤ ਭਾਇ ਕੀ, ਕਰਿ ਅਮ੍ਰਿਤ ਮੁਖ ਪਾਇ।
ਦਾਸ ਗੁਲਾਬ ਅਭਾਇ ਕਾ ਬਿਖਵਤ ਜਾਣ ਤਜਾਇ॥
ਕਹਿ ਵਜੀਰ ਸੁਣਿ ਸਮਝ ਹਮਾਰੀ।
ਗੁਰ ਉਪਮਾ ਮੁਖ ਲਾਗੇ ਪਯਾਰੀ ॥੨॥ (ਦੋਹੇ ਵਜ਼ੀਰ ਸਿੰਘ ਕੇ)

(੨) ਨਹਿ ਜਾਣ ਪਰਾਯਾ ਆਪਣਾ, ਕਹੋ ਹਕੀਕਤ ਖੋਲ੍ਹਿ।
ਸਿੰਘ ਵਜ਼ੀਰੇ ਜਾਗਣਾ, ਨਵਾਂ ਬਣਾਵੇ ਤੋਲ।੬੧॥
(ਵਾਕ ਨਿਧੜਕੀ ਕੇ)

ਸਾਧੂ ਦਯਾ ਸਿੰਘ ਆਰਿਫ਼

ਫੇਰ ਇਨ੍ਹਾਂ ਤੋਂ ਬਾਦ ਦੂਜਾ ਦਰਜਾ ਹੈ ਸੂਫ਼ੀ ਕਵੀ ਸਾਧੂ ਦਯਾ ਸਿੰਘ ਜੀ 'ਆਰਿਫ' ਜਲਾਲਾਬਾਦ (ਫ਼ੀਰੋਜ਼ਪੁਰ) ਦਾ। ਇਨ੍ਹਾਂ ਦਾ ਸਮਾਂ ਸੰਨ ੧੮੯੪ ਈ: ਤੋਂ ਸੰਨ ੧੯੪੬ ਈ: ਹੈ। ਇਨ੍ਹਾਂ ਦੇ ਪੰਜਾਬੀ ਕਿੱਸੇ ਇਹ ਹਨ :

(੧) ਫਨਾਹ ਦਾ ਮਕਾਨ, (੨) ਜ਼ਿੰਦਗੀ ਬਿਲਾਸ ਤੇ (੩) ਸਪੁਤ੍ਰ ਬਿਲਾਸ ਜੋ ਛਪ ਚੁਕੀਆਂ ਹਨ।

ਇਨ੍ਹਾਂ ਤੋਂ ਬਾਦ ਕੁਝ ਅਣਛਪੀਆਂ ਕਾਵਯ-ਰਚਨਾਵਾਂ ਇਹ ਹਨ :

(੧) ਗੁਰੂ ਨਾਨਕ ਅਵਤਾਰ, (੨) ਭੂਮੀਆ ਚੋਰ, (੩) ਭਾਈ ਮੰਝ, (੪) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, (੫) ਭਾਈ ਭਗਤੂ, (੬) ਇਨਕਲਾਬੀ ਗੁਰੂ ਗੋਬਿੰਦ ਸਿੰਘ ਜੀ, (੭) ਭੀਖਣ ਸ਼ਾਹ ਦਾ ਪ੍ਰਸੰਗ, (੮) ਛੋਟੇ

ਸਾਹਿਬਜ਼ਾਦਿਆਂ ਦੀ ਸ਼ਹੀਦੀ, (੯) ਬਾਬਾ ਬੰਦਾ ਸਿੰਘ ਬਹਾਦਰ, (੧੦) ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਆਦਿ। ਇਨ੍ਹਾਂ ਤੋਂ ਇਲਾਵਾ ਕਈ ਨਿੱਕੇ ਮੋਟੇ ਟਰੈਕਟ ਵੀ ਆਰਿਫ਼ ਹੋਰਾਂ ਵਲੋਂ ਛਪੇ ਸੁਣਨ ਵਿਚ ਆਏ ਹਨ।

ਸਾਧੂ ਦਯਾ ਸਿੰਘ ਜੀ 'ਆਰਿਫ਼' ਦੀ ਕਵਿਤਾ ਦੇ ਉਦਾਹਰਣ ਨਮੂਨੇ ਵਜੋਂ ਇਹ ਹਨ :

(੧) ਟੰਕਾ ਆਖੇ ਟਕੇ ਟਕੇ ਵਾਸਤੇ ਮਜ਼ੂਰ ਹੋਇਆ,
ਨੌਕਰੀ ਕਮਾਂਵਦਾ ਨਾ ਸੱਚੀ ਸਰਕਾਰ ਕੀ।
ਜਨਮ ਨਾ ਸੁਧਾਰਿਆ, ਨਾ ਧਾਰਿਆ ਵੈਰਾਗ ਜੋਗ,
ਤਮਾਂ ਲਗੀ ਰਹੀ ਤੈਨੂੰ ਜਗਤ ਕੇ ਵਿਹਾਰ ਕੀ।
(ਫਨਾਹ ਦਾ ਮਕਾਨ)

(੨) ਛੱਡ ਜਾਣੀ ਕ੍ਰਿਸ਼ਨ ਦੀ ਰਾਜਧਾਨੀ,
ਜਿੰਦੇ ਕਮਲੀਏ ਰਾਧਕਾਂ ਰਾਣੀਏ ਨੀ।
(ਜ਼ਿੰਦਗੀ ਬਿਲਾਸ)

(੩) ਦਯਾ ਸਿੰਘ ਅਚਾਣਕੀ ਮੌਤ ਆਉਣੀ,
ਝੁੱਗਾ ਪੁੱਛ ਕੇ ਲੁੱਟਦਾ ਚੋਰ ਨਾਹੀਂ।
ਚੰਗਾ ਪੁੱਤ ਇਕ ਜੰਮਿਆ ਦਯਾ ਸਿੰਘਾ,
ਬਹੁਤੇ ਪੁੱਤ ਜਣੇਂਦੀਆਂ ਸੂਰੀਆਂ ਓਇ।
(ਸਪੁਤ੍ਰ ਬਿਲਾਸ)

ਕਵੀ ਗੁਰਦਿੱਤ ਸਿੰਘ 'ਖੜਗ' ਲੁਧਿਆਣਾ

ਇਹ ਕਵਿਰਾਜ ਹੋਰੀਂ ਸਾਧੂ ਦਯਾ ਸਿੰਘ 'ਆਰਿਫ਼' ਹੋਰਾਂ ਦੇ ਹੀ ਸਮਕਾਲੀ, ਲੁਧਿਆਣੇ ਦੇ ਵਸਨੀਕ ਅਤੇ ਪੱਕੇ ਸਿੰਘ-ਸਭੀਏ ਸਨ। ਇਨ੍ਹਾਂ ਨੇ ਬੈਂਤਾਂ, ਕਬਿੱਤਾਂ ਤੇ ਕੋਰੜੇ ਛੰਦਾਂ ਵਿਚ ਅਨੇਕਾਂ ਕਿੱਸੇ ਪੂਰਨ ਭਗਤ, ਰਾਜਾ ਰਸਾਲੂ, ਰੂਪ ਬਸੰਤ ਆਦਿ ਲਿਖੇ, ਜੋ ਖੁਦ ਵੀ ਛਪਵਾ ਕੇ ਪ੍ਰਕਾਸ਼ਿਤ ਕੀਤੇ। ਲੁਧਿਆਣੇ ਘੰਟਾ ਘਰ ਦੇ ਪਾਸ ਇਨ੍ਹਾਂ ਦੀ ਪੁਸਤਕਾਂ ਦੀ ਆਪਣੀ ਦੁਕਾਨ ਸੀ। ਸਾਰੇ ਪੰਜਾਬੀ ਕਿੱਸੇ, ਜੋ ਇਨ੍ਹਾਂ ਨੇ ਲਿਖੇ, ੫੦-੬੦ ਤੋਂ ਉਪਰ ਸਨ। ਫੇਰ ਆਖਰੀ ਸਮੇਂ ਇਨ੍ਹਾਂ ਨੇ ਆਪਣੀ ਕਾਵਯ-ਰਚਨਾ ਦੇ ਤਜਰਬੇ ਵਜੋਂ ਇਕ ਵੱਡਾ ਗ੍ਰੰਥ ਪਿੰਗਲ ਪੰਜਾਬੀ ਪ੍ਰਭਾਕਰ, ਜੋ ੨੦×੨੬/੮ ਸਾਈਜ਼ ਦੇ ੨੨੩ ਸਫਿਆਂ ਦਾ ਹੈ,

ਅਕਤੂਬਰ ਸੰਨ ੧੯੩੪ ਵਿਚ ਆਪਣੇ ਇਕਲੌਤੇ ਪੁਤਰ ਗੱਜਣ ਸਿੰਘ ਵਲੋਂ ਛਾਪ ਕੇ ਪ੍ਰਕਾਸ਼ਿਤ ਕਰਵਾਇਆ, ਪਹਿਲਾਂ ਇਹ ਪਿੰਗਲ ਗ੍ਰੰਥ ਭਾਈ ਬੁਧ ਸਿੰਘ ਦੇ ਛਾਪੇਖਾਨੇ ਸ੍ਰੀ ਗੁਰਮਤਿ ਪ੍ਰੈਸ ਅੰਮ੍ਰਿਤਸਰ ਵਲੋਂ ਤੇ ਫੇਰ ਭਾਈ ਦਰਬਾਰਾ ਸਿੰਘ ਜੋਧ ਸਿੰਘ ਪੁਸਤਕਾਂ ਵਾਲੇ, ਅਦਾਲਤ ਬਜ਼ਾਰ, ਪਟਿਆਲਾ ਵਲੋਂ ਛਪਿਆ ਸੀ। ਕੀਮਤ ਇਸ ਦੀ ੩) ਤਿੰਨ ਰੁਪਏ ਸੀ। ਹੁਣ ਇਹ ਪਿੰਗਲ ਮੁੱਕ ਚੁਕਾ ਹੈ।

ਕਵੀ ਗੁਰਦਿੱਤ ਸਿੰਘ ਜੀ ਲਗ ਭਗ ੭੫ ਸਾਲਾਂ ਦੀ ਉਮਰ ਭੋਗ ਕੇ ਸੰਨ ੧੯੩੪ ਤੋਂ ਬਾਦ ਗੁਜ਼ਰੇ ਤੇ ਫੇਰ ਇਨ੍ਹਾਂ ਤੋਂ ਥੋੜਾ ਚਿਰ ਪਿਛੋਂ ਇਨ੍ਹਾਂ ਦੀ ਕਿਤਾਬਾਂ ਦੀ ਦੁਕਾਨ ਵੀ ਬੰਦ ਹੋ ਗਈ। ਕਵੀ ਹੋਰਾਂ ਦੀ ਕਵਿਤਾ ਦਾ ਨਮੂਨੇ ਵਜੋਂ ਪ੍ਰਮਾਣ ਇਹ ਹੈ :

ਨਿਮਸਕਾਰ ਡੰਡੌਤ ਬੰਦਨਾ ਮੈਂ ਈਸ਼ਵਰ ਨੂੰ ਕਰਦਾ।
ਦੀਨ ਦਯਾਲ ਤੂੰ ਹੀ ਦੁਖ ਭੰਜਨ, ਮੈਂ ਹਾਂ ਤੇਰਾ ਬਰਦਾ।
ਕਲੂ ਕਾਲ ਵਿਚ ਨਾਮ ਜਪੇ ਜੋ, ਸੋ ਭਵ ਸਾਗਰ ਤਰਦਾ।
'ਖੜਗ' ਵਿਚਾਰਾ ਹਰਦਮ ਸਾਹਿਬ, ਕੂਕਰ ਤੇਰੇ ਦਰ ਦਾ।

(ਪਿੰਗਲ ਪੰਜਾਬੀ ਪ੍ਰਭਾਕਰ, ਸਫਾ ੧੧੮)

ਕਵੀ ਰਲਾ ਸਿੰਘ ਜੀ ਜਲਾਲਾਬਾਦੀਏ

ਇਹ ਕਵੀ ਹੋਰੀਂ ਕਵੀ ਸਾਧੂ ਦਯਾ ਸਿੰਘ ਜੀ ਆਰਿਫ਼ ਦੇ ਸ਼ਾਗਿਰਦ ਸਨ। ਇਨ੍ਹਾਂ ਦੀਆਂ ਕਾਵਯ-ਰਚਨਾਵਾਂ ਇਹ ਹਨ :

(੧) ਗਾਂਧੀ ਹੋਕਾ, (੨) ਗੰਗੂ ਦੀ ਕਰਤੂਤ, (੩) ਮੱਸਿਆ ਦਾ ਇਸ਼ਨਾਨ, (੪) ਦੁਖੀ ਹਿੰਦ ਦੀ ਪੁਕਾਰ, (੫) ਤਲਵਾਰ ਗੁਰੂ ਗੋਬਿੰਦ ਸਿੰਘ ਜੀ ਦੀ ਤੇ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :

ਮਾਤਾ ਸਾਹਿਬ ਬੋਲੀ ਮਾਰੇ ਗੰਗੂ ਪਾਂਧੇ ਨੂੰ।
ਕੀਤਾ ਤੈਂ ਹਰਾਮ ਵੇ ਨਿਮਕ ਖਾਧੇ ਨੂੰ।
ਬਣ ਗਿਆ ਚੰਡਾਲ ਨਹੀਂ ਸਾਰ ਬਾਹਮਣਾ।
ਤੈਂ ਨਾ ਵੇ ਲੰਘਾਇਆ ਕੋਈ ਪਾਰ ਬਾਹਮਣਾ।

(ਆਤਮ ਹਮਰਾਹੀ, ਸਾਧੂ ਦਯਾ ਸਿੰਘ ਆਰਿਫ਼
੧੯੭੦, ਸਫੇ ੧੯-੨੦ ਤੇ)

ਸਰਦਾਰ ਧੰਨਾ ਸਿੰਘ 'ਗੁਲਸ਼ਨ'

ਇਹ ਸਾਧੂ ਦਯਾ ਸਿੰਘ 'ਆਰਿਫ਼' ਦੇ ਮਾਨਯੋਗ ਸ਼ਾਗਿਰਦ ਹੋਣ ਦਾ ਮਾਣ ਰਖਦੇ ਤੇ ਪਿੰਡ ਆਕਲੀਆਂ ਇਲਾਕਾ ਨਾਭਾ, ਜ਼ਿਲਾ ਪਟਿਆਲਾ ਦੇ ਵਸਨੀਕ ਹਨ। ਆਪ ਇਕ ਚੰਗੇ ਵਿਦਵਾਨ, ਕਵੀ, ਧਾਰਮਿਕ ਤੇ ਰਾਜਸੀ ਨੇਤਾ ਅਤੇ ਦੇਸ਼-ਭਗਤ ਮੰਨੇ ਜਾਂਦੇ ਹਨ। ਆਪ ਕਈ ਵੇਰ ਬਰਮਾ, ਮਲਾਇਆ, ਸਿੰਘਾਪੁਰ ਆਦਿ ਥਾਵੀਂ ਪ੍ਰਚਾਰਕ ਵਜੋਂ ਗਏ ਤੇ ਹਿੰਦੁਸਤਾਨ ਦੇ ਲਗ ਭਗ ਸਾਰੇ ਹੀ ਇਲਾਕਿਆਂ ਵਿਚ ਘੁੰਮੇ ਫਿਰੇ, ਸਨਮਾਨ-ਜੋਗ ਵਿਅਕਤੀ ਹਨ। ਸੰਨ ੧੯੫੭ ਤੋਂ ਆਪ ਪੈਪਸੂ ਵਿਧਾਨ ਸਭਾ ਦੇ ਮੈਂਬਰ ਤੇ ਫੇਰ ਪੰਜਾਬ ਦੇ ਐਮ.ਐਲ.ਏ. ਰਹੇ। ਤਦ ਪਸ਼ਚਾਤ ਸੰਨ ੧੯੬੨ ਵਿਚ ਆਪ ਪਾਰਲੀਮੈਂਟ ਦੇ ਮੈਂਬਰ ਨਿਯੁਕਤ ਹੋਏ ਤੇ ਅਜੇ ਹੁਣੇ ਆਪ ਭਾਰਤ ਸਰਕਾਰ ਦੇ ਸਿਖਯਾ ਵਿਭਾਗ ਦੇ ਸਟੇਟ ਮਨਿਸਟਰ ਰਹੇ ਹਨ।

ਪੰਜਾਬੀ ਕਾਵਯ-ਰਚਨਾ ਨਾਲ ਚੂੰਕਿ ਆਪ ਦਾ ਮੁੱਢੋਂ ਹੀ ਲਹੂ-ਮਾਸ ਦਾ ਸੰਬੰਧ ਹੈ, ਇਸ ਲਈ ਆਪ ਦੀਆਂ ਨਿਮਨ ਲਿਖਿਤ ਕਾਵਯ-ਰਚਨਾਵਾਂ ਪ੍ਰਸਿੱਧ ਹਨ: (੧) ਗੁਰੂ ਨਾਨਕ ਉਸਤਤਿ, (੨) ਭਾਈ ਮਰਦਾਨੇ ਦੀ ਬੰਗਾਲ ਯਾਤਰਾ, (੩) ਗੁਰੂ ਅਰਜਨ ਦੇਵ, (੪) ਚੰਦੂ ਦੀ ਨੂੰਹ, (੫) ਗੁਰੂ ਹਰਿਗੋਬਿੰਦ ਜੀ ਦਾ ਲਲਾ ਬੇਗ ਨਾਲ ਜੰਗ, (੬) ਭਾਈ ਬਿਧੀ ਚੰਦ ਦੇ ਦਰਿਆਈ ਘੋੜੇ, (੭) ਚਾਰ ਸਾਹਿਬਜ਼ਾਦੇ, (੮) ਬਾਬਾ ਬੰਦਾ ਬਹਾਦੁਰ, (੯) ਭਾਈ ਬਚਿਤ੍ਰ ਸਿੰਘ ਤੇ ਮਸਤ ਹਾਥੀ, (੧੦) ਬਾਬਾ ਦੀਪ ਸਿੰਘ ਸ਼ਹੀਦ, (੧੧) ਸਰਦਾਰ ਹਰੀ ਸਿੰਘ ਨਲਵਾ, (੧੨) ਬੀਬੀ ਹਰਸ਼ਰਨ ਕੌਰ, (੧੩) ਬੀਬੀ ਸਾਹਿਬ ਕੌਰ, (੧੪) ਸਾਕਾ ਗੰਗਸਰ ਜੈਤੋ, (੧੫) ਸ੍ਰੀ ਨਨਕਾਣਾ ਸਾਹਿਬ ਦਾ ਸਾਕਾ, ਅੱਜ ਦਾ ਪੰਜਾਬ ਤੇ ਸਿੱਖ ਰਾਜਨੀਤੀ ਆਦਿ। ਇਸ ਤਰ੍ਹਾਂ ਇਨ੍ਹਾਂ ਦੇ ਰਚੇ ਕਿੱਸਿਆਂ ਤੇ ਗ੍ਰੰਥਾਂ ਵਿਚੋਂ ਸ਼ਾਹਣੀ ਕੌਲਾਂ, ਪੂਰਨ ਭਗਤ, ਰੂਪ ਬਸੰਤ, ਰਾਜਾ ਹਰੀ ਚੰਦ, ਜਗਦੇਵ ਪੰਵਾਰ, ਦਾਊਦ ਬਾਦਸ਼ਾਹ ਆਦਿ ਪ੍ਰਸਿੱਧ ਹਨ।

ਗੁਲਸ਼ਨ ਹੋਰਾਂ ਦੀ ਕਵਿਤਾ ਦਾ ਨਮੂਨਾ ਸਰਦਾਰ ਦਰਸ਼ਨ ਸਿੰਘ ਫੇਰੂਮਾਨ (ਸ਼ਹੀਦ) ਨੂੰ ਸ਼ਰਧਾਂਜਲੀ ਵਜੋਂ ਇਹ ਹੈ:

ਚੰਡੀਗੜ੍ਹ ਤੇ ਭਾਖੜਾ ਦੀ ਗੱਲ ਢਿਲ ਨ ਪਾਈ।
ਕੀਤੀ ਸਿੰਘ ਅਰਦਾਸ ਖੱਫਣ ਸਿਰ ਲਿਆ ਸਜਾਈ।
ਸੁੱਤੀ ਅਣਖ ਪੰਜਾਬ ਦੀ ਉਸ ਟੁੰਬ ਜਗਾਈ।...
ਸੁੱਕਾ ਪਿੰਜਰ ਇਸ਼ਕ ਵਿਚ ਰੱਤ ਰਹੀ ਨ ਰਾਈ।...

ਉਸ ਸ਼ੇਰ ਨੇ ਹਿੰਦ ਸਰਕਾਰ ਦੀ ਅੜੀ ਭੰਨ ਦਿਖਾਈ।...
ਹੱਸ ਕੇ ਫੇਰੂਮਾਨ ਨੇ ਰਾਣੀ ਮੌਤ ਵਿਆਹੀ।...
ਡੁੱਬਿਆ 'ਗੁਲਸ਼ਨ' ਸੋਗ ਵਿਚ ਹਿੰਦ ਸਾਰਾ ਭਾਈ।

(ਪੁਸਤਕ—''ਅੱਜ ਦਾ ਪੰਜਾਬ ਤੇ ਸਿੱਖ ਰਾਜਨੀਤੀ',
ਸੰਨ ੧੯੭੯ ਦੇ ਸਫ਼ਾ ੨੧੪ ਵਿਚੋਂ)

ਨਵਾਂ ਖੋਜੀ ਕਪਤਾਨ ਸ਼ਮਸ਼ੇਰ ਸਿੰਘ

ਹੁਣ ਏਥੇ ਅੰਤ ਵਿਚ ਮੈਂ ਕਵੀ ਗੁਰਦਿੱਤ ਸਿੰਘ ਜੀ 'ਖੜਕ' ਲੁਧਿਆਨਵੀ ਦੇ ਰਿਸ਼ਤੇਦਾਰ ਕਪਤਾਨ ਸ਼ਮਸ਼ੇਰ ਸਿੰਘ ਜੀ ਨਵੀਂ ਦਿੱਲੀ ਦੀ ਇਕ ਅਨੋਖੀ ਖੋਜ ਦਸਣੀ ਜ਼ਰੂਰੀ ਸਮਝਦਾ ਹਾਂ, ਉਹ ਇਸ ਤਰ੍ਹਾਂ ਕਿ ਕਪਤਾਨ ਸ਼ਮਸ਼ੇਰ ਸਿੰਘ ਹੋਰਾਂ ਅੱਜ ਤੋਂ ਗਿਆਰਾਂ ਸਾਲ ਪਹਿਲਾਂ ਸੰਨ ੧੯੬੮ ਈ: ਵਿਚ ਇਕ ਨਵਾਂ ਖਾਲਸਾ ਕੈਲੰਡਰ ਬਣਾਇਆ ਸੀ ਜਿਸ ਵਿਚ ਉਹਨਾਂ ਨੇ ਸਿਖਾਂ ਲਈ ਬਹਾਈ ਸੰਪ੍ਰਦਾਇ ਦੇ ਮੁਸਲਮਾਨਾਂ ਦੇ ਮੁਕਾਬਲੇ ਤੇ ਹਿੰਦੂ-ਮੁਸਲਮਾਨਾਂ ਤੋਂ ਅਲੱਗ ਹਿੰਦੁਸਤਾਨ ਵਿਚ ਆਮ ਪ੍ਰਚਲਿਤ ਚੇਤ, ਵਿਸਾਖ, ਜੇਠ ਆਦਿ ੧੨ ਮਹੀਨੇ, ਐਤਵਾਰ, ਸੋਮਵਾਰ ਆਦਿ ਸੱਤ ਦਿਨ ਤੇ ਏਕਮ, ਦੂਜ, ਤੀਜ ਆਦਿ ੧੫ ਤਿੱਥਾਂ ਦੀ ਥਾਵੇਂ ਉਹਨਾਂ ਦੇ ਨਾਂ ਬਦਲ ਕੇ ਦਸ ਗੁਰੂਆਂ ਤੇ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਖਾਲਸਾ ਪੰਥ ਦੇ ਨਾਂ ਤੇ ੧੨ ਮਹੀਨੇ ਤੇ ਫਿਰ ਇਸੇ ਤਰ੍ਹਾਂ ਸੱਤ ਵਾਰਾਂ ਤੇ ੧੫ ਤਿੱਥਾਂ ਦੀ ਥਾਂ ਕੁਝ ਹੋਰ ਹੀ ਨਾਂ ਬਦਲ ਦਿਤੇ ਸਨ ਅਤੇ ਫੇਰ ਇਸ ਤਰ੍ਹਾਂ ਇਕ ਨਵੇਂ ਨਮੂਨੇ ਦਾ ਖਾਲਸਾ ਕੈਲੰਡਰ ਛਾਪਣ ਦਾ ਜਤਨ ਕੀਤਾ ਸੀ, ਤਾਂਕਿ ਇਸ ਤਰੀਕੇ ਨਾਲ ਸਿਖ ਪੰਥ ਨੂੰ ਹਿੰਦੂ-ਮੁਸਲਮਾਨਾਂ ਤੋਂ ਬਿਲਕੁਲ ਅਲੱਗ-ਥਲੱਗ ਸਾਬਤ ਕੀਤਾ ਜਾ ਸਕੇ।

ਇਸ ਪ੍ਰਕਾਰ ਇਸ ਨਵੇਂ ਖਾਲਸਾ ਕੈਲੰਡਰ ਦੀ ਪ੍ਰਵਾਨਗੀ ਵਜੋਂ ਕਪਤਾਨ ਸ਼ਮਸ਼ੇਰ ਸਿੰਘ ਹੋਰਾਂ ਸਿਖ ਪੰਥ ਦੇ ਪ੍ਰਸਿੱਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਪਟਿਆਲਾ ਦੀ ਸਲਾਹ ਵੀ ਲਈ ਤੇ ਉਹ ਸਲਾਹ ਮੈਨੂੰ ਵਿਖਾਈ ਸੀ, ਪਰ ਮੈਂ ਅਗੋਂ ਉਹਨਾਂ ਦੀ ਇਸ ਵਿਚਾਰ-ਪ੍ਰੰਪਰਾ ਨਾਲ ਇਸ ਕਰ ਕੇ ਸਹਿਮਤ ਨਾ ਹੋਇਆ ਕਿ ਜੇ ਇਸ ਤਰ੍ਹਾਂ ਮੁੱਢੋਂ ਚਲੇ ਆ ਰਹੇ ੧੨ ਮਹੀਨੇ, ਸਤ ਵਾਰ ਤੇ ੧੫ ਤਿੱਥਾਂ ਬਦਲੀਆਂ ਜਾਣ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋਵੇਂ ਬਾਰ੍ਹਾਂ ਮਾਹੇ (ਬਾਰ੍ਹਾਂ ਮਾਹ, ਮਾਝ ਮ: ੫, ਤੇ ਬਾਰਹ ਮਾਹ ਰਾਗ ਤੁਖਾਰੀ ਮਹਲਾ ੧) ਅਤੇ ਪੰਦਰਾਂ ਥਿਤਾਂ ਤੇ ਸੱਤ ਵਾਰ, ਜਿਹਨਾਂ ਦੀ ਪ੍ਰੋੜ੍ਹਤਾ ਭਗਤ ਕਬੀਰ ਤੇ ਸ੍ਰੀ ਗੁਰੂ ਅਮਰਦਾਸ ਜੀ ਤੀਜੇ

ਪਾਤਸ਼ਾਹ ਨੇ ਆਪਣੀ ਬਾਣੀ (ਰਾਗ ਗਉੜੀ ਤੇ ਬਿਲਾਵਲ ਮਹਲਾ ੩) ਵਿਚ ਕ੍ਰਮਵਾਰ ਕੀਤੀ ਹੈ, ਕਿਧਰ ਜਾਣਗੇ ? ਪਰ ਮੇਰੇ ਇਸ ਇਤਰਾਜ਼ ਦੇ ਬਾਵਜੂਦ ਵੀ ਕਪਤਾਨ ਸਾਹਿਬ ਆਪਣੇ ਹਠ ਉਤੇ ਬਾਕਾਇਦਾ ਕਾਇਮ ਰਹੇ, ਜਿਸ ਕਰ ਕੇ ਉਹ ਆਪਣੇ ਨਿਜੀ ਪੱਤਰਾਂ ਵਿਚ, ਜੋ ਉਹਨਾਂ ਨੇ ਮੈਨੂੰ ਲਿਖੇ, ਇਹੋ ਮਹੀਨੇ, ਤਾਰੀਖਾਂ, ਵਾਰ ਤੇ ਤਿੱਥਾਂ ਹੀ ਵਰਤਦੇ ਰਹੇ, ਜਿਸ ਬਾਰੇ ਕਿ ਉਹਨਾਂ ਦੇ ਨਾਂ ਦਾ ਇਕ ਪੱਤਰ, ਜੋ ੭ ਜੁਲਾਈ ੧੯੬੮ ਈ: ਦਾ ਹੈ, ਗਵਾਹੀ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਕਪਤਾਨ ਸਾਹਿਬ ਦੀ ਇਹ ਨਵੀਂ ਖੋਜ ਜੇ ਪੂਰੀ ਨਹੀਂ ਤਾਂ ਅਧੂਰੀ ਹਾਲਤ ਵਿਚ ਹੀ ਇਕ ਨਵੀਂ ਕਾਢ ਸਮਝ ਕੇ ਵੇਖਣ ਤੇ ਵਿਚਾਰਨਯੋਗ ਅਵੱਸ਼ ਹੈ।

ਮਜ਼ਹਬੀ ਸਿੱਖ ਪੱਤ੍ਰਕਾਰੀ ਦੇ ਮੈਦਾਨ ਵਿਚ

ਪਿਛੇ ਦਸੇ ਵਿਦਵਾਨਾਂ, ਲੇਖਕਾਂ ਤੇ ਕਵੀਆਂ ਵਾਂਗੂ ਹੀ ਮਜ਼ਹਬੀ ਸਿਖ ਪੰਜਾਬੀ ਪੱਤਰਕਾਰੀ ਦੇ ਮੈਦਾਨ ਵਿਚ ਵੀ ਪਿਛੇ ਨਹੀਂ ਰਹੇ। ਚੁਨਾਂਚਿ ਇਸ ਸਬੰਧ ਵਿਚ ਸੰਨ ੧੯੨੪ ਤੋਂ ੧੯੪੯ ਈ: ਤਕ ੨੫ ਸਾਲਾਂ ਵਿਚ ਕਈ ਮਜ਼ਹਬੀ ਸਿਖ ਪੱਤਰਕਾਰ ਇਸ ਸੇਵਾ ਲਈ ਅਗੇ ਆਏ ਤੇ ਉਹਨਾਂ ਦੇ ਅਣਥੱਕ ਜਤਨਾਂ ਨਾਲ ਇਸ ਸਮੇਂ ਦੇ ਦੌਰਾਨ ਚਾਰ ਪੰਜਾਬੀ ਪੱਤਰ ਵੀ ਰਹੇ। ਉਹਨਾਂ ਸਪਤਾਹਿਕ ਪੱਤਰਾਂ ਦੇ ਨਾਂ ਹਨ—ਨਿਰੋਲ ਖਾਲਸਾ, ਆਦਿ ਧਰਮੀ, ਬਾਬਾ ਜੀਵਨ ਸਿੰਘ ਗਜ਼ਟ ਤੇ ਖਾਲਸਾ ਮਜ਼ਹਬੀ ਗਜ਼ਟ।

ਇਹਨਾਂ ਮਜ਼ਹਬੀ ਪੰਜਾਬੀ ਪੱਤਰਾਂ ਵਿਚੋਂ ਪਹਿਲਾਂ ਹਫਤਾਵਾਰ 'ਨਿਰੋਲ ਖਾਲਸਾ' ੧੩ ਅਪ੍ਰੈਲ ਸੰਨ ੧੯੨੪ ਈ: ਨੂੰ ਪਹਿਲਾਂ ਜਲੰਧਰੋਂ ਤੇ ਫੇਰ ਅੰਮ੍ਰਿਤਸਰੋਂ ਛਪਦਾ ਰਿਹਾ। ਇਸ ਤੋਂ ਬਾਅਦ ਦੂਜੇ ਸਪਤਾਹਿਕ ਪੱਤਰ ਸਨ—ਆਦਿ ਧਰਮੀ ਖਾਲਸਾ ਬਰਾਦਰ, ਜੋ ਸੰਨ ੧੯੨੭-੨੯ ਈ: ਵਿਚ ਜਲੰਧਰੋਂ ਸ਼ੁਰੂ ਹੋ ਕੇ ਕੁਝ ਸਮਾਂ ਚਲਦੇ ਰਹੇ। ਇਸ ਤੋਂ ਪਿਛੋਂ ਫੇਰ ਹਫਤਾਵਾਰ ਬਾਬਾ ਜੀਵਨ ਸਿੰਘ ਗਜ਼ਟ ਨੇ ਸ਼ੁਰੂ ਹੋ ਕੇ ਮਜ਼ਹਬੀ ਸਿਖਾਂ ਦੀ ਉੱਨਤੀ ਲਈ ਇਕ ਅਹਿਮ ਰੋਲ ਅਦਾ ਕੀਤਾ। ਇਹ ਪੱਤਰ ਸੰਨ ੧੯੪੯ ਵਿਚ ਅੰਮ੍ਰਿਤਸਰੋਂ ਜਾਰੀ ਹੋਇਆ ਸੀ। ਫੇਰ ਇਸ ਤਰ੍ਹਾਂ ਇਕ ਹੋਰ ਹਫਤਾਵਾਰ 'ਖਾਲਸਾ ਮਜ਼ਹਬੀ ਗਜ਼ਟ' ਨਿਕਲਿਆ, ਜੋ ੧੫ ਅਕਤੂਬਰ ਸੰਨ ੧੯੪੯ ਈ: ਵਿਚ ਅੰਮ੍ਰਿਤਸਰੋਂ ਬਾਬਾ ਗੇਂਡਾ ਸਿੰਘ ਭੁੱਦਰ, ਭਾਈ ਕੇਸਰ ਸਿੰਘ ਨਿਹੰਗ ਤੇ ਭਾਈ ਸੋਹਨ ਸਿੰਘ ਸੰਧੂ ਦੇ ਅਧਿਕਾਰ ਹੇਠ ਛਪਦਾ ਰਿਹਾ। ਪੰਜਾਬੀ ਪੱਤ੍ਰਕਾਰੀ ਦੇ ਨੁਕਤਾ-ਨਿਗਾਹ ਤੋਂ ਇਹ ਪੱਤਰ ਆਪਣੀ ਮਿਸਾਲ ਆਪ ਤੇ

ਮਜ਼ਹਬੀ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਸੀ। ਇਸ ਦਾ ਸਾਲਾਨਾ ਚੰਦਾ ਅੱਠ ਰੁਪਏ ਦੇਸ ਤੇ ਬਾਰ੍ਹਾਂ ਰੁਪਏ ਪ੍ਰਦੇਸ ਸੀ।

ਮੈਂ ਆਪਣੀ ਖੋਜ-ਪੁਸਤਕ 'ਪੰਜਾਬੀ ਪਤ੍ਰ ਕਲਾ' (੧੯੫੩) ਵਿਚ, ਜੋ ਭਾਸ਼ਾ ਵਿਭਾਗ, ਪੰਜਾਬ ਸਰਕਾਰ ਦੀ ਪ੍ਰਕਾਸ਼ਕ ਹੈ, ਇਹਨਾਂ ਪਤ੍ਰਾਂ ਦਾ ਯਥਾ ਸਥਾਨ ਥਾਉਂ ਥਾਈਂ ਜ਼ਿਕਰ ਕੀਤਾ ਹੈ।

ਮਜ਼ਹਬੀ ਸਿੱਖਾਂ ਦਾ ਭਵਿੱਖ ਇਕ ਸਿੰਘਾ ਵਿਲੋਕਨੀ ਝਾਤ

ਮੁੱਖ ਸ਼ਬਦ :

ਮਜ਼ਹਬੀ ਸਿੱਖਾਂ ਦਾ ਇਹ ਦਲੇਰ ਖ਼ਾਨਦਾਨ, ਜਿਸ ਦਾ ਨਿਕਾਸ ਤੇ ਵਿਕਾਸ ਵੇਦਿਕ ਸਮੇਂ ਤੋਂ ਪਹਿਲਾਂ ਦ੍ਰਾਵਿੜ ਕੁਲ ਵਿਚੋਂ ਹੋਇਆ, ਮੱਧ ਏਸ਼ੀਆ ਤੋਂ ਪੰਜਾਬ ਉਤੇ ਹਮਲਾਆਵਰ ਹੋ ਕੇ ਆਏ ਆਰਯ ਲੋਕਾਂ ਨਾਲ ਲਹੂ-ਮਾਸ ਦਾ ਕੋਈ ਵੀ ਸਬੰਧ ਨਹੀਂ ਸੀ ਰੱਖਦਾ। ਕਈ ਪੁਰਾਤਤਵ ਖੋਜੀ ਵਿਦਵਾਨ, ਜਿਵੇਂ ਕਿ ਡਾਕਟਰ ਬੀ. ਆਰ. ਅੰਬੇਦਕਰ ਦੀ ਅੰਗਰੇਜ਼ੀ ਪੁਸਤਕ (The Untouchables) ਅਛੂਤ ਜਾਤਾਂ ਤੋਂ ਪਤਾ ਲੱਗਦਾ ਹੈ, ਦਰਅਸਲ ਅਛੂਤ ਕੌਮਾਂ ਦਾ, ਜਿਹਨਾਂ ਵਿਚ ਮਜ਼ਬੀ ਅਥਵਾ ਧਾਣਕ ਲੋਕ ਵੀ ਸ਼ਾਮਲ ਹਨ, ਨਿਕਾਸ ਤੇ ਵਿਕਾਸ ਦ੍ਰਾਵਿੜਾਂ ਦੇ ਏਥੇ ਆਉਣ ਤੋਂ ਪਹਿਲਾਂ ਹੀ ਹੋ ਚੁਕਾ ਸੀ। ਉਹ ਕਹਿੰਦੇ ਹਨ ਕਿ ਪੰਜਾਬ ਉਤੇ ਪਹਿਲਾਂ ਹਮਲਾ ਦ੍ਰਾਵਿੜਾਂ ਦਾ ਤੇ ਫੇਰ ਢੇਰ ਚਿਰ ਪਿਛੋਂ ਦੂਜਾ ਹਮਲਾ ਆਰਯਾਂ ਦਾ ਹੋਇਆ ਸੀ। ਧਾਣਕ ਅਥਵਾ ਮਜ਼ਹਬੀ ਖਾਨਦਾਨ ਤੇ ਹੋਰ ਅਛੂਤ ਜਾਤਾਂ ਦੇ ਲੋਕ ਉਨ੍ਹਾਂ ਤੋਂ ਪਹਿਲਾਂ ਹੀ ਏਥੇ ਅਬਾਦ ਸਨ ਤੇ ਉਹ ਇਥੋਂ ਦੇ ਆਦਿਵਾਸੀ ਸਨ, ਉਨ੍ਹਾਂ ਦਾ ਇਹ ਕਥਨ ਕਿਥੋਂ ਤਕ ਸਹੀ ਹੈ, ਇਸ ਬਾਰੇ ਸਹੀ ਤੌਰ ਤੇ ਕੁਝ ਵੀ ਨਹੀਂ ਕਿਹਾ ਜਾ ਸਕਦਾ, ਪਰ ਹਾਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਧਾਣਕ ਅਥਵਾ ਮਜ਼ਹਬੀ ਲੋਕ ਦ੍ਰਾਵਿੜ ਜਾਤੀ ਦੇ ਬੜੇ ਅਗਾਂਹ-ਵਧੂ, ਲੜਾਕੇ ਤੇ ਦਲੇਰ ਸੈਨਿਕ ਸਨ। ਇਸ ਦਲੇਰ ਜਾਤੀ ਦੇ ਨਾਇਕ ਅਥਵਾ ਵੀਰ ਯੋਧਿਆਂ ਨੂੰ ਉਸ ਸਮੇਂ ਚੂੜਾਮਣੀ ਸੈਨਾਪਤੀ ਕਿਹਾ ਜਾਂਦਾ ਸੀ। ਦ੍ਰਾਵਿੜੀ ਬੋਲੀ ਵਿਚ ਚੂੜਾ ਜਾਂ ਚੂੜ ਸ਼ਬਦ ਦਾ ਲਫਜ਼ੀ ਅਰਥ ਹੈ ਸ਼੍ਰੋਮਣੀ ਸੈਨਿਕ ਅਥਵਾ ਫੌਜੀ ਸਰਦਾਰ, ਪਰ ਫੇਰ ਸਮਾਂ ਬਦਲਣ ਤੇ ਇਹੋ ਲਫਜ਼ ਆਰਯਾਂ ਦੇ ਆਉਣ ਤੇ ਉਨ੍ਹਾਂ ਵਲੋਂ ਧਾਣਕ ਅਥਵਾ ਮਜ਼ਹਬੀ ਲੋਕਾਂ ਵਾਸਤੇ ਤਾਂ ਨੀਵੇਂ ਅਰਥਾਂ ਵਿਚ ਵਰਤਿਆ ਜਾਣ ਲੱਗਾ,

ਪਰ ਆਰਯਾਂ ਦੀ ਨਿਜੀ ਸੰਕੇਤਾਵਲੀ ਦੇ ਅਨੁਸਾਰ ਸੰਸਕ੍ਰਿਤਿਕ ਰੂਪ ਧਾਰਣ ਕਰਨ ਤੇ ਇਹੋ ਸ਼ਬਦ ਮੁਕਟ-ਮਣੀ ਜਾਂ ਉੱਚ ਪਦਵੀ ਦਾ ਬੋਧਕ ਬਣ ਗਿਆ। ਚੁਨਾਂਚਿ ਸੰਸਕ੍ਰਿਤ ਸੰਕੇਤਾਵਲੀ ਦੇ ਅਨੁਸਾਰ ਹੁਣ ਤਕ ਇਹੋ ਸ਼ਬਦ ਮੁਕਟ-ਮਣੀ ਜਾਂ ਉੱਚ ਪਦਵੀ ਦਾ ਲਖਾਇਕ ਹੋਣ ਕਰ ਕੇ ਕਵਿ ਕੁਲ ਚੂੜਾਮਣੀ ਕਾਲੀਦਾਸ, ਕਵੀ ਕੁਲ ਚੂੜਾਮਣੀ ਭਾਈ ਸੰਤੋਖ ਸਿੰਘ, ਪੰਡਿਤ ਚੂੜਾਮਣੀ ਸ਼ਾਸਤਰੀ ਆਦਿ ਥਾਵੇਂ ਚੰਗੇ ਅਰਥਾਂ ਵਿਚ ਹੀ ਲਿਆ ਜਾਂਦਾ ਹੈ। ਇਸੇ ਕਾਰਣ ਲਾਲਾ ਚੂੜ ਮਲ ਜਾਂ ਸਰਦਾਰ ਚੂੜ ਸਿੰਘ ਨੂੰ ਚੂੜਾ ਮਲ ਜਾਂ ਚੂੜ ਸਿੰਘ ਕਹਿ ਕੇ ਕੋਈ ਨਹੀਂ ਤ੍ਰਿਸਕਾਰਦਾ, ਪਰ ਹੈਰਾਨੀ ਦੀ ਗੱਲ ਹੈ ਕਿ ਮਜ਼ਹਬੀ ਸਿਖਾਂ ਵਾਸਤੇ ਚੂੜਾ ਜਾਂ ਧਾਣਕ (ਧਨੁਖ-ਧਾਰੀ ਸੈਨਿਕ) ਸ਼ਬਦ ਨੀਵੇਂ ਅਰਥਾਂ ਵਿਚ ਕਿਉਂ ਵਰਤਿਆ ਜਾਣ ਲਗ ਪਿਆ, ਜੋ ਕਿ ਇਕ ਡਾਢੀ ਬੇਇਨਸਾਫ਼ੀ ਵਾਲੀ ਗੱਲ ਹੈ। ਸਾਡੇ ਨਿਆਇਸ਼ੀਲ ਅਤੇ ਅਗਾਂਹ-ਵਧੂ ਜਨ ਸਮਾਜ ਵਲੋਂ ਇਹ ਲਫ਼ਜ਼ਾਂ ਤੇ ਅਰਥਾਂ ਦਾ ਹੇਰ ਫੇਰ, ਜੋ ਕਿ ਇਕ ਤਾਰੀਖੀ ਤੇ ਭਾਸ਼ਾ ਵਿਗਿਆਨਿਕ ਹਕੀਕਤ ਪਰ ਮਬਨੀ ਹੈ, ਛੇਤੀ ਤੋਂ ਛੇਤੀ ਦੂਰ ਕਰਨਾ ਤੇ ਇਸ ਦੀ ਅਸਲੀਅਤ ਦਾ ਪ੍ਰਗਟਾਉ ਕਰਨਾ ਨਿਹਾਇਤ ਜ਼ਰੂਰੀ ਹੈ।

ਪੁਰਾਤਨ ਜਾਤੀ ਸ਼ਬਦ ਤੇ ਉਨ੍ਹਾਂ ਦੇ ਅਰਥਾਂ ਵਿਚ ਪਰਿਵਰਤਨ :

ਏਥੇ ਕੇਵਲ ਚੂੜਾ ਜਾਂ ਧਾਣਕ ਸ਼ਬਦ ਹੀ ਨਹੀਂ, ਸਗੋਂ ਹੋਰ ਵੀ ਕਿਤਨੇ ਹੀ ਸ਼ਬਦ ਹਨ ਜਿਹੜੇ ਕਿ ਵੈਦਿਕ ਕਾਲ ਵਿਚ ਹੋਰ ਅਰਥ ਰਖਦੇ ਹਨ, ਪਰ ਪਿਛੋਂ ਸਮੇਂ ਦੇ ਫੇਰ ਨਾਲ ਹੋਰ ਅਰਥਾਂ ਵਿਚ ਬਦਲ ਗਏ, ਕਿ ਪੁਰਸ਼ ਗਣਿਕਾ, ਨਾਇਕ ਸ਼ਬਦਾਂ ਦੇ ਉਦਾਹਰਣ ਪੇਸ਼ ਕੀਤੇ ਜਾ ਸਕਦੇ ਹਨ। ਮਹਾਰਿਖੀ ਯਾਸਕ ਦੀ ਨਿਰੁਕਤ ਦੇ ਕਥਨ ਅਨੁਸਾਰ ਪੁਰਸ਼ ਸ਼ਬਦ ਪਹਿਲੇ ਪਹਿਲ ਸਤ ਚਿਤ ਆਨੰਦ (ਸੱਚਦਾ ਨੰਦ) ਰੂਪ ਪਾਰਬ੍ਰਹਮ ਪ੍ਰਮੇਸ਼ਵਰ ਦੇ ਅਰਥਾਂ ਵਿਚ ਲਿਆ ਜਾਂਦਾ ਸੀ, ਜਿਵੇਂ ਕਿ 'ਪੁਰਸ਼ ਸੂਕਤ' ਨਾਮੀ ਸੰਸਕ੍ਰਿਤ ਪੁਸਤਕ ਵਿਚੋਂ ਇਸ ਸ਼ਬਦ ਦੇ ਇਹੋ ਅਰਥ ਸਪਸ਼ਟ ਹੁੰਦੇ ਹਨ, ਪਰ ਫੇਰ ਇਹ ਸ਼ਬਦ ਧੀਰੇ ਧੀਰੇ ਮਨੁੱਖ ਦੇ ਅਰਥਾਂ ਵਿਚ ਵਰਤੀਣ ਲੱਗ ਪਿਆ। ਏਕਣ ਹੀ ਸੰਸਕ੍ਰਿਤ ਦਾ ਗਣਿਕਾ ਸ਼ਬਦ ਵੀ ਵਾਹੀਕ (ਪੰਜਾਬ) ਦੇਸ ਦੇ ਗਣਤੰਤ੍ਰ ਰਾਜ ਦਰਬਾਰਾਂ ਦੀ ਦਰਬਾਰੀ ਨਾਚੀ ਦੇ ਅਰਥ ਰਖਦਾ ਸੀ। ਇਹ ਗਣਿਕਾ ਨਾਮਕ ਦਰਬਾਰੀ ਨਾਚੀਆਂ ਮਹਾਂ ਭਾਰਤ ਕਾਲ ਵਿਚ, ਅੱਜ ਕਲ ਦੀਆਂ ਫਿਲਮ ਸਟਾਰਾਂ ਵਾਂਗੂ ਹਮੇਸ਼ਾਂ ਉੱਚੀ ਕੁਲ ਦੀਆਂ ਚੰਗੇ ਚਾਲ ਚਲਣ ਵਾਲੀਆਂ ਹੁੰਦੀਆਂ ਸਨ। ਰਾਜ-ਦਰਬਾਰਾਂ ਵਿਚ ਇਹਨਾਂ ਦਾ ਨਾਚ

ਉਸ ਸਮੇਂ ਨੀਵਾਂ ਕੰਮ ਨਹੀਂ ਸੀ ਗਿਣਿਆ ਜਾਂਦਾ, ਪਰ ਪਿਛੋਂ ਜਦ ਉਹ ਗਣ-ਰਾਜ ਖਤਮ ਹੋ ਗਏ ਤਾਂ ਗਣਿਕਾ ਦੇ ਅਰਥ ਅਜਿਹੇ ਬਦਲੇ ਕਿ ਗਣਿਕਾ ਦੀ ਥਾਵੇਂ ਗਣ (ਬਹੁਤ ਪਤੀਆਂ ਵਾਲੀਆਂ ਨਿਰੀਆਂ ਵੇਸਵਾਂ ਬਜ਼ਾਰੀ) ਔਰਤਾਂ ਹੀ ਮੰਨੀਆਂ ਜਾਣ ਲਗ ਪਈਆਂ, ਏਸੇ ਕਾਰਣ :

ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ .. (ਗਉੜੀ ਨਾਮਦੇਵ)
ਗਨਿਕਾ ਉਧਰੀ ਹਰਿ ਕਹੈ ਤੋਤ... (ਬਸੰਤ ਆਸਾ ਮ: ੫)
ਜਿਹ ਸਿਮਰਤ ਗਨਕਾ ਸੀ ਉਧਰੀ... (ਸੋਰਠਿ ਮ: ੯)

ਆਦਿ ਸ਼ਬਦਾਂ ਵਿਚ ਗਨਿਕਾ ਸ਼ਬਦ ਇਕ ਪ੍ਰਕਾਰ ਬਾਜ਼ਾਰੂ ਔਰਤਾ ਦੇ ਨਾਂ ਨਾਲ ਮਨਸੂਬ ਹੋ ਗਿਆ। ਮਹਾਂ ਕਵੀ ਭਾਈ ਗੁਰਦਾਸ ਨੇ ਵੀ ਗਨਿਕਾ ਸ਼ਬਦ ਦਾ ਇਹੋ ਅਰਥ ਲਿਆ ਹੈ :

ਗਨਿਕਾ ਪਾਪਣਿ ਹੋਇ ਕੈ ਪਾਪਾਂ ਦੀ ਗਲਿ ਹਾਰੁ ਪਰੋਤਾ ॥(ਵਾਰ ੧੦/੨੧)

ਨਾ ਕੇਵਲ ਇਹ ਗਨਿਕਾ ਸ਼ਬਦ ਹੀ, ਸਗੋਂ ਸੰਸਕ੍ਰਿਤ ਦਾ ਨਾਯਕ (ਨਾਇਕ) ਸ਼ਬਦ, ਜੋ ਪੁਰਾਤਨ ਕਾਲ ਵਿਚ ਇਕ ਜੰਗੀ ਸਿਪਾਹ-ਸਲਾਰ ਜਾਂ ਫੌਜੀ ਕਮਾਂਡਰ ਦੀ ਥਾਵੇਂ ਵਰਤਿਆ ਜਾਂਦਾ ਸੀ, ਜਿਵੇਂ ਕਿ ਵੀਰ ਨਾਇਕ ਸਰਦਾਰ ਹਰੀ ਸਿੰਘ ਨਲੂਆ ਦੀ ਪਦਵੀ ਸੀ, ਪਰ ਫੇਰ ਅੰਗਰੇਜ਼ੀ ਰਾਜ ਹੋਣ ਤੇ ਨਾਇਕ ਪਦਵੀ ਇਕ ਮਾਮੂਲੀ ਫੌਜੀ ਆਦਮੀ ਨੂੰ, ਜੋ ਕਿ ਆਮ ਸਿਪਾਹੀ ਤੋਂ ਜ਼ਰਾ ਉਪਰ ਰੁਤਬਾ ਰੱਖਦਾ ਸੀ, ਦਿਤੀ ਜਾਣ ਲੱਗ ਪਈ ਤੇ ਹਵਾਲਦਾਰ ਦਾ ਦਰਜਾ ਨਾਇਕ ਤੋਂ ਉਪਰ ਗਿਣਿਆ ਜਾਣ ਲੱਗਾ। ਸੋ ਇਸੇ ਤਰ੍ਹਾਂ ਜੇ ਉਚੇ ਰੁਤਬੇ ਦਾ ਚੂੜਾ ਜਾਂ ਚੂੜਾਮਣੀ ਸ਼ਬਦ ਵੀ ਜਾਤ ਪਾਤ ਦੇ ਘੁੰਮਣ ਘੇਰ ਵਿਚ ਫਸ ਕੇ ਆਪਣੀ ਉੱਚੀ ਕੁਰਸੀ ਤੋਂ ਥੱਲੇ ਜਾ ਪਿਆ ਤਾਂ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ।

ਜਾਤੀ ਅਦਲੀ ਬਦਲੀਆਂ ਤੇ ਹੋਰ ਉੱਚ-ਨਿਵਾਣਾ

ਪ੍ਰਾਚੀਨ ਕਾਲ ਵਿਚ ਜਦ ਵਰਣ ਵਿਵਸਥਾ ਵਿਗੜਨ ਤੇ ਅਨੁਲੋਮ ਤੇ ਪ੍ਰਤਿਲੋਮ ਜਾਤਾਂ ਬਣੀਆਂ, ਜਿਵੇਂ ਕਿ ਇਸ ਪੁਸਤਕ ਦੇ ਮੁੱਢ ਵਿਚ ਦਸਿਆ ਗਿਆ ਹੈ, ਤਾਂ ਮਹਾਰਿਖੀਆਂ ਦਾ ਇਕ ਧਾਰਮਿਕ ਵਿਧਾਨ ਇਹ ਵੀ ਸੀ ਕਿ ਕੋਈ ਇਕ ਜਾਤੀ ਦਾ ਪੁਰਸ਼ ਆਪਣੀ ਇੱਛਾ ਜਾਂ ਕਰਣੀ-ਕਮਾਈ ਦੇ ਕਾਰਣ ਕਿਸੇ ਦੂਜੀ ਉੱਚੀ ਜਾਂ ਨੀਵੀ ਜਾਤੀ ਵਿਚ ਜਾ ਰਲਦਾ ਸੀ, ਜਿਵੇਂ ਕਿ ਇਕ ਥਾਵੇਂ ਮਹਾਭਾਰਤ

ਦੇ ਕਰਣ ਪਰਬ ਅਧਿਆਇ ੪੫ ਵਿਚ ਵਾਹੀਕ ਦੇਸ਼ (ਪੰਜਾਬ) ਦੀਆਂ ਜਾਤਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ :

तत्र वै ब्राह्मणो भूत्वा ततो भवति क्षत्रियः ।
वैश्यः शूद्रश्च वाहीकस्ततो भवति नापतिः ॥६॥
नापितश्च ततो भूत्वा पुनर्भवति ब्राह्मणः ।
छिजो भूत्वा च तत्रैव पुनर्दासोऽभिजायते ॥७॥

ਅਰਥਾਤ—ਉਸ ਦੇਸ਼ (ਪੰਜਾਬ) ਵਿਚ ਇਕੋ ਹੀ ਵਾਹੀਕ ਪਹਿਲਾਂ ਬ੍ਰਾਹਮਣ ਹੋ ਕੇ ਫੇਰ ਛਤ੍ਰੀ ਹੁੰਦਾ ਹੈ। ਪਿਛੋਂ ਫੇਰ ਉਹੋ ਸ਼ੂਦਰ ਤੇ ਵੈਸ਼ਯ ਵੀ ਬਣ ਜਾਂਦਾ ਹੈ। ਇਸ ਤੋਂ ਪਿਛੋਂ ਨਾਈ ਰੂਪ ਧਾਰਨ ਕਰ ਲੈਂਦਾ ਹੈ। ਇਸ ਤਰ੍ਹਾਂ ਨਾਈ ਹੋ ਕੇ ਫੇਰ ਬ੍ਰਾਹਮਣ ਹੋ ਜਾਣਾ ਤੇ ਬ੍ਰਾਹਮਣ ਹੋਣ ਤੇ ਉਸ ਨੇ ਦਾਸ (ਵੈਸ਼ਯ) ਬਣ ਜਾਣਾ ਇਕ ਸਾਧਾਰਣ ਜਾਤੀ ਪ੍ਰੀਵਰਤਨ ਹੈ। ਪਰ ਅਜਿਹੇ ਵਾਹੀਕ (ਪੰਜਾਬੀ) ਲੋਕਾਂ ਦੇ ਮੁਕਾਬਲੇ ਤੇ ਵਰਤਮਾਨ ਹਰਿਆਣਾ ਪ੍ਰਾਂਤ ਤੋਂ ਸ਼ੁਰੂ ਹੋ ਕੇ ਕਰੂ, ਪੰਚਾਲ, ਮਤਸਯ, ਨੇਮਿਖ, ਕੌਸ਼ਲ, ਕਾਸ਼ੀ, ਅੰਗ, ਕਲਿੰਗ, ਸ਼ਾਲਵ ਤੇ ਜੇਦੀ ਦੇਸ਼ਾਂ ਦੇ ਵਡਭਾਗੀ ਲੋਕ, ਜੋ ਇਸ ਜਾਤੀ ਪ੍ਰੀਵਰਤਨ ਵਿਚ ਨਹੀਂ ਫਸਦੇ ਤੇ ਸਨਾਤਨ ਧਰਮ ਨੂੰ ਅਪਨਾਉਂਦੇ ਹਨ, ਸਾਰੇ ਹੀ ਸਰੇਸ਼ਟ ਤੇ ਭਾਗਵਾਨ ਹਨ।

ਇਸੇ ਕਾਰਣ ਮਹਾਂਭਾਰਤਕਾਰ ਨੇ ਸਪੱਸ਼ਟ ਲਿਖਿਆ ਹੈ ਕਿ :

क्षत्रियस्य मलं भैक्ष्यं ब्राह्मणस्यःश्रुतं मलम् ।
मलं पृथिव्या बाही काः स्त्रीयां मद्रस्त्रियो मलम् ॥२३॥

ਅਰਥਾਤ ਛੱਤ੍ਰੀਆਂ ਦੀ ਮੈਲ ਹੈ ਭੀਖ ਮੰਗਣਾ, ਬ੍ਰਾਹਮਣ ਦੀ ਮੈਲ ਹੈ ਵੇਦਿਕ ਕਰਮਾਂ ਤੋਂ ਵਿਹੀਨ ਹੋਣਾ, ਸਾਰੀ ਪ੍ਰਿਥਵੀ (ਧਰਤੀ) ਦੀ ਮੈਲ ਹਨ ਵਾਹੀਕ (ਪੰਜਾਬੀ) ਲੋਕ ਤੇ ਸਾਰੀਆਂ ਇਸਤ੍ਰੀਆਂ ਦੀ ਮੈਲ ਹਨ ਮਦ੍ਰ ਦੇਸ਼ (ਮਾਝੇ) ਦੀਆਂ ਇਸਤ੍ਰੀਆਂ, ਕਹਿਕੇ ਸਾਰੇ ਪੰਜਾਬ ਨੂੰ ਵਰਣ ਵਿਵਸਥਾ ਤੋਂ ਹੀਣਾ ਤੇ ਜਾਤੀ ਨੁਕਤਾ-ਨਿਗਾਹ ਤੋਂ ਭ੍ਰਸ਼ਟ ਕਹਿ ਕੇ ਨਿੰਦਿਆ ਹੈ।

ਸੋ ਇਸੇ ਜਾਤੀ ਪ੍ਰੀਵਰਤਨ ਦੇ ਨਤੀਜੇ ਵਜੋਂ, ਜੋ ਕਿ ਉਸ ਸਮੇਂ ਵਾਹੀਕ (ਪੰਜਾਬ) ਦੇਸ਼ ਦੇ ਲੋਕਾਂ ਵਿਚ ਆਮ ਪ੍ਰਚਲਤ ਸੀ, ਬਾਲਮੀਕ ਰਾਮਾਇਣ ਦਾ ਲੇਖਕ ਮਹਾਰਿਖੀ ਬਾਲਮੀਕ ਜਨਮ ਤੋਂ ਧਾਣਕ ਅਥਵਾ ਮਜ਼੍ਹਬੀ ਹੋਣ ਦੇ ਬਾਵਜੂਦ ਆਪਣੇ ਤਪ-ਬਲ ਦੇ ਕਾਰਣ ਬ੍ਰਾਹਮਣ ਸੀ ਤੇ ਹੋਰ ਸਾਰੇ ਭਾਈ ਬੰਧ ਵੀ ਬ੍ਰਾਹਮਣ

ਹੀ ਸਨ ਜੋ ਕਿ ਹੁਣ ਤਕ ਵਾਲਮੀਕੀ ਬ੍ਰਾਹਮਣ ਨਾਂ ਨਾਲ ਪ੍ਰਸਿੱਧ ਹਨ। ਸਬੂਤ ਲਈ ਦੇਖੋ, ਜਾਤਿ ਭਾਸਕਰ ਕ੍ਰਿਤ ਪੰਡਤ ਜਵਾਲਾ ਪ੍ਰਸ਼ਾਦ ਮਿਸ਼ਰ ਅਤੇ ਬ੍ਰਾਹਮਣੋ ਤੱਪਤੀ ਮਾਰਤੰਡ ਗ੍ਰੰਥ ਵਿਚੋਂ ਬਾਲਮੀਕੀ ਬ੍ਰਾਹਮਣ ਤੇ ਉਹਨਾਂ ਦੇ ਫੁਟਕਲ ਜਾਤਿ ਗੋਤ।

ਇਸ ਤਰ੍ਹਾਂ ਪੁਰਾਣਿਕ ਕਾਲ ਤੇ ਮਹਾਂਭਾਰਤ ਕਾਲ ਤੋਂ ਪਿਛੋਂ ਰਾਜਪੂਤ ਕਾਲ ਵਿਚ ਧਾਣਕ ਜਾਤੀ ਵਿਚੋਂ ਬਹੁ-ਗਿਣਤੀ ਦੇ ਲੋਕ ਛਤ੍ਰੀਆਂ ਨਾਲ ਇਕ-ਮਿਕ ਹੋ ਕੇ ਗੱਖੜ, ਖੋਖਰ, ਗਿੱਲ ਆਦਿ ਜਾਤਾਂ ਵਿਚ ਕਿਵੇਂ ਗਿਣੇ ਗਏ ਤੇ ਫੇਰ ਖੋਖਰਾਂ ਵਿਚੋਂ ਹੀ ਧਾਣਕ, ਲੋਕਾਂ ਦੇ ਸਿਰ ਕੱਟ ਕੇ ਪੰਜਾਬ ਦੇ ਖੁਖਰਾਇਣ ਖਤ੍ਰੀ ਤੇ ਉਹਨਾਂ ਦੇ ਰਾਜਪੂਤ ਸੰਬੰਧੀ ਕਿਵੇਂ ਜ਼ਹੂਰ ਵਿਚ ਆਏ, ਇਹ ਹੋਰ ਵੀ ਇਤਿਹਾਸਿਕ ਨੁਕਤਾ ਨਿਗਾਹ ਤੋਂ ਸੋਚਣ ਤੇ ਵਿਚਾਰਨ ਯੋਗ ਮਸਲਾ ਹੈ, ਇਸ ਲਈ ਪੰਜਾਬ ਅਤੇ ਹਿੰਦੁਸਤਾਨ ਦੇ ਇਸ ਜਾਤੀ ਪ੍ਰੀਵਰਤਨ ਨੂੰ ਅੱਖੋਂ ਉਹਲੇ ਰੱਖ ਕੇ ਇਹ ਦਾਅਵਾ ਕਰਨਾ ਕਿ ਧਾਣਕ, ਮਜ਼ਹਬੀ ਜਾਂ ਰੰਘਰੇਟੇ ਲੋਕ ਰਾਜਪੂਤਾਂ ਤੇ ਖਤ੍ਰੀਆਂ ਜਾਂ ਹੋਰ ਜਾਤਾਂ ਦੇ ਮੁਕਾਬਲੇ ਤੇ ਨੀਵੇਂ ਹਨ, ਇਹ ਇਕ ਪਾਸੜ ਜਿਹੀ ਦਲੀਲ ਕਿਸੇ ਪਹਿਲੂ ਤੋਂ ਵੀ ਮੰਨਣ ਯੋਗ ਨਹੀਂ ਕਹੀ ਜਾ ਸਕਦੀ। ਇਸੇ ਕਾਰਣ ਮਜ਼ਹਬੀ ਜਾਂ ਰੰਘਰੇਟੇ ਪੰਜਾਬ ਦੇ ਆਦਿ ਵਾਸੀ ਹੋਣ ਕਰ ਕੇ ਨਾ ਕੇਵਲ ਇਸ ਧਰਤੀ ਦੇ ਅਸਲ ਮਾਲਕ ਹੀ ਹਨ, ਸਗੋਂ ਇਨਸਾਨੀਅਤ ਦੇ ਪੱਖੋਂ ਜਨ-ਸਮਾਜ ਵਿਚ ਹੋਰ ਉੱਚੀਆਂ ਜਾਤਾਂ ਦੇ ਮੁਕਾਬਲੇ ਤੇ ਉਨਾਂ ਹੀ ਉੱਚਾ ਤੇ ਬੁਲੰਦ ਦਰਜਾ ਰੱਖਦੇ ਹਨ ਜਿਸ ਨੂੰ ਕਦੇ ਤੇ ਕਿਸੇ ਹਾਲਤ ਵਿਚ ਵੀ ਝੁਠਲਾਇਆ ਨਹੀਂ ਜਾ ਸਕਦਾ।

ਭੂਤ-ਕਾਲ ਤੋਂ ਅਜੋਕੇ ਸਮੇਂ ਤਕ ਇਕ ਨਾਟਕੀ ਪ੍ਰਗਤੀ

ਭਾਰਤ ਤਥਾ ਪੰਜਾਬ ਦੇ ਸਭਿਆਚਾਰਕ ਦ੍ਰਿਸ਼ਟੀਕੋਣ ਤੋਂ ਧਾਣਕ ਅਥਵਾ ਰੰਘਰੇਟਾ ਜਾਤੀ ਦਾ ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ, ਪ੍ਰਾਗੈਤਿਹਾਸਿਕ ਕਾਲ ਅਥਵਾ ਭੂਤ ਕਾਲ ਚਾਹੇ ਕਿਤਨਾ ਵੀ ਉਤਸ਼ਾਹ-ਜਨਕ ਤੇ ਕਾਬਲਿ-ਰਿਸ਼ਕ ਸੀ, ਪਰ ਪਿਛੋਂ ਛੇਤੀ ਹੀ ਇਸ ਦੇ ਪ੍ਰਾਧੀਨ ਹੋਣ ਤੇ ਇਸ ਦਾ ਅਸੁਰ ਕਾਲ, ਦਾਸ ਕਾਲ ਜਾਂ ਅਛੂਤ-ਕਾਲ, ਜਿਸ ਵਿਚ ਇਹ ਜਾਤੀ ਇਕ ਧਾਣਕ ਅਥਵਾ ਧਨੁਖ-ਧਾਰੀ ਵੀਰ ਜਾਤੀ ਹੋਣ ਦੇ ਬਾਵਜੂਦ ਜਾਤੀ ਵੰਡ ਦੇ ਖੂਹ ਵਿਚ ਸੁੱਟ ਕੇ ਹਮੇਸ਼ਾਂ ਲਈ ਪੂਰੀ ਤਰ੍ਹਾਂ ਪਛਾੜ ਕੇ ਅਛੂਹ ਸੂਦ੍ਰ ਕਰਾਰ ਦਿਤੀ ਗਈ, ਕਦੇ ਭੁਲਾਇਆ ਨਹੀਂ ਜਾ ਸਕਦਾ, ਉਸੇ ਸਮੇਂ ਜਿਸ ਤਰ੍ਹਾਂ ਕਿ ਮਨੂ ਭਗਵਾਨ ਦਾ ਕਥਨ ਹੈ, ਵਸਦੇ-

ਰਸਦੇ ਨਗਰਾਂ ਤੋਂ ਬਾਹਰ ਟੱਪਰੀ-ਵਾਸਾਂ ਵਾਂਗੂੰ ਨਿਰੋਲ ਬਨ-ਵਾਸੀ ਜੀਵਨ ਗੁਜ਼ਾਰਦਿਆਂ ਹੋਇਆਂ ਗੁਰੂ ਨਾਨਕ ਦੇ ਕਥਨ ਮੁਤਾਬਕ :

ਏਕੁ ਸੁਆਨੁ ਦੁਇ ਸੁਆਨੀ ਨਾਲਿ ॥
ਭਲਕੇ ਭਉਕਹਿ ਸਦਾ ਬਇਆਲੁ ॥ (ਮਹਲਾ ੧)

ਤੋਂ ਸਿਵਾਇ ਹੋਰ ਜੀਵਨ-ਚੱਜ ਕੋਈ ਨਹੀਂ ਸੀ। ਬਸ, ਫਿਰ ਇਸ ਗਰੀਬੀ ਦੀ ਹਾਲਤ ਵਿਚ ਚੰਡਾਲ ਪਦਵੀ ਧਾਰਨ ਕਰ ਕੇ ਸਮੇਂ ਦੀਆਂ ਸਰਕਾਰਾਂ ਦੇ ਅਧੀਨ ਅਪਰਾਧੀਆਂ ਨੂੰ ਮ੍ਰਿਤੂ-ਦੰਡ ਦੇਣਾ ਜਾਂ ਫਿਰ ਮੈਲੇ-ਕੁਚੈਲੇ ਵਸਤਰ ਧਾਰਣ ਕਰ ਹੱਥਾਂ ਵਿਚ ਝਾੜੂ ਫੜ ਕੇ ਉੱਚੀ ਪੱਧਰ ਦੇ ਸਰਮਾਏਦਾਰ ਲੋਕਾਂ ਦੇ ਘਰਾਂ ਅਥਵਾ ਗਲੀ-ਕੂਚਿਆਂ ਦੀ ਸਫਾਈ ਕਰਨਾ, ਬਸ ਇਹੋ ਇਕ ਇਹਨਾਂ ਇਨਸਾਨਾਂ ਦੀ ਜ਼ਿੰਦਗੀ ਦਾ ਰੁਜ਼ਗਾਰ ਸੀ। ਇਸ ਹਾਲਤ ਵਿਚ ਪਹਿਲਾਂ ਜਗਤ-ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਨੌਂ ਗੁਰੂ ਸਾਹਿਬਾਨ ਤੇ ਫੇਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਇਸ ਖਾਨਦਾਨ ਦੇ ਆਗੂ ਭਾਈ ਜੈਤਾ ਜੀ ਨੂੰ ਬੜੇ ਪਿਆਰ ਸਤਿਕਾਰ ਨਾਲ 'ਰੰਘਰੇਟੇ ਗੁਰੂ ਕੇ ਬੇਟੇ' ਦੀ ਉੱਚ ਪਦਵੀ ਪ੍ਰਦਾਨ ਕਰ ਕੇ ਨਿਵਾਜਨਾ ਇਕ ਤਾਰੀਖੀ ਇਨਕਲਾਬ ਲਿਆਉਣ ਵਾਲੀ ਗੱਲ ਸੀ, ਜਿਸ ਕਾਰਣ ਉਹੋ ਭਾਈ ਜੈਤਾ ਬਾਬਾ ਜੀਵਨ ਸਿੰਘ ਦੇ ਰੂਪ ਵਿਚ 'ਰੰਘਰੇਟਾ ਗੁਰੂ ਕਾ ਬੇਟਾ' ਬਣ ਇਕ ਪੰਜਵੇਂ ਸਾਹਿਬਜ਼ਾਦੇ ਦੀ ਸ਼ਕਲ ਵਿਚ ਜੀਵਨ ਭਰ ਕਿਵੇਂ ਗੁਰੂ ਪਾਤਸ਼ਾਹ ਦਾ ਹਮ-ਰਕਾਮ ਹੋ ਕੇ ਨਿਭਿਆ ਤੇ ਉਸ ਤੋਂ ਪਿਛੋਂ ਉਸ ਦੇ ਬਹਾਦੁਰ ਖਾਨਦਾਨ ਨੇ ਹਮੇਸ਼ਾ ਗੁਰੂ ਖਾਲਸੇ ਦੇ ਅੰਗ ਸੰਗ ਰਹਿ ਕੇ ਕਿਵੇਂ ਅਦੁੱਤੀ ਕੁਰਬਾਨੀਆਂ ਦਿਤੀਆਂ ਤੇ ਦੇਸ਼ ਕੌਮ ਦਾ ਨਾਮ ਰੋਸ਼ਨ ਕਰ ਕੇ ਗੁਰੂ ਪੰਥ ਨੂੰ ਉਚਿਆਇਆ, ਉਹ ਹਮੇਸ਼ਾ ਪੰਥਕ ਇਤਿਹਾਸ ਵਿਚ ਇਕ ਸ਼ਾਨਦਾਰ ਅਧਿਆਇ ਹੋਣ ਦੇ ਕਾਰਣ ਸੁਨਹਿਰੀ ਅੱਖਰਾਂ ਵਿਚ ਲਿਖਣ ਦੇ ਯੋਗ ਹੈ। ਇਸੇ ਕਾਰਣ ਰੰਘਰੇਟੇ ਸਿੰਘ ਹਮੇਸ਼ਾ ਗੁਰੂ ਪੰਥ ਦਾ ਜੀਵਨ-ਅੰਗ ਬਣਦੇ ਚਲੇ ਆ ਰਹੇ ਹਨ, ਜਿਨ੍ਹਾਂ ਨੂੰ ਅਜੇ ਤਕ ਕੋਈ ਸ਼ਕਤੀ ਨਿਖੇੜਨ ਵਿਚ ਸਮਰਥ ਨਹੀਂ ਹੋਈ।

ਇਹ ਜੋ ਰੰਘਰੇਟਾ ਜਾਤੀ ਦੀ ਇਕ ਨਾਟਕੀ ਪ੍ਰਗਤੀ ਜਿਸ ਦੇ ਪ੍ਰਦਰਸ਼ਨ ਸਮੇਂ ਪ੍ਰਸਪਰ ਬਦਲਵੇਂ ਤੇ ਵੱਖੋ-ਵੱਖ ਰੰਗ-ਮੰਚ ਤੇ ਆਉਣ ਤੇ ਹਰ ਥਾਵੇਂ ਸਫਲਤਾ ਹੀ ਦੇਖਣ ਵਿਚ ਆਈ ਅਤੇ ਕਲਾ ਦੇ ਪੱਖੋਂ ਕਦੇ ਕੋਈ ਫਰਕ ਪੈਂਦਾ ਨਜ਼ਰ ਨਹੀਂ ਆਇਆ ਜੋ ਇਸ ਦੇ ਹਰੇਕ ਪਾਤਰ ਦੀ ਕਾਰਜ-ਕੁਸ਼ਲਤਾ ਦਾ ਸੂਚਕ ਹੀ ਕਹਿਣਾ ਜੋਗ ਹੈ।

ਇਹ ਤਾਂ ਹੋਇਆ ਰੰਘਰੇਟਾ ਅਥਵਾ ਮਜ਼ਹਬੀ ਸਿਖ ਖਾਨਦਾਨ ਦੇ ਭੂਤ ਕਾਲ ਤੇ ਵਰਤਮਾਨ ਕਾਲ ਦਾ ਤਾਰੀਖੀ ਪ੍ਰਦਰਸ਼ਨ ਤੇ ਹੁਣ ਇਸ ਤੋਂ ਅਗੇ ਲਓ ਇਸ ਅਗਾਂਹ-ਵਧੂ ਤੇ ਜਮਾਂਦਰੂ ਸੈਨਿਕ ਵੰਸ ਦਾ ਭਵਿੱਖ ਕਾਲ। ਪ੍ਰਾਚੀਨ ਤੇ ਮੱਧਵਰਤੀ ਕਾਲ ਵਿਚ ਧਾਨਕ ਅਥਵਾ ਮਜ਼ਹਬੀ ਲੋਕ ਆਮ ਤੌਰ ਤੇ ਸੌ ਫੀ ਸਦੀ ਬਹੁਤੇ ਅਨਪੜ੍ਹ ਹੀ ਹੁੰਦੇ ਸਨ ਤੇ ਵਿਦਿਆ ਪ੍ਰਾਪਤ ਕਰਨ ਦਾ ਉਹਨਾਂ ਵਿਚੋਂ ਬੜੇ ਥੋੜੇ ਲੋਕਾਂ ਨੂੰ ਮੌਕਾ ਮਿਲਦਾ ਸੀ। ਸਿਖ ਰਾਜ ਤੇ ਅੰਗਰੇਜ਼ੀ ਅਮਲਦਾਰੀ ਵਿਚ ਮਜ਼ਹਬੀ ਸਿਖਾਂ ਦੀ ਫੌਜੀ ਭਰਤੀ ਹੋਣ ਦੇ ਬਾਵਜੂਦ ਵਿਦਿਅਕ ਤੇ ਸਮਾਜਿਕ ਤਰੱਕੀ ਵਿਚ ਉਹ ਆਪਣੀ ਗਰੀਬੀ ਕਾਰਣ ਬਹੁਤੇ ਪਛੜੇ ਹੀ ਰਹੇ। ਫੇਰ ਸੰਨ ੧੯੪੭ ਵਿਚ ਦੇਸ਼ ਦੇ ਅਜ਼ਾਦ ਹੋਣ ਤੇ ਭਾਰਤ ਸਰਕਾਰ ਨੇ ਵਿਦਿਅਕ ਤੇ ਸਮਾਜਕ ਉੱਨਤੀ ਲਈ ਚੂੰਕਿ ਪੱਛੜੀਆਂ ਸ਼੍ਰੇਣੀਆਂ ਵਾਸਤੇ ਉੱਨਤੀ ਦੇ ਬੂਹੇ ਪੂਰੀ ਤਰ੍ਹਾਂ ਖੋਹਲ ਦਿਤੇ ਹਨ, ਤੇ ਛੂਆ ਛਾਤ ਦਾ ਵਹਿਮ ਵੀ, ਜਿਸ ਨੂੰ ਤੋੜਨ ਲਈ ਸੰਨ ੧੮੮੦ ਈ: ਤੋਂ ਸਿੰਘ ਸਭਾ ਲਹਿਰ ਦੇ ਪ੍ਰਚਾਰ ਕਾਰਣ ਕਾਫੀ ਜਦੋ-ਜਹਿਦ ਹੋ ਰਹੀ ਸੀ, ਹੁਣ ਦੂਰ ਹੋ ਗਿਆ ਹੈ, ਇਸ ਲਈ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਨਾਲ ਹੀ ਮਜ਼ਹਬੀ ਸਿਖ ਵੀ ਹੁਣ ਪੂਰੇ ਜ਼ੋਰ-ਸ਼ੋਰ ਨਾਲ ਵਿਦਿਅਕ ਉੱਨਤੀ ਦੇ ਰਾਹ ਤੇ ਚਲ ਪਏ ਹਨ, ਜਿਸ ਕਾਰਣ ਪੜ੍ਹੇ-ਲਿਖੇ ਅਨੇਕਾਂ ਮਜ਼ਹਬੀ ਸਿਖ ਸਕੂਲਾਂ-ਕਾਲਜਾਂ ਦੇ ਅਧਿਆਪਕ ਯੂਨੀਵਰਸਿਟੀਆਂ ਦੇ ਉੱਚ ਕਰਮਚਾਰੀ, ਪੰਜਾਬ ਤੇ ਭਾਰਤ ਸਰਕਾਰ ਦੇ ਸਿਵਲ ਤੇ ਫੌਜੀ ਮਹਿਕਮਿਆਂ ਵਿਚ ਉੱਚ ਪਦਵੀਆਂ ਉਤੇ ਸੁਸ਼ੋਭਿਤ ਹੋ ਰਹੇ ਹਨ, ਜਿਹਨਾਂ ਵਿਚੋਂ ਬਹੁਤ ਸਾਰੇ ਉੱਨਤੀਸ਼ੀਲ ਮਜ਼ਹਬੀ ਸਿਖਾਂ ਯਥਾਕ੍ਰਮ ਵੇਰਵੇ ਯਥਾਸਥਾਨ ਪਿਛੇ ਇਸੇ ਖੋਜ-ਪੱਤ੍ਰ ਵਿਚ ਦਿਤੇ ਗਏ ਹਨ। ਪਾਠਕ ਉਥੋਂ ਉਹਨਾਂ ਬਾਰੇ ਸੰਖੇਪ ਰੂਪ ਵਿਚ ਸਾਰੇ ਹਾਲ ਵਾਚ ਕੇ ਇਸ ਸੰਬੰਧ ਵਿਚ ਸਹੀ ਅਨੁਮਾਨ ਲਗਾ ਸਕਦੇ ਹਨ।

ਇਸ ਦੇ ਨਾਲ ਹੀ ਏਥੇ ਇਕ ਇਹ ਗੱਲ ਵੀ ਨੋਟ ਕਰਨ ਯੋਗ ਹੈ ਕਿ ਕਰੜੇ ਜਾਤੀ-ਬੰਧਨ, ਜੋ ਅੱਜ ਤੋਂ ੩੦-੪੦ ਸਾਲ ਪਹਿਲਾਂ ਬੁਰੀ ਤਰ੍ਹਾਂ ਸਾਰੇ ਜਨ-ਸਮਾਜ ਦੇ ਗਲ ਦਾ ਹਾਰ ਬਣੇ ਹੋਏ ਸਨ, ਹੁਣ ਉਹ ਜਾਤੀ-ਬੰਧਨ ਇਸ ਹੱਦ ਤਕ ਟੁੱਟ ਗਏ ਹਨ ਕਿ ਛੂਤ-ਛਾਤ ਏਥੇ ਕੋਈ ਰਹਿ ਹੀ ਨਹੀਂ ਗਈ ਤੇ ਜੇ ਕੁਝ ਨਾਂ-ਮਾਤਰ ਰਹਿ ਵੀ ਗਈ ਹੈ ਤਾਂ ਉਹ ਬੜੀ ਤੇਜ਼ੀ ਨਾਲ ਆਪਣੇ ਆਪ ਅਣਾਯਾਸ ਹੀ ਦੂਰ ਹੁੰਦੀ ਜਾ ਰਹੀ ਹੈ। ਪ੍ਰਸਪਰ ਦੇ ਰਿਸ਼ਤੇ-ਨਾਤੇ ਪਹਿਲਾਂ ਸਿੰਘ ਸਭਾ ਲਹਿਰ ਦੇ ਸਮੇਂ

ਤੋਂ ਕੇਵਲ ਸਿਖਾਂ ਵਿਚ ਹੀ ਪ੍ਰਚਲਿਤ ਸਨ, ਪਰ ਪਿਛੋਂ ਆਰਯਾ ਸਮਾਜ ਦੇ ਨਾਲ ਹੀ ਹਿੰਦੂ ਸਮਾਜ ਵਿਚ ਵੀ, ਜਿਸ ਨੂੰ ਹਿੰਦੂ ਸਨਾਤਨੀ ਸਮਾਜ ਕਿਹਾ ਜਾਂਦਾ ਹੈ, ਆਮ ਹੋਣ ਲਗ ਪਏ ਹਨ। ਇਸ ਜਾਤੀ-ਬੰਧਨ ਨੂੰ ਤੋੜਨ ਲਈ ਸਾਡੇ ਉੱਚ ਵਰਗੀ ਜਨ-ਸਮਾਜ ਦਾ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਦਹੇਜ਼-ਪ੍ਰਥਾ ਨੂੰ, ਜੋ ਇਕ ਪ੍ਰਕਾਰ ਦਾ ਕੋਹੜ-ਕਲੰਕ ਬਣੀ ਹੋਈ ਸੀ, ਕਾਫੀ ਹਦ ਤਕ ਤੋੜਨ ਦੀ ਪਹਿਲ ਕੀਤੀ ਤੇ ਇਸ ਦੇ ਨਾਲ ਹੀ ਦਿਨੋ-ਦਿਨ ਵਧ ਰਹੇ ਵਿਦਿਆ ਪ੍ਰਚਾਰ ਨੇ ਇਸ ਜਾਤੀ-ਬੰਧਨ ਨੂੰ, ਕੱਟਣ ਲਈ ਹੋਰ ਵੀ ਰਾਹ ਮੋਕਲੇ ਕਰ ਦਿਤੇ ਹਨ। ਉਹ ਵਧੇਰੇ ਇਸ ਕਰ ਕੇ ਕਿ ਸਾਡੀ ਸਰਕਾਰ ਨੇ ਹਰੇਕ ਮਹਿਕਮੇ ਵਿਚ ਪੱਛੜੀਆਂ ਸ਼੍ਰੇਣੀਆਂ ਦੀ ਉੱਨਤੀ ਨੂੰ ਮੁੱਖ ਰੱਖ ਕੇ ਉਹਨਾਂ ਲਈ ਖਾਸ ਤੌਰ ਤੇ ਸੀਟਾਂ ਰੀਜ਼ਰਵ ਕਰ ਦਿਤੀਆਂ ਹਨ, ਤਾਕਿ ਉਹਨਾਂ ਸੀਟਾਂ ਉਤੇ ਹੋਰ ਜਾਤਾਂ ਦੇ ਸਿਫ਼ਾਰਸ਼ੀ ਲੋਕ ਮੱਲੋ-ਜ਼ੋਰੀ ਨਾ ਆ ਬੈਠਣ। ਇਸ ਕਾਰਨ ਹਰੇਕ ਵਿਅਕਤੀ ਲਈ ਰੁਜ਼ਗਾਰ ਦੇ ਜ਼ਰੀਏ ਇਕੋ ਜਹੇ ਹੋਣ ਕਰ ਕੇ ਨਾ ਕੇਵਲ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਹਾਲਤ ਹੀ ਸੁਧਰ ਗਈ ਹੈ, ਸਗੋਂ ਉਹ ਬੜੀ ਤੇਜ਼ੀ ਨਾਲ ਹੋਰ ਅਖੌਤੀ ਉੱਚ ਜਾਤਾਂ ਦੇ ਮੁਕਾਬਲੇ ਤੇ ਤਰੱਕੀ ਦੀ ਦੌੜ ਵਿਚ ਅੱਗੇ ਨਿਕਲ ਰਹੇ ਹਨ। ਇਹੋ ਕਾਰਣ ਹੈ ਕਿ ਕੇਵਲ ਰੰਘਰੇਟੇ ਸਿਖਾਂ ਵਿਚੋਂ ਹੀ, ਜਿਵੇਂ ਕਿ ਪਿਛੇ ਦਸਿਆ ਗਿਆ ਹੈ, ਹੋਰ ਪੱਛੜੀਆਂ ਜਾਤਾਂ ਦੇ ਲੋਕ ਵੀ ਜੀਵਨ-ਪਧਰ ਉੱਚੀ ਹੋਣ ਤੇ ਪ੍ਰੋਫੈਸਰ, ਟੀਚਰ, ਵਕੀਲ, ਐਡਵੋਕੇਟ, ਡਾਕਟਰ, ਮੁਨਸਿਫ, ਜੱਜ, ਡਾਇਰੈਕਟਰ, ਵਜ਼ੀਰ, ਮੇਜਰ, ਜਨਰਲ, ਕਰਨਲ, ਚੀਫ਼ ਇਨਸਪੈਕਟਰ, ਪੁਲਸ ਸੁਪ੍ਰੰਟੈਂਡੈਂਟ ਆਦਿ ਉੱਚ ਅਸਾਮੀਆਂ ਉਤੇ ਲਗੇ ਤੇ ਲੱਗਦੇ ਜਾ ਰਹੇ ਨਜ਼ਰ ਆਉਂਦੇ ਹਨ। ਇਸ ਲਈ ਇਹ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਨਿਕਟ ਭਵਿੱਖ ਉਹ ਦਿਨ ਦੂਰ ਨਹੀਂ ਜਦ ਕਿ ਪ੍ਰਾਚੀਨ ਦ੍ਰਾਵਿੜ ਕਾਲ ਵਾਂਗੂ ਰੰਘਰੇਟੇ ਲੋਕ ਨਾ ਕੇਵਲ ਚੂੜਾਮਣਿ ਸੈਨਾਪਤੀ ਆਦਿ ਉੱਚ ਅਹੁਦਿਆਂ ਤੇ ਹੀ ਤਾਇਨਾਤ ਹੋਣਗੇ, ਸਗੋਂ ਹੋਰ ਅਖੌਤੀ ਉੱਚੀਆਂ ਜਾਤਾਂ ਦੇ ਮੁਕਾਬਲੇ ਤੇ ਦੇਸ਼ ਦੇ ਪ੍ਰਧਾਨਗੀ ਪਦ ਤਕ ਵੀ ਪੁਜਣਗੇ, ਇਹੋ ਪੱਕੀ ਆਸ ਹੈ ਤੇ ਇਸ ਦੀ ਸਫਲਤਾ ਨੂੰ ਕਦੇ ਅਖੌਤੀ ਜਾਤੀ ਬੰਧਨਾਂ ਦੇ ਪਛੜੇਵੇਂ ਕਾਰਣ ਕਦੇ ਕਿਸੇ ਕਲਪਨਿਕ ਤੇ ਅਸੰਭਵ ਜਿਹੇ ਅਸਮਾਨੀ ਫੁੱਲ ਦੀ ਉਪਮਾ ਨਹੀਂ ਦਿਤੀ ਜਾ ਸਕਦੀ। ਇਸ ਲਈ ਰੰਘਰੇਟਾ ਜਾਤੀ ਦੇ ਉੱਜਲ ਭਵਿੱਖ ਦੀ ਇਹੋ ਇਕ ਸਾਫ ਤੇ ਸਪਸ਼ਟ ਜਿਹੀ ਝਲਕ ਸਾਨੂੰ ਆਪਣੇ ਸਾਹਮਣੇ ਸਾਫ਼ ਨਜ਼ਰ ਆਉਂਦੀ ਹੈ।

●


CELEBRATION COMMITTEE MEMBERS



Sitting from R to L : Messrs M. S. Bhinder, Advocate, Sampuran Singh Cheema, Advocate, G.S. Gill (Chairman), Bibi Rachhpal Kaur, Bibi Bhagwan Kaur, Amolak Singh Giani(President), P.B. Singh Doctor, K S. Mand, K.S. Mand, Doctor P.B. Singh


Standing from R to L : Messrs S.S. Heer (Treasurer), Bakhtawar Singh, M.S. Kohli, S. Bhullar, Ujjagar Singh Sahota, B.S. Gill, K.S. Nayyar, Sohan Singh Chhokar, Amarjit Singh Dhillon, R.S. Bhail (Secretary), Gurcharan Singh Khalsa (Gen. Secretary)

ਭਾਗ ਦੂਜਾ



ਗੁ: ਸ੍ਰੀ ਗੁਰੂ ਸਿੰਘ ਸਭਾ ਹੰਸਲੋ (ਇੰਗਲੈਂਡ) ਦੀ ਨਵੀਂ ਇਮਾਰਤ ਦੇ ਉਦਘਾਟਨ ਸਮੇਂ ਪੰਜ ਪਿਆਰਿਆਂ ਦਾ ਦ੍ਰਿਸ਼ ਜਿਹਨਾਂ ਵਿਚ ਜਥੇਦਾਰ ਕਰਤਾਰ ਸਿੰਘ ਜੀ, ਭਾਈ ਚਰਨ ਸਿੰਘ ਜੀ, ਭਾਈ ਹਰਜੀਤ ਸਿੰਘ ਜੀ, ਭਾਈ ਸੁਰਜਨ ਸਿੰਘ ਜੀ, ਭਾਈ ਅਜੀਤ ਸਿੰਘ ਜੀ।

ਅਮਰ ਸ਼ਹੀਦ
ਬਾਬਾ ਜੀਵਨ ਸਿੰਘ ਰੰਘਰੇਟਾ
ਅਤੇ ਉਸ ਦਾ ਖ਼ਾਨਦਾਨ



ਸਰਦਾਰ ਗੁਰਚਰਨ ਸਿੰਘ ਜਰਨਲਿਸਟ (ਯੂ. ਕੇ.)

ਮੁੱਢਲੀ ਜਾਣ-ਪਹਿਚਾਣ

ਅਮਰ ਸ਼ਹੀਦ ਬਾਬਾ ਜੀਵਨ ਸਿੰਘ ਰੰਘੜੇਟਾ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬੜੇ ਮਾਣ ਨਾਲ 'ਰੰਘੜੇਟੇ ਗੁਰੂ ਕੇ ਬੇਟੇ' ਦਾ ਸਨਮਾਨ ਮਿਲਿਆ। ਸਿਖ ਇਤਿਹਾਸ ਵਿਚ ਇਕ ਵਿਸ਼ੇਸ਼ ਸਥਾਨ ਰੱਖਣ ਵਾਲਾ ਆਪਣੇ ਸਮੇਂ ਦਾ ਅਜਿਹਾ ਮਹਾਨ ਵਿਅਕਤੀ ਹੋਇਆ ਹੈ ਜਿਸ ਦਾ ਮੁਕਾਬਲਾ ਕੋਈ ਜਣਾ-ਖਣਾ ਇਤਿਹਾਸਿਕ ਪਾਤਰ ਨਹੀਂ ਕਰ ਸਕਦਾ। ਮੇਰੇ ਪਰਮ ਸਨੇਹੀ ਮਿੱਤਰ ਸਰਦਾਰ ਗੁਰਚਰਨ ਸਿੰਘ ਜੀ ਜਰਨਲਿਸਟ ਲੰਡਨ ਨੇ, ਜੋ ਕਿ ਸਿੱਖਾਂ ਦੇ ਇਤਿਹਾਸ ਬਾਰੇ ਬੜੀ ਗਹਿਰੀ ਦਿਲਚਸਪੀ ਤੇ ਪ੍ਰੇਮ-ਭਾਵਨਾ ਰਖਦੇ ਹਨ, ਸੰਨ ੧੯੬੫ ਈ. ਦੇ ਮਹੀਨਾ ਨਵੰਬਰ ਵਿਚ ਜਦ ਲੰਡਨ ਤੋਂ ਆਪਣੇ ਸੱਜਣਾਂ-ਸਨੇਹੀਆਂ ਸਹਿਤ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਸਮੇਂ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਦੀ ਯਾਤਰਾ ਵਾਸਤੇ ਆਏ ਤਾਂ ਉਨ੍ਹਾਂ ਨੇ ਮੈਨੂੰ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਰੰਘੜੇਟੇ ਤੇ ਉਸ ਦੇ ਖਾਨਦਾਨ ਦੇ ਨਾਲ ਹੀ ਖੋਜ-ਸਹਿਤ ਮਜ਼ਹਬੀ ਸਿਖਾਂ ਦਾ ਇਤਿਹਾਸ ਲਿਖਣ ਵਾਸਤੇ ਕਿਹਾ। ਉਸ ਸਮੇਂ ਤਾਂ ਮੈਂ ਉਹਨਾਂ ਨੂੰ ਇਹ ਕੰਮ ਵਧੇਰੇ ਖੋਜ-ਤਲਬ, ਕਠਿਨ ਤੇ ਗਹਿਰਾ ਹੋਣ ਕਰ ਕੇ 'ਹਾਂ' ਨਾ ਕਰ ਸਕਿਆ, ਪਰ ਪਿਛੋਂ ਫੇਰ ਸੰਨ ੧੯੭੮ ਵਿਚ ਸਰਦਾਰ ਕਰਤਾਰ ਸਿੰਘ ਜੀ ਨੱਯਰ ਸਾਊਥ ਹਾਲ, ਲੰਡਨ ਵਾਲਿਆਂ ਨੇ ਉਤਸ਼ਾਹ ਦੇ ਕੇ ਇਸ ਬਾਰੇ ਮੈਥੋਂ 'ਹਾਂ' ਕਰਵਾ ਹੀ ਲਈ, ਜਿਸ ਕਰ ਕੇ ਪ੍ਰਸਪਰ ਅਹਿਦਨਾਮਾ ਹੋਣ ਤੇ ਪਹਿਲਾਂ ਤਾਂ ਇਹ ਕੰਮ, ਜਿਵੇਂ ਕਿ ਮੈਥੋਂ ਉਹਨਾਂ ਨੇ ਇਸ ਦਾ ਸਾਈਨਾਪਸਿਸ ਬਤੌਰ ਇਕ ਰੂਪ-ਰੇਖਾ ਦੇ ਬਣਵਾਇਆ, ਮਜ਼ਹਬੀ ਸਿਖਾਂ ਦਾ ਕਦੀਮੀ ਇਤਿਹਾਸ ਤੇ ਬਾਬਾ ਜੀਵਨ ਸਿੰਘ ਹੀ ਸੀ, ਪਰ ਫੇਰ ਪਿਛੋਂ ਜਦੋਂ ਇਹ ਪੁਸਤਕ ਤਿਆਰ ਹੋ ਗਈ ਤਾਂ ਸਰਦਾਰ ਕਰਤਾਰ ਸਿੰਘ ਨੱਯਰ ਹੋਰਾਂ ਆਪਣੀ ਇਸ ਸ਼ੁਭ ਇਛਾ ਉਤੇ ਜ਼ੋਰ ਦਿਤਾ ਕਿ 'ਅਮਰ ਸ਼ਹੀਦ ਬਾਬਾ ਜੀਵਨ ਸਿੰਘ ਰੰਘੜੇਟਾ ਤੇ ਉਸ ਦਾ ਖਾਨਦਾਨ' ਇਕ ਵੱਖਰੀ ਪੁਸਤਕ ਹੋਵੇ, ਤਾਕਿ ਉਪ੍ਰੋਕਤ ਇਤਿਹਾਸ ਦੇ ਨਾਲ ਹੀ ਇਹ ਵੀ ਸੁਤੰਤਰ ਰੂਪ ਵਿਚ ਇਤਿਹਾਸ-ਪ੍ਰੇਮੀ ਪਾਠਕਾਂ ਦੇ ਹੱਥਾਂ ਤਕ ਪਹੁੰਚਾਈ ਜਾਵੇ। ਸੋ ਮੈਂ ਉਹਨਾਂ ਦੀ ਇਹ ਇੱਛਾ ਵੀ ਇਸ ਪੁਸਤਕ ਦੇ ਰੂਪ ਵਿਚ ਪੂਰੀ ਕਰ ਦਿਤੀ।

ਇਸ ਪੁਸਤਕ ਦੇ ਕੁਲ ੨੧ ਕਾਂਡ ਹਨ। ਸਰਬ ਪ੍ਰਥਮ ਬਾਬਾ ਜੀਵਨ ਸਿੰਘ ਦੀ ਅਮਰ ਗਾਥਾ ਦੱਸਣ ਤੋਂ ਪਹਿਲਾਂ ਪ੍ਰਾਗੇਤਿਹਾਸਿਕ ਕਾਲ ਵਿਚ ਦ੍ਰਾਵਿੜਾਂ ਦੀ ਚੂੜਾਮਣੀ ਖਾਨਦਾਨ, ਜਿਸ ਦੀ ਉਤਪਤੀ ਆਰੀਆਂ ਦੇ ਏਥੇ ਆਉਣ ਤੋਂ ਪਹਿਲੇ ਦ੍ਰਾਵਿੜ ਸੈਨਿਕਾਂ ਦੇ ਰੂਪ ਵਿਚ ਹੋਈ ਤੇ ਫੇਰ ਆਰੀਆਂ ਦੇ ਆਉਣ ਸਾਰ ਜਦ ਸਰਮਾਏਦਾਰ ਦ੍ਰਾਵਿੜ ਮੋਹਨਜੂਦੜੋ, ਹੜੱਪਾ ਆਦਿ ਘੁੱਗ ਵੱਸਦੇ ਨਗਰ ਛੱਡ ਕੇ ਏਥੋਂ ਦੱਖਣੀ ਭਾਰਤ ਵਲ ਨੱਸੇ ਤਾਂ ਉਹੋ ਦ੍ਰਾਵਿੜ ਸੈਨਿਕ ਚੂੜਾਮਣੀ ਏਥੇ ਦਸਯੂ ਦਨੁਜ, ਦਾਨਵ, ਧਾਣਕ, ਯਾਤੁਧਾਨ ਆਦਿ ਨਾਮਾਂ ਨਾਲ ਪ੍ਰਸਿੱਧ ਹੋਣ ਤੇ ਜੰਗਲ ਵਾਸੀ ਹੋ ਕੇ ਵੀ ਆਰੀਆਂ ਨਾਲ ਪੂਰੀ ਤਰ੍ਹਾਂ ਸਨੱਧ-ਬੱਧ, ਸ਼ਸਤ੍ਰ-ਅਸਤ੍ਰਾਂ ਨਾਲ ਸਖਤ ਮੁਕਾਬਲੇ ਕਰਦੇ ਰਹੇ। ਏਸੇ ਕਾਰਣ ਪੁਰਾਣਿਕ ਗ੍ਰੰਥਾਂ ਵਿਚ ਦੇਵ-ਦਾਨਵਾਂ ਜਾਂ ਸੁਰਾਂ ਤੇ ਅਸੁਰਾਂ ਦੇ ਭਿਆਨਕ ਯੁੱਧ ਮਸ਼ਹੂਰ ਹਨ, ਜਿਨ੍ਹਾਂ ਦੇ ਹਵਾਲੇ ਚੰਡੀ ਦੀ ਵਾਰ, ਚੰਡੀ ਚਰਿਤ੍ਰਰੋਕਤੀ ਬਿਲਾਸ (ਦਸਮ ਗ੍ਰੰਥ) ਆਦਿ ਵਿਚੋਂ ਮਿਲਦੇ ਹਨ। ਪਰ ਇਹ ਸਖਤ ਤੋਂ ਸਖਤ ਮੁਕਾਬਲੇ ਪੇਸ਼ ਆਉਣ ਤੇ ਭੀ ਇਹ ਯੋਧੇ ਇਲਾਕਾ ਪੰਜਾਬ (ਵਾਹੀਕ) ਦੇਸ਼ ਛੱਡ ਕੇ ਹੋਰ ਥਾਵੇਂ ਨਹੀਂ ਗਏ।

ਫੇਰ ਵੈਦਿਕ ਕਾਲ ਤੇ ਪੁਰਾਣਿਕ ਕਾਲ ਗੁਜ਼ਰਨ ਤੇ ਜਦ ਮਹਾਂਭਾਰਤ ਤੋਂ ਪਿਛੋਂ ਰਾਜਪੂਤਾਂ ਦਾ ਸਮਾਂ ਆਇਆ ਤਾਂ ਇਹੋ ਧਾਣਕ ਜੋਧੇ ਖੋਖਰ ਨਾਂ ਨਾਲ ਮਸ਼ਹੂਰ ਹੋਏ ਤੇ ਪੰਜਾਬ ਦੇ ਰਾਜਪੂਤ ਹੁਕਮਰਾਨ ਮੰਨੇ ਗਏ। ਰੰਘੜ ਜਾਂ ਰੰਘੜੇਟੇ ਉਨ੍ਹਾਂ ਹੀ ਰਾਜਪੂਤਾਂ ਦੇ ਬੇਟੇ ਹੋਣ ਕਰ ਕੇ ਇਸ ਅੱਲ ਨਾਲ ਮਸ਼ਹੂਰ ਹੋਏ। ਪੰਜਾਬ ਦੇ ਖੋਖਰ ਰਾਜਪੂਤਾਂ ਵਿਚੋਂ ਸ਼ੇਖਾ ਖੋਖਰ ਤੇ ਉਸ ਦਾ ਪੁੱਤਰ ਦਸਰਥ ਖੋਖਰ, ਜਿਨ੍ਹਾਂ ਨੇ ਮੁਗਲਾਂ ਨਾਲ ਵੀ ਟੱਕਰ ਲਈ, ੨੩ਵੀਂ ਸਦੀ ਵਿਚ ਲਾਹੌਰ ਉਤੇ ਅਧਿਕਾਰ ਜਮਾ ਕੇ ਦਰਿਆ ਜਮਨਾ ਤਕ ਦੇ ਇਲਾਕੇ ਦੇ ਹੁਕਮਰਾਨ ਬਣ ਗਏ ਸਨ। ਸੱਯਦਾਂ ਤੇ ਲੋਧੀਆਂ ਤੋਂ ਬਾਅਦ ਮੁਗਲ ਸਮਰਾਟ ਅਕਬਰ ਦੇ ਸਮੇਂ ਤਕ ਖੋਖਰਾਂ ਦਾ ਰੁਅਬ-ਦਾਬ ਪੰਜਾਬ ਉਤੇ ਕਾਫੀ ਹੱਦ ਤਕ ਬਣਿਆ ਰਿਹਾ।

ਸਰਦਾਰ ਕਰਮ ਸਿੰਘ ਹਿਸਟੋਰੀਅਨ ਦੇ ਕਥਨ ਅਨੁਸਾਰ ਮਜ਼ਹਬੀ ਸਿਖਾਂ ਦੇ ਵਡੇਰੇ ਤੇ ਜੱਟ, ਮਹਿਮੂਦ ਗਜ਼ਨਵੀ ਤੋਂ ਢੇਰ ਸਮਾਂ ਪਹਿਲਾਂ ਮੱਧ ਏਸ਼ੀਆ ਤੋਂ ਇਥੇ ਆਏ ਹੋਏ ਸਨ। ਇਸੇ ਲਈ ਆਰੀਆਂ ਦੇ ਚਾਰ ਵਰਣਾਂ—ਬ੍ਰਾਹਮਣ, ਛਤ੍ਰੀ, ਵੈਸ਼ ਤੇ ਸੂਦ੍ਰਾਂ ਨਾਲ ਇਹਨਾਂ ਦਾ ਕੋਈ ਸਬੰਧ ਸਾਬਤ ਨਹੀਂ ਹੁੰਦਾ। ਸਭ ਤੋਂ ਪਹਿਲਾਂ ਰਾਜਪੂਤ ਇਹਨਾਂ ਨੂੰ ਅਪਨਾਉਣ ਤੇ ਆਪਣੇ ਆਪ ਵਿਚ ਜਜ਼ਬ ਕਰਨ ਲਈ ਉਤਾਵਲੇ ਹੋਏ, ਪਰ ਉਹ ਖੁਦ ਹੀ ਰਿਸ਼ਤੇ-ਨਾਤੇ ਜੋੜ ਕੇ ਇਹਨਾਂ ਵਿਚ ਜਜ਼ਬ ਹੋਣ ਲਗ ਪਏ ਜਿਸ ਕਰ ਕੇ ਮਜ਼ਹਬੀ ਸਿਖਾਂ ਤੇ ਜੱਟਾਂ ਦੇ ਬਹੁਤ ਸਾਰੇ ਗੋਤ

ਰਾਜਪੂਤਾਂ ਨਾਲ ਮਿਲਦੇ ਜੁਲਦੇ ਨਜ਼ਰ ਆਉਂਦੇ ਹਨ। ਦਰਅਸਲ ਰਾਜਪੂਤ ਵਰਨ ਸ਼ੰਕਰ ਜਾਤੀ ਦਾ ਜੰਮਪਲ ਹਨ, ਛਤ੍ਰੀ ਨਹੀਂ, ਕਿਉਂਕਿ ਛਤ੍ਰੀ ਤਾਂ ਪਹਿਲਾਂ ਹੀ ਪਰਸ ਰਾਮ ਅਵਤਾਰ ਨੇ ਆਪਣੇ ਪਿਤਾ ਦੀ ਹੱਤਿਆ ਦਾ ਬਦਲਾ ਲੈਣ ਲਈ ਲਗਾਤਾਰ ਕਈ ਜ਼ਬਰਦਸਤ ਚੜ੍ਹਾਈਆਂ ਕਰ ਕੇ ਤਹਿਤੇਗ ਕਰ ਦਿਤੇ ਸਨ। ਪਿਛੋਂ ਪੈਦਾ ਹੋਏ ਅਗਨੀ ਕੁਲ ਰਾਜਪੂਤਾਂ ਨੂੰ, ਜੋ ਕਿ ਬ੍ਰਾਹਮਣਾਂ ਨੇ ਆਬੂ ਪਰਬਤ ਉਤੇ ਯੱਗ ਕਰ ਕੇ ਉਸ ਦੀ ਅੱਗ ਨਾਲ ਤਪਾ ਕੇ ਕੱਢੇ ਸਨ, ਕਿਸੇ ਹੀਲੇ ਵੀ ਸ਼ੁੱਧ ਛਤ੍ਰੀ ਕਰਾਰ ਨਹੀਂ ਦਿੱਤਾ ਜਾ ਸਕਦਾ। ਮਜ਼ਹਬੀ ਸਿਖ ਤੇ ਜੱਟ ਦੋਵੇਂ ਬ੍ਰਾਹਮਣਾਂ ਦੀ ਇਸ ਜ਼ੱਦ ਤੋਂ ਬਾਹਰ ਹੋਣ ਕਰ ਕੇ ਉਂਕੇ ਹੀ ਇਸ ਜਾਤੀ ਝੰਮੇਲੇ ਤੋਂ ਸੁਤੰਤਰ ਹਨ।

ਸਿਖ ਰਾਜ ਸਮੇਂ ਮਜ਼ਹਬੀ ਸਿਖ ਰੰਘੜੇਟੇ ਨਾਂ ਨਾਲ ਪ੍ਰਸਿੱਧ ਸਨ, ਪਰ ਪਿਛੋਂ ਅੰਗਰੇਜ਼ੀ ਰਾਜ ਸਮੇਂ ਜਦ ਨਵੀਆਂ ਸਿਖ ਰਜਮੈਂਟਾਂ ਬਣੀਆਂ ਤਾਂ ਰੰਘੜੇਟੇ ਤੇ ਇਸੇ ਜਾਤੀ ਦੇ ਹੋਰ ਹਰੀਜਨ ਅੰਮ੍ਰਿਤ ਛਕਾ ਕੇ ਸਿੰਘ ਸਜਾਏ ਗਏ ਤਾਂ ਉਹ ਪੱਕੇ ਸਿਖ ਹੋਣ ਕਰ ਕੇ ਸਰਬ ਸਾਂਝੇ ਮਜ਼ਹਬੀ ਸਿਖ ਨਾਂ ਨਾਲ ਮਸ਼ਹੂਰ ਹੋਏ। ਇਹੋ ਇਹਨਾਂ ਦੇ ਮਜ਼ਹਬੀ ਸਿਖ ਨਾਂ ਨਾਲ ਪ੍ਰਸਿੱਧ ਹੋਣ ਦਾ ਅਸਲ ਰਹੱਸ ਹੈ। ਰਾਇ ਕਲਿਆਣ, ਜਿਸ ਤੋਂ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦੇ ਖਾਨਦਾਨ ਦਾ ਮੁੱਢ ਬੱਝਿਆ, ਦਰਅਸਲ ਖੋਖਰ ਜਾਤੀ ਦਾ ਹੀ ਇਕ ਰੰਘੜੇਟਾ ਸੂਰਬੀਰ ਸੀ। ਪਿੰਡ ਕੱਥੂਨੰਗਲ (ਗੁਰਦਾਸਪੁਰ), ਗੱਗੋਮਾਹਲ ਤੇ ਝੰਡਾ ਰਾਮਦਾਸਪੁਰ ਦੇ ਰੰਘੜੇਟੇ ਇਸੇ ਬਾਬਾ ਜੀਵਨ ਸਿੰਘ ਦੇ ਵੰਸ਼ਜ ਹਨ। ਬਾਬਾ ਜੀਵਨ ਸਿੰਘ ਤੇ ਉਸ ਦੇ ਖਾਨਦਾਨ ਦੇ ਸਿਖ ਯੋਧਿਆਂ ਦੇ, ਜਿਨ੍ਹਾਂ ਵਿਚ ਭਾਈ ਵੀਰ ਸਿੰਘ, ਧੀਰ ਸਿੰਘ, ਮਦਨ ਸਿੰਘ, ਗਰਜਾ ਸਿੰਘ, ਨਿਬਾਹੂ ਸਿੰਘ ਆਦਿ ਨੇ ਬੜੇ ਬਹਾਦੁਰੀ ਦੇ ਜੌਹਰ ਵਿਖਾਏ, ਕੁਝ ਕੁ ਸੰਖੇਪ ਹਾਲ ਇਸ ਪੁਸਤਕ ਵਿਚ ਦਿਤੇ ਹਨ। ਇਨ੍ਹਾਂ ਵਿਚੋਂ ਕਈਆਂ ਦੇ ਦੋ ਜਾਂ ਤਿੰਨ ਤਿੰਨ ਨਾਮ, ਜਿਵੇਂ ਭਾਈ ਜੈਤੇ ਦੇ ਮਾਤਾ-ਪਿਤਾ ਦੇ ਕਈ ਨਾਮ, ਭਾਈ ਜੈਤੇ ਦਾ ਦੂਜਾ ਨਾਮ ਜਾਗੂ ਆਦਿ ਕੋਈ ਅਚੰਭੇ ਦੀ ਗੱਲ ਨਹੀਂ ਹੈ, ਕਿਉਂਕਿ ਗੁਰੂ-ਇਤਿਹਾਸ ਵਿਚ ਗੁਰੂ ਨਾਨਕ ਦੇ ਪਿਤਾ ਦਾ ਨਾਮ ਕਾਲੂ ਤੇ ਕਲਿਆਣ ਚੰਦ, ਮਾਤਾ ਦਾ ਨਾਮ ਤਿਪਰੋ, ਤ੍ਰਿਪਤਾ, ਬੀਬੀ ਜੀ। ਉਹਨਾਂ ਦੀ ਸੁਪਤਨੀ ਦਾ ਨਾਂ ਘੁੰਮੀ ਤੇ ਸੁਲੱਖਣੀ। ਗੁਰੂ ਅਮਰਦਾਸ ਜੀ ਦੇ ਮਾਤਾ ਦਾ ਨਾਮ ਲੱਖੋ, ਲੱਛਮੀ, ਰੂਪ ਕੌਰ ਤੇ ਬਖ਼ਤ ਕੌਰ, ਪਤਨੀ ਦਾ ਨਾਮ ਮਾਲੀ, ਮਿਲਾਵੀ ਤੇ ਮਨਸਾ ਦੇਵੀ। ਗੁਰੂ ਦਸਮੇਸ਼ ਜੀ ਦੇ ਵਡੇ ਸਾਹਿਬਜ਼ਾਦੇ ਦਾ ਨਾਮ ਰਣਜੀਤ ਸਿੰਘ, ਜੀਤ ਸਿੰਘ ਤੇ ਅਜੀਤ ਸਿੰਘ ਅਤੇ ਇਸੇ ਤਰ੍ਹਾਂ ਸਿਖ ਰਾਜ ਦੇ ਮੋਢੀ ਮਹਾਰਾਜਾ ਰਣਜੀਤ ਸਿੰਘ ਦਾ

ਪਹਿਲਾ ਨਾਂ ਕੁਝ ਹੋਰ ਸੀ ਤੇ ਫੇਰ ਰਾਮ ਨਗਰ ਦੀ ਜਿੱਤ ਹੋਣ ਤੇ ਰਣਜੀਤ ਸਿੰਘ ਨਾਂ ਰੱਖਣਾਆਦਿ ਅਨੇਕਾਂ ਫਰਕ ਹਨ,ਜੋ ਪੇਸ਼ ਕੀਤੇ ਜਾ ਸਕਦੇ ਹਨ। ਪਰ ਇਹ ਸਾਧਾਰਨ ਫਰਕ ਹਨ। ਸਾਨੂੰ ਇਹਨਾਂ ਫਰਕਾਂ ਵਿਚ ਨਹੀਂ ਪੈਣਾ ਚਾਹੀਦਾ, ਤੇ ਇਤਿਹਾਸ ਨੂੰ ਇਤਿਹਾਸ ਸਮਝ ਕੇ ਇਸ ਤੋਂ ਅਸਲ ਪ੍ਰੇਰਣਾ ਲੈਣਾ ਹੀ ਸਾਡਾ ਮੁੱਖ ਮੰਤਵ ਹੈ।

ਇਸ ਲਈ ਆਸ ਹੈ, ਇਤਿਹਾਸ ਪ੍ਰੇਮੀ ਪਾਠਕ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਤੇ ਉਹਨਾਂ ਦੇ ਖਾਨਦਾਨ ਦੇ ਬੀਰਤਾ ਭਰੇ ਤਾਰੀਖੀ ਕਾਰਨਾਮਿਆਂ ਤੋਂ ਸਿਖਿਆ ਲੈ ਕੇ ਸਿਖ ਕੌਮ ਦੇ ਉੱਜਲ ਭਵਿੱਖ ਦੀ ਉਸਾਰੀ ਲਈ ਕੋਈ ਅਮਲੀ ਤੇ ਠਿਗਰ ਪ੍ਰੋਗਰਾਮ ਉਲੀਕਣਗੇ ਤਾਕਿ ਆਉਂਦੀਆਂ ਨਸਲਾਂ ਇਸ ਤੋਂ ਯੋਗ ਉਤਸ਼ਾਹ ਪ੍ਰਾਪਤ ਕਰ ਸਕਣ।

–ਸ਼ਮਸ਼ੇਰ ਸਿੰਘ ਅਸ਼ੋਕ

ਦ੍ਰਾਵਿੜਾਂ ਦੇ ਸੈਨਿਕ ਚੂੜਾਮਣੀ

ਬਾਬਾ ਜੀਵਨ ਸਿੰਘ ਰੰਘਰੇਟੇ ਦਾ ਇਤਿਹਾਸ ਲਿਖਣ ਤੋਂ ਪਹਿਲਾਂ ਉਸ ਦੇ ਖ਼ਾਨਦਾਨ ਦੇ ਮੁੱਢਲੇ ਨਿਕਾਸ ਤੇ ਵਿਕਾਸ ਅਤੇ ਫੇਰ ਅੰਤ ਵਿਚ ਉਸ ਦੀ ਵੰਸ ਪਰੰਪਰਾ ਦਾ ਹਾਲ ਕ੍ਰਮਵਾਰ ਦੱਸਣਾ ਜ਼ਰੂਰੀ ਹੈ ਤਾਂਕਿ ਪ੍ਰੇਮੀ ਪਾਠਕਾਂ ਨੂੰ ਉਸ ਦੇ ਸੰਬੰਧ ਵਿਚ ਅਸਲੀਅਤ ਦਾ ਪਤਾ ਪੂਰੀ ਤਰ੍ਹਾਂ ਲੱਗ ਸਕੇ ਤੇ ਇਸ ਬਾਰੇ ਕੋਈ ਸ਼ੱਕ-ਸ਼ਕੂਕ ਬਾਕੀ ਨਾ ਰਹਿ ਜਾਵੇ।

ਰੰਘਰੇਟਾ ਖਾਨਦਾਨ, ਜਿਸ ਵਿਚ ਬਾਬਾ ਜੀਵਨ ਸਿੰਘ ਦਾ ਜਨਮ ਹੋਇਆ, ਪ੍ਰਾਗੈਤਿਹਾਸਿਕ ਕਾਲ ਵਿਚ ਆਰੀਆਂ ਦੇ ਏਥੇ ਆਉਣ ਤੋਂ ਪਹਿਲਾਂ ਦ੍ਰਾਵਿੜ ਕੌਮ ਨਾਲ ਲਹੂ-ਮਾਸ ਦਾ ਸੰਬੰਧ ਰੱਖਦਾ ਹੈ। ਦ੍ਰਾਵਿੜ ਕੌਮ ਦੇ ਸੈਨਿਕ ਚੂੜਾਮਣੀ ਰੰਘਰੇਟਾ ਖ਼ਾਨਦਾਨ ਦੇ ਪੂਰਵਜ ਸਨ। ਪਾਕਿਸਤਾਨ ਦੀ ਸਿੰਧ ਵਾਦੀ ਵਿਚ ਮਹਿੰਜੋਦਾਰੋ ਤੇ ਪੰਜਾਬ ਵਿਚ ਹੜੱਪਾ ਦ੍ਰਾਵਿੜਾਂ ਦੇ ਆਦਿ ਸਥਾਨ ਸਨ। ਆਰੀਆਂ ਦੇ ਚਾਣਚੱਕ ਹਮਲਾਵਰ ਹੋਣ ਤੇ ਜਦ ਦ੍ਰਾਵਿੜ ਲੋਕ ਏਥੋਂ ਨੱਸ ਕੇ ਦੱਖਣ ਵਲ ਚਲੇ ਗਏ ਤਾਂ ਉਹਨਾਂ ਦੇ ਸੈਨਿਕ ਚੂੜਾਮਣੀ ਦੇਸ਼ ਛੱਡ ਕੇ ਗਏ ਨਹੀਂ, ਸਗੋਂ ਲੜਦੇ ਭਿੜਦੇ ਏਥੇ ਹੀ ਸੂਬਾ ਸਰਹੱਦ ਤੋਂ ਲੈ ਕੇ ਦਰਿਆ ਗੰਗਾ-ਜਮਨਾ ਦੀਆਂ ਪਰਬਤ ਘਾਟੀਆਂ ਤਕ ਰਹਿੰਦੇ ਹੋਏ ਸਮਾਂ ਗੁਜ਼ਾਰਦੇ ਰਹੇ। ਆਰੀਆਂ ਨੇ ਭਾਰਤੀ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਉਹਨਾਂ ਨੂੰ ਦਸਯ, ਦੈਂਤ, ਦਾਨਵ ਜਾਂ ਰਾਖਸ਼ ਕਰਾਰ ਦੇ ਦਿਤਾ ਤੇ ਪਾਕਿਸਤਾਨੀ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਪਿਛੋਂ ਮੁਸਲਮਾਨੀ ਹਕੂਮਤ ਸਮੇਂ ਉਹੋ ਧਾਣਕ ਮੁਸੱਲੀ ਆਖ ਸਨਮਾਨੇ ਜਾਂਦੇ ਰਹੇ।

ਵੈਦਿਕ ਕਾਲ ਤੇ ਪੁਰਾਣਿਕ ਕਾਲ ਵਿਚ ਦੇਵ-ਦਾਨਵਾਂ ਦੇ ਜੁੱਧਾਂ ਸਮੇਂ ਇਸ ਖ਼ਾਨਦਾਨ ਦਾ ਇਹੋ ਸਿਲਸਿਲਾ ਚਲਦਾ ਰਿਹਾ। ਭਗਵਾਨ ਮਨੂੰ ਦੇ ਸਮੇਂ ਚਾਰ ਵਰਣ—ਬ੍ਰਾਹਮਣ, ਛਤ੍ਰੀ, ਵੈਸ਼, ਸ਼ੂਦ੍ਰ ਤੇ ਫੇਰ ਉਹਨਾਂ ਦੇ ਆਪਸੀ ਮੇਲ ਜੋਲ ਅਥਵਾ ਵਰਣ-ਸੰਕਰ ਵਿਆਹ ਸੰਬੰਧਾਂ ਦੇ ਕਾਰਣ ਇਹਨਾਂ ਹੀ ਚਾਰ ਵਰਣਾਂ ਦੀ

ਥਾਵੇਂ ਅਨੁਲੋਮ ਤੇ ਪ੍ਰਤੀਲੋਮ ਜਾਤ-ਸਨਾਤਾਂ ਦਾ ਨਿਕਾਸ ਤੇ ਵਿਕਾਸ ਲੰਮੇ ਸਮੇਂ ਤਕ ਹੁੰਦਾ ਰਿਹਾ ਤੇ ਦਸਮ ਗਰੰਥ (ਕਲਕੀ ਅਵਤਾਰ) ਦੇ ਕਥਨ ਅਨੁਸਾਰ :

ਸੰਕਰ ਵਰਨ ਪ੍ਰਜਾ ਸਭ ਹੋਈ ॥
ਏਕ ਗਯਾਤ ਕੋ ਰਹਾ ਨ ਕੋਈ ॥
ਅਤਿ ਵਿਭਚਾਰ ਫਸੀ ਬਰ ਨਾਰੀ ॥
ਧਰਮ ਰੀਤਿ ਕੀ ਪ੍ਰੀਤਿ ਬਿਸਾਰੀ ॥ ੪ ॥
ਛਤ੍ਰੀ ਬ੍ਰਹਮਨ ਰਹਾ ਨ ਕੋਈ ॥
ਸੰਕਰ ਵਰਨ ਪ੍ਰਜਾ ਸਭ ਹੋਈ ॥ ੧੫ ॥
ਸੂਦ੍ਰ ਧਾਮ ਬਸ ਹੈ ਬ੍ਰਹਮਨੀ ॥
ਬੈਸ ਨਾਰਿ ਹੋਇ ਹੈ ਛਤ੍ਰਨੀ ॥
ਬਸ ਹੈ ਛਤ੍ਰਿ ਧਾਮ ਬੈਸਾਨੀ ॥
ਬ੍ਰਹਮਨ ਗ੍ਰਿਹ ਇਸਤ੍ਰੀ ਸੂਦ੍ਰਾਨੀ ॥ ੧੬ ॥

(ਦੇਖੋ, ਦਸਮ ਗ੍ਰੰਥ, ਸਫੇ ੭੧-੭੨)

ਪਰ ਰੰਘਰੇਟਾ ਖਾਨਦਾਨ ਦੇ ਪੂਰਵਜ ਸੈਨਿਕ ਚੂੜਾਮਣੀ ਜੋ ਦੈਂਤ ਅਥਵਾ ਦਾਨਵ ਤਾਂ ਮੰਨੇ ਗਏ, ਪਰ ਇਸ ਅਨੁਲੋਮ ਤੇ ਪ੍ਰਤਿਲੋਮ ਕਿਸਮ ਦੀ ਕਿਸੇ ਵੀ ਜਾਤਿ-ਵੰਡ ਵਿਚ ਨਾ ਆ ਸਕੇ। ਆਦਿ ਕਵੀ ਮਹਾਂ-ਰਿਖੀ ਬਾਲਮੀਕ ਤੇ ਆਚਾਰਯ ਸ਼ੁਕ੍ਰ ਇਸੇ ਹੀ ਖਾਨਦਾਨ ਦੇ ਰਤਨ ਹਨ।

ਪਿਛੋਂ ਪੁਰਾਣਿਕ ਕਾਲ ਤੇ ਮਹਾਂ-ਭਾਰਤ ਕਾਲ ਲੰਘਣ ਤੇ ਜਦ ਰਾਜਪੂਤਾਂ ਦਾ ਸਮਾਂ ਆਇਆ ਤਾਂ ਜਿਵੇਂ ਅਨੇਕਾਂ ਜਾਤੀ ਇਨਕਲਾਬ ਆਉਣ ਤੇ ਛਤ੍ਰੀਆਂ ਦੀ ਥਾਵੇਂ ਰਾਜਪੂਤ ਬਣੇ ਤਿਵੇਂ ਇਸ ਖਾਨਦਾਨ ਦੀ ਕਿਸਮਤ ਨੇ ਵੀ ਪਲਟਾ ਖਾਧਾ ਤੇ ਇਹਨਾਂ ਵਿਚੋਂ ਹੀ ਖੋਖਰ ਨਾਮਕ ਰਾਜਪੂਤ ਖਾਨਦਾਨ ਨੇ ਜਨਮ ਲਿਆ। ਫੇਰ ਇਹੋ ਖੋਖਰ ਪੰਜਾਬ ਉਤੇ ਕਾਫੀ ਸਮਾਂ ਹਕੂਮਤ ਕਰਦੇ ਰਹੇ।

ਦ੍ਰਾਵਿੜ ਸੈਨਿਕਾਂ ਤੋਂ ਖੋਖਰ ਰਾਜਪੂਤ ਤੇ ਫੇਰ ਰੰਘਰੇਟੇ

ਸਰ ਡੀ. ਇਬੈਟਸਨ, ਮੈਕਲੇਗਨ ਤੇ ਐਚ. ਏ. ਰੋਜ਼ ਦੇ ਕਥਨ ਅਨੁਸਾਰ ਖੋਖਰ ਤਿੰਨ ਸ੍ਰੇਣੀਆਂ ਵਿਚ ਵੰਡੇ ਹੋਏ ਹਨ—(੧) ਰਾਜਪੂਤ (੨) ਜੱਟ ਅਤੇ (੩) ਮਜ਼ਹਬੀ (ਧਾਣਕ)। ਪਰ ਜੇ ਜਾਤੀ ਨਿਕਾਸ ਤੇ ਵਿਕਾਸ ਦੇ ਨੁਕਤਾ-ਨਿਗਾਹ ਤੋਂ ਦੇਖਿਆ ਜਾਵੇ ਤਾਂ ਇਸ ਦੇ ਹੱਥ ਤਲਵਾਰ ਦੇ ਜ਼ੋਰ ਨਾਲ ਰਾਜ ਭਾਗ ਹੋਵੇ ਉਹੋ ਉੱਚੀ ਕੁਲ ਮੰਨੀ ਜਾਂਦੀ ਹੈ। ਦੂਜੀ ਗੱਲ ਇਹ ਕਿ ਉੱਚੀ ਜਾਂ ਨੀਵੀਂ ਕੁੱਲ ਅਥਵਾ ਜਾਤ ਹਮੇਸ਼ਾ ਵੱਖੋ ਵੱਖ ਕੰਮਾਂ ਜਾਂ ਪੇਸ਼ਿਆਂ ਦੀ ਪਿਛਲੱਗ ਹੁੰਦੀ ਹੈ ਜਿਸ ਕਰ ਕੇ ਕੋਈ ਵਿਅਕਤੀ ਜਿਹੋ ਜਿਹੇ ਕੰਮ ਕਰਦਾ ਹੈ ਉਹੋ ਉਸ ਦੀ ਜਾਤ ਮੰਨੀ ਜਾਂਦੀ ਹੈ। ਇਸੇ ਕਰ ਕੇ ਗੁਰੂ ਨਾਨਕ ਦਾ ਵੀ ਕਥਨ ਹੈ :

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਹਿ ॥ (ਪ੍ਰਭਾਤੀ ਮ: ੧)

ਮਹਾਂ-ਭਾਰਤ ਦੇ ਕਰਣ ਪਰਭ ਦੇ ਅਨੁਸਾਰ ਪ੍ਰਾਚੀਨ ਕਾਲ ਵਿਚ ਬ੍ਰਾਹਮਣ ਤੋਂ ਛਤ੍ਰੀ, ਫੇਰ ਵੈਸ਼ ਤੇ ਸ਼ੂਦ੍ਰ ਆਪੋ ਆਪਣੇ ਕਰਮਾਂ ਦੇ ਅਨੁਸਾਰ ਕਿਵੇਂ ਬਣ ਜਾਂਦੇ ਸਨ ਅਤੇ ਉਸ ਤੋਂ ਪਿਛੋਂ ਸ਼ੂਦ੍ਰ ਤੋਂ ਵੈਸ਼ ਤੇ ਛਤ੍ਰੀ ਤੋਂ ਬ੍ਰਾਹਮਣ ਸ਼੍ਰੇਣੀ ਵਿਚ ਕਿਵੇਂ ਲੋਕੀਂ ਬਦਲਦੇ ਰਹਿੰਦੇ ਸਨ, ਇਹ ਉਸ ਸਮੇਂ ਦਾ ਇਕ ਆਮ ਰਿਵਾਜ ਸੀ ਜਿਵੇਂ ਕਿ ਰਿਖੀ ਬਾਲਮੀਕ, ਸ਼ੁਕ੍ਰ ਤੇ ਵਿਆਸ ਦੇਵ ਦੀਆਂ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਇਸ ਲਈ ਮਜ਼ਹਬੀ ਸਿਖਾਂ ਦੇ ਵਡੇਰੇ ਵੀ ਦ੍ਰਾਵਿੜਾਂ ਤੋਂ ਪਿਛੋਂ ਵੈਦਿਕ ਤੇ ਪੁਰਾਣਿਕ ਕਾਲ ਲੰਘ ਕੇ ਰਾਜਪੂਤਾਂ ਦੇ ਸਮੇਂ, ਜਿਵੇਂ ਕਿ ਆਬੂ ਪਰਬਤ ਉਤੇ ਯੱਗ-ਅਗਨੀ ਵਿਚ ਤਪਾਏ ਜਾਣ ਤੇ ਸਾਧਾਰਣ ਜਾਂ ਅਸਾਧਾਰਣ ਉੱਚੀਆਂ ਨੀਵੀਆਂ ਜਾਤਾਂ ਤੋਂ ਵੇਦ-ਮੰਤ੍ਰਾਂ ਦੀ ਆਹੂਤੀ ਨਾਲ ਅਗਨੀਕੁਲ ਰਾਜਪੂਤ ਬਣੇ ਸਨ, ਤਿਵੇਂ ਇਹ ਧਾਣਕ ਵੀ ਪੁਰਾਣੇ ਛਤ੍ਰੀ ਤੇ ਜੰਗੀ ਜੋਧੇ ਮੰਨ ਕੇ ਖੋਖਰ ਤੇ ਗੱਖੜ ਨਾਮਕ ਦੋ ਰਾਜਪੂਤ ਸ਼੍ਰੇਣੀਆਂ ਵਿਚ ਵੰਡੇ ਗਏ।

ਸਰਦਾਰ ਕਰਮ ਸਿੰਘ ਹਿਸਟੋਰੀਅਨ ਦੇ ਕਥਨ ਅਨੁਸਾਰ ਜਿਵੇਂ ਕਿ ਉਸ ਨੇ

ਰਸਾਲਾ ਫੁਲਵਾੜੀ ੧੯੨੯ ਈ: ਦੇ ਇਕ ਅੰਕ ਵਿਚ ਲਿਖਿਆ ਸੀ, ਮਜ਼ਬੀ ਤੇ ਜੱਟ ਇਕੱਠੇ ਹੀ ਮੱਧ ਏਸ਼ੀਆ ਵਿਚੋਂ ਪੰਜਾਬ ਵਿਚ ਆਏ ਸਨ। ਜਿਸ ਕਰ ਕੇ ਇਨ੍ਹਾਂ ਦੇ ਕੱਦ ਕਾਠ, ਕੰਮ-ਕਾਜ ਤੇ ਰਹਿਣ ਸਹਿਣ ਆਪਸ ਵਿਚ ਮਿਲਦੇ ਜੁਲਦੇ ਹਨ ਤੇ ਇਹ ਇੱਥੇ ਆਉਂਦੇ ਹੀ ਸੁਭਾਵਿਕ ਤੌਰ ਤੇ ਦਰੰਗ ਹੋਣ ਕਰਕੇ ਕਾਫ਼ੀ ਹੱਦ ਤਕ ਰਾਜਪੂਤਾਂ ਨਾਲ ਮਿਲ ਜੁਲ ਗਏ। ਇਹ ਕਥਨ ਉਨ੍ਹਾਂ ਦਾ ਕਿੱਥੋਂ ਤਕ ਸਹੀ ਹੈ, ਇਸ ਬਾਰੇ ਕੁਝ ਕਹਿਣ ਤੋਂ ਬਿਨਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਜ਼ਹਬੀਆਂ, ਜੱਟਾਂ ਤੇ ਰਾਜਪੂਤਾਂ ਦੇ ਜਾਤਿ ਗੋਤ ਆਪਸ ਵਿਚ ਕਾਫ਼ੀ ਹੱਦ ਤਕ ਮੇਲ ਖਾਂਦੇ ਹਨ। ਇਸ ਲਈ ਪੰਜਾਬ ਦੇ ਖੋਖਰ ਤੇ ਗੱਖੜ, ਜੋ ਏਥੇ ਅਨੇਕ ਥਾਵੀਂ ਕਾਫ਼ੀ ਸਮਾਂ ਰਾਜ ਭਾਗ ਮਾਣਦੇ ਰਹੇ, ਤਾਰੀਖ਼ੀ ਨੁਕਤਾ ਨਿਗਾਹ ਤੋਂ ਵਧੇਰੇ ਟੀਕਾ-ਟਿੱਪਣੀ ਦੇ ਮੁਹਤਾਜ ਨਹੀਂ ਹਨ।

ਪਹਿਲੇ ਪਹਿਲ ਮਜ਼ਬੀ ਤੇ ਜੱਟ, ਜਿਵੇਂ ਕਾਬਲ ਅਤੇ ਪੰਜਾਬ ਦੇ ਸ਼ਾਹੀ ਰਾਜਿਆਂ ਦੇ ਇਤਿਹਾਸ ਤੋਂ ਪਤਾ ਲਗਦਾ ਹੈ, ਅਤਿ ਦੇ ਹੱਟੇ-ਕੱਟੇ ਕੇ ਜੰਗੀ-ਜੋਧੇ ਹੋਣ ਕਰਕੇ ਲਗ ਭਗ ਅੱਠਵੀਂ-ਨੌਵੀਂ ਸਦੀ ਵਿਚ ਬਾਹਰੋਂ ਮੁਸਲਮਾਨੀ ਹਮਲਿਆਂ ਦੀ ਰੋਕ-ਥੰਮ੍ਹ ਲਈ ਸ਼ਾਹੀ ਰਾਜਿਆਂ ਵਲੋਂ ਆਪਣੀਆਂ ਫ਼ੌਜਾਂ ਵਿਚ ਭਰਤੀ ਕਰ ਕੇ ਸੂਬਾ ਸਰਹੱਦ ਦੇ ਦੱਰਿਆਂ ਉਤੇ ਤਈਨਾਤ ਕੀਤੇ ਗਏ ਸਨ, ਪਿੱਛੋਂ ਸੁਲਤਾਨ ਮਹਮੂਦ ਦੇ ਹਮਲਿਆਂ ਸਮੇਂ ਇਹ ਉਥੋਂ ਤੁਰਕਾਂ ਦਾ ਜ਼ੋਰ ਹੋਣ ਤੇ ਹਟੇ ਅਤੇ ਪੱਛਮੀ ਪੰਜਾਬ ਵਿਚ ਏਧਰ ਉਧਰ ਥਾਉਂ, ਥਾਈਂ ਵਸ ਗਏ, ਤੇ ਫੇਰ ਮਜ਼ਹਬੀ ਪੰਜਾਬ ਤੋਂ ਬਾਹਰ ਨਹੀਂ ਗਏ।

ਮੱਧਕਾਲੀਨ ਇਤਿਹਾਸ ਦੇ ਕਥਨ ਅਨੁਸਾਰ ਮਜ਼ਬੀ ਗੱਖੜ ਤੇ ਖੋਖਰ ਨਾਂ ਹੇਠ ਪਹਿਲੇ ਪਹਿਲ ਈਸਾ ਦੀ ਤੇਰ੍ਹਵੀਂ ਸਦੀ ਵਿਚ ਦਰਿਆ ਜਿਹਲਮ ਤੇ ਝਨਾਂ ਦੇ ਜ਼ਿਲਿਆਂ ਵਿਚ ਉਭਰੇ ਤੇ ਫੇਰ ਦਰਿਆ ਸਤਲੁਜ ਤਕ ਫੈਲ ਗਏ। ਹੁਸ਼ਿਆਰਪੁਰ ਦੇ ਪਰਗਨਾ ਦਸੂਹਾ ਤੇ ਕਪੂਰਥਲਾ ਦੇ ਇਲਾਕਿਆਂ ਵਿਚ ਇਨ੍ਹਾਂ ਦਾ ਜ਼ੋਰ ਵਧ ਗਿਆ। ਪਿੰਡ ਦਾਦਨ ਖਾਨ, ਚਿਨਿਓਟ, ਇੱਛਰਾ (ਲਾਹੌਰ), ਇਨ੍ਹਾਂ ਨੇ ਹੀ ਵਸਏ ਸਨ। ਖੋਖਰਾਂ ਵਿਚੋਂ ਮਲਿਕ ਸ਼ੇਖਾ ਲਾਹੌਰ ਦਾ ਗਵਰਨਰ ਤੇ ਉਸ ਦਾ ਪੁਤ੍ਰ ਦਸਰਥ ਖੋਖਰ ਇਲਾਕਾ ਦੁਆਬ ਜਾਲੰਧਰ ਦਾ ਇਕ ਮੰਨਿਆ-ਪ੍ਰਮੰਨਿਆ ਜੋਧਾ ਹਾਕਮ ਸੀ। ਪੰਜਾਬ ਵਿਚ ਕਾਹਨੂੰਵਾਨ (ਗੁਰਦਾਸਪੁਰ), ਵੈਰੋਵਾਲ ਤੇ ਭਰੋਵਾਲ (ਨੇੜੇ ਗੋਬਿਦ ਵਾਲ), ਰਈਆ (ਅੰਮ੍ਰਿਤਸਰ) ਰਾਇ ਨੰਗਲ ਆਦਿ ਪਿੰਡ ਖੋਖਰਾਂ ਦੇ ਹੀ ਆਬਾਦ ਕੀਤੇ ਹੋਏ ਹੋਣ ਕਰਕੇ ਉਨ੍ਹਾਂ ਦੀਆਂ ਨੌ ਆਬਾਦੀਆਂ ਵਿਚ ਸ਼ਾਮਲ ਸਨ। ਸ਼ੇਖਾ ਖੋਖਰ ਤੋਂ ਪਿਛੋਂ ਉਸ ਦਾ ਪੁਤ੍ਰ ਰਾਜਾ ਜਸਰਥ ਖੋਖਰ

ਚਮਕਿਆ ਤੇ ਉਸ ਨੇ ਲਾਹੌਰ ਤੇ ਜਾਲੰਧਰ ਦਾ ਇਲਾਕਾ ਕਾਬੂ ਕਰ ਕੇ ਸਰਹਿੰਦ ਉੱਤੇ ਜਾ ਅਧਿਕਾਰ ਜਮਾਇਆ, ਪਰ ਕੁਝ ਸਮੇਂ ਬਾਦ ਕਿਸਮਤ ਨੇ ਉਸ ਦਾ ਸਾਥ ਨਾ ਦਿੱਤਾ ਜਿਸ ਕਰਕੇ ਛੇਤੀ ਹੀ ਉਸ ਨੂੰ ਲਾਹੌਰ ਵਲ ਵਾਪਸ ਪਰਤਣਾ ਪਿਆ। ਉਸ ਤੋਂ ਬਾਦ ਮੁਗ਼ਲ ਕਾਲ ਵਿਚ ਖੋਖਰਾਂ ਦੀ ਹਕੂਮਤ ਪੰਜਾਬ ਵਿਚ ਕੇਵਲ ਨਾਮ-ਮਾਤ੍ਰ ਹੀ ਰਹਿ ਗਈ। ਅਕਬਰ ਦੇ ਜ਼ਮਾਨੇ ਵਿਚ ਜਿਵੇਂ ਕਿ ਤਾਰੀਖ਼ਾਂ ਪੜ੍ਹਨ ਤੇ ਪਤਾ ਲਗਦਾ ਹੈ, ਇਲਾਕਾ ਲਾਹੌਰ ਵਿਚ ੫੨ ਵਿਚੋਂ ਕੇਵਲ ਪੰਜ ਪਰਗਨੇ, ਇਲਾਕਾ ਝਨਾਂ ਵਿਚ ੨੧ ਵਿਚੋਂ ੭ ਪਰਗਨੇ, ਬਿਸਤ ਜਾਲੰਧਰ ਤੇ ਰਚਨਾ ਦੁਆਬ ਵਿਚ ਕੇਵਲ ਇਕ ਇਕ ਪਰਗਨਾ ਹੀ ਬਾਕੀ ਰਹਿ ਗਏ ਸਨ। ਫੇਰ ਛੇਤੀ ਹੀ ਇਹ ਪਰਗਨੇ ਵੀ ਖੋਖਰਾਂ ਦੇ ਹੱਥੋਂ ਨਿਕਲ ਗਏ।

ਮੁਸਲਮਾਨੀ ਤੇ ਮੁਗ਼ਲੇਈ ਕਾਲ ਵਿਚ ਰਾਜਪੂਤ ਆਮ ਤੌਰ ਤੇ ਰੰਘੜ ਨਾਂ ਨਾਲ ਮਸ਼ਹੂਰ ਸਨ ਤੇ ਉਨ੍ਹਾਂ ਦੇ ਪੁਤ੍ਰ ਪੋਤਰੇ ਰੰਘਰੇਟੇ ਅਰਥਾਤ ਰੰਘੜਾਂ (ਰਾਜਪੂਤਾਂ) ਦੇ ਬੇਟੇ। ਰੰਘਰੇਟੇ ਭਗਵਾਨ ਰਾਮ ਨੂੰ ਆਪਣਾ ਇਸ਼ਟ ਅਥਵਾ ਪੂਜਨੀਕ ਦੇਵਤਾ ਸਮਝਦੇ ਸਨ, ਜਿਸ ਕਾਰਣ ਉਹ ਭਗਵਾਨ ਰਾਮ ਨੂੰ ਆਪਣੀ ਜਾਤਿ ਬਰਾਦਰੀ ਨਾਲ ਸੰਬੰਧਿਤ ਹੋਣ ਕਰਕੇ ਰੰਘੜੇਟਾ ਹੀ ਮੰਨਦੇ ਸਨ, ਜਿਵੇਂ ਕਿ ਇਕ ਲੋਕ-ਅਖਾਣ ਹੈ :—

ਰਾਮ ਜਾਤਿ ਰੰਘਰੇਟੜੇ, ਕ੍ਰਿਸ਼ਨ ਕੀ ਜਾਤਿ ਅਹੀਰ।
ਬ੍ਰਹਮਾ ਜਾਤਿ ਘੁਮਾਰ ਹੈ, ਸ਼ਿਵ ਕੀ ਜਾਤਿ ਫ਼ਕੀਰ॥

ਇਸ ਲਈ ਮਜ਼ਹਬੀ ਸਿੱਖਾਂ ਦੇ ਵਡਿੱਕਿਆਂ ਦੇ ਨਾਂ ਕਾਲ ਵੀ ਇਹੋ ਅੱਲ ਪੱਕੇ ਤੌਰ ਤੇ ਉਨ੍ਹਾਂ ਦੇ ਖੋਖਰ (ਰਾਜਪੂਤ) ਜਾਤਿ ਨਾਲ ਸੰਬੰਧਿਤ ਹੋਣ ਕਰਕੇ ਜੁੜ ਗਈ ਜਿਸ ਕਰਕੇ ਉਹ ਹੁਣ ਤਕ ਖ਼ਾਲਸਾ ਪੰਥ ਦੇ ਇਤਿਹਾਸ ਵਿਚ ਰੰਘਰੇਟੇ ਨਾਂ ਨਾਲ ਹੀ ਪ੍ਰਸਿਧ ਹਨ।

ਪਿੰਡ ਕੱਥੂ ਨੰਗਲ ਤੋਂ ਗੱਗੋ ਮਾਹਲ

ਖੋਖਰਾਂ ਨੇ ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਵੈਰੋਵਾਲ, ਭਰੋਵਾਲ ਆਦਿ ਕਈ ਪਿੰਡ ਵਸਾਏ ਸਨ ਜਿਨ੍ਹਾਂ ਵਿਚੋਂ ਰਾਇ ਨੰਗਲ, ਜ਼ਿਲਾ ਗੁਰਦਾਸਪੁਰ ਵੀ ਇਕ ਸੀ[1]। ਪਿਛੋਂ ਇਹੋ ਪਿੰਡ ਰਾਇ ਨੰਗਲ ਭਾਈ ਕੱਥੂ ਰੰਧਾਵੇ (ਜੱਟ) ਦੇ ਆਪਣੇ ਬੜੇ ਭਾਰੀ ਪਰਿਵਾਰ ਸਮੇਤ ਆ ਵੱਸਣ ਤੇ ਕੱਥੂ ਨੰਗਲ ਨਾਂ ਨਾਲ ਪ੍ਰਸਿੱਧ ਹੋਇਆ ਜਿਸ ਕਾਰਣ ਹੁਣ ਇਹ ਪਿੰਡ ਕੱਥ ਨਾਂ ਨਾਲ ਰੰਧਾਵਿਆਂ ਦਾ ਹੀ ਮੰਨਿਆ ਜਾਂਦਾ ਹੈ। ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਰੰਘਰੇਟੇ ਦੇ ਵੱਡਿਕੇ ਰਾਇ ਕਲਿਆਣ ਜੀ, ਜੋ ਇਸ ਪਿੰਡ ਮੋਢੀ ਸਨ, ਇਥੋਂ ਦੇ ਹੀ ਵਸਨੀਕ ਸਨ। ਸਿੱਖ ਧਰਮ ਦੇ ਬਾਨੀ ਮੁਬਾਨੀ ਜਗਤ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਸਮਾਂ ਸੰਨ ੧੪੬੯ ਤੋਂ ੧੫੩੯ ਈ. ਤੱਕ ਹੈ, ਸੰਨ ੧੫੧੯ ਈ. ਵਿਚ ਜਦ ਚੌਥੀ ਉਦਾਸੀ ਤੋਂ ਪਿਛੋਂ ਕੱਥੂ ਨੰਗਲ ਦੇ ਬਾਹਰਵਾਰ ਭਾਈ ਕੱਥੂ ਦੇ ਖ਼ਾਨਦਾਨ ਵਿਚੋਂ ਭਾਈ ਬੂੜਾ ਜੀ ਨੂੰ ਮਿਲੇ, ਜੋ ਉਸ ਸਮੇਂ ੧੨ ਵਰ੍ਹਿਆਂ ਦਾ ਬਾਲਕ ਸੀ ਤੇ ਆਪਣੇ ਪਸ਼ੂ ਚਾਰ ਰਿਹਾ ਸੀ ਤਾਂ ਉਸ ਤੋਂ ਬੜੀਆਂ ਸਿਆਣਪ ਦੀਆਂ ਬੁੱਢਿਆਂ ਵਾਲੀਆਂ ਗਿਆਨ ਭਰਪੂਰ ਗੱਲਾਂ ਸੁਣ ਕੇ ਬੜੇ ਖ਼ੁਸ਼ ਹੋਏ ਤੇ ਉਨ੍ਹਾਂ ਨੇ ਇਸੇ ਗੱਲੋਂ ਉਸ ਨੂੰ ਬਾਬਾ ਬੁੱਢਾ ਜੀ ਦਾ ਖ਼ਿਤਾਬ ਦਿੱਤਾ ਜੋ ਹੁਣ ਤਕ ਮਸ਼ਹੂਰ ਹੈ।

---

1. ਪਿੰਡ ਵੈਰੋਵਾਲ, ਭਰੋਵਾਲ ਤੇ ਰਾਇ ਨੰਗਲ ਵਾਂਗੂ ਹੀ ਇਸ ਇਲਾਕੇ ਦਾ ਪਿੰਡ ਰੰਘੜ ਨੰਗਲ ਵੀ ਕਿਸੇ ਰੰਘਰੇਟੇ ਖੋਖਰ ਦਾ ਹੀ ਵਸਾਇਆ ਹੋਇਆ ਦੱਸਿਆ ਜਾਂਦਾ ਹੈ। ਇਸੇ ਤਰ੍ਹਾਂ ਕਈ ਹੋਰ ਪਿੰਡਾਂ ਦੀ ਆਬਾਦੀ ਬਾਰੇ ਵੀ ਇਹੋ ਜਿਹੀਆਂ ਹੀ ਦੰਦ-ਕਥਾਵਾਂ ਪ੍ਰਚਲਿਤ ਹਨ।

ਬਾਬਾ ਬੁੱਢਾ ਜੀ ਦੇ ਸਮੇਂ ਹੀ ਰਾਇ ਕਲਿਆਣ ਦੇ ਖ਼ਾਨਦਾਨ ਦੇ ਲੋਕ ਭਾਈ ਕੱਥੂ ਦੇ ਵੰਸ਼ਜ ਭਾਈ ਗੱਗੋ ਦੇ ਕਹਿਣ ਤੇ ਉਸ ਦੇ ਨਵੇਂ ਵਸਾਏ ਪਿੰਡ ਗੱਗੋ ਮਾਹਲ, ਜੋ ਨਗਰ ਰਾਮਦਾਸਪੁਰ ਦੇ ਨੇੜੇ ਹੈ, ਜਾ ਵਸੇ, ਤੇ ਫੇਰ ਇਸ ਖ਼ਾਨਦਾਨ ਦੇ (ਰੰਘਰੇਟੇ) ਲੋਕ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਗੁਰੂ ਹਰਿਗੋਬਿੰਦ, ਗੁਰੂ ਹਰਿਰਾਇ ਤੇ ਗੁਰੂ ਹਰਿਕ੍ਰਿਸ਼ਨ ਤਕ, ਅਨੇਕਾਂ ਹੋਰ ਮਝੈਲ ਸਿੱਖਾਂ ਵਾਂਗ ਹੀ ਗੁਰੂ ਘਰ ਨਾਲ ਪੂਰੀ ਤਰ੍ਹਾਂ ਸੰਬੰਧਿਤ ਰਹੇ, ਪਰ ਉਨ੍ਹਾਂ ਦਾ ਵਿਸ਼ੇਸ਼ ਵੇਰਵਾ ਸਿਵਾਇ ਪ੍ਰਚਲਿਤ ਅਖੌਤ ਦੇ ਸਿੱਖ ਇਤਿਹਾਸ ਵਿਚੋਂ ਕਿਤੇ ਨਹੀਂ ਮਿਲਦਾ। ਪੁਰਾਤਨ ਜਨ-ਸ੍ਰੋਤ ਦੇ ਅਨੁਸਾਰ ਕਈ ਸੱਜਣਾਂ ਦਾ ਵਿਚਾਰ ਹੈ ਕਿ ਇਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਕਾਰ-ਸੇਵਾ ਤੇ ਗੁਰੂ ਕੀ ਨਗਰੀ ਰਾਮਦਾਸ ਪੁਰ (ਅੰਮ੍ਰਿਤਸਰ) ਦੀ ਆਬਾਦੀ ਸਮੇਂ ਵੀ ਗੁਰੂ ਘਰ ਨਾਲ ਗਹਿਰਾ ਸੰਪਰਕ ਰਖਦੇ ਰਹੇ ਸਨ, ਪਰ ਇਸ ਬਾਰੇ ਵੀ ਗੁਰ-ਬਿਲਾਸ ਪਾਤਸ਼ਾਹੀ ੬, ਗੁਰੂ ਪ੍ਰਤਾਪ ਸੂਰਜ ਗ੍ਰੰਥ ਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਜਾਂ ਇਤਿਹਾਸ ਗੁਰੂ ਖ਼ਾਲਸਾ ਵਿਚੋਂ ਕੋਈ ਪੁਸ਼ਟ ਪ੍ਰਮਾਣ ਨਹੀਂ ਮਿਲਦਾ।

ਰਾਇ ਕਲਿਆਣੇ ਦਾ ਦੇਹਾਂਤ ਗਾਲਬਨ ਪਿੰਡ ਕੱਥੂ ਨੰਗਲ ਹੀ ਹੋਇਆ, ਜਿਥੇ ਕਿ ਉਸ ਦਾ ਖਾਨਦਾਨ ਰਹਿੰਦਾ ਸੀ। ਪਿੰਡ ਗੱਗੋ ਮਾਹਲ ਦੇ ਵਸੇਬੇ ਸਮੇਂ ਰਾਇ ਕਲਿਆਣੇ ਦੇ ਪੋਤੇ ਭਾਈ ਸੱਦਾ ਨੰਦ ਜਾਂ ਸੱਦਾ ਜੀ ਦੇ ਘਰ, ਜੋ ਭਾਈ ਰਾਮ ਜਸ ਦਾ ਪੁਤ੍ਰ ਸੀ, ੧੩ ਮੱਘਰ ਸੰਮਤ ੧੭੦੬ ਬਿ: (ਮੁਤਾਬਕ ਨਵੰਬਰ ਸੰਨ ੧੬੪੯ ਈ:) ਨੂੰ ਭਾਈ ਜਾਗੂ (ਜਾਗ ਚੰਦ) ਅਥਵਾ ਜੈਤਾ ਜੀ ਦਾ ਜਨਮ ਮਾਤਾ ਕਰਮੋ (ਕਰਮ ਦੇਵੀ) ਦੀ ਕੁੱਖੋਂ ਹੋਇਆ।[1] ਭਾਈ ਜੈਤਾ ਜੀ ਦਾ ਅਸਲ ਨਾਮ ਭਾਈ ਮੰਗਲ ਸਿੰਘ ਉਪਦੇਸ਼ਕ ਦੇ ਕਥਨ ਅਨੁਸਾਰ, ਜਿਵੇਂ ਕਿ ਉਸ ਨੇ ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ ਵਿਚ ਲਿਖਿਆ ਹੈ, ਭਾਈ ਜੈਤਾ ਨਹੀਂ, ਸਗੋਂ

---

1. ਗਿਆਨੀ ਜਗਤਾਰ ਸਿੰਘ ਚਾਕਰ ਨੇ ਬਾਬਾ ਜੀ ਦਾ ਜਨਮ ਨਵੰਬਰ ਸੰਨ ੧੬੪੯ ਈ: ਵਿਚ ਬਾਬਾ ਸੱਦਾ ਜੀ ਦੇ ਘਰ ਮਾਤਾ ਪ੍ਰੇਮੋ ਦੀ ਕੁੱਖੋਂ ਪਿੰਡ ਰਾਮਦਾਸ ਤਹਿਸੀਲ ਅਜਨਾਲਾ ਜ਼ਿਲਾ ਅੰਮ੍ਰਿਤਸਰ ਦੇ ਸਥਾਨ ਪਰ ਹੋਇਆ। (ਸਬੂਤ ਲਈ ਦੇਖੋ ਸੰਖੇਪ ਜੀਵਨ ਬ੍ਰਿਤਾਂਤ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ (੧੯੭੯), ਸਫਾ ੭, ਤੇ ਚਾਕਰ ਹੋਰਾਂ ਭਾਈ ਸੱਦਾ ਜੀ ਦੇ ਪਿਤਾ ਦਾ ਨਾਮ ਭਾਈ ਕਾਹਨਾ ਜੀ ਲਿਖਿਆ ਹੈ।

ਜਾਗੂ ਸੀ ਤੇ ਇਸ ਦਾ ਇਕ ਹੋਰ ਛੋਟਾ ਭਾਈ ਭਾਗ ਚੰਦ ਅਥਵਾ ਭਾਗੂ ਸੀ। ਇਹੋ ਭਾਈ ਜਾਗੂ ਅਥਵਾ ਜੈਤਾ ਜੀ ਸੰਮਤ ੧੭੫੬ ਬਿ. ਵਿਚ ਭਾਈ ਗੁਰਬਖਸ਼ ਸਿੰਘ (ਭਾਈ ਰਾਮ ਕੌਰ) ਜੀ ਦੀ ਪ੍ਰੇਰਣਾ ਨਾਲ ਸ੍ਰੀ ਦਸਮੇਸ਼ ਪਾਸੋਂ ਖੰਡੇ ਦਾ ਅੰਮ੍ਰਿਤ ਛਕ ਕੇ ਜੀਵਨ ਸਿੰਘ ਤੇ ਭਾਈ ਭਾਗ ਚੰਦ ਖੀਵਣ ਸਿੰਘ ਬਣਿਆ ਤੇ ਗੁਰੂ ਸਾਹਿਬ ਦੀ ਮੁਕਤਾ ਫੌਜ ਦਾ ਮੁਖੀ ਬਣ ਕੇ ਭਾਈ ਜੀਵਨ ਸਿੰਘ ਗੁਰੂ ਪੰਥ ਦੀ ਫੌਜੀ ਸਰਵਿਸ ਕਰਦਾ ਰਿਹਾ ਤੇ ਭਾਈ ਖੀਵਣ ਸਿੰਘ ਪਿੰਡ ਰਾਮਦਾਸ ਪੁਰ ਜਾ ਕੇ ਘਰੋਗੀ ਕਾਰੋਬਾਰ ਸਾਂਭਦਾ ਰਿਹਾ।

ਗੱਗੋ ਮਾਹਲ ਤੋਂ ਝੰਡੇ ਰਾਮਦਾਸਪੁਰ ਤੇ ਭਾਈ ਜੈਤਾ

ਬਾਬਾ ਬੁੱਢਾ ਜੀ ਦੇ ਜੀਉਂਦਿਆਂ ਹੀ ਸੰਮਤ ੧੬੨੭ ਬਿ: ਵਿਚ ਉਨ੍ਹਾਂ ਦੇ ਪੋਤਰੇ ਭਾਈ ਸਰਵਣ ਦੇ ਘਰ ਭਾਈ ਝੰਡਾ ਜੀ ਦਾ ਜਨਮ ਹੋਣ ਤੇ, ਇਸੇ ਖੁਸ਼ੀਆਂ ਭਰੇ ਦਿਹਾੜੇ ਦੀ ਯਾਦ ਵਿਚ ਦੇਹੁਰ ਬਾਬਾ ਨਾਨਕ ਦੇ ਨੇੜੇ ਜ਼ਿਲਾ ਅੰਮ੍ਰਿਤਸਰ ਵਿਚ ਜੋ ਅੰਮ੍ਰਿਤਸਰੋਂ ਲਗ ਭਗ ੪੦ ਕਿਲੋਮੀਟਰ ਦੇ ਫਾਸਲੇ ਤੇ ਹੈ, ਭਾਈ ਝੰਡਾ ਦੇ ਨਾਂ ਤੇ ਇਕ ਨਵੇਂ ਨਗਰ ਝੰਡਾ ਰਾਮਦਾਸਪੁਰ (ਰਮਦਾਸ) ਦੀ ਨੀਂਹ ਰੱਖੀ। ਇਹ ਬਾਬਾ ਝੰਡਾ ਜੀ, ਜਿਵੇਂ ਕਿ ਹਕੀਮ ਮੁਹਸਨ ਫ਼ਾਨੀ ਨੇ ਆਪਣੀ ਫ਼ਾਰਸੀ ਤਾਰੀਖ਼ੀ ਪੁਸਤਕ ਦਬਿਸਤਾਨਿ ਮਜ਼ਾਹਿਬ ਵਿਚ ਲਿਖਿਆ ਹੈ, ਬਾਬਾ ਬੁੱਢਾ ਜੀ ਤੋਂ ਬਾਦ ਸ੍ਰੀ ਗੁਰੂ ਹਰਿਗੋਬਿੰਦ ਜੀ ਛੇਵੇਂ ਪਾਤਸ਼ਾਹ ਦੇ ਖ਼ਾਸ ਹਜ਼ੂਰੀ ਸਿੱਖਾਂ ਵਿਚੋਂ ਸਨ। ਜਦੋਂ ਇਹ ਪੈਂਤੀਆਂ ਕੁ ਵਰ੍ਹਿਆਂ ਦੇ ਜਵਾਨ ਹੋਏ ਤਾਂ ਬਾਬਾ ਬੁੱਢਾ ਜੀ ਦੇ ਆਦੇਸ਼ ਨਾਲ ਨਗਰ ਰਾਮਦਾਸਪੁਰੇ ਦੀ ਵਸੋਂ ਵਧਾਉਣੀ ਚਾਹੀ, ਜਿਸ ਕਰਕੇ ਹੇਠ ਲਿਖੇ ਅਨੁਸਾਰ ਅਨੇਕ ਜਾਤਾਂ ਦੇ ਲੋਕ ਉਨ੍ਹਾਂ ਨੇ ਦੂਰ ਨੇੜਿਓਂ ਲਿਆ ਕੇ ਏਥੇ ਵਸਾਏ :

੧. ਬਾਣੀਏ, ਜਿਨ੍ਹਾਂ ਵਿਚ ਅਜ ਕਲ ਬੁਲਾਕੀ ਸ਼ਾਹ ਤੇ ਸ਼ੰਕਰ ਸ਼ਾਹ ਦੇ ਖ਼ਾਨਦਾਨ ਦੇ ਲੋਕ ਹਨ।

੨. ਜੁਲਕੇ ਖਤ੍ਰੀ, ਜੋ ਪਿਛੋਂ ਪਿੰਡ ਦਾਊਕੇ ਚਲੇ ਗਏ।

੩. ਗੰਗਾ ਰਾਮ ਬ੍ਰਾਹਮਣ ਜਿਸ ਦੇ ਖਾਨਦਾਨ ਵਿਚੋਂ ਛੱਜੂ ਰਾਮ ਇਥੋਂ ਦੇ ਗੁਰ ਦਰਬਾਰ ਦੀ ਬੜੀ ਸੇਵਾ ਕਰਦਾ ਰਿਹਾ।

੪. ਅਰਾਈਂ ਤੇ ਕਸ਼ਮੀਰੀ ਮੁਸਲਮਾਨ, ਜੋ ਸੰਨ ੧੯੪੭ ਈ. ਦੇ ਦੇਸ਼ ਦੇ ਵੰਡ ਵਾਰੇ ਸਮੇਂ ਤਕ ਉਥੇ ਵਸਦੇ ਰਹੇ।

੫. ਕਈ ਜਾਤਾਂ ਦੇ ਝਿਊਰ ਜਿਨ੍ਹਾਂ ਦੀ ਸੰਤਾਨ ਅਜੇ ਵੀ ਉਥੇ ਮੌਜੂਦ ਹੈ।

੬. ਕੰਬੋ, ਨੀਲਾਰੀ, ਕੁਮ੍ਹਿਆਰ, ਧੋਬੀ, ਪੇਂਜੇ, ਮੋਚੀ, ਦਰਜੀ, ਸੁਨਿਆਰ, ਨਾਈ, ਤੇਲੀ ਆਦਿ ਹਿੰਦੂ-ਮੁਸਲਮਾਨ ਜਾਤਾਂ ਦੇ ਲੋਕ।

੭. ਪਿੰਡ ਗੱਗੋ ਮਾਹਲ ਤੋਂ ਬੁਲਾ ਕੇ ਭਾਈ ਰੱਲਾ ਰੰਘਰੇਟਾ ਵਸਾਇਆ ਜਿਸ ਦੀ ਵੰਸ ਵਿਚੋਂ ਭਾਈ ਜਾਗੂ (ਜੈਤਾ) ਨਵਮ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਨੰਨ ਸਿੱਖ ਸੀ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਭਾਈ ਜਾਗੂ (ਜੈਤੇ) ਨੂੰ ਸੰਮਤ ੧੭੫੬ ਬਿ: ਵਿਚ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕਾ ਕੇ ਜੀਵਨ ਸਿੰਘ ਨਾਂ ਰੱਖ ਆਪਣਾ ਨਗਾਰਚੀ ਨਿਯਤ ਕੀਤਾ ਤੇ ਇਹ ਇਸ ਦੇ ਨਾਲ ਹੀ ਹੋਰ ਪੰਥਕ ਸੇਵਾ ਵੀ ਆਨੰਦਪੁਰ ਆਦਿ ਦੇ ਧਰਮ-ਜੁੱਧਾਂ ਸਮੇਂ ਤਨੋਂ ਮਨੋਂ ਕਰਦਾ ਰਿਹਾ। (ਪ੍ਰਮਾਣ ਵਜੋਂ ਮੁਕਾਬਲੇ ਲਈ ਦੇਖੋ ਭਾਈ ਮੰਗਲ ਸਿੰਘ ਜੀ ਉਪਦੇਸ਼ਕ ਲਿਖਤ ਜੀਵਨ ਚਰਿਤ੍ਰ ਬਾਬਾ ਬੁਢਾ ਸਾਹਿਬ ਜੀ ਸੰਨ ੧੯੧੬, ਸਫੇ ੨੮-੨੯)।

ਬਾਬਾ ਝੰਡਾ ਜੀ ਨੂੰ ਪਿੰਡ ਪੱਸੀਆਂ, ਮੰਦਰਾਂ ਵਾਲਾ, ਮਲਿਕਪੁਰ, ਮੌਜੇ ਕੇ ਆਦਿ ੨੬-੨੭ ਪਿੰਡਾਂ ਦਾ ਮਾਲਿਕ ਤੇ ਸਰਕਾਰੀ ਕੰਮਾਂ ਵਿਚ ਇਸ ਇਲਾਕੇ ਦਾ ਮੰਨਿਆ-ਪ੍ਰਮੰਨਿਆ ਚੌਧਰੀ ਹੋਣ ਕਰਕੇ ਮੁਗਲ ਬਾਦਸ਼ਾਹ ਸ਼ਾਹਜਹਾਂ ਵਲੋਂ ਦਿੱਲੀਓਂ ਮਲਿਕ ਦਾ ਖ਼ਿਤਾਬ ਮਿਲਿਆ ਸੀ ਤੇ ਇਸ ਦੀ ਇੱਜ਼ਤ ਵਿਚ ਬਹੁਤ ਕੁਝ ਵਾਧਾ ਹੋਇਆ ਸੀ, ਪਰ ਫੇਰ ਵੀ ਪਹਿਲਾਂ ਅੰਮ੍ਰਿਤਸਰ ਤੇ ਫੇਰ ਕੀਰਤਪੁਰ (ਆਨੰਦਪੁਰ ਸਾਹਿਬ) ਦੇ ਗੁਰ ਦਰਬਾਰ ਨਾਲ ਅਨੰਨ ਸੇਵਾ ਭਾਵ ਹੋਣ ਕਰਕੇ ਇਸ ਦਾ ਸ਼ੁੱਧਾਭਾਵ ਦਿਨੋ-ਦਿਨ ਵਧਦਾ ਹੀ ਰਿਹਾ। ਸੰਮਤ ੧੭੨੮ ਤਕ ਇਹ ਪਹਿਲਾਂ ਗੁਰੂ ਹਰਿਗੋਬਿੰਦ ਤੇ ਫੇਰ ਗੁਰੂ ਹਰਿਰਾਇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਬੜੀ ਸੇਵਾ ਕਰਦਾ ਰਿਹਾ ਤੇ ਫੇਰ ਇਸੇ ਸਾਲ ਇਸ ਦਾ ਦੇਹਾਂਤ ਹੋਣ ਤੇ ਇਸ ਦੀ ਗੱਦੀ ਭਾਈ ਗੁਰਦਿੱਤਾ ਜੀ ਨੇ ਸੰਭਾਲੀ। ਭਾਈ ਫੱਗੂ ਰੱਲੇ ਦਾ ਪੁਤ੍ਰ ਭਾਈ ਜਾਗੂ ਅਥਵਾ ਜੈਤਾ ਹਮੇਸ਼ਾ ਭਾਈ ਗੁਰਦਿੱਤਾ ਜੀ ਦੀ ਸੇਵਾ ਵਿਚ ਤਤਪਰ ਰਹਿੰਦਾ ਸੀ।

ਗੁਰੂ ਤੇਗ ਬਹਾਦੁਰ ਜੀ ਦੀ ਕੁਰਬਾਨੀ
ਭਾਈ ਜੈਤੇ ਦਾ ਸ਼ੂਧਾਭਾਵ

ਭਾਈ ਝੰਡਾ ਜੀ ਦੇ ਦੋ ਪੁਤ੍ਰ ਸਨ : (੧) ਭਾਈ ਗੁਰਦਿੱਤਾ ਤੇ (੨) ਭਾਈ ਹਰਿਦਿੱਤਾ ਜੀ। ਭਾਈ ਗੁਰਦਿੱਤਾ ਜੀ ਦਾ ਜਨਮ ਸੰਮਤ ੧੬੮੨ ਬਿਕ੍ਰਮੀ ਵਿਚ ਹੋਇਆ ਸੀ। ਇਹ ਭਾਈ ਝੰਡਾ ਜੀ ਦੀ ਗੱਦੀ ਸੰਭਾਲਣ ਸਮੇਂ ਲਗ ਭਗ ੩੪ ਵਰ੍ਹਿਆਂ ਦੇ ਨੌਜਵਾਨ ਸਨ। ਫੇਰ ਭਾਈ ਝੰਡਾ ਜੀ ਦੀ ਥਾਵੇਂ ਇਹ ਕੁਝ ਚਿਰ ਕੀਰਤਪੁਰ ਰਹਿ ਕੇ ਗੁਰੂ ਦਰਬਾਰ ਦੀ ਸੇਵਾ ਕਰਦੇ ਰਹੇ ਤੇ ਫੇਰ ਜਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬਾਦਸ਼ਾਹ ਔਰੰਗਜ਼ੇਬ ਦੇ ਸੱਦੇ ਪਰ ਦਿੱਲੀ ਗਏ ਤਾਂ ਉਨ੍ਹਾਂ ਤੋਂ ਪਿਛੋਂ ਇਹ ਭਾਈ ਜੈਤੇ ਸਮੇਤ ਕੀਰਤਪੁਰ ਰਹਿ ਕੇ ਗੁਰੂ ਘਰ ਦਾ ਸਾਰਾ ਕੰਮ ਸੰਭਾਲਦੇ ਰਹੇ ਤੇ ਕਈ ਵੇਰ ਲੋੜ ਪੈਣ ਤੇ ਮੁੜ ਆਪਣੇ ਨਗਰ ਰਾਮਦਾਸਪੁਰੇ ਵੀ ਚੱਕ੍ਰ ਲਗਾਉਂਦੇ ਰਹੇ। ਫੇਰ ਮਿਤੀ ਚੇਤ ਸੁਦੀ ੧੪ ਸੰਮਤ ੧੭੨੧ ਬਿ: ਨੂੰ ਜਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ੭ ਸਾਲ ੮ ਮਹੀਨੇ ੨੬ ਦਿਨਾਂ ਦੀ ਉਮਰ ਵਿਚ ਦਿੱਲੀ ਜੋਤੀ-ਜੋਤਿ ਸਮਾਇ ਤਾਂ ਉਥੋਂ ਭਾਈ ਗੁਰਬਖਸ਼ੇ ਮਸੰਦ ਦੇ ਹੱਥ ਗੁਰਗੱਦੀ ਦੀਆਂ ਵਸਤਾਂ ਪੰਜ ਪੈਸੇ, ਨਰੇਲ ਤੇ ਸ੍ਰੀ ਸਾਹਿਬ, ਜਿਗਾ ਕਲਗੀ ਸਮੇਤ ਪੁਜਣ ਤੇ ਇਹ ਆਦੇਸ਼ ਮਿਲਣ ਤੇ ਕਿ ਗੁਰੂ ਬਾਬਾ ਬਕਾਲੇ ਹੈ ਤਾਂ ਭਾਈ ਗੁਰਦਿੱਤਾ ਜੀ ਭਾਈ ਜੈਤੇ ਸਮੇਤ ਗੁਰਿਆਈ ਦੀਆਂ ਉਹ ਪਵਿਤ੍ਰ ਵਸਤਾਂ ਲੈ ਕੇ ਬਾਬੇ ਬਕਾਲੇ ਪਹੁੰਚੇ ਤੇ ਹੋਰ ਗੁਰਗੱਦੀ ਦੀਆਂ ਬਨਾਉਟੀ ਬਾਈ ਮੰਜੀਆਂ ਦਾ ਭਾਈ ਮੱਖਣ ਸ਼ਾਹ ਲੁਬਾਣੇ ਦੇ ਜਤਨ ਨਾਲ ਪਰਦਾ ਫਾਸ਼ ਹੋਣ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਭਾਈ ਗੁਰਦਿੱਤਾ ਜੀ ਨੇ ਆਪਣੇ ਹੱਥੀਂ ਗੁਰਗੱਦੀ ਦਾ ਤਿਲਕ ਚੇਤ ਸੁਦੀ ੧੪ ਸੰਮਤ ੧੭੨੨ ਬਿ: ਨੂੰ ਬਾਬੇ ਬਕਾਲੇ (ਅੰਮ੍ਰਿਤਸਰ) ਦੇ ਸਥਾਨ ਪਰ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਸੋਢੀ ਭਾਈਚਾਰੇ ਦੀ ਇਸ ਵਿਰੋਧਤਾ ਕਾਰਣ, ਜੋ ਪਹਿਲੋਂ ਬਾਈ ਮੰਜੀਆਂ ਡਾਹ ਕੇ ਗੁਰਗੱਦੀ ਦੇ ਦਾਵੇਦਾਰ ਬਣੇ ਬੈਠੇ ਸਨ, ਬਹੁਤਾ ਚਿਰ ਬਕਾਲੇ ਨਾ ਰਹਿ ਸਕੇ ਤੇ ਛੇਤੀ ਹੀ ਉਥੋਂ ਚਲ ਕੇ ਕੀਰਤਪੁਰ ਪਹੁੰਚ

ਗਏ। ਏਥੇ ਕੀਰਤਪੁਰ ਵੀ ਉਨ੍ਹਾਂ ਨੂੰ ਸੋਢੀ ਸੂਰਜ ਮਲ ਦੇ ਖ਼ਾਨਦਾਨ ਤੋਂ ਏਨੀ ਮਿਲਵਰਤਨ ਪ੍ਰਾਪਤ ਨ ਹੋਈ ਜਿਸ ਕਾਰਨ ਉਨ੍ਹਾਂ ਨੇ ਰਾਜਾ ਕਹਿਲੂਰ ਤੋਂ ਮਾਖੋਵਾਲ ਆਨੰਦਪੁਰ ਦੀ ਜ਼ਮੀਨ ਖਰੀਦ ਕੇ ਆਪਣੇ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਂ ਤੇ ਚੱਕ ਨਾਨਕੀ ਨਾਮਕ ਨਗਰ ਦੀ ਨੀਂਹ ਰੱਖੀ ਤੇ ਉਥੇ ਆਪ ਰਹਿਣ ਲੱਗ ਪਏ। ਭਾਈ ਗੁਰਦਿੱਤਾ ਜੀ ਵੀ ਭਾਈ ਜੈਤੇ ਸਮੇਤ ਉਥੇ ਉਨ੍ਹਾਂ ਪਾਸ ਸੇਵਾ ਵਿਚ ਹਾਜ਼ਰ ਰਹਿੰਦੇ ਰਹੇ। ਇਸ ਸਮੇਂ ਤੋਂ ਭਾਈ ਜੈਤੇ ਰੰਘਰੇਟੇ ਦੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਨਾਲ ਬਹੁਤੀ ਲਿਵ ਲੱਗੀ ਜਿਸ ਕਰਕੇ ਉਹ ਵੀ ਉਥੇ ਹੀ ਚੱਕ ਨਾਨਕੀ ਮਾਖੋਵਾਲ ਆਨੰਦਪੁਰ ਦੇ ਸਥਾਨ ਪਰ ਨਿਵਾਸ ਰਖਦਾ ਰਿਹਾ।

ਇਸ ਤੋਂ ਲਗਭਗ ਦਸ ਸਾਲ ਪਿਛੋਂ ਸੰਮਤ ੧੭੩੨ ਬਿ. ਵਿਚ ਜਦ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦਿੱਲੀ ਦਰਬਾਰ ਵਿਚ ਅਤਿ ਦੇ ਜ਼ੁਲਮ ਸ਼ੁਰੂ ਕੀਤੇ ਤਾਂ ਸ੍ਰੀ ਨਗਰ ਕਸ਼ਮੀਰ ਦੇ ਬਹੁਤ ਸਾਰੇ ਪੰਡਿਤ, ਜਿਨ੍ਹਾਂ ਨੂੰ ਉਥੋਂ ਦੇ ਹਾਕਮ ਵਲੋਂ ਧੱਕੇ ਨਾਲ ਮੁਸਲਮਾਨ ਕਰਨ ਦਾ ਹੁਕਮ ਸੀ, ਫਰਿਆਦੀ ਹੋ ਕੇ ਆਨੰਦਪੁਰ ਮਾਖੋਵਾਲ, ਜੋ ਉਸ ਸਮੇਂ ਚੱਕ ਮਾਤਾ ਨਾਨਕੀ ਨਾਂ ਨਾਲ ਮਸ਼ਹੂਰ ਸੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਆਏ। ਅੱਗੋਂ ਦੀਨ ਦਿਆਲ ਸਤਿਗੁਰੂ ਨੇ ਸ੍ਰੀ ਬਾਲ ਦਸਮੇਸ਼ ਜੀ ਦੀ ਰਾਇ ਲੈ ਕੇ ਉਨ੍ਹਾਂ ਪੰਡਿਤਾਂ ਨਾਲ ਬੜੀ ਗਹਿਰੀ ਹਮਦਰਦੀ ਕਰਦਿਆਂ ਹੋਇਆਂ ਪੂਰੀ ਪੂਰੀ ਮਦਦ ਦਾ ਭਰੋਸਾ ਦਿੱਤਾ ਤੇ ਕਿਹਾ ਕਿ "ਤੁਸੀਂ ਬਾਦਸ਼ਾਹ ਨੂੰ ਕਹੋ ਕਿ ਜੇ ਸਾਡਾ ਪੀਰ ਮੁਰਸ਼ਦ ਗੁਰੂ ਤੇਗ ਬਹਾਦਰ ਮੁਸਲਮਾਨ ਹੋ ਜਾਵੇ ਤਾਂ ਅਸੀਂ ਸਾਰੇ ਹੀ ਮੁਸਲਮਾਨ ਹੋ ਜਾਵਾਂਗੇ।" ਗੁਰੂ ਜੀ ਦਾ ਇਹੋ ਆਦੇਸ਼ ਲੈ ਕੇ ਉਹ ਪੰਡਿਤ ਦਿੱਲੀ ਪਹੁੰਚੇ ਤੇ ਉਨ੍ਹਾਂ ਨੇ ਆਪਣੀ ਸਾਰੀ ਮੁਸ਼ਕਿਲ ਸਪੱਸ਼ਟ ਕਹਿ ਦਿੱਤੀ। ਇਹ ਸੁਣ ਕੇ ਮੁਗਲ ਬਾਦਸ਼ਾਹ ਔਰਗਜ਼ੇਬ, ਜੋ ਪਹਿਲਾਂ ਹੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਵਲੋਂ ਸ਼ਾਹੀ ਫੌਜਾਂ ਨਾਲ ਹੋਏ ਟਾਕਰਿਆਂ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ, ਤੇ ਉਸੇ ਸਮੇਂ ਤੋਂ, ਜਦੋਂ ਕਿ ਅਜੇ ਉਹ ਸ਼ਾਹਜ਼ਾਦਾ ਸੀ, ਗੁਰੂ ਘਰ ਦੀ ਇਹ ਦਲੇਰੀ ਦੇਖ ਬਦਲੇ ਦੀ ਭਾਵਨਾ ਨਾਲ ਹਮੇਸ਼ਾਂ ਦੰਦ ਚਬਦਾ ਰਹਿੰਦਾ ਸੀ, ਜਿਸ ਕਰਕੇ ਉਹ ਪਹਿਲਾਂ ਗੁਰੂ ਸਤਵੇਂ ਪਾਤਸ਼ਾਹ ਹਰਿਰਾਇ ਜੀ ਤੇ ਫੇਰ ਅੱਠਵੇਂ ਬਾਲ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਉਣ ਦੇ ਜਤਨ ਕਰਦਾ ਰਿਹਾ ਸੀ, ਹੁਣ ਉਨ੍ਹਾਂ ਦੇ ਜਾਨ-ਸ਼ੀਨ ਨਵਮ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਫੜ ਮੰਗਾਉਣ ਲਈ ਤਤਪਰ ਹੋ ਗਿਆ ਤੇ ਇਸ ਲਈ ਉਸ ਨੇ ਫੌਰਨ ਆਨੰਦਪੁਰ, ਮਾਖੋਵਾਲ ਆਪਣੇ ਅਹਿਦੀਏ ਭੇਜ ਦਿੱਤੇ। ਇਸੇ ਤਰ੍ਹਾਂ ਔਰੰਗਜ਼ੇਬ ਨੇ ਸੋਢੀ ਧੀਰ ਮੱਲ ਤੇ ਉਸ ਦੇ ਪੁੱਤਰ

ਸੋਢੀ ਰਾਮਚੰਦ ਦੀ ਗ੍ਰਿਫ਼ਤਾਰੀ ਦੇ ਵਾਰੰਟ ਵੀ ਜਾਰੀ ਕਰ ਦਿੱਤੇ। ਇਹ ਜਬਰੀ ਪਕੜ ਧਕੜ ਦੇ ਹੁਕਮ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਵੰਸ ਦੇ ਸਾਰੇ ਹੀ ਸੋਢੀ, ਜਿਵੇਂ ਕਿ ਕਵੀ ਕੇਸਰ ਸਿੰਘ ਛਿਬਰ ਨੇ ਲਿਖਿਆ ਹੈ, ਆਨੰਦਪੁਰ—ਮਾਖੋਵਾਲ ਦਾ ਵਸੇਬਾ ਛੱਡ ਕੇ ਇਧਰ ਉਧਰ ਨੱਸ ਗਏ :

"ਡਰਦੇ ਸੋਢੀ ਭਜ ਗਏ ਮਾਖੋਵਾਲ ਗਰਾਉਂ।
ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤਹਾਂ ਰਹੇ।
ਹੋਰੁ ਸਭੇ ਉਠ ਜਾਵਤ ਭਏ ॥

(ਦੇਖੋ, ਬੰਸਾਵਲੀ ਨਾਮਾ, ਸਫਾ ੧੦੦)

ਸ੍ਰੀ ਗੁਰੂ ਤੇਗ ਬਹਾਦਰ ਜੀ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਇਸ ਜਬਰੀ ਇਰਾਦੇ ਤੋਂ ਪਹਿਲਾਂ ਹੀ ਵਾਕਿਫ਼ ਸਨ। ਇਸ ਲਈ ਉਹ ਆਪਣੇ ਹਜ਼ੂਰੀ ਸੇਵਾਦਾਰ ਭਾਈ ਮਤੀ ਦਾਸ, ਸਤੀ ਦਾਸ, ਦਿਆਲੇ, ਧਰਮ ਦਾਸ ਤੇ ਉਦੇ ਰਾਠੌੜ ਨੂੰ ਨਾਲ ਲੈ ਕੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦੀ ਬਾਂਹ ਭਾਈ ਗੁਰਦਿੱਤਾ ਜੀ ਬੁੱਢੇ ਕੇ ਦੇ ਹੱਥ ਸੌਂਪ ਕੇ ਆਪ ਦਿੱਲੀ ਵਲ ਚੱਲ ਪਏ। ਭਾਈ ਜੈਤਾ ਰੰਘਰੇਟਾ ਉਸ ਸਮੇਂ ਭਾਈ ਗੁਰਦਿੱਤਾ ਜੀ ਦੇ ਨਾਲ ਸੀ। ਗੁਰੂ ਜੀ ਦੇ ਇਸ ਤਰ੍ਹਾਂ ਦਿੱਲੀ ਵਲ ਚਾਲੇ ਪਾਉਣ ਤੋਂ ਕੁਝ ਦਿਨ ਬਾਦ ਹੀ ਭਾਈ ਗੁਰਦਿੱਤਾ ਜੀ ਸ੍ਰੀ ਦਸਮੇਸ਼ ਤੋਂ ਆਗਿਆ ਲੈ ਕੇ ਕਿਸੇ ਕੰਮ ਆਪਣੇ ਪਿੰਡ ਝੰਡੇ ਰਾਮਦਾਸਪੁਰ ਚਲੇ ਗਏ। ਉਧਰ ਗੁਰੂ ਸਾਹਿਬ ਦੇ ਹਜ਼ੂਰੀ ਸੇਵਕਾਂ ਸਮੇਤ ਦਿੱਲੀ ਪਹੁੰਚਣ ਤੋਂ ਪਹਿਲਾਂ ਰਸਤੇ ਵਿਚ ਹੀ ਉਨ੍ਹਾਂ ਦੀ ਗ੍ਰਿਫ਼ਤਾਰੀ ਹੋ ਗਈ ਤੇ ਗੁਰੂ ਜੀ ਦੇ ਹਜ਼ੂਰੀ ਸੇਵਕ ਭਾਈ ਗੁਰਦਿੱਤਾ ਜੀ ਨੂੰ ਫੜਨ ਵਾਸਤੇ ਵੀ ਸ਼ਾਹੀ ਅਹਿਦੀਏ ਕੁਝ ਫੌਜੀ ਦਲ ਬਲ ਸਮੇਤ ਉਨ੍ਹਾਂ ਦਾ ਪਿੱਛਾ ਕਰਦੇ ਹੋਏ ਰਾਮਦਾਸਪੁਰੇ ਪਹੁੰਚੇ। ਭਾਵੇਂ ਭਾਈ ਗੁਰਦਿੱਤਾ ਜੀ ਉਸ ਸਮੇਂ ਇਲਾਕੇ ਦੇ ਮੰਨੇ-ਪ੍ਰਮੰਨੇ ਚੌਧਰੀ ਹੋਣ ਕਰ ਕੇ ਸਰਕਾਰੇ ਦਰਬਾਰੇ ਕਾਫੀ ਰਸੂਖ ਰਖਦੇ ਸਨ, ਪਰ ਉਹਨਾਂ ਨੇ ਆਪਣੇ ਛੁਟਕਾਰੇ ਦਾ ਕੋਈ ਜਤਨ ਨਾ ਕੀਤਾ ਤੇ ਗੁਰੂ ਕਰਤਾਰ ਦਾ ਭਾਣਾ ਅਮਿਟ ਮੰਨ ਚੁੱਪ ਚਾਪ ਗ੍ਰਿਫ਼ਤਾਰ ਹੋਣ ਤੇ ਦਿੱਲੀ ਪਹੁੰਚ ਗਏ ਤੇ ਗੁਰੂ ਸਾਹਿਬ ਦੇ ਨਾਲ ਹੀ ਬੰਦੀਖ਼ਾਨੇ ਡੱਕੇ ਗਏ।

ਇਹ ਦੇਖ ਉਨ੍ਹਾਂ ਦੇ ਛੋਟੇ ਭਾਈ ਹਰਦਿੱਤਾ ਜੀ ਨੂੰ ਬੜਾ ਫ਼ਿਕਰ ਹੋਇਆ ਤੇ ਥੋੜੇ ਦਿਨਾਂ ਪਿੱਛੋਂ ਹੀ ਉਨ੍ਹਾਂ ਨੇ ਭਾਈ ਜੈਤੇ (ਜਾਗੂ) ਰੰਘਰੇਟੇ ਨੂੰ ਗੁਰੂ ਸਾਹਿਬ ਤੇ ਗੁਰਦਿੱਤਾ ਜੀ ਦੀ ਖਬਰ ਲੈਣ ਵਾਸਤੇ ਦਿੱਲੀ ਭੇਜਿਆ। ਭਾਈ ਜਾਗੂ ਦੇ ਦਿੱਲੀ ਪੁੱਜਣ ਤੇ, ਜਿਵੇਂ ਕਿ ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ ਦੇ ਸਫ਼ੇ ੩੭੨-੭੩ ਪਰ ਲਿਖਿਆ ਹੈ, ਉਨ੍ਹਾਂ ਬੰਦੀਖਾਨੇ ਅੰਦਰ ਕੈਦ ਵਾਲੀ ਥਾਂ ਜਾਣ ਦਾ ਜਤਨ

ਕੀਤਾ। ਦਰਵਾਜ਼ੇ ਵਾਲਾ ਦਰੋਗਾ ਗੁਰੂ ਜੀ ਦਾ ਸਤਿਸੰਗੀ ਸੀ, ਇਸ ਲਈ ਉਸ ਨੇ ਜਾਗੂ ਨੂੰ ਅੰਦਰ ਜਾਣ ਦਿੱਤਾ। (ਅੱਗੇ) ਅੰਦਰ ਪਿੰਜਰਿਆਂ ਵਿਚ ਗੁਰੂ (ਤੇਗ ਬਹਾਦਰ) ਜੀ, ਭਾਈ ਮਤੀ ਦਾਸ ਦੀਵਾਨ, ਭਾਈ ਦਿਆਲ, ਭਾਈ ਉਦਾ ਰਾਠੌੜ ਤੇ ਭਾਈ ਗੁਰਦਿੱਤਾ ਜੀ ਨੂੰ ਵੇਖ ਤਿਸ ਦਾ ਦਿਲ ਕੰਬ ਗਿਆ। ਗੁਰੂ ਜੀ ਨੂੰ ਮੱਥਾ ਟੇਕ ਭਾਈ ਗੁਰਦਿੱਤਾ ਜੀ ਨੂੰ ਮਿਲ ਕੇ ਝੰਡੇ ਰਾਮਦਾਸਪੁਰੇ ਦਾ ਸਮਾਚਾਰ ਸੁਣਾਯਾ, ਤਾਂ ਭਾਈ ਗੁਰਦਿੱਤਾ ਜੀ ਨੇ ਜਾਗੂ ਨੂੰ ਬਚਨ ਕੀਤਾ—"ਭਾਈ ਜਾਗੂਆ! ਹੁਣ ਤੂੰ ਦਿੱਲੀ ਵਿਚ ਹੀ ਰਹੁ, ਤੇ ਏਥੇ ਜੋ ਭਾਣਾ ਵਰਤਣ ਵਾਲਾ ਹੈ, ਉਹ ਦੇਖ ਕੇ ਜਾਈਂ।"

ਇਤਨੀ ਗੱਲ ਸੁਣ ਕੇ (ਆਤਮ ਗਿਆਨੀ) ਭਾਈ ਜਾਗੂ ਨੂੰ ਦਿੱਲੀ ਦੇ ਬਾਦਸ਼ਾਹ ਪਰ ਵਡਾ ਕ੍ਰੋਧ ਆਇਆ, ਕਿ ਉਸ ਨੇ ਪਰਮੇਸ਼ਰ ਦੇ ਪਿਆਰਿਆਂ ਨੂੰ ਵਿਅਰਥ ਦੁੱਖ ਦਿੱਤਾ ਹੈ। ਜਾਗੂ ਦੇ ਚਿਤ ਵਿਚ ਆਯਾ ਕਿ ਸਤਿਗੁਰਾਂ ਦੀ ਬਖਸ਼ੀ ਤਾਕਤ ਨਾਲ ਮੈਂ ਕੁਝ ਦੱਸਾਂ ਤਾਂ ਭਾਈ ਗੁਰਦਿੱਤਾ ਜੀ ਨੂੰ ਆਖਣ ਲੱਗਾ, "ਜੇ ਤੁਸੀਂ ਗੁਰੂ ਜੀ ਪਾਸੋਂ ਆਗਿਆ ਲੈ ਦਿਓ ਤਾਂ ਮੈਂ ਗੁਰੂ ਜੀ ਦੀ ਬਖਸ਼ੀ ਆਤਮਕ ਸ਼ਕਤੀ ਨਾਲ ਇਸ ਪਾਪੀ ਪਾਤਸ਼ਾਹ ਨੂੰ ਦਿੱਲੀ ਸ਼ਹਿਰ ਸਮੇਤ ਫ਼ਨਾਹ ਕਰ ਘੱਤਾਂ?" ਤਾਂ ਗੁਰੂ ਜੀ ਪਾਸ ਭਾਈ ਗੁਰਦਿੱਤਾ ਜੀ ਨੇ ਬੇਨਤੀ ਕੀਤੀ, "ਸਤਿਗੁਰੋ! ਭਾਈ ਜਾਗੂ ਇਉਂ ਆਖਦਾ ਹੈ।" ਤਾਂ ਗੁਰੂ ਜੀ ਨੇ ਭਾਈ ਜਾਗੂ ਨੂੰ ਸੱਦ ਕੇ ਬਚਨ ਕੀਤਾ, "ਭਾਈ ਜਾਗੂਆ! ਜੇ ਤੂੰ ਗੁਰਸਿੱਖਾਂ ਦੇ ਜੋੜੇ ਝਾੜਨ ਦੀ ਸੇਵਾ ਕਰ ਅਜਿਹੀ ਤਾਕਤ ਰਖਦਾ ਹੈਂ ਤਾਂ ਕੀ ਉਹ ਗੁਰੂ ਜਿਸ ਦੀ ਸੇਵਾ ਤੋਂ ਤੈਨੂੰ ਇਹ ਕਿਣਕਾ ਲੱਭਾ, ਕੋਈ ਤਾਕਤ ਨਹੀਂ ਰਖਦਾ? ਭਾਈ ਜਾਗੂ! ਪਰਮੇਸ਼ਰ ਦੇ ਪਿਆਰੇ ਸਦਾ ਪਰਮੇਸ਼ਰ ਦੀ ਰਜਾਇ ਪਰ ਰਾਜੀ ਰਿਹਾ ਕਰਦੇ ਹਨ ਤੇ ਉਹ ਆਪਣੇ ਸਰੀਰ ਆਦਿ ਵਾਸਤੇ ਕਦੇ ਵੀ ਆਤਮਕ ਸ਼ਕਤੀ ਨਹੀਂ ਵਰਤਦੇ। ਫ਼ਕੀਰਾਂ ਦੇ ਲੱਛਣ ਹੀ ਇਹ ਹਨ ਕਿ ਜੋ ਵਾਹਿਗੁਰੂ ਦੇ ਭਾਣੇ ਵਿਚ ਦੁਖ ਸੁਖ ਆ ਬਣੇ ਉਸ ਵਿਚ ਸਦਾ ਪ੍ਰਸੰਨ ਰਹਿਣੇ।"

ਤਦ ਗੁਰੂ ਜੀ ਨੇ ਪਰਮੇਸ਼ਰ ਪਿਆਰੇ ਦੀ ਬਿਰਤੀ ਪ੍ਰਥਾਇ ਸ਼ਬਦ ਉਚਾਰਿਆ:

ਸੋਰਠਿ ਮਹਲਾ ੯ ॥

ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ।
ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ ॥੨॥
ਗੁਰ ਕ੍ਰਿਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

ਭਾਈ ਗੁਰਦਿਤਾ ਜੀ ਨੇ ਕਿਹਾ--"ਭਾਈ ਜਾਗੂ ! ਸਤਿਗੁਰੂ ਕਰਾਮਾਤ ਦੇ ਸਮ੍ਰਥ ਹਨ, ਪਰ ਇਸ ਜਗ੍ਹਾ ਕਰਾਮਾਤ ਨਹੀਂ ਵਖਾਣੀ। ਸਤਿਗੁਰੂ ਧਰਮ ਹੇਤ ਸੀਸ ਦੇਣ ਹੀ ਏਥੇ ਆਏ ਹਨ, ਤੈਥੋਂ ਪਹਿਲਾਂ ਭਾਈ ਮਤੀ ਦਾਸ ਦੀਵਾਨ ਤੇ ਭਾਈ ਦਿਆਲਾ ਜੀ ਭੀ ਇਸ ਤਰ੍ਹਾਂ ਆਖ ਚੁਕੇ ਹਨ, ਤਿਨਾਂ ਨੂੰ ਭੀ ਗੁਰੂ ਜੀ ਨੇ ਸ਼ਾਂਤ ਕੀਤਾ ਹੈ, ਸੋ ਇਸੇ ਤਰ੍ਹਾਂ ਤੂੰ ਭੀ ਆਪਣੇ ਆਪ ਨੂੰ ਸ਼ਾਂਤਿ ਚਿੱਤ ਰੱਖ ਤੇ ਸਤਿਗੁਰੂ ਦੇ ਚੋਜਾਂ ਨੂੰ ਵੇਖੀ ਚੱਲ, ਤੇ ਭੂਲ ਬਖਸ਼ਾਇਓਸੁ ਤੇ ਭਾਣੇ ਵਿਚ ਪ੍ਰਸੰਨ ਰਹੁ।" ਭਾਈ ਜਾਗੂ ਗੁਰੂ ਜੀ ਦੇ ਚਰਨੀ ਡਿੱਗਾ।

(ਵੇਖੋ, ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ, ਸਫੇ ੩੭੨-੭੪)

ਗੁਰੂ ਸਾਹਿਬ ਦੀ ਸ਼ਹਾਦਤ : ਭਾ: ਜੈਤੇ ਦਾ ਸਿਦਕ

ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਵੇਂ ਕਿ ਪਿੱਛੇ ਦੱਸਿਆ ਹੈ, ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਧਰਮ ਦੀ ਰੱਖਿਆ ਲਈ ਆਤਮ-ਬਲਿਦਾਨ ਕਰਨ ਵਾਸਤੇ ਹੀ ਆਏ ਸਨ ਤੇ ਮੁਗਲ ਹਕੂਮਤ ਦੇ ਬੰਦੀਖਾਨੇ ਲੋਹੇ ਦੇ ਪਿੰਜਰਿਆਂ ਵਿਚ ਕੈਦ ਹੋ ਕੇ ਉਨ੍ਹਾਂ ਨੂੰ ਵਾਪਸ ਆਨੰਦਪੁਰ ਮਾਖੋਵਾਲ ਜਾਣ ਦੀ ਉੱਕੀ ਹੀ ਆਸ ਨਹੀਂ ਸੀ, ਪਰ ਫੇਰ ਵੀ ਉਹ ਇਕ ਮਹਾਨ ਵਿਅਕਤੀ ਹੋਣ ਕਰਕੇ ਆਪਣੇ ਪ੍ਰਣ ਉਤੇ ਪੂਰੀ ਤਰ੍ਹਾਂ ਦ੍ਰਿੜ੍ਹ ਸਨ, ਇਸ ਲਈ ਇਸੇ ਬੜੀ ਦ੍ਰਿੜ੍ਹਤਾ ਨਾਲ ਆਪਣੇ ਅਨੰਨ ਸਿੱਖ ਤੇ ਕੁਰਬਾਨੀ ਦੇ ਪੁੰਜ ਭਾਈ ਜਾਗੂ ਅਥਵਾ ਜੈਤੇ ਨੂੰ ਆਖਿਆ, "ਭਾਈ ਜਾਗੂਆ ! ਹੁਣ ਤੂੰ ਸਾਡਾ ਭਾਣਾ ਵਰਤਣ ਤਕ ਏਥੇ ਹੀ ਸਾਡੇ ਇਰਦ-ਗਿਰਦ ਨਿਸ਼ੰਗ ਰਹੁ, ਤੈਨੂੰ ਕੋਈ ਨਾ ਪਕੜ ਸਕੇਗਾ। ਤੂੰ ਸਾਡਾ ਸੀਸ ਲੈ ਕੇ ਸ੍ਰੀ ਆਨੰਦਪੁਰ ਪੁਚਾ ਦੇਵੀਂ।" (ਵੇਖੋ, ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਜੀ, ਸਫੇ ੩੭੪-੭੫) ਤਾਂ ਭਾਈ ਜਾਗੂ ਮੱਥਾ ਟੇਕ ਕੇ ਉਥੇ ਹੀ ਗੁਰੂ ਤੇਗ ਬਹਾਦਰ ਜੀ ਦੇ ਇਰਦ ਗਿਰਦ ਰਹਿਣ ਲੱਗਾ। ਗੁਰੂ ਸਾਹਿਬ ਰੋਜ਼ ਆਪਣੀ ਆਤਮਕ-ਸ਼ਕਤੀ (ਅਥਵਾ ਦਰੋਗਾ ਜੇਲ ਦੇ ਸਹਿਯੋਗ) ਨਾਲ ਦਰਿਆ ਜਮਨਾ ਦੇ ਘਾਟ ਪਰ ਇਸ਼ਨਾਨ ਕਰਨ ਜਾਂਦੇ ਤੇ ਦਿੱਲੀ ਦੇ ਸਿੱਖਾਂ ਦੇ ਘਰ ਪ੍ਰਸਾਦ ਛਕ ਕੇ ਉਸੇ ਤਰ੍ਹਾਂ ਬੰਦੀਖਾਨੇ ਵਿਚ ਜਾ ਬੈਠਦੇ। ਭਾਈ ਜਾਗੂ (ਜੈਤਾ) ਵੀ ਰੋਜ ਗੁਰੂ ਜੀ ਦੇ ਨਾਲ ਹੀ ਗੁਰਸਿੱਖਾਂ ਦੇ ਦਰਸ਼ਨ ਜਮਨਾ ਘਾਟ ਪਰ ਕਰਦਾ।

ਫੇਰ ਕੁਝ ਦਿਨ ਗੁਜ਼ਰਨ ਤੇ ਬਾਦਸ਼ਾਹ ਦੇ ਹੁਕਮ ਨਾਲ ਭਾਈ ਮਤੀ ਦਾਸ ਨੂੰ ਧਰਮ ਛੱਡ ਕੇ ਦੀਨ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ, ਪਰ ਜਦ ਉਹ ਨਾ ਮੰਨਿਆਂ ਤਾਂ ਉਸ ਨੂੰ ਜੀਉਂਦੇ ਹੀ ਹੁਕਮਨ ਆਰੇ ਨਾਲ ਚਿਰਵਾ ਦਿਤਾ ਦਿਤਾ ਗਿਆ। ਇਸੇ ਤਰ੍ਹਾਂ ਭਾਈ ਸਤੀ ਦਾਸ, ਤੇ ਦਿਆਲੇ ਦਾ ਵੀ ਹਾਲ ਹੋਇਆ। ਭਾਈ ਦਿਆਲੇ ਨੂੰ ਉੱਬਲਦੀ ਦੇਗ ਵਿਚ ਸੁੱਟ ਕੇ ਸ਼ਹੀਦ ਕੀਤਾ ਗਿਆ। ਇਹ ਸ਼ਹੀਦੀਆਂ ਗੁਰੂ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਹੀ ਹੋਈਆਂ। ਇਹ ਦੇਖ ਭਾਈ ਗੁਰਦਿੱਤਾ ਜੀ ਨੂੰ ਬਾਦਸ਼ਾਹ ਦੀ ਬੇਇਨਸਾਫੀ ਉਤੇ ਡਾਢਾ ਕ੍ਰੋਧ

ਹੋਇਆ, ਪਰ ਸ਼ਾਂਤਿ ਚਿੱਤ ਗੁਰੂ ਸਾਹਿਬ ਨੇ ਉਸ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਦੀ ਤਾਕੀਦ ਕੀਤੀ। ਕ੍ਰੋਧ ਕਰਨੋ ਰੋਕਿਆ ਤੇ ਕਿਹਾ--

ਰਾਮ ਗਇਓ ਰਾਵਨੁ ਗਇਓ ਜਾਕਉ ਬਹੁ ਪਰਿਵਾਰ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰਿ ॥੫੦॥
ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ ॥
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ ॥੫੧॥
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥

(ਸਲੋਕ ਮਹਲਾ ੯)

ਤੇ ਫੇਰ ਗੁਰੂ ਸਾਹਿਬ ਨੇ ਕਿਹਾ, "ਭਾਈ ਗੁਰਦਿੱਤਾ ਜੀ ! ਅਸੀਂ ਵੀ ਅਜ ਤੋਂ ਪੰਜ ਦਿਨ ਤਕ ਭਾਣਾ ਵਰਤਾ ਜਾਣਾ ਹੈ। ਇਸ ਲਈ ਤੁਸੀਂ ਹੁਣ ਇਥੋਂ ਜਾਓ ਤੇ ਮਜਨੂੰ ਦੇ ਟਿੱਲੇ ਜਾ ਕੇ ਰਹੋ। ਉਥੇ ਚੋਲਾ ਛੱਡ ਕੇ ਫੇਰ ਸਾਡੇ ਪਾਸ ਹੀ ਪਰਲੋਕ ਵਿਚ ਆ ਮਿਲਣਾ।" ਇਹ ਕਹਿ ਕੇ ਗੁਰੂ ਸਾਹਿਬ ਨੇ ਭਾਈ ਜਾਗੂ ਦੇ ਹੱਥੀਂ ਬਾਜ਼ਾਰੋਂ ਪੱਗ ਮੰਗਵਾਈ ਤੇ ਭਾਈ ਗੁਰਦਿੱਤੇ ਰਾਹੀਂ ਉਹ ਪੱਗ ਆਪਣੇ ਇਕ ਅਨੰਨ ਸਿੱਖ ਭਾਈ ਬ੍ਰਹਮ ਭੱਟ ਦੇ ਹੱਥ ਪੰਜ ਪੈਸੇ ਤੇ ਨਰੇਲ ਆਦਿ ਗੁਰੂ ਗੱਦੀ ਦੀ ਸਾਮਗ੍ਰੀ ਦੇ ਕੇ ਆਨੰਦਪੁਰ—ਮਾਖੋਵਾਲ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦੇ ਪਾਸ ਭੇਜੀ, ਜੋ ਭਾਈ ਰਾਮ ਕੌਰ (ਗੁਰਬਖਸ਼ ਸਿੰਘ) ਜੀ ਦੇ ਹੱਥੋਂ ਗੁਰਗੱਦੀ ਦਾ ਤਿਲਕ ਦੇ ਕੇ ਸ੍ਰੀ ਦਸਮੇਸ਼ ਜੀ ਦੇ ਸੀਸ ਉਤੇ ਸਜਾਈ ਗਈ।

ਉਧਰ ਦਿੱਲੀ ਵਿਚ ਮੱਘਰ ਸੁਦੀ ੪ ਸੰਮਤ ੧੭੩੨ ਬਿ: (ਮੁਤਾਬਿਕ ਸੰਨ ੧੬੭੫ ਈ:) ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ, ਜਦ ਕਿ ਉਸ ਦੇ ਗੁਰੂ ਜੀ ਨੂੰ ਦੀਨ ਮਹਜ਼ਬ ਵਿਚ ਲਿਆਉਣ ਦੇ ਸਾਰੇ ਜਤਨ ਨਿਸਫਲ ਹੋ ਗਏ ਤਾਂ ਦਿੱਲੀ ਦੇ ਚਾਂਦਨੀ ਚੌਕ ਵਿਚ, ਜਿੱਥੇ ਕਿ ਹੁਣ ਗੁਰਦੁਆਰਾ ਸੀਸ ਗੰਜ ਬਣਿਆ ਹੋਇਆ ਹੈ, ਸ਼ਾਹੀ ਕੁਤਵਾਲੀ ਦੇ ਲਾਗੇ, ਗੁਰੂ ਜੀ ਨੂੰ ਜੱਲਾਦ ਦੇ ਹੱਥੋਂ ਤਲਵਾਰ ਨਾਲ ਸ਼ਹੀਦ ਕਰਵਾਇਆ ਗਿਆ। ਇਹ ਦੁਖਦਾਈ ਸ਼ਹੀਦੀ ਘਟਨਾ ਦਾ ਪਤਾ ਲੱਗਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ (ਅਧਿਆਇ ਪੰਜਵੇਂ) ਵਿਚ ਸਾਫ਼ ਤੌਰ ਤੇ ਲਿਖਿਆ ਕਿ :

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭੁ ਪੁਰ ਕੀਓ ਪਯਾਨ।
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂ ਆਨ ॥੧੫॥

ਤੇਗ ਬਹਾਦੁਰ ਕੇ ਚਲਤ, ਭਯੋ ਜਗਤ ਕੋ ਸੋਕ ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰਲੋਕ ॥੧੬॥

ਇਸ ਤਰ੍ਹਾਂ ਇਹ ਸ਼ਹੀਦੀ-ਘਟਨਾ ਹੋਣ ਤੇ ਉਸ ਸਮੇਂ ਅਚਾਨਕ ਅਸਮਾਨੋਂ ਬੜਾ ਝੱਖੜ ਝੁੱਲਿਆ ਤੇ ਇਸ ਰੌਲੇ ਗੌਲੇ ਵਿਚ ਭਾਈ ਜਾਗੂ (ਜੈਤੇ) ਨੇ ਤੁਰਤ ਫੁਰਤ ਹੀ ਨਵਮ ਗੁਰੂ ਜੀ ਦਾ ਸੀਸ ਬੜੀ ਤੇਜ਼ੀ ਨਾਲ ਸੰਭਾਲਿਆ ਤੇ ਉਹ ਇਕ ਹੋਰ ਸਾਥੀ ਭਾਈ ਨਾਨੋ ਛੀਂਬੇ[1] ਸਮੇਤ ਬੜੀ ਤੇਜ਼ੀ ਨਾਲ ਉਥੋਂ ਸ੍ਰੀ ਆਨੰਦਪੁਰ–ਮਾਖੋਵਾਲ ਦੇ ਰਾਹ ਪਿਆ ਤੇ ਉਧਰ ਭਾਈ ਉਦੈ ਤੇ ਲੱਖੀ ਵਣਜਾਰੇ ਨੇ ਗੁਰੂ ਜੀ ਦਾ ਧੜ ਲੈ ਕੇ ਰਕਾਬ ਗੰਜ ਦੇ ਸਥਾਨ ਪਰ ਜਿਥੇ ਕਿ ਉਸ ਦਾ ਘਰ ਬਣਿਆ ਹੋਇਆ ਸੀ, ਉਸ ਪਵਿਤ੍ਰ ਧੜ ਦਾ ਬੜੇ ਸ਼ਰਧਾਭਾਵ ਨਾਲ ਸੰਸਕਾਰ ਕਰ ਦਿੱਤਾ ।

ਇਧਰ ਭਾਈ ਜਾਗੂ (ਜੈਤਾ) ਭਾਈ ਨਾਨੋ ਸਮੇਤ ਗੁਰੂ ਨਵਮ ਪਾਤਸ਼ਾਹ ਦਾ ਸੀਸ ਲੈ ਕੇ ਰਾਤ-ਦਿਨ ਮੰਜ਼ਲਾਂ ਮਾਰਦਾ ਹੋਇਆ ਬੜੀਆਂ ਮੁਸ਼ਕਿਲਾਂ ਨਾਲ ਤੀਜੇ ਦਿਨ ਸ੍ਰੀ ਆਨੰਦਪੁਰ–ਮਾਖੋਵਾਲ ਸ੍ਰੀ ਗੁਰੂ ਗੋਬਿੰਦ ਰਾਇ (ਦਸਮੇਸ਼) ਦੇ ਦਰਬਾਰ ਵਿਚ ਪੁੱਜਾ । ਅਗੋਂ ਗੁਰੂ ਸਾਹਿਬ ਨੇ ਉਸ ਦਾ ਬੜਾ ਸਨਮਾਨ ਕੀਤਾ ਤੇ ਗੁਰੂ ਪਿਤਾ ਦਾ ਪਵਿੱਤ੍ਰ ਸੀਸ ਉਚੇ ਸਿੰਘਾਸਨ ਪਰ ਰਖਵਾ ਕੇ ਸਾਰੀ ਸਿੱਖ ਸੰਗਤ ਦੇ ਸਾਹਮਣੇ ਭਾਈ ਜਾਗੂ (ਜੈਤੇ) ਨੂੰ ਬੜੇ ਪਿਆਰ ਨਾਲ ਜੱਫੀ ਪਾ ਕੇ "ਰਘਰੇਟੇ ਗੁਰੂ ਕੇ ਬੇਟੇ" ਦਾ ਅਦੁਤੀ ਵਰਦਾਨ ਦਿੱਤਾ । ਦੂਜੇ ਸਿੱਖ ਸਾਥੀ ਭਾਈ ਨਾਨੋ ਛੀਂਬੇ ਦਾ ਵੀ ਗੁਰੂ ਜੀ ਵਲੋਂ ਇਸ ਸਮੇਂ ਸਤਿਕਾਰ ਕੀਤਾ ਗਿਆ । ਫੇਰ ਗੁਰੂ ਸਾਹਿਬ ਨੇ ਸਾਰੇ ਪਰਿਵਾਰ ਸਮੇਤ ਸਤਿਕਾਰ ਸਹਿਤ ਦਰਿਆ ਸਤਲੁਜ ਦੇ ਪਵਿਤ੍ਰ ਜਲ ਨਾਲ ਗੁਰੂ ਪਿਤਾ ਦੇ ਪਵਿਤ੍ਰ ਸੀਸ ਦਾ ਇਸ਼ਨਾਨ ਕਰਵਾ ਕੇ ਗੁਰਦੁਆਰਾ ਸੀਸ ਗੰਜ (ਆਨੰਦਪੁਰ) ਦੇ ਸਥਾਨ ਪਰ ਸਸਕਾਰ ਕੀਤਾ । ਇਹ ਵਾਕਿਆ ਮਹੀਨਾ ਮੱਘਰ ਸੰਮਤ ੧੭੩੨ ਬਿ: ਦਾ ਹੈ ।

ਇਸ ਤੋਂ ਬਾਅਦ ਭਾਈ ਗੁਰਦਿੱਤਾ ਜੀ, ਜੋ ਦਿੱਲੀ ਹੀ ਰਹਿ ਗਏ ਸਨ, ਗੁਰੂ ਜੀ ਦੇ ਹੁਕਮ ਮੁਤਾਬਿਕ ਟਿੱਲਾ ਮਜਨੂੰ ਦੇ ਸਥਾਨ ਪਰ ਜਾ ਕੇ ਸਮਾ ਗਏ । ਥੋੜਾ ਚਿਰ ਪਿਛੋਂ ਹੀ ਪਤਾ ਲੱਗਣ ਤੇ ਦਿੱਲੀ ਦੇ ਸਿੱਖਾਂ ਨੇ ਉਨ੍ਹਾਂ ਦਾ ਉਥੇ ਹੀ ਸਸਕਾਰ ਕਰ ਦਿੱਤਾ ਜਿੱਥੇ ਕਿ ਇਸ ਯਾਦਗਾਰ ਵਜੋਂ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ । ਇਧਰ ਮੁਗਲ ਸਮਰਾਟ ਔਰੰਗਜ਼ੇਬ ਦੇ ਹੁਕਮ ਨਾਲ ਇਸ ਤੋਂ ਅਗਲੇ ਸਾਲ ਸੋਢੀ ਧੀਰ ਮੱਲ ਜੀ ਕਰਤਾਰ ਪੁਰੀਏ ਕਿਲਾ ਰਣਥੰਭੋਰ (ਰਾਜਸਥਾਨ) ਵਿਖੇ

---

1. ਦੇਖੋ, ਕੇਸਰ ਸਿੰਘ ਛਿਬਰ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਸਫੇ ੫੪-੫੫ ।

ਸੰਮਤ ੧੭੩੩ ਵਿਚ ਤੇ ਉਸ ਦੇ ਪੁਤ੍ਰ ਸੋਢੀ ਰਾਮਚੰਦ ਜੀ ਕਿਲਾ ਦਿੱਲੀ ਵਿਚ ਸੰਮਤ ੧੭੩੪ ਵਿਚ ਸ਼ਹੀਦ ਕਰ ਦਿਤੇ ਗਏ। ਫੇਰ ਔਰੰਗਜ਼ੇਬ ਦਾ ਧਿਆਨ ਹੋਰ ਵਿਰੋਧੀਆਂ ਨੂੰ ਖ਼ਤਮ ਕਰਨ ਵਲ ਲੱਗਾ, ਪਰ ਇਸੇ ਸਮੇਂ ਦੱਖਣ ਵਿਚ ਮਰਹੱਟਿਆਂ ਦੀ ਭਾਰੀ ਇਨਕਲਾਬੀ ਸ਼ੋਰਸ਼ ਖੜੀ ਹੋਣ ਤੇ, ਜੋ ਕਿ ਲਗਾਤਾਰ ਸਾਲਾਂ ਬੱਧੀ ਚਲਦੀ ਰਹੀ, ਮੁਗਲ ਬਾਦਸ਼ਾਹ ਸੂਬਾ ਸਰਹੱਦ ਦੇ ਪਠਾਨਾਂ ਵਲੋਂ ਹਟ ਕੇ ਦੱਖਣ ਦੀ ਮੁਹਿੰਮ ਵਲ ਵਧੇਰੇ ਰੁਝ ਗਿਆ ਤੇ ਫੇਰ ਸਾਰੀ ਉਮਰ ਉਸ ਨੂੰ ਇਸ ਪਾਸਿਉਂ ਹਟ ਹੋਰ ਪਾਸੇ ਜਾਣ ਦਾ ਵਿਹਲ ਹੀ ਨਾ ਮਿਲਿਆ, ਜਿਸ ਕਰਕੇ ਪੰਜਾਬੀ ਸਿੱਖ ਉਸ ਦੇ ਇਸ ਕ੍ਰੋਧ ਤੋਂ ਕਾਫੀ ਹੱਦ ਤਕ ਬਚੇ ਰਹੇ।

ਗੁਰੂ ਦਸਮ ਦਾ ਰਾਜ-ਸਾਜ ਤੇ ਰਣਜੀਤ ਨਗਾਰਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਸੰਮਤ ੧੭੩੨ ਬਿ: ਵਿਚ, ਜਿਵੇਂ ਕਿ ਕਵੀ ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ :

ਚਉਦਾ ਬਰਸਾਂ ਦੀ ਗੋਬਿੰਦ ਸਿੰਘ ਜੀ ਕੀ ਆਉ ।

ਬਾਲ ਗੁਰੂ ਗੋਬਿੰਦ ਰਾਇ ਜੀ ਉਮਰ ੧੪ ਬਰਸਾਂ ਦੀ ਸੀ। ਉਹ ਇਸ ਹਿਸਾਬ ਨਾਲ ਕਿ ਸ੍ਰੀ ਦਸਮੇਸ਼ ਦਾ ਜਨਮ ਬਹੁਤੀਆਂ ਇਤਿਹਾਸਿਕ ਹੱਥ ਲਿਖਤ ਪੁਸਤਕਾਂ ਦੇ ਮੁਤਾਬਿਕ ਸੰਮਤ ੧੭੧੮ ਬਿ: ਵਿਚ ਹੋਇਆ ਸੀ, ਜਿਸ ਕਰਕੇ ਛਿੱਬਰ ਹੋਰਾਂ ਵੀ ਬੰਸਾਵਲੀ ਨਾਮੇ ਵਿਚ ਇਸੇ ਸੰਮਤ ਨੂੰ ਸਹੀ ਮੰਨਿਆ ਹੈ, ਪਰ ਹੋਰ ਲੇਖਕਾਂ ਨੇ ਸ੍ਰੀ ਦਸਮੇਸ਼ ਜੀ ਦੀ ਉਮਰ ਪੰਜ ਸਾਲ ਘਟਾ ਕੇ ਉਨ੍ਹਾਂ ਦਾ ਜਨਮ ਸੰਮਤ ੧੭੨੩ ਬਿ: ਵਿਚ ਹੋਇਆ ਮੰਨ, ਨਵਮ ਗੁਰੂ ਜੀ ਦੀ ਸ਼ਹੀਦੀ ਸਮੇਂ ਉਨ੍ਹਾਂ ਦੀ ਉਮਰ ਸਿਰਫ ਨੌਂ ਸਾਲ ਲਿਖੀ ਹੈ। ਉਨ੍ਹਾਂ ਦੀ ਸੁਲਿਖਿਤ ਆਤਮ-ਕਥਾ ਬਚਿਤ੍ਰ ਨਾਟਕ ਅਧਿਆਇ ਸਪਤਮ ਦੇ ਕਥਨ ਅਨੁਸਾਰ :

ਜਬ ਹਮ ਧਰਮ ਕਰਮ ਮੋ ਆਏ ॥
ਦੇਵ ਲੋਕ ਤਬ ਪਿਤਾ ਸਿਧਾਏ ॥

ਅਰਥਾਤ—ਜਦ ਸ੍ਰੀ ਦਸਮੇਸ਼ ਜੀ ੧੨-੧੩ ਸਾਲ ਦੀ ਉਮਰ ਦੇ ਹੋਣ ਤੇ ਧਰਮ ਕਰਮ ਵਿਚ ਆਏ ਤਾਂ ਪਿਤਾ ਗੁਰੂ (ਸ੍ਰੀ ਗੁਰੂ ਤੇਗ ਬਹਾਦਰ) ਜੀ ਸ਼ਹੀਦੀ ਪ੍ਰਾਪਤ ਕਰ ਗਏ। ਇਸ ਲਈ ਮਨੂ ਸਿਮ੍ਰਤੀ (ਅਧਿਆਇ ਦੂਜਾ, ਸਲੋਕ ੩੬) ਦੇ ਅਨੁਸਾਰ ਬ੍ਰਾਹਮਣ ਜਾਤਿ ਦੇ ਧਰਮ-ਕਰਮ ਅੱਠਵੇਂ ਸਾਲ ਅਤੇ ਛੱਤ੍ਰੀਆਂ ਤੇ ਵੈਸ਼ਾਂ ਦੇ ਧਰਮ-ਕਰਮ ਕ੍ਰਮਵਾਰ ੧੨ਵੇਂ ਤੇ ੧੩ਵੇਂ ਸਾਲ ਦੀ ਉਮਰ ਹੋਣ ਤੇ ਹੁੰਦੇ ਹਨ। ਇਸ ਲਈ ਮੰਨਣਾ ਪੈਂਦਾ ਹੈ ਕਿ ਗੁਰੂ ਦਸਮੇਸ਼ ਦੀ ਉਮਰ ਉਸ ਸਮੇਂ ੧੨-੧੩ ਸਾਲ ਤੋਂ ਘੱਟ ਨਹੀਂ ਸੀ ਤੇ ਉਹ ਸੰਮਤ ੧੭੧੮ ਵਿਚ ਹੀ ਜਨਮੇ ਸਨ।

ਇਸ ਤੋਂ ਬਾਦ ਸੰਮਤ ੧੭੨੩ ਬਿ: ਵਿਚ ਗੁਰੂ ਜੀ ਦਾ ਜਨਮ ਕਿਸੇ ਤਰ੍ਹਾਂ

ਵੀ ਯੁਕਤੀ ਸੰਗਤ ਸਿੱਧ ਨਹੀਂ ਹੁੰਦਾ। ਇਸ ਲਈ ਇਤਨੀ ਯੁਵਾ ਉਮਰੇ, ਜੋ ਕਿ ਬਚਪਨ ਦੇ ਹੱਦ-ਬੰਨਿਆਂ ਨੂੰ ਲੰਘ ਜਵਾਨੀ ਦੇ ਅਗਾਂਹ ਵਧੂ ਉਤਸ਼ਾਹਾਂ ਨਾਲ ਭਰਪੂਰ ਸੀ, ਧਰਮ-ਕਰਮ ਤੇ ਹੋਰ ਪਿਤਾ-ਪੁਰਖੀ ਦੇ ਫਰਜ਼ਾਂ ਤੋਂ ਨਿਵ੍ਰਿਤ ਹੋਣ ਸਾਰ ਹੀ ਗੁਰੂ ਸਾਹਿਬ ਨੇ ਰਾਜ-ਕਾਜ ਦਾ ਮੁੱਢ ਬੜੇ ਉਤਸ਼ਾਹ ਨਾਲ ਬੰਨ੍ਹਿਆ ਤੇ ਆਪਣੀ ਨਵੀਂ ਬਣ ਰਹੀ ਰਾਜਧਾਨੀ ਸ੍ਰੀ ਆਨੰਦਪੁਰ ਵਿਚ ਪਹਿਲਾਂ ਸੈਨਿਕ ਰਚਨਾ ਰਚੀ, ਸੱਤ ਕਿਲੇ ਬਣਵਾਏ ਤੇ ਫੇਰ ਸਭ ਤੋਂ ਵੱਡਾ ਗੜਗੱਜ ਰਣਜੀਤ-ਨਗਾਰਾ ਬੜੇ ਪ੍ਰਯਤਨਾਂ ਨਾਲ ਸੰਮਤ ੧੭੪੧ ਵਿਚ ਬਣਵਾਇਆ। ਉਸ ਨਗਾਰੇ ਦੀ ਏਨੀ ਬੁਲੰਦ ਆਵਾਜ਼ ਸੀ ਕਿ ਉਸ ਉਤੇ ਇਕ ਵੇਰ ਚੋਟ ਲਗਦਿਆਂ ਹੀ ਇਲਾਕਾ ਬਾਈਧਾਰ ਪਹਾੜ ਦੇ ਸਾਰੇ ਬਨ-ਪਰਬਤ ਪੰਜਾਹ ਪੰਜਾਹ ਮੀਲਾਂ ਤਕ ਬੜੀ ਕੜਕਵੀਂ ਆਵਾਜ਼ ਵਿਚ ਗੂੰਜ ਉਠਦੇ ਸਨ। ਉਸ ਰਣਜੀਤ ਨਗਾਰੇ ਦਾ ਸਿਰਮੌਰ ਨਗਾਰਚੀ ਸੀ ਭਾਈ ਜੈਤਾ (ਜੀਵਨ ਸਿੰਘ) ਰੰਘਰੇਟਾ ਗੁਰੂ ਕਾ ਬੇਟਾ, ਜਿਸ ਨੂੰ ਗੁਰੂ ਸਾਹਿਬ ਨੇ ਪਹਿਲਾਂ ਹੀ ਬੜਾ ਪਿਆਰ ਦੇ ਕੇ ਆਪਣਾ ਸੰਗੀ ਸਾਥੀ ਬਣਾਇਆ ਸੀ। ਉਹ ਬੰਦੂਕ ਦਾ ਨਿਸ਼ਾਨਾ ਲਗਾਉਣ ਤੇ ਤੀਰੰਦਾਜ਼ੀ ਵਿਚ ਵੀ ਆਪਣਾ ਸਾਨੀ ਨਹੀਂ ਸੀ ਰਖਦਾ, ਇਸੇ ਲਈ ਸਰਦਾਰ ਰਤਨ ਸਿੰਘ ਭੰਗੂ ਨੇ ਲਿਖਿਆ ਹੈ :

ਜੀਵਨ ਸਿੰਘ ਰੰਘਰੇਟੜੇ ਬੰਦੂਕੀ ਖੂਬ ਅਖਵਾਇ ॥

(ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੪੪)

ਭਾਈ ਜੈਤਾ ਜੀ ਨੇ ਸੰਮਤ ੧੭੪੨ ਤੋਂ ਸੰਮਤ ੧੭੬੨ ਤਕ ਲਗ ਭਗ ੨੦ ਸਾਲ ਲਗਾਤਾਰ ਇਸ ਰਣਜੀਤ ਨਗਾਰੇ ਦੇ ਨਗਾਰਚੀ ਹੁੰਦਿਆਂ ਹੋਇਆਂ ਜੋ ਫੌਜੀ ਸੇਵਾ ਗੁਰੂ ਪੰਥ ਦੀ ਕੀਤੀ ਉਹ ਕਦੇ ਭੁਲਾਈ ਨਹੀਂ ਜਾ ਸਕਦੀ। ਇਸੇ ਰਣਜੀਤ ਨਗਾਰੇ ਦੀ ਧਰਤਿ-ਕੰਬਾਊ ਆਵਾਜ਼ ਨੂੰ ਮੁੱਖ ਰੱਖ ਕੇ ਹੀ ਗੁਰੂ ਦਸਮੇਸ਼ ਜੀ ਦੇ ਦਰਬਾਰੀ ਕਵੀ ਮੰਗਲ ਨੇ ਇਕ ਕਬਿੱਤ ਲਿਖਿਆ ਹੈ, ਜਿਵੇਂ ਕਿ :

ਆਨੰਦ ਦਾ ਵਾਜਾ ਨਿਤ ਵੱਜਦਾ ਅਨੰਦਪੁਰ,
ਸੁਣਿ ਸੁਣਿ ਸੁੱਧ ਭੁਲਦੀ ਏ ਨਰ ਨਾਰ ਦੀ।
ਭੌ ਭਿਆ ਭਭੀਖਣੇ ਨੂੰ ਲੰਗਾਂ ਗੜ੍ਹ ਵੱਸਣੇ ਦਾ,
ਫੇਰ ਅਸਵਾਰੀ ਆਂਵਦੀ ਏ ਮਹਾਂਬਾਹ ਦੀ।

ਬਲਿ ਛੱਡ ਬਲਿ ਜਾਇ ਛਪਿਆ ਪਤਾਲ ਵਿਚ,
ਫ਼ਤਿਹ ਦੀ ਨਿਸ਼ਾਨੀ ਲੈਂਦੇ ਦ੍ਵਾਰ ਦਰਗਾਹ ਦੀ।
ਸਵਣੇ ਨ ਦੇਂਦੀ ਦੁੱਖ ਦੁੱਜਣਾਂ ਨੂੰ ਰਾਤ ਦਿਨ,
ਨੌਬਤ ਗੋਬਿੰਦ ਸਿੰਘ ਗੁਰੂ ਪਾਤਸ਼ਾਹ ਦੀ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵੱਡਾ ਸਾਹਿਬਜ਼ਾਦਾ ਅਜੀਤ ਸਿੰਘ ਵੱਡੇ ਮਹਲਾਂ—ਮਾਤਾ ਸੁੰਦਰੀ ਜੀ ਦੇ ਪੇਟੋਂ ਸੰਮਤ ੧੭੪੨ ਵਿਚ ਪੈਦਾ ਹੋਇਆ ਸੀ ਜਿਸ ਦਾ ਨਾਂ ਗੁਰੂ ਸਾਹਿਬ ਨੇ ਇਸੇ ਰਣਜੀਤ ਨਗਾਰੇ ਦੇ ਨਾਂ ਤੇ ਹੀ ਰਣਜੀਤ ਸਿੰਘ ਰੱਖਿਆ, ਪਰ ਫੇਰ ਕੁਝ ਸਮਾਂ ਗੁਜ਼ਰਨ ਤੇ ਉਸ ਦਾ ਨਾਂ ਬਦਲ ਕੇ ਪਹਿਲਾਂ ਜੀਤ ਸਿੰਘ ਤੇ ਫੇਰ ਅਜੀਤ ਸਿੰਘ ਹੀ ਮਸ਼ਹੂਰ ਹੋ ਗਿਆ। ਫੇਰ ਇਸ ਸਾਹਿਬਜ਼ਾਦੇ ਦਾ ਇਹੋ ਨਾਂ ਪ੍ਰਚਲਿਤ ਰਿਹਾ। ਭਾਈ ਜੈਤਾ ਜੀ ਇਸ ਸਾਹਿਬਜ਼ਾਦੇ ਦੇ ਹਮੇਸ਼ਾ ਅੰਗ ਸੰਗ ਰਹਿੰਦੇ ਤੇ ਸ਼ਸਤ੍ਰ-ਵਿਦਿਆ ਵਿਚ ਇਸ ਦੇ ਉਸਤਾਦ ਸਨ।

ਭਾਈ ਜੈਤਾ ਜੀ ਜੰਗ ਭੰਗਾਣੀ, ਜੰਗ ਨਦੌਨ, ਜੰਗ ਹੁਸੈਨੀ, ਜੰਗ ਲੋਹਗੜ੍ਹ, ਜੰਗ ਨਿਰਮੋਹਗੜ੍ਹ, ਜੰਗ ਬਜਰੂੜ, ਜੰਗ ਅਨੰਦਗੜ੍ਹ ਆਦਿ ਸਾਰੇ ਹੀ ਜੰਗਾਂ-ਜੁੱਧਾਂ ਵਿਚ ਹਮੇਸ਼ਾਂ ਗੁਰੂ ਸਾਹਿਬ ਦੇ ਹਮ-ਰਕਾਬ ਹੋ ਕੇ ਰਹੇ ਸਨ। ਏਥੋਂ ਤਕ ਕਿ ਜੰਗ ਬੱਸੀ ਪਠਾਨਾਂ ਜ਼ਿਲਾ ਹੁਸ਼ਿਆਰਪੁਰ ਵਿਚ ਵੀ ਗੁਰੂ ਜੀ ਦੇ ਹੁਕਮ ਨਾਲ ਸਾਹਿਬ-ਜ਼ਾਦਾ ਅਜੀਤ ਸਿੰਘ ਜੀ ਨੇ ਬੜੀ ਦਲੇਰੀ ਨਾਲ ਰਾਤੋ ਰਾਤ ਚੜ੍ਹਾਈ ਕਰ ਕੇ ਉਥੋਂ ਦੇ ਜਾਬਰ ਪਠਾਣ ਦੇ ਹਥੋਂ ਇਕ ਗਰੀਬ ਬ੍ਰਾਹਮਣ ਦੀ ਨਵ-ਵਿਆਹੁਤਾ ਬ੍ਰਾਹਮਣੀ ਛੁਡਾ ਕੇ ਲਿਆਂਦੀ ਤੇ ਉਸ ਜਾਬਰ ਪਠਾਨ ਨੂੰ ਤੀਰਾਂ ਨਾਲ ਪ੍ਰੋਅ ਕੇ ਮਾਰਿਆ ਸੀ, ਜਿਵੇਂ ਕਿ ਗੁਰ-ਬਿਲਾਸ ਪਾਤਸ਼ਾਹੀ ੧੦ (ਸੁੱਖਾ ਸਿੰਘ) ਵਿਚ ਲਿਖਿਆ ਹੈ :

ਤਪਤ ਤੇਲ ਸਿਰ ਡਾਰ ਕਰਿ, ਤੀਰਨ ਛੇਦ ਕਰਾਇ।
ਸਰਬ ਜਗਤ ਕੇ ਨਿਰਖਤੇ ਮਾਰਯੋ ਨੀਚ ਬਨਾਇ ॥੧੬੩॥
(ਅਧਿਆਇ ੧੯)

ਤਾਂ ਭਾਈ ਜੈਤਾ (ਜੀਵਨ ਸਿੰਘ) ਜੀ ਉਸ ਚੜ੍ਹਾਈ ਸਮੇਂ ਸਾਹਿਬਜ਼ਾਦੇ ਦੇ ਹਮਰਕਾਬ ਹੋ ਕੇ ਗਏ ਸਨ। ਇਸ ਲਈ ਇਹ ਦੋਵੇਂ ਪ੍ਰਸਪਰ ਇਕ ਦੂਜੇ ਦਾ ਬੜਾ ਦਿਲੀ ਮਾਣ ਕਰਦੇ ਹਨ।

ਵਿਆਹ ਤੇ ਸੰਤਾਨ

ਗ਼ਾਲਬਨ ਉਨ੍ਹਾਂ ਦਿਨਾਂ ਵਿਚ ਹੀ ਜਦ ਭਾਈ ਜੀਵਨ ਸਿੰਘ ਗੁਰੂ ਜੀ ਦਾ ਨਗਾਰਚੀ ਸੀ ਤਾਂ ਉਸ ਦਾ ਅਨੰਦ ਕਾਰਜ ਭਾਈ ਸੁਜਾਨ ਸਿੰਘ ਪਿੰਡ ਰਿਆੜਕੀ, ਪਰਗਨਾ ਪੱਟੀ ਦੇ ਘਰ ਹੋਇਆ। ਇਹਨਾਂ ਦੀ ਪਤਨੀ ਦਾ ਨਾਉਂ ਮਾਤਾ ਰਾਜ ਕੌਰ ਸੀ, ਜਿਸ ਦੇ ਪੇਟੋਂ ਚਾਰ ਪੁੱਤ੍ਰ ਜਨਮੇ–(੧) ਗੁਰਦਿਆਲ ਸਿੰਘ, (੨) ਗੁਲਜ਼ਾਰ ਸਿੰਘ, (੩) ਸੁੱਖਾ ਸਿੰਘ ਤੇ (੪) ਸੇਵਾ ਸਿੰਘ। ਮਾਤਾ ਰਾਜ ਕੌਰ ਜੀ,ਸੰਮਤ ੧੭੪੫ ਬਿ: ਤੋਂ ਸੰਮਤ ੧੭੬੦ ਬਿ: ਤਕ ਲਗਭਗ ਸੋਲ੍ਹਾਂ ਸਾਲ ਪਹਿਲਾਂ ਤਾਂ ਆਪਣੇ ਪਤੀ ਜੀਵਨ ਸਿੰਘ ਦੀ ਸੇਵਾ ਵਿਚ ਅਨੰਦਪੁਰ ਹੀ ਰਹੇ ਤੇ ਫੇਰ ਅਨੰਦਪੁਰ ਦਾ ਮਹਾਂ-ਯੁੱਧ ਛਿੜਨ ਤੋਂ ਕੁਝ ਸਮਾਂ ਪਹਿਲਾਂ ਹੀ ਆਪ ਬੱਚਿਆ ਸਮੇਤ ਆਪਣੇ ਪਿੰਡ ਛੰਡੇ ਰਾਮਦਾਸ ਪਹੁੰਚ ਗਏ।

ਭਾਈ ਜੈਤੇ ਤੋਂ ਜੀਵਨ ਸਿੰਘ ਤੇ ਉਸ ਦੀ ਚਮਕੌਰ ਦੇ ਯੁੱਧ ਵਿਚ ਸ਼ਹੀਦੀ

੧ ਵਿਸਾਖ ਸੰਮਤ ੧੭੫੬ ਬਿ: ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲੰਮੀ ਸੂਝ-ਬੂਝ ਤੇ ਦਲੇਰੀ ਨਾਲ ਇਕ ਵੱਡਾ ਇਨਕਲਾਬ ਸਿਖੀ ਮੰਡਲ ਵਿਚ ਲਿਆਂਦਾ ਤੇ ਪੰਜ ਪਿਆਰਿਆਂ ਰਾਹੀਂ ਖੰਡੇ ਦਾ ਅੰਮ੍ਰਿਤ ਛਕਾ ਕੇ ਸਾਧਾਰਣ ਸਿਖ ਧਰਮ ਨੂੰ ਖਾਲਸਾ ਪੰਥ ਦਾ ਰੂਪ ਦਿਤਾ। ਸਿਖ ਪਹਿਲਾਂ ਗੁਰੂ ਨਾਨਕ ਕਾਲ ਤੋਂ ਗੁਰੂ ਜੀ ਦੇ ਹੁਕਮ ਨਾਲ ਸਿਰਫ ਇਕੋ ਮਹਾਨ ਵਿਅਕਤੀ ਤੋਂ ਚਰਣ-ਪਾਹੁਲ ਲੈਂਦੇ ਸਨ। ਫੇਰ ਗੁਰੂ ਹਰਿਗੋਬਿੰਦ ਜੀ ਨੇ ਉਹੋ ਚਰਣ-ਪਾਹੁਲ ਕੁਝ ਚੋਣਵੇਂ ਪੰਜ ਸਿਖਾਂ ਤੋਂ ਦਿਵਾਉਣੀ ਸ਼ੁਰੂ ਕੀਤੀ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਣ-ਪਾਹੁਲ ਦੀ ਇਹ ਪੁਰਾਤਨ ਮਰਯਾਦਾ ਹਟਾ ਕੇ ਉਸ ਦੀ ਥਾਵੇਂ ਪੰਜ ਪਿਆਰਿਆਂ ਰਾਹੀਂ ਖੰਡੇ ਦਾ ਅੰਮ੍ਰਿਤ ਛਕ ਸਿਖਾਂ ਤੋਂ ਸਿੰਘ ਸਜਾ ਕੇ ਇਕ ਨਵਾਂ ਇਨਕਲਾਬ ਜਨਤਾ ਦੇ ਸਾਹਮਣੇ ਲਿਆਂਦਾ। ਉਹ ਪੰਜ ਪਿਆਰੇ ਸਨ--ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ, ਜੋ ਕਈ ਵਿਦਵਾਨਾਂ ਦੇ ਕਥਨ ਅਨੁਸਾਰ ਪੰਜਾਬ ਦੇ ਹੀ ਜੰਮ-ਪਲ ਸਨ, ਪਰ ਕੁਝ ਪੁਰਾਤਨ ਵਿਦਵਾਨਾਂ ਦੇ ਕਥਨ ਅਨੁਸਾਰ ਭਾਈ ਦਯਾ ਸਿੰਘ ਲਾਹੌਰੀ ਤੋਂ ਸਿਵ ਏ ਬਾਕੀ ਸਾਰੇ ਹੀ ਹੋਰ ਬਾਹਰਲੇ ਦੂਰ-ਨੇੜੇ ਦੇ ਇਲਾਕਿਆਂ ਦੇ ਜਮੇ-ਜਾਏ ਤੇ ਵੱਖੋ-ਵੱਖ ਜਾਤਾਂ ਦੇ ਮਹਾਨ ਵਿਅਕਤੀ ਸਨ। ਗੁਰੂ ਸਾਹਿਬ ਨੇ ਉਹਨਾਂ ਨੂੰ ਇਸ ਤਰ੍ਹਾਂ ਖੰਡੇ ਦੇ ਅੰਮ੍ਰਿਤ ਨਾਲ ਸਕੇ ਸਹੋਦਰ ਬਣਾਇਆ।

ਭਾਈ ਗੁਰਦਿੱਤਾ ਜੀ ਬੁੱਢੇ ਕੇ ਦੀ ਥਾਵੇਂ ਇਸ ਸਮੇਂ ਨਗਰ ਰਾਮਦਾਸਪੁਰੇ ਦੇ ਗੱਦੀ-ਨਸ਼ੀਨ ਸਨ—ਭਾਈ ਰਾਮ ਕੌਰ (ਗੁਰਬਖਸ਼ ਸਿੰਘ) ਜੀ, ਜੋ ਹਮੇਸ਼ਾ ਸ਼ੁਰੂ ਤੋਂ ਹੀ ਸ੍ਰੀ ਅਨੰਦਪੁਰ ਦਰਬਾਰ ਦੀ ਹਾਜ਼ਰੀ ਭਰਦੇ ਸਨ। ਗੁਰੂ ਸਾਹਿਬ ਦੇ ਹੁਕਮ ਨਾਲ ਪਹਿਲਾਂ ਉਹ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਰਾਮ ਕੌਰ ਦੀ ਥਾਵੇਂ

ਗੁਰਬਖਸ਼ ਸਿੰਘ ਬਣੇ[1] ਤੇ ਉਸ ਦੇ ਨਾਲ ਹੀ ਭਾਈ ਜਾਗੂ (ਜੈਤੇ) ਰੰਘਰੇਟੇ ਨੇ ਵੀ ਬੜੇ ਸ਼ਰਧਾ-ਭਾਵ ਸਹਿਤ ਗੁਰੂ ਜੀ ਤੋਂ ਖੰਡੇ ਦੇ ਅੰਮ੍ਰਿਤ ਦੀ ਯਾਚਨਾ ਕੀਤੀ ਜੋ ਪ੍ਰਵਾਨ ਹੋਈ। ਸੋ ਇਸ ਤਰ੍ਹਾਂ ਭਾਈ ਜੈਤਾ (ਨਗਾਰਚੀ) ਵੀ ਪੰਜ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕਕੇ ਜੀਵਨ ਸਿੰਘ ਬਣ ਕੇ ਗੁਰੂ ਸੰਗਤ ਦੇ ਸਾਹਮਣੇ ਆਇਆ ਤੇ ਗੁਰੂ ਜੀ ਨੇ ਉਸ ਨੂੰ ਹੋਰ ਵੀ ਉਚੇਰੀ ਤਰੱਕੀ ਦੇ ਕੇ ਉਸ ਦਾ ਉਤਸ਼ਾਹ ਵਧਾਇਆ ।

ਭਾਵੇਂ ਮੁਗਲ ਸਮਰਾਟ ਔਰੰਗਜ਼ੇਬ, ਜਿਵੇਂ ਕਿ ਪਿਛੇ ਦਸਿਆ ਗਿਆ ਹੈ,ਸੂਬਾ ਸਰਹੱਦ ਦੇ ਪਠਾਨਾਂ ਦੀ ਸ਼ੋਰਸ਼ ਤੋਂ ਹਟ ਕੇ ਇਸ ਸਮੇਂ ਸਾਰੀ ਸ਼ਾਹੀ ਸੈਨਾ ਸਮੇਤ ਦੱਖਣ ਵਿਚ ਮਰਹੱਟਿਆਂ ਨਾਲ ਉਲਝਿਆ ਹੋਇਆ ਸੀ, ਪਰ ਫੇਰ ਵੀ ਉਸ ਦੇ ਹੁਕਮ ਨਾਲ ਸਰਹਿੰਦ, ਜਲੰਧਰ ਤੇ ਲਾਹੌਰ ਦੇ ਸੂਬਿਆਂ ਵਲੋਂ ਪਹਾੜੀ ਰਾਜਿਆਂ ਸਮੇਤ ਕਈ ਵੇਰ ਸ੍ਰੀ ਅਨੰਦਪੁਰ ਵਿਖੇ ਹਮਲੇ ਹੁੰਦੇ ਹੀ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੂੰਕਿ ਸ੍ਰੀ ਅਨੰਦਪੁਰ ਦੀ ਹਿਫ਼ਾਜ਼ਤ ਲਈ ਪਹਿਲਾਂ ਹੀ ਸੱਤ ਮਜ਼ਬੂਤ ਕਿਲ੍ਹੇ ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਹੋਲਗੜ੍ਹ, ਅਜੀਤਗੜ੍ਹ ਆਦਿ ਬਣਾ ਲਏ ਸਨ, ਇਸ ਲਈ ਸਿਖ ਫੌਜਾਂ ਬੜੀ ਕਾਮਯਾਬੀ ਨਾਲ ਉਨ੍ਹਾਂ ਮੁਗਲੇਈ ਹਮਲਿਆਂ ਨੂੰ ਰੋਕਦੀਆਂ ਰਹੀਆਂ, ਪਰ ਫੇਰ ਵੀ ਸਿਖ ਫੌਜਾਂ ਗਿਣਤੀ ਵਿਚ ਬੜੀਆਂ ਘੱਟ ਸਨ ਤੇ ਜੰਗੀ ਤਨਜ਼ੀਮ ਹਾਸਲ ਕਰਨ ਦਾ ਵੀ ਉਹਨਾਂ ਨੂੰ ਏਨਾ ਚੰਗਾ ਮੌਕਾ ਨਹੀਂ ਸੀ ਮਿਲਿਆ ਜਿਸ ਕਾਰਨ ਕਈ ਵਾਰ ਫਤਿਹਯਾਬ ਹੋਣ ਦੇ ਬਾਵਜੂਦ ਵੀ ਰਾਸ਼ਨ ਤੇ ਲੋੜੀਂਦੇ ਹਥਿਆਰ ਆਦਿ ਦੀ ਕਮੀ ਕਾਰਨ ਉਹ ਏਨੇ ਸਫਲ ਨਾ ਹੋਏ।

ਇਲਾਕਾ ਪਹਾੜ ਦੀਆਂ ਬਾਈਧਾਰ ਨਾਮ ਧਰੀਕ ਰਿਆਸਤਾਂ ਦੇ ਰਾਜੇ ਤੇ ਰਈਸ, ਜੋ ਗਵਾਂਢੀ ਹੋਣ ਕਰ ਕੇ ਸਿਖ ਫੌਜਾਂ ਦੀ ਇਸ ਕਮੀ ਤੋਂ ਜਾਣੂ ਸਨ, ਮੁਗਲ ਹਕੂਮਤ ਨੂੰ ਇਸ ਸਬੰਧ ਵਿਚ ਖਬਰਾਂ ਦਿੰਦੇ ਰਹੇ। ਇਸੇ ਕਰ ਕੇ ਸੰਮਤ ੧੭੬੧ ਬਿ: ਮੁਤਾਬਿਕ ਸੰਨ ੧੭੦੪ ਈ: ਵਿਚ ਸੂਬਾ ਸਰਹਿੰਦ ਦੇ ਜ਼ੋਰ ਦੇਣ ਤੇ ਮੁਗਲ ਸੈਨਾ ਤੇ ਪਹਾੜੀ ਰਾਜਿਆਂ ਨੇ ਸਰਦੀਆਂ ਦੀ ਰੁੱਤੇ ਪ੍ਰਸਪਰ ਮਿਲ ਕੇ ਸਖਤ ਹੱਲਾ ਬੋਲਿਆ ਤੇ ਅਨੰਦਪੁਰ ਨੂੰ ਚੁਫੇਰਿਓਂ ਘੇਰਾ ਪਾ ਲਿਆ। ਇਸ ਘੋਰ ਯੁੱਧ ਵਿਚ ਸੈਂਕੜੇ ਸਿਪਾਹੀ ਦੋਹਾਂ ਪਾਸਿਆਂ ਦੇ ਮਾਰੇ ਗਏ ਤੇ ਸਿੰਘ ਵੀ ਰਾਸ਼ਨ

---

[1]ਰਾਮ ਕੁਮਾਰ ਤੇ ਕ੍ਰਿਪਾ ਨਿਧਿ ਗੁਰਬਖਸ਼ ਸਿੰਘ ਕਰ ਲੀਨ।
ਪੂਰਨ ਸਿੱਖ ਅਡੋਲ ਮਤਿ ਸੁਨ ਤਿਨ ਕਥਾ ਨਵੀਨ ॥ ੩੧ ॥
(ਗੁਰ ਬਿਲਾਸ ਪਾਤਸ਼ਾਹੀ ੧੦, ਅਧਿਆਇ ੧੭)

ਦੀ ਕਮੀ ਕਰਕੇ ਡਾਢੇ ਤੰਗ ਆ ਗਏ। ਇਸ ਲਈ ਮਜਬੂਰ ਹੋ ਕੇ ਇਧਰੋਂ ਸਿਖਾਂ ਦੇ ਜ਼ੋਰ ਪਾਉਣ ਤੇ ਉਧਰ ਮੁਗਲ ਬਾਦਸ਼ਾਹ ਵਲੋਂ ਕੁਰਾਨ ਦੀਆਂ ਕਸਮਾਂ ਤੇ ਪਹਾੜੀ ਰਾਜਿਆਂ ਵਲੋਂ ਗਊ ਦੀਆਂ ਕਸਮਾਂ ਨਾਲ ਲਿਖਤੀ ਅਹਿਦਨਾਮੇ ਦੇਣ ਤੇ ਗੁਰੂ ਸਾਹਿਬ ਨੇ ੬ ਪੋਹ ਸੰਮਤ ੧੭੬੧ ਬਿ: ਨੂੰ ਅੱਧੀ ਰਾਤ ਦੇ ਸਮੇਂ ਆਪਣੇ ਪ੍ਰਵਾਰ ਤੇ ਪੰਜ ਸੌ ਸਿੰਘ ਸਿਪਾਹੀਆਂ ਸਮੇਤ ਸ੍ਰੀ ਅਨੰਦਪੁਰ ਦਾ ਵਸੇਵਾ ਹਮੇਸ਼ਾਂ ਲਈ ਛੱਡ ਦਿਤਾ। ਇਸ ਤਰ੍ਹਾਂ ਅਨੰਦਪੁਰ ਛੱਡਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਆਪਣਾ ਲੱਖਾਂ ਰੁਪਿਆਂ ਦਾ ਕੀਮਤੀ ਸਾਜ਼-ਸਾਮਾਨ ਸਾੜ ਦਿਤਾ ਤੇ ਪ੍ਰਸਾਦੀ ਹਾਥੀ ਆਦਿ ਅਨੇਕਾਂ ਬਹੁਮੁੱਲੇ ਜਾਨਵਰ ਗੋਲੀਆਂ ਮਾਰ ਕੇ ਨਦੀ ਸਤਲੁੱਜ ਵਿਚ ਰੋਹੜ ਦਿਤੇ ਅਤੇ ਅਨੰਦਪੁਰ ਦੇ ਵਸਨੀਕ ਵੀ ਬੜੀ ਮੁਸ਼ਕਿਲ ਨਾਲ ਏਧਰ ਉਧਰ ਵਿਦਾ ਕੀਤੇ ਪਰ ਫੇਰ ਵੀ ਜੋ ਰਹਿੰਦਾ ਕੀਮਤੀ ਨੁਕਸਾਨ ਹੋਇਆ ਉਹ ਕਥਨ ਤੋਂ ਬਾਹਰ ਸੀ।

ਇਸ ਤਰ੍ਹਾਂ ਪਹਾੜੀਆਂ ਤੇ ਮੁਗਲਾਂ ਦੀਆਂ ਸੌਂਹਾਂ-ਸੁਗੰਧਾਂ ਦੇ ਲਿਖਤੀ ਅਹਦੋਪੈਮਾਨ ਹੋਣ ਤੇ ਆਸ ਤਾਂ ਇਹੋ ਸੀ ਗੁਰੂ ਸਾਹਿਬ ਦਾ ਤੇ ਸਿਖਾਂ ਦਾ ਕੋਈ ਨੁਕਸਾਨ ਨਹੀਂ ਹੋਵੇਗਾ, ਪਰ ਅਮਲੀ ਵਰਤੋਂ ਇਸ ਤੋਂ ਉਲਟ ਹੋਈ, ਜਿਸ ਕਰ ਕੇ ਗੁਰੂ ਸਾਹਿਬ ਅਨੰਦਪੁਰੋਂ ਨਿਕਲ ਅਜੇ ਕੀਰਤਪੁਰ ਦੇ ਨੇੜੇ ਹੀ ਗਏ ਸਨ ਕਿ ਪਿਛੋਂ ਦੁਸ਼ਮਣ ਨੇ ਸਾਰੇ ਅਹਿਦਨਾਮੇ ਤੋੜ ਕੇ ਉਹਨਾਂ ਉਤੇ ਹੱਲਾ ਕਰ ਦਿਤਾ। ਇਹ ਬੇਈਮਾਨੀ ਦੇਖ ਨੌਜਵਾਨ ਸਾਹਿਬਜ਼ਾਦਾ ਅਜੀਤ ਸਿੰਘ ਤੇ ਮਰਦਿ-ਮੈਦਾਨ ਭਾਈ ਉਦੇ ਸਿੰਘ ਨੇ ਅਗੋਂ ਬੜੇ ਕਰਾਰੇ ਹੱਥ ਦਿਖਾ ਕੇ ਉਸ ਜ਼ੋਰਦਾਰ ਹੱਲੇ ਨੂੰ ਰੋਕਿਆ। ਅੱਗੇ ਸਰਸਾ ਨਦੀ ਕਿਨਾਰਿਓਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਦੀ ਮਦਦ ਨਾਲ ਆਪਣਾ ਸਾਰਾ ਪ੍ਰਵਾਰ ਤਾਂ ਛੋਟੇ ਦੋਹਾਂ ਸਾਹਿਬਜ਼ਾਦਿਆਂ ਸਮੇਤ ਪਾਰ ਲੰਘਾਇਆ ਤੇ ਆਪਣੇ ਪਾਸ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਭਾਈ ਜੀਵਨ ਸਿੰਘ ਰੰਘਰੇਟੇ ਹੱਥ ਸੁਨੇਹਾ ਭੇਜ ਬੁਲਾਇਆ ਜਿਵੇਂ ਕਿ ਬਾਵਾ ਸੁਮੇਰ ਸਿੰਘ ਜੀ ਭੱਲੇ ਨੇ ਲਿਖਿਆ ਹੈ :

ਜੀਵਨ ਸਿੰਘ ਜਾਇ ਕਰ ਕਹੀ। ਪ੍ਰਭੁ ਪ੍ਰਤੀਖਤ ਸਤਿਗੁਰੁ ਸਹੀ।
ਜਾਇ ਆਪ ਅਬ ਤਜਿਰਣ ਰੰਗਾ। ਮਾਨ ਬਚਨ ਸ੍ਵਾਮੀ ਸਰਵੰਗਾ।੧੭।
ਸ੍ਰੀ ਅਜੀਤ ਸਿੰਘ ਪਿਤ ਢਿਗ ਆਏ। ਕਈ ਸਹੰਸ ਅਰਿਨ ਕੋ ਘਾਏ।
ਪਾਛੇ ਲਰਤ ਉਦੇ ਸਿੰਘ ਰਹਾ। ਲਾਖਨ ਸੈਨ ਸੰਗ ਰਣਗਹਾ।੧੮।

(ਦੇਖੋ, ਗੁਰ ਪਦ ਪ੍ਰੇਮ ਪ੍ਰਕਾਸ਼, ਸਫਾ ੪੦੨)

ਇਸੇ ਤਰ੍ਹਾਂ ਮਹਾਂ ਕਵੀ ਭਾਈ ਸੰਤੋਖ ਸਿੰਘ ਨੇ ਵੀ ਭਾਈ ਜੀਵਨ ਸਿੰਘ ਰੰਘਰੇਟੇ ਦੇਹ ਵਾਲੇ ਨਾਲ ਲਿਖਿਆ ਹੈ :

ਸ੍ਰੀ ਗੁਰੂ ਢਿਗ ਜੀਵਨ ਸਿੰਘ ਇਕ, ਰੰਘਰੇਟਾ ਬਡ ਬੀਰ।
ਤਿਸਨੋ ਸ੍ਰੀ ਮੁਖ ਤੇ ਕਹਯੋ ਗੱਛ ਅਜੀਤ ਸਿੰਘ ਤੀਰ।੨੪।

(ਦੇਖੋ, ਗੁ.ਪ੍ਰ.ਸੂ., ਰਿਤੁ ੬, ਅੰਸੂ ੩੨)

ਤੇ ਫੇਰ ਇਸ ਤੋਂ ਅੱਗੇ ਭਾਈ ਜੀਵਨ ਸਿੰਘ ਰੰਘਰੇਟੇ ਦੇ ਮੁਗਲਾਂ ਤੇ ਪਹਾੜੀ ਰਾਜਿਆਂ ਦੀ ਅਥਾਹ ਸੈਨਾ ਨਾਲ ਘੋਰ ਯੁੱਧ ਦਾ ਹਾਲ ਇਸ ਤਰ੍ਹਾਂ ਚਿਤ੍ਰਿਆ ਹੈ:

ਨਦੀ ਤੀਰ ਲਗਿ ਆਇਗੋ, ਸਿੰਘ ਰੰਘਰੇਟਾ ਜੋਇ।
ਪਿਖਿ ਕੈ ਦਲ ਬਲ ਰਿਪਨਿ ਕੋ, ਭਯੋ ਨੇਰ ਕਿਯ ਢੋਇ।੧੨।
ਅਪਰ ਸਿੰਘ ਕੇਤਿਕ ਥਿਰੇ, ਹੋਨਿ ਲਗਯੋ ਸੰਗ੍ਰਾਮ।
ਨਿਕਟ ਢੂਕੇ ਰੋਕੇ, ਹਤੇ, ਪਹੁੰਚਤਿ ਭਟ ਜਮ ਧਾਮ।੧੩।

(ਗੁ.ਪ੍ਰ.ਸੂ.,ਰਿਤੁ ੬, ਅੰਸੂ ੩੩)

ਸਵੈਯਾ ॥

ਜੀਵਨ ਸਿੰਘ ਥਿਰਯੋ ਤਿਹ ਤਾਂ, ਗਨ ਸਿੰਘਨਿ ਹਾਥ ਤੁਫੰਗ ਸੰਭਾਰੇ।
ਪਾਇ ਬਰੂਦ ਕਸੈਂ ਗੁਲਕਾਂ, ਦੁਇ ਠੋਕਨ ਤੇ ਛਣ ਕੈ ਗਜ ਭਾਰੇ।
ਹਾਥਨਿ ਪੈ ਧਰਿ ਤਾਕ ਰਵਾਂ, ਕਰ ਡਾਂਭਤਿ ਪਾਵਕ ਤੂਰਨ ਧਾਰੇ।
ਮਾਰਤਿ ਹੈ ਢਿਗ ਆਵਤਿ ਨਾ, ਡਰ ਦੇਤਿ ਮਹਾਂ, ਰਹਿ ਦੂਰ ਬਿਡਾਰੇ।੧੪।

ਹੇਲ ਕੋ ਘਾਲਿ ਬਿਸਾਲ ਪਰੇ ਥਲ, ਮਾਰਤਿ ਬੋਲਨ ਕੇ ਲਲਕਾਰੇ।
ਖਾਇ ਕੈ ਮਾਰਿ ਹਟੇ ਪਿਛੁਵਾਇਕੈ, ਕੋ ਮਰਿ ਜਾਤਿ ਤ੍ਰਸੰਨ ਨਿਹਾਰੇ।
ਜੀਵਨ ਸਿੰਘ ਰੁਪਯੋ ਪਗ ਠਾਢ ਹ੍ਵੈ, ਛੋਰਿ ਤੁਫੰਗਨਿ ਸੰਗ ਪ੍ਰਹਾਰੇ।
ਹੇਲ ਕੋ ਸ਼ਾਲਤਿ ਚਾਲਤਿ ਮੰਦਰਿ, ਘਾਲਤਿ ਸਤ੍ਰੁਨਿਕੋ ਦੁਖ ਭਾਰੇ।੧੫।
ਕੇਤਿਕ ਸਿੰਘ ਗਏ ਮਰਿ ਕੈ, ਗੁਲਿਕਾਂ ਲਗਿ ਫੂਟ ਪਰੇ ਨਿਜ ਅੰਗਾ।
ਰੋਕਨ ਕੇ ਹਿਤ ਠੋਕਤਿ ਹੈ ਗਜ਼ ਬ੍ਰਿੰਦ ਬਿਲੋਕਤਿ ਛੋਰਿ ਤੁਫੰਗਾ।
ਘਾਇਲ ਘੂਮਤਿ ਝੂਮਿ ਗਿਰੇਂ, ਜਿਮ ਵਾਯੂ ਉਖਾਰਿ ਕਰੈ ਤਰੁ ਭੰਗਾ।
ਪੁੰਜ ਮਿਲੈ ਹਿਤ ਭੰਜਨ ਕੇ, ਹੁਇ ਗੰਜਨ ਸ੍ਰੋਣਿਤ ਰੰਗ ਸੁਰੰਗਾ।੧੬।

ਆਨ ਪਰੇ ਕਰਿ ਜੋਰ ਮਹਾਂ, ਚਹੂ ਓਰਨ ਤੇ ਰਨਘੋਰ ਮਚਾਯੋ।
ਤੀਰ ਤਿਸੀ ਸਲਿਤਾ ਥਿਰ ਹੋਇ, ਬਡੋ ਚਲਤਾ ਜਲ ਬੇਗ ਬਹਾਯੋ।
ਛੋਡਿ ਦਈ ਇਕ ਸੰਗ ਤੁਫੰਗਨਿ, ਸਿੰਘ ਜਿਤੇਕ ਸਮੂਹਨਿ ਘਾਯੋ।
ਜੀਵਨ ਸਿੰਘ ਸਮੇਤ ਗਿਰੇ ਸਭਿ ਪ੍ਰਾਨ ਦਏ ਗੁਰ ਕੋ ਪੁਰਿ ਪਾਯੋ।੧੭।

(ਗੁ.ਪ੍ਰ.ਸੂ.ਰਿਤੁ ੬, ਅੰਸੂ ੩੩)

ਕਵੀ ਬਾਵਾ ਸੁਮੇਰ ਸਿੰਘ ਭੱਲੇ ਨੇ ਆਪਣੇ ਗੁਰ-ਬਿਲਾਸ ਵਿਚ ਇਸ ਘੋਰ ਯੁੱਧ ਦਾ ਵੇਰਵਾ ਭਾਈ ਜੀਵਨ ਸਿੰਘ ਦੇ ਹਵਾਲੇ ਨਾਲ ਇਸ ਪ੍ਰਕਾਰ ਦਿੱਤਾ ਹੈ :

ਇਤ ਘਮਸਾਨ ਕਰਤਿ ਅਤਿ ਭਾਰੀ । ਜੀਵਨ ਸਿੰਘ ਸੂਰ ਵਲਕਾਰੀ ।੪।
ਸਿਰਸਾ ਲਗ ਜਿਹ ਕਿਹ ਬਿਧਿ ਆਇ। ਅੰਤ ਦੇਵ ਪੁਰ ਆਪ ਸਮਾਇ ।
ਮਹਾ ਘੋਰ ਘਮਸਾਨ ਸੋ ਕੀਨਾ । ਜੀਵਨ ਸਿੰਘ ਸੁਰ ਬਾਸਾ ਲੀਨਾ ।੫।
(ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼, ਸਫ਼ਾ ੫੦੩)

ਮਤਲਬ ਇਹਨਾਂ ਦੋਹਾਂ ਵਿਦਵਾਨਾਂ ਦੇ ਕਥਨ ਦਾ ਇਹ ਹੈ ਕਿ ਭਾਈ ਜੀਵਨ ਸਿੰਘ ਜੀ ਰੰਘਰੇਟਾ ਨਦੀ ਸਰਸਾ ਤਕ ਦੁਸ਼ਮਣ ਨਾਲ ਧਰਮ-ਯੁੱਧ ਕਰਦੇ ਹੋਏ ਹੋਰ ਸਿੰਘਾਂ ਦੇ ਨਾਲ ਹੀ ਦੁਸ਼ਮਣ ਦੀਆਂ ਬੰਦੂਕਾਂ ਦੀਆਂ ਗੋਲੀਆਂ ਲੱਗਣ ਨਾਲ ਸ਼ਹੀਦ ਹੋ ਗਏ । ਪਰ ਇਹਨਾਂ ਪ੍ਰਮਾਣਾਂ ਦੇ ਬਾਵਜੂਦ ਇਕ ਤਾਰੀਖੀ ਹਕੀਕਤ ਇਹ ਹੈ, ਜਿਵੇਂ ਕਿ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਤੇ ਭਾਈ ਮੰਗਲ ਸਿੰਘ ਉਪਦੇਸ਼ਕ ਨੇ ਲਿਖਿਆ ਹੈ, ਭਾਈ ਜੀਵਨ ਸਿੰਘ ਰੰਘਰੇਟਾ ਨਦੀ ਸਰਸਾ ਕੰਢੇ ਉਸ ਸਮੇਂ ਸ਼ਹੀਦ ਨਹੀਂ ਹੋਇਆ, ਜਦੋਂ ਕੁਝ ਹੋਰ ਸਿੰਘਾਂ ਦੇ ਨਾਲ ਗੁਰੂ ਸਾਹਿਬ ਦੇ ਪਿਛੇ ਪਿਛੇ ਸਰਸਾ ਲਘ ਰੋਪੜ, ਬੂਰ ਮਾਜਰੇ ਆਦਿ ਥਾਈਂ ਹੁੰਦਾ ਹੋਇਆ ੭ ਪੋਹ ਨੂੰ ਚਮਕੌਰ ਪਹੁੰਚ ਗਿਆ । ਚਾਲੀ ਸਿੰਘ ਉਸ ਸਮੇਂ ਜਿਵੇਂ ਕਿ ਕਵੀ ਕੋਇਰ ਸਿੰਘ ਨੇ ਲਿਖਿਆ ਹੈ, ਦੋ ਰੰਘਰੇਟੇ ਸਿੰਘਾਂ ਸਮੇਤ ਗੁਰੂ ਸਾਹਿਬ ਦੇ ਨਾਲ ਸਨ :

ਚਾਲੀਸ ਸਿੰਘ ਕਹੇ ਅਬ ਆਈ । ਪੰਚ ਭਾਟੀਏ ਥੇ ਸੁਖਦਾਈ ।
ਚਾਰ ਸੁ ਸਿੰਘ ਅਰੋੜੇ ਤਾਹੀ । ਕਛੂ ਖਤ੍ਰੀ ਕਲਾਲ ਸੁ ਵਾਹੀ ।੬੨।
ਦੋ ਰੰਘਰੇਟੇ ਥੇ ਤਹਿ ਜਾਨਾ । ਦੋ ਦ੍ਵਿਜ ਸਿੰਘ ਮਹਾ ਪ੍ਰਧਾਨਾ ।
ਸੰਗਤ ਸਿੰਘ ਬੰਗੇਸ੍ਰੀ ਏਕਾ । ਚਾਰ ਸਾਹਿਬਜ਼ਾਦੇ ਗੁਰ ਟੇਕਾ ।੬੩।
(ਗੁਰਬਿਲਾਸ ਪਾਤਸ਼ਾਹੀ ੧੦, ਸਫ਼ਾ ੧੯੬)

ਇਸ ਲਈ ਭਾਈ ਜੀਵਨ ਸਿੰਘ ਰੰਘਰੇਟਾ ੭-੮ ਪੋਹ ਦੇ ਘੋਰ ਯੁੱਧ ਸਮੇਂ ਚਾਲੀ ਸਿੰਘਾਂ ਨਾਲ ਰਲ ਕੇ ਚਮਕੌਰ ਦੀ ਗੜ੍ਹੀ ਵਿਚ ਦੁਸ਼ਮਣ ਦਾ ਮੁਕਾਬਲਾ ਬੜੇ ਜ਼ੋਰ ਸ਼ੋਰ ਨਾਲ ਕਰਦਾ ਰਿਹਾ । ਜਦ ਗੁਰੂ ਜੀ ਦੇ ਪਾਸ ਚਾਲੀਆਂ ਵਿਚੋਂ ਕੇਵਲ ਦਸ ਸਿੰਘ ਹੀ ਰਹਿ ਗਏ ਤੇ ਹੋਰ ਸਾਰੇ ਸ਼ਹੀਦ ਹੋ ਗਏ ਤਾਂ ਗੁਰੂ ਸਾਹਿਬ ਨੇ ਸਿੰਘਾਂ ਦੀ ਅਰਜ਼ ਮੰਨ ਕੇ ਰਾਤ ਸਮੇਂ ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਦੀ ਤਿਆਰੀ ਕੀਤੀ ਜਿਸ ਕਰ ਕੇ ਭਾਈ ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਸੰਤ ਸਿੰਘ, ਸੰਗਤਿ ਸਿੰਘ ਬੰਗਸ਼, ਮਦਨ ਸਿੰਘ ਤੇ ਦੇਵਾ ਸਿੰਘ ਤਾਂ ਗੜ੍ਹੀ ਦੇ ਮੋਰਚਿਆਂ ਵਿਚ

ਨਿਯਤ ਕੀਤੇ ਜੋ ਬੰਦੂਕਾਂ ਚਲਾਉਂਦੇ ਰਹੇ ਤੇ ਭਾਈ ਜੀਵਨ ਸਿੰਘ ਰੰਘਰੇਟੇ ਨੂੰ ਇਕ ਸੂਰਜ ਵਿਚ ਤੇ ਭਾਈ ਕਾਠਾ ਸਿੰਘ ਰਵਿਦਾਸੀਏ ਤੇ ਭਾਈ ਮਦਨ ਸਿੰਘ ਮਜ਼ਹਬੀ ਨੂੰ ਮੁਖ ਦਰਵਾਜ਼ੇ ਅਗੇ ਨਗਾਰਾ ਵਜਾਉਣ ਦਾ ਹੁਕਮ ਦਿਤਾ ਤੇ ਆਪ ਭਾਈ ਦਯਾ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਸਮੇਤ ਉਥੋਂ ਇਕ ਰਸਤੇ ਥਾਣੀਂ ਨਿਕਲ ਗਏ। ਇਧਰ ਗੜ੍ਹੀ ਵਿਚੋਂ ਗੁਰੂ ਸਾਹਿਬ ਬਾਹਰ ਨਿਕਲੇ ਤੇ ਉਧਰ ਥੋੜੇ ਸਮੇਂ ਪਿਛੋਂ ਹੀ ਦੁਸ਼ਮਣ ਦੇ ਟਿੱਡੀ ਦਲ ਨੇ ਇਕੋ ਭਰਵੇਂ ਹੱਲੇ ਨਾਲ ਉਸ ਗੜ੍ਹੀ ਉਤੇ ਕਬਜ਼ਾ ਕਰ ਲਿਆ ਅਤੇ ਭਾਈ ਸੰਤ ਸਿੰਘ, ਸੰਗਤ ਸਿੰਘ, ਜੀਵਨ ਸਿੰਘ ਆਦਿ ਸਾਰੇ ਹੀ ਸਿੰਘ ਸ਼ਹੀਦ ਹੋ ਗਏ। ਇਹ ਸਿੰਘ ਉਸ ਗੜ੍ਹੀ ਵਿਚ ਜਿਥੇ ਸ਼ਹੀਦ ਹੋਏ ਉਥੇ ਇਹਨਾਂ ਦੀ ਯਾਦਗਾਰ ਬਣੀ ਹੋਈ ਹੈ।

ਭਾਈ ਮੰਗਲ ਸਿੰਘ ਉਪਦੇਸ਼ਕ ਦੇ ਕਥਨ ਅਨੁਸਾਰ, ਜਿਵੇਂ ਕਿ ਉਸ ਨੇ ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਦੇ ਸਫਾ ੪੩੧ ਪਰ ਲਿਖਿਆ ਹੈ, 'ਭਾਈ ਜੀਵਨ ਸਿੰਘ ਦਰਿਆ ਸਰਸਾ ਕੰਢੇ ਸ਼ਹੀਦ ਨਹੀਂ ਹੋਇਆ, ਸਗੋਂ ਚਮਕੌਰ ਰਹਿ ਕੇ ਵੀ ਉਹ ਸਤਿਗੁਰਾਂ ਦੀ ਨਗਾਰਚੀ ਦੀ ਸੇਵਾ ਕਰਦਾ ਰਿਹਾ। ਸ੍ਰੀ ਚਮਕੌਰ ਸਾਹਿਬ ਜੀ ਵਿਚ ਰਣਜੀਤ ਨਗਾਰੇ ਦਾ ਨਗਾਰਚੀ ਭਾਈ ਜੀਵਨ ਸਿੰਘ ਹੀ ਸੀ। ਜਦੋਂ ਗੁਰੂ ਜੀ ਮਾਲਵੇ ਤੋਂ ਹੋ ਕੇ ਦਿੱਲੀ ਆਦਿ ਥਾਵੀਂ ਹੋ ਦੱਖਣ ਨੂੰ ਗਏ ਸਨ ਉਸ ਸਮੇਂ ਭਾਈ ਜੀਵਨ ਸਿੰਘ ਭਾਈ ਗੁਰਬਖਸ਼ ਜੀ ਨਾਲ ਗੁਰੂ ਜੀ ਤੋਂ ਆਗਿਆ ਪਾ ਕਰ ਝੰਡੇ ਰਾਮਦਾਸਪੁਰੇ ਜਾ ਕੇ ਬਾਬੇ ਬੁੱਢੇ ਦੇ ਗੁਰਦੁਆਰੇ ਦੀ ਸੇਵਾ ਕਰਦਾ ਰਿਹਾ ਤੇ ਇਥੇ ਹੀ (ਉਸ ਨੇ) ਚਲਾਣਾ ਕੀਤਾ। ਝੰਡੇ ਰਾਮਦਾਸਪੁਰੇ ਬਾਬੇ ਦੇ ਗੁਰਦੁਆਰੇ ਦੇ ਕੋਣੇ ਪਾਸ ਅਸਮਾਨੀ ਖੂਹ ਦੇ ਕੋਲ ਭਾਈ ਜੀਵਨ ਸਿੰਘ ਦੀ ਸਮਾਧ ਹੁਣ ਤਕ ਮੌਜੂਦ ਹੈ। 'ਪਰ ਜ਼ਿਲਾ ਅੰਮ੍ਰਿਤਸਰ ਤੇ ਜਲੰਧਰ ਦੇ ਰੰਘਰੇਟੇ ਸਿੰਘ ਭਾਈ ਮੰਗਲ ਸਿੰਘ ਉਪਦੇਸ਼ਕ ਦੇ ਇਸ ਕਥਨ ਦੀ ਹਾਮੀ ਨਹੀਂ ਭਰਦੇ ਤੇ ਉਹ ਕਹਿੰਦੇ ਹਨ ਕਿ ਇਹ ਝੰਡੇ ਰਾਮਦਾਸਪੁਰੇ ਬਾਬੇ ਜੀਵਨ ਸਿੰਘ ਦੀ ਸਮਾਧ ਨਹੀਂ, ਸਗੋਂ ਉਹਨਾਂ ਦਾ ਪਹਿਲ ਪਲੇਠੀ ਦਾ ਤਪ-ਅਸਥਾਨ ਹੈ ਜਿਥੇ ਉਹ ਬਾਬੇ ਗੁਰਦਿੱਤੇ ਪਾਸ ਰਹਿੰਦਾ ਹੋਇਆ ਤਪ ਕਰਦਾ ਰਿਹਾ ਸੀ। ਦਰਅਸਲ ਭਾਈ ਜੀਵਨ ਸਿੰਘ ਚਮਕੌਰ ਦੀ ਗੜ੍ਹੀ ਵਿਚ ਹੀ, ਜਿਥੇ ਕਿ ਉਸ ਦਾ ਯਾਦਗਾਰੀ ਅਸਥਾਨ ਬਣਿਆ ਹੋਇਆ ਹੈ, ਭਾਈ ਮਦਨ ਸਿੰਘ ਕਾਠਾ ਸਿੰਘ ਆਦਿ ਸਾਥੀ ਸਿੰਘਾਂ ਸਮੇਤ ਦੁਸ਼ਮਣ ਨਾਲ ਜੰਗ ਹੋਇਆ ਸ਼ਹੀਦ ਹੋਇਆ ਸੀ।

ਚਮਕੌਰ ਤੋਂ ਤਲਵੰਡੀ ਸਾਬੋ—ਦਮਦਮਾ ਸਾਹਿਬ

ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਿੰਘਾਂ ਦੇ ਜ਼ੋਰ ਦੇਣ ਤੇ, ਚਮਕੌਰ ਦੀ ਗੜ੍ਹੀ ਵਿਚੋਂ ਅੱਧੀ ਰਾਤੀਂ ਨਿਕਲ ਤਾਰਿਆਂ ਦੀ ਸੇਧੇ ਸੇਧ ਮਾਛੀਵਾੜੇ ਵਲ ਅੱਗੇ ਵਧੇ। ਰਸਤੇ ਵਿਚ ਭਾਈ ਦਯਾ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਵੀ ਆ ਮਿਲੇ। ਇਸੇ ਤਰ੍ਹਾਂ ਦੋ ਹੋਰ ਪਿਉ-ਪੁੱਤਰ ਰੰਘਰੇਟੇ ਸਿਖ ਭਾਈ ਵੀਰ ਸਿੰਘ ਤੇ ਧੀਰ ਸਿੰਘ ਵੀ, ਜੋ ਪਿਛੇ ਦਰਿਆ ਸਰਸਾ ਲੰਘਦਿਆਂ ਹੀ ਘੋਰ ਯੁੱਧ ਸਮੇਂ ਗੁਰੂ ਜੀ ਦੇ ਨਾਲੋਂ ਵਿਛੜ ਗਏ ਸਨ, ਚਾਣਚਕ ਰਸਤੇ ਵਿਚ ਹੀ ਮਿਲ ਗਏ। ਇਸੇ ਤਰ੍ਹਾਂ ਗੁਰੂ ਜੀ ਦਾ ਪਾਲਿਤ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਜੋ ਪਿੰਡ ਬਾਸੀ ਪਠਾਣਾਂ ਦੇ ਇਕ ਤਰਖਾਣ ਸਿੰਘ ਦਾ ਲੜਕਾ ਤੇ ਅਨੰਦਪੁਰ ਗੁਰੂ ਸਾਹਿਬ ਦੇ ਅੰਗ ਸੰਗ ਰਹਿ ਕੇ ਉਹਨਾਂ ਦੀ ਮੁਕਤਾ ਫੌਜ ਦਾ ਸਿਪਾਹ-ਸਾਲਾਰ ਸੀ, ਚਮਕੌਰ ਦੇ ਕਹਿਰੀ ਯੁੱਧ ਪਿਛੋਂ ਜ਼ਖਮੀ ਹੋ ਕੇ ਕਿਸੇ ਤਰ੍ਹਾਂ ਬਚ ਨਿਕਲਿਆ, ਉਹ ਵੀ ਸਾਥੀਆਂ ਸਮੇਤ ਗੁਰੂ ਸਾਹਿਬ ਦਾ ਪਿੱਛਾ ਕਰਦਾ ਆ ਰਿਹਾ ਸੀ। ਗੁਰੂ ਸਾਹਿਬ ਚਮਕੌਰੋਂ ਚੱਲ ਪਹਿਲਾਂ ਮਾਛੀਵਾੜੇ ਤੇ ਫੇਰ ਕਲੇਰ, ਆਲਮਗੀਰ, ਲੰਮੇ ਜੱਟਪੁਰੇ, ਰਾਇਕੋਟ, ਦੀਨੇ ਕਾਂਗੜ ਤੇ ਮੁਕਤਸਰ ਥੀਂ ਹੁੰਦੇ ਹੋਏ ਜਦ ਘਣੇ ਰੇਤਲੇ ਥਲਾਂ ਨੂੰ ਚੀਰਦੇ ਹੋਏ ਤਲਵੰਡੀ ਸਾਬੋ (ਦਮਦਮਾ ਸਾਹਿਬ) ਪਹੁੰਚੇ ਤਾਂ ਚੋਣਵੇਂ ਸਿੰਘਾਂ ਦੀ ਇਕ ਚੰਗੀ ਸੁਸਿਖਅਤ ਫੌਜ ਉਹਨਾਂ ਦੇ ਨਾਲ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਤੋਂ ਚੱਲ ਰੋਪੜ, ਚਮਕੌਰ, ਮਾਛੀਵਾੜੇ ਤੋਂ ਦਮਦਮਾ ਤਲਵੰਡੀ ਸਾਬੋ ਤਕ ਜੋ ਬਿਖੜਾ ਰਸਤਾ ਤਹਿ ਕੀਤਾ, ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਦੇਸ਼ ਦੇ ਜੁਗਰਾਫੀਏ ਮੁਤਾਬਿਕ ਸੁਰੱਖਯਤ ਥਾਵਾਂ ਦਾ ਪੂਰਾ ਪੂਰਾ ਥਹੁ-ਪਤਾ ਸੀ, ਜਿਸ ਕਰ ਕੇ ਇਸ ਰਾਹੇ ਚਲਦਿਆਂ ਕੋਈ ਖਾਸ ਰੁਕਾਵਟ ਪੇਸ਼ ਨਹੀਂ ਆਈ।

ਇਧਰ ਪਿਛੇ ਚਮਕੌਰ ਦੀ ਗੜ੍ਹੀ ਉਤੇ ਜਦ ਅਗਲੀ ਸਵੇਰ ਦੁਸ਼ਮਨ ਦਾ ਭਰਪੂਰ ਹੱਲਾ ਹੋਇਆ ਤਾਂ ਭਾਈ ਸੰਤ ਸਿੰਘ, ਸੰਗਤ ਸਿੰਘ, ਜੀਵਨ ਸਿੰਘ, ਮਦਨ ਸਿੰਘ ਆਦਿ ਸਭ ਸਿੰਘ ਮਾਰੇ ਗਏ ਤੇ ਗੁਰੂ ਜੀ ਦੇ ਹਮ-ਸ਼ਕਲ ਭਾਈ ਸੰਤ ਸਿੰਘ ਦਾ ਸਿਰ ਕੱਟ ਕੇ ਜਦ ਫਤਹਿ ਦੀ ਨਿਸ਼ਾਨੀ ਵਜੋਂ ਦਿੱਲੀ ਭੇਜਿਆ ਗਿਆ ਤਾਂ

ਉਥੋਂ ਪਤਾ ਲੱਗਾ ਕਿ ਉਹ ਸ੍ਰੀ ਦਸਮੇਸ਼ ਦਾ ਸਿਰ ਨਹੀਂ ਸੀ, ਇਸ ਲਈ ਮੁਗਲ ਦਰਬਾਰ ਦਿੱਲੀ ਦੇ ਹੁਕਮ ਮੁਤਾਬਿਕ ਨਵਾਬ ਵਜ਼ੀਰ ਖਾਨ ਸੂਬਾ ਸਰਹਿੰਦ ਨੂੰ ਲੜਾਈ ਕਰਨ ਦਾ ਦੋਬਾਰਾ ਹੁਕਮ ਮਿਲਿਆ ਜਿਸ ਕਾਰਣ ਉਸ ਦੀ ਫੌਜ ਨੇ ਮੁਕਤਸਰ ਤਕ ਗੁਰੂ ਜੀ ਦਾ ਪਿੱਛਾ ਕੀਤਾ, ਛੇਕੜ ਉਹ ਫੌਜ ਮੁਕਤਸਰ ਚਾਲੀ ਮੁਕਤਿਆਂ ਨਾਲ ਟਾਕਰਾ ਹੋਣ ਤੇ ਨਿਰਾਸ ਵਾਪਸ ਪਰਤ ਗਈ ਤੇ ਏਧਰ ਗੁਰੂ ਸਾਹਿਬ ਉਥੋਂ ਤਲਵੰਡੀ ਸਾਬੋ (ਦਮਦਮੇ ਸਾਹਿਬ) ਪਹੁੰਚ ਗਏ। ਪਤਾ ਲੱਗਣ ਤੇ ਤਲਵੰਡੀ ਸਾਬੋ ਦੇ ਰਈਸ ਡੱਲੇ ਬਰਾੜ ਨੇ ਗੁਰੂ ਜੀ ਦਾ ਸਵਾਗਤ ਕੀਤਾ। ਗੁਰੂ ਜੀ ਉਥੇ ਪੂਰੇ ੯ ਮਹੀਨੇ ਤੇ ਕੁਝ ਦਿਨ ਸੰਗਤਾਂ ਨੂੰ ਤਾਰਦੇ ਰਹੇ। ਛੇਕੜ ਜਦੋਂ ਉਥੋਂ ਅਗੇ ਚੱਲਣ ਦਾ ਆਦੇਸ਼ ਹੋਇਆ ਤਾਂ ਡੱਲੇ ਬਰਾੜ ਨੇ ਆਪਣੇ ਜੋਧਿਆਂ ਦੀ ਬੜੀ ਤਾਰੀਫ ਕਰ ਕੇ ਉਹਨਾਂ ਵਲੋਂ ਵੱਧ ਤੋਂ ਵੱਧ ਕੁਰਬਾਨੀ ਦੇਣ ਦਾ ਦਮਗਜਾ ਮਾਰਿਆ। ਉਸ ਸਮੇਂ ਇਕ ਕਾਰੀਗਰ ਸਿਖ ਨੇ ਨਵੀਂ ਬੰਦੂਕ ਲਿਆ ਕੇ ਭਰੇ ਦਰਬਾਰ ਪੇਸ਼ ਕੀਤੀ ਤਾਂ ਗੁਰੂ ਸਾਹਿਬ ਨੇ ਡੱਲੇ ਬਰਾੜ ਨੂੰ ਕਿਹਾ ਕਿ ਤੁਸੀਂ ਆਪਣਾ ਕੋਈ ਅਜਿਹਾ ਜੋਧਾ ਲਿਆਓ, ਜਿਸ ਦੀ ਛਾਤੀ ਵਿਚ ਗੋਲੀ ਮਾਰ ਕੇ ਅਸੀਂ ਇਸ ਬੰਦੂਕ ਦੀ ਪਰਖ ਕਰੀਏ। ਇਹ ਵਾਕ ਸੁਣ ਕੇ ਡੱਲਾ ਬਰਾੜ ਡਰਿਆ ਤੇ ਉਸ ਦੇ ਜੋਧੇ ਵੀ ਇਧਰ ਉਧਰ ਖਿਸਕਣੇ ਸ਼ੁਰੂ ਹੋ ਗਏ। ਗੁਰੂ ਸਾਹਿਬ ਭਾਈ ਡੱਲੇ ਤੇ ਉਸ ਦੇ ਸਾਥੀਆਂ ਦੇ ਡਰੂ ਸੁਭਾਉ ਨੂੰ ਫੌਰਨ ਤਾੜ ਗਏ। ਜਿਸ ਕਰ ਕੇ ਉਹਨਾਂ ਨੇ ਬੜੀ ਬੁਲੰਦ ਅਵਾਜ਼ ਵਿਚ ਆਪਣੇ ਸਿਦਕੀ ਸਿਖਾਂ ਨੂੰ ਵੰਗਾਰਿਆ ਕਿ, 'ਤੁਹਾਡੇ ਵਿਚੋਂ ਕੋਈ ਅਜਿਹਾ ਪ੍ਰੇਮੀ ਸਿਦਕਵਾਨ ਸਿੰਘ ਆਵੇ, ਜਿਸ ਦੀ ਛਾਤੀ ਵਿਚ ਗੋਲੀ ਮਾਰ ਕੇ ਅਸੀਂ ਬੰਦੂਕ ਦੀ ਅਹਿਮੀਅਤ ਨੂੰ ਪਰਖੀਏ।' ਗੁਰੂ ਸਾਹਿਬ ਦੇ ਇਹ ਵਾਕ ਕਹਿਣ ਦੀ ਦੇਰ ਹੀ ਸੀ ਕਿ ਦੋ ਪਿਉ-ਪੁੱਤਰ ਰੰਘਰੇਟੇ ਸਿਖ, ਭਾਈ ਵੀਰ ਸਿੰਘ ਤੇ ਬੀਰ ਸਿੰਘ, ਜੋ ਉਸ ਸਮੇਂ ਦਸਤਾਰ ਸਜਾ ਰਹੇ ਸਨ, ਬੜੇ ਉਤਸ਼ਾਹ ਨਾਲ ਅੱਗੇ ਵਧੇ ਤੇ ਆਪਸ ਵਿਚ ਝਗੜਦੇ ਹੋਏ ਕਹਿਣ ਲਗੇ— 'ਸੱਚੇ ਪਾਤਸ਼ਾਹ ! ਮੈਂ ਵੀਰ ਸਿੰਘ ਇਕ ਬੁੱਢਾ ਵਿਅਕਤੀ ਹਾਂ, ਇਸ ਲਈ ਹਜ਼ੂਰ ਦੇ ਹਥੋਂ ਇਸ ਬੰਦੂਕ ਦੀ ਗੋਲੀ ਨਾਲ ਪਹਿਲਾਂ ਸ਼ਹੀਦ ਹੋਣ ਦਾ ਮਾਣ ਮੈਨੂੰ ਪ੍ਰਦਾਨ ਕੀਤਾ ਜਾਵੇ।' ਤੇ ਦੂਜਾ ਧੀਰ ਸਿੰਘ, ਜੋ ਉਸ ਦਾ ਪੁੱਤਰ ਸੀ, ਕਹਿਣ ਲੱਗਾ ਕਿ 'ਹਜ਼ੂਰ ! ਹੁਣ ਆਪਣੇ ਬੁੱਢੇ ਪਿਤਾ ਦੀ ਥਾਵੇਂ ਇਸ ਗੋਲੀ ਨਾਲ ਸ਼ਹੀਦ ਹੋਣ ਦਾ ਸਭ ਤੋਂ ਪਹਿਲਾਂ ਮੇਰਾ ਹੱਕ ਹੈ। ਇਸ ਲਈ ਮੇਰੇ ਪਿਤਾ ਜੀ ਤੋਂ ਤੁਸੀਂ ਕੋਈ ਹੋਰ ਯੋਗ ਸੇਵਾ ਲਓ। ਤੇ ਇਹ ਸ਼ਹੀਦੀ ਪ੍ਰਾਪਤ ਕਰਨ ਦਾ ਮੌਕਾ ਮੈਨੂੰ ਦਿਓ।' ਉਹਨਾਂ ਪਿਉ-ਪੁੱਤਰਾਂ ਦਾ ਇਹ ਝਗੜਾ ਸੁਣ ਕੇ ਸਾਰੀ ਸੰਗਤ ਹੈਰਾਨ ਰਹਿ ਗਈ

ਤੇ ਗੁਰੂ ਸਾਹਿਬ ਨੇ ਗੱਜ ਕੇ ਕਿਹਾ, 'ਦੇਖ, ਭਾਈ ਡੱਲਿਆ ! ਅਸੀਂ ਇਹਨਾਂ ਆਪਾ ਕੁਰਬਾਨ ਕਰਨ ਵਾਲੇ ਸਿਦਕਵਾਨ ਸਿੰਘਾਂ ਦੇ ਸਦਕੇ ਹੀ ਪਾਉਂਟਾ ਸਾਹਿਬ, ਨਾਦੌਨ, ਅਨੰਦਪੁਰ, ਚਮਕੌਰ ਤੇ ਮੁਕਤਸਰ ਦੇ ਜੰਗ ਲੜੇ ਸਨ ਤੇ ਹੁਣ ਅਗੇ ਵੀ ਇਹਨਾਂ ਗੁਰੂ ਸਵਾਰੇ ਸਿੰਘਾਂ ਦੇ ਸਦਕੇ ਹੀ ਗੁਰੂ ਪੰਥ ਦੀ ਹਰ ਮੈਦਾਨ ਫਤਹਿ ਹੋਵੇਗੀ ਤੇ ਤੇਰੇ ਇਹ ਬਰਾੜ ਯੋਧੇ, ਜੋ ਆਪਾ ਵਾਰਨ ਤੋਂ ਝਿਜਕਦੇ ਹਨ, ਧਰਮ-ਯੁੱਧਾਂ ਵਿਚ ਸਾਡੇ ਕਿਸੇ ਕੰਮ ਨਹੀਂ ਆ ਸਕਦੇ ।'

ਇਹ ਵਾਕ ਕਹਿ ਕੇ ਗੁਰੂ ਸਾਹਿਬ ਨੇ ਉਹ ਬੰਦੂਕ ਜ਼ਰਾ ਉਚੇਰੀ ਸਿਸਤ ਬੰਨ੍ਹਕੇ ਚਲਾ ਦਿਤੀ,ਪਰ ਉਹ ਦੋਵੇਂ ਸਿਦਕੀ ਪਿਉ-ਪੁੱਤਰ ਰੰਘਰੇਟੇ ਸਿੰਘ ਛਾਤੀਆਂ ਤਾਣਕੇ ਸਾਹਮਣੇ ਅਡੋਲ ਖਲੋਤੇ ਰਹੇ । ਛੇਕੜ ਗੁਰੂ ਸਾਹਿਬ ਨੇ ਸ਼ਾਬਾਸ਼ ਕਹਿ ਕੇ ਥਾਪੀ ਦੇਕੇ ਦੋਹਾਂ ਸਿੰਘਾਂ ਨੂੰ ਅਸ਼ੀਰਵਾਦ ਸਹਿਤ ਆਪਣੇ ਡੇਰੇ ਭੇਜ ਦਿਤਾ ।

ਗੁਰੂ ਸਾਹਿਬ ਦੀ ਉਹ ਇਤਿਹਾਸਿਕ ਬੰਦੂਕ, ਜਿਸ ਦੇ ਨਾਲ ਉਹਨਾਂ ਨੇ ਦੋਹਾਂ ਪਿਉ-ਪੁੱਤਰ ਰੰਘਰੇਟੇ ਸਿੰਘਾਂ ਦੀ ਪਰਖ ਕੀਤੀ, ਇਸ ਸਮੇਂ ਇਕ ਤਾਰੀਖੀ ਤਬੱਰੁਕ ਵਜੋਂ ਤਖਤ ਸ੍ਰੀ ਕੇਸਗੜ੍ਹ (ਅਨੰਦਪੁਰ ਸਾਹਿਬ) ਦੇ ਅਸਲਾਖਾਨੇ (ਸ਼ਸਤਰ-ਘਰ) ਵਿਚ ਸੰਭਾਲ ਕੇ ਰੱਖੀ ਹੋਈ ਹੈ ਤੇ ਸ਼ਰਧਾਵਾਨ ਸਿਖ ਯਾਤਰੂ ਦੂਰੋਂ ਦੂਰੋਂ ਆ ਕੇ ਉਸ ਬੰਦੂਕ ਦੇ ਹਮੇਸ਼ਾਂ ਦਰਸ਼ਨ ਕਰਦੇ ਰਹਿੰਦੇ ਹਨ ।

ਬੰਦਾ ਬਹਾਦਰ ਦੇ ਧਰਮ-ਯੁੱਧ ਤੇ ਰੰਘਰੇਟੇ ਸਿੱਖ

ਸ੍ਰੀ ਦਸਮੇਸ਼ ਜੀ ਤਲਵੰਡੀ ਸਾਬੋ (ਦਮਦਮਾ ਸਾਹਿਬ) ਤੋਂ ਚੱਲ ਜਦ ਰਾਜਸਥਾਨ ਥੀਂ ਹੁੰਦੇ ਹੋਏ ਨੰਦੇੜ (ਦੱਖਣ) ਪਹੁੰਚੇ ਤੇ ਉਥੋਂ ਉਨ੍ਹਾਂ ਨੇ ਸੂਬਾ ਸਰਹਿੰਦ, ਪਹਾੜੀ ਰਾਜਿਆਂ ਆਦਿ ਦੇਸ਼ ਕੌਮ ਦੇ ਧਰੋਹੀਆਂ ਤੋਂ ਬਦਲੇ ਲੈਣ ਲਈ ਬਾਬਾ ਬੰਦਾ ਬਹਾਦੁਰ ਨੂੰ ਭੇਜਿਆ ਤਾਂ ਸਾਰੇ ਪੰਜਾਬ ਦੇ ਰੰਘਰੇਟੇ ਅਥਵਾ ਮਜ਼ਹਬੀ ਸਿਖ, ਜੋ ਪਹਿਲਾਂ ਹੀ ਗੁਰੂ ਪੰਥ ਦਾ ਸਾਥ ਦਿੰਦੇ ਚਲੇ ਆ ਰਹੇ ਸਨ, ਸ਼ਸਤ੍ਰ-ਅਸਤ੍ਰ ਲੈ ਕੇ ਬੜੀ ਸਜ ਧਜ ਨਾਲ ਉਹਨਾਂ ਦੇ ਸਾਥ ਹੋ ਗਏ। ਰੰਘਰੇਟੇ ਖਾਨਦਾਨ ਦੀ ਇਕ ਰਵਾਇਤੀ ਕਥਾ ਦੇ ਅਨੁਸਾਰ ਭਾਈ ਵੀਰ ਸਿੰਘ ਤੇ ਧੀਰ ਸਿੰਘ ਰੰਘਰੇਢੇ ਲਗਭਗ ਹਰੇਕ ਕੌਮੀ ਮੁਹਿੰਮ ਵਿਚ ਉਹਨਾਂ ਦੇ ਸਾਥੀ ਸਨ।

ਬਾਬਾ ਬੰਦਾ ਬਹਾਦਰ ਨੇ ਨੰਦੇੜ (ਦੱਖਣ) ਤੋਂ ਪੰਜਾਬ ਪਹੁੰਚ ਕੇ ੨੯ ਨਵੰਬਰ ੧੭੦੯ ਤੋਂ ਸੰਨ ੧੭੧੫ ਈ. ਤਕ ਲਗਭਗ ੬ ਸਾਲ ਮੁਗਲ ਸੈਨਾਂ ਨਾਲ ਅਨੇਕਾਂ ਧਰਮ ਯੁੱਧ ਕੀਤੇ ਅਤੇ ਸਮਾਣਾ, ਕੈਥਲ, ਘੁੜਾਮ, ਸ਼ਾਹਬਾਦ, ਕੁੰਜਪੁਰਾ, ਕਪੂਰੀ, ਛੱਤ ਬਨੂੜ, ਸਢੌਰਾ, ਰੋਪੜ, ਸਰਹੰਦ, ਘੁੜਾਣੀ, ਮਲੇਰਕੋਟਲਾ, ਸਹਾਰਨਪੁਰ, ਲੋਹਗੜ੍ਹ, ਬੁਰਹਾਨਪੁਰ, ਰਾਹੋਂ ਬਟਾਲਾ ਤੇ ਗੁਰਦਾਸ ਨੰਗਲ ਆਦਿ ਇਲਾਕੇ ਜਿੱਤ ਕੇ ਜ਼ਿਲਾ ਅੰਮ੍ਰਿਤਸਰ, ਗੁਰਦਾਸਪੁਰ ਤੋਂ ਕਰਨਾਲ ਤਕ ਸਿਖ ਰਾਜ ਦਾ ਝੰਡਾ ਲਹਿਰਾਇਆ, ਜੋ ਕੌਮੀ ਸਾਧਾਰਣ ਜਿੱਤਾਂ ਨਹੀਂ ਸਨ। ਇਹਨਾਂ ਜਿੱਤਾਂ ਵਿਚ ਬਾਬਾ ਬੰਦਾ ਬਹਾਦਰ ਨੇ ਬੜੀ ਦਲੇਰੀ ਨਾਲ ਆਪਣੇ ਸਾਥੀ ਸਿੰਘ ਜੋਧਿਆਂ ਦੀ ਮਦਦ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕਾਤਲ ਸੱਯਦ ਜਲਾਲੁੱਦੀਨ ਸਮਾਣ, ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਸੱਯਦ ਸਾਸਿਲ ਬੇਗ ਵਾਸਿਲ ਬੇਗ ਸਮਾਣਾ, ਕੁੰਜਪੁਰੀਏ ਨਵਾਬ ਵਜ਼ੀਰ ਖਾਨ, ਸੂਬਾ ਸਰਹਿੰਦ, ਨਵਾਬ ਸ਼ੇਰ ਮੁਹੰਮਦ ਖਾਨ ਮਲੇਰਕੋਟਲੇ ਨੂੰ (ਉਸ ਦੇ ਭਾਈ ਭਤੀਜਿਆਂ ਸਮੇਤ) ਅਤੇ ਮੁਰਿੰਡੇ ਦੇ ਪਾਪੀ ਰੰਗੜਾਂ ਨੂੰ ਪ੍ਰਾਣ ਦੰਡ ਦੇ ਕੇ ਉਹਨਾਂ ਦੀ ਕਰਣੀ ਦਾ ਫਲ ਭੁਗਤਾਇਆ ਅਤੇ ਸਿਖ ਰਾਜ ਕਾਇਮ ਕਰ ਕੇ ਅੱਗੇ ਲਈ ਇਕ ਅਜਿਹੀ ਅਦੁੱਤੀ ਮਿਸਾਲ ਕਾਇਮ ਕਰ ਵਿਖਾਈ ਜਿਸ ਦਾ ਦ੍ਰਿਸ਼ਟਾਂਤ ਇਤਿਹਾਸ ਵਿਚੋਂ ਮਿਲਣਾ ਜੇ ਦੁਰਲੱਭ ਨਹੀਂ ਤਾਂ ਕਠਿਨ

ਅਵੱਸ਼ ਹੈ। ਛੇਕੜ ਬਾਬਾ ਬੰਦਾ ਬਹਾਦਰ ਆਪਣੇ ਸਾਥੀ ਭਾਈ ਫਤਹਿ ਸਿੰਘ, ਬਾਜ ਸਿੰਘ (ਪੱਟੀ) ਆਦਿ ਸਮੇਤ ਗੁਰਦਾਸ ਨੰਗਲ (ਗੁਰਦਾਸਪੁਰ) ਦੀ ਗੜ੍ਹੀ ਵਿਚੋਂ ਨਵਾਬ ਅਬਦੁਸਮਦ ਖ਼ਾਨ ਤੇ ਉਸ ਦੇ ਪੁੱਤਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਦੇ ਹੱਥੀਂ ਗ੍ਰਿਫ਼ਤਾਰ ਹੋਣ ਤੇ ਮਿਤੀ ੧੯ ਜੂਨ ਸੰਨ ੧੭੧੬ ਈ. ਨੂੰ ਦਿੱਲੀ ਲਿਜਾ ਕੇ ਸ਼ਹੀਦ ਕੀਤਾ ਗਿਆ ਤੇ ਇਸ ਤਰ੍ਹਾਂ ਪੰਜਾਬ ਦੇ ਪਹਿਲੇ ਸਿਖ ਰਾਜ ਦਾ ਅੰਤ ਹੋਇਆ। ਬਾਬਾ ਬੰਦਾ ਬਹਾਦਰ ਤੇ ਉਸ ਦੇ ਸਾਥੀ ਸਿੰਘਾਂ ਦੀ ਬਹਾਦਰੀ ਉਤੇ ਪੰਜਾਬੀ ਲੋਕ, ਵਿਸ਼ੇਸ਼ ਕਰ ਕੇ ਸਿਖ, ਜਿਤਨਾ ਵੀ ਮਾਣ ਕਰਨ ਉਤਨਾ ਹੀ ਥੋੜਾ ਹੈ।

ਗਿਆਰ੍ਹਵਾਂ ਕਾਂਡ

ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਦੀ ਸ਼ਹੀਦੀ

ਬਾਬਾ ਬੰਦਾ ਬਹਾਦਰ ਤੋਂ ਪਿਛੋਂ ਸੰਨ ੧੭੧੬ ਤੋਂ ੧੭੪੬ ਈ: ਤਕ ਲਗ-ਭਗ ੩੦ ਸਾਲ ਪੰਜਾਬ ਵਿਚ ਪਹਿਲਾਂ ਸੂਬਾ ਅਬਦੁੱਸਮਦ ਖਾਨ ਤੇ ਫੇਰ ਉਸ ਦੇ ਪੁੱਤਰ ਨਵਾਬ ਜ਼ਕਰੀਆ ਖਾਨ (ਪ੍ਰਸਿੱਧ ਨਾਮ ਖਾਨ ਬਹਾਦਰ) ਵਲੋਂ ਸਿਖਾਂ ਨਾਲ ਹੁੰਦੀਆਂ ਵਧੀਕੀਆਂ ਕਾਰਣ ਹਮੇਸ਼ਾ ਹਫੜਾ ਦਫੜੀ ਹੀ ਮਚੀ ਰਹੀ। ਦੀਨ ਇਸਲਾਮ ਲਈ ਖਤਰਾ ਦਸ ਕੇ ਮਜ਼੍ਹਬ ਦੇ ਨਾਂ ਤੇ ਮੁਗਲੇਈ ਹਕੂਮਤ ਦੀਆਂ ਜੜ੍ਹਾਂ ਪੱਕੀਆਂ ਰੱਖਣ ਲਈ ਪਹਿਲਾਂ ਹੈਦਰੀ ਝੰਡਾ, ਫੇਰ ਭਾਈ ਤਾਰਾ ਸਿੰਘ ਵਾਂਈਏ ਦੀ ਸ਼ਹੀਦੀ, ਭਾਈ ਮਤਾਬ ਸਿੰਘ ਤੇ ਸੁੱਖਾ ਸਿੰਘ ਦਾ ਮੱਸੇ ਰੰਘੜ ਨੂੰ ਸੋਧਣਾ, ਸਰਦਾਰ ਕਪੂਰ ਸਿੰਘ ਨੂੰ ਨਵਾਬੀ, ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦਾ ਕਤਲ, ਭਾਈ ਮਤਾਬ ਸਿੰਘ ਤੇ ਤਾਰੂ ਸਿੰਘ ਦੀ ਸ਼ਹੀਦੀ, ਦੀਵਾਨ ਜਸਪਤ ਰਾਇ ਦਾ ਭਾਈ ਨਿਬਾਹੂ ਸਿੰਘ ਹੱਥੋਂ ਕਤਲ ਆਦਿ ਅਜਿਹੀਆਂ ਤਾਰੀਖੀ ਘਟਨਾਵਾਂ ਹਨ, ਜੋ ਪੰਜਾਬ ਦੇ ਰਾਜਸੀ ਉਲਟ-ਫੇਰ ਦੀਆਂ ਖਤਰਨਾਕ ਨਿਸ਼ਾਨੀਆਂ ਹਨ ਜਿਨ੍ਹਾਂ ਨੂੰ ਕਿਸੇ ਹਾਲਤ ਵਿਚ ਵੀ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਭਾਈ ਬੋਤਾ ਸਿੰਘ ਸੰਧੂ ਤੇ ਗਰਜਾ ਸਿੰਘ ਰੰਘਰੇਟੇ ਦੀਆਂ ਸ਼ਹੀਦੀਆਂ ਵੀ ਇਸੇ ਸਮੇਂ ਨਾਲ ਲਹੂ-ਮਾਸ ਦਾ ਸਬੰਧ ਰੱਖਣ ਵਾਲੇ ਸ਼ਹੀਦੀ ਪ੍ਰਸੰਗ ਹਨ।

ਏਥੇ ਇਹ ਗੱਲ ਯਾਦ ਰੱਖਣ ਯੋਗ ਹੈ ਕਿ ਨਾਦਰ ਸ਼ਾਹ ਦੁੱਰਾਨੀ ਨੇ ਸੰਨ ੧੭੩੯ ਵਿਚ ਹਿੰਦੁਸਤਾਨ ਉਤੇ ਹਮਲਾ ਕੀਤਾ ਸੀ। ਨਾਦਰਸ਼ਾਹ ਦੇ ਏਥੋਂ ਵਾਪਸ ਮੁੜਦਿਆਂ ਹੀ ਨਵਾਬ ਜ਼ਕਰੀਆ ਖਾਨ (ਖਾਨ ਬਹਾਦਰ) ਨੇ ਦੀਨ ਮਜ਼੍ਹਬ ਦੇ ਨਾਂ ਤੇ ਹੈਦਰੀ ਝੰਡਾ ਖੜ੍ਹਾ ਕਰ ਕੇ ਬਹੁਤ ਸਾਰੇ ਸਿੰਘ ਮਾਰ ਮੁਕਾਏ, ਜਿਸ ਕਰ ਕੇ ਜੋਧੇ ਸਿੰਘ ਪੰਜਾਬ ਦਾ ਵਸੇਬਾ ਛੱਡ ਕੇ ਰਾਜਸਥਾਨ ਵਿਚ ਬੀਕਾਨੇਰ, ਜੈਪੁਰ ਆਦਿ ਦੇ ਇਲਾਕਿਆਂ ਵਿਚ ਚਲੇ ਗਏ ਤੇ ਏਧਰ ਭਾਈ ਮਨੀ ਸਿੰਘ ਤੋਂ ਪਿਛੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਕਬਜ਼ਾ ਕਰ ਕੇ ਸੂਬਾ ਖਾਨ ਬਹਾਦਰ ਨੇ ਉਥੇ ਮੰਡਿਆਲੇ ਦਾ ਮੱਸਾ ਰੰਘੜ ਜਾ ਬਿਠਾਇਆ, ਜੋ ਸ਼ਰਾਬ ਦੇ ਦੌਰ ਚਲਾ ਕੇ ਕੰਜਰੀਆਂ ਨਚਾ ਕੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲੱਗਾ। ਇਸੇ ਕਾਰਣ ਪਤਾ ਲੱਗਣ ਤੇ

ਬੁੱਢਾ ਜੌਹੜ (ਬੀਕਾਨੇਰ) ਤੋਂ ਆ ਕੇ ਸਰਦਾਰ ਮਹਿਤਾਬ ਸਿੰਘ ਮੀਰਾਂਕੋਟੀਏ ਤੇ ਜੱਸਾ ਸਿੰਘ ਮਾੜੀ ਕੰਬੋਕੀ ਨੇ ਉਸ ਦਾ ਸਿਰ ਵੱਢਿਆ ਤੇ ਇਹ ਬੇਅਦਬੀ ਉਥੋਂ ਹਟਾਈ ਸੀ। ਉਸ ਸਮੇਂ ਪੰਜਾਬ ਵਿਚ ਕੋਈ ਸਿੰਘ ਕਿਧਰੇ ਨਜ਼ਰ ਨਹੀਂ ਸੀ ਆਉਂਦਾ ਪਰ ਭਾਈ ਬੋਤਾ ਸਿੰਘ ਸੰਧੂ ਭੜਾਣੇ ਵਾਲਾ ਤੇ ਭਾਈ ਗਰਜਾ ਸਿੰਘ ਰੰਘਰੇਟਾ ਅਚਾਨਕ ਸਬੱਬ ਨਾਲ ਕਿਤੇ ਲੁਕ ਛਿਪ ਕੇ ਰਹਿ ਗਏ ਸਨ, ਇਸ ਲਈ ਇਕ ਦਿਨ ਉਹ ਜਦ ਅੰਮ੍ਰਿਤਸਰੋਂ ਕਿਸੇ ਬਹਾਨੇ ਇਸ਼ਨਾਨ ਕਰਕੇ ਤਰਨ ਤਾਰਨ ਦੇ ਨੇੜੇ ਛਿੱਛਰਿਆਂ ਵਿਚ ਲੁਕੇ ਹੋਏ ਸਨ ਤਾਂ ਉਨ੍ਹਾਂ ਨੂੰ ਦੇਖ ਕੇ ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਕਿਸੇ ਵਿਅਕਤੀ ਨੇ ਕਿਹਾ, "ਇਹ ਸਿੰਘ ਲੁਕੇ ਹੋਏ ਹਨ।" ਦੂਜੇ ਨੇ ਬੋਲੀ ਮਾਰੀ "ਇਹ ਸਿੰਘ ਨਹੀਂ ਗਿੱਦੜ ਹਨ, ਜੇ ਸਿੰਘ ਹੋਣ ਤਾਂ ਲੁਕਦੇ ਕਿਉਂ ਫਿਰਨ।" ਇਹ ਬੋਲੀ ਸਿੰਘਾਂ ਨੂੰ ਖਾ ਗਈ।[1]

ਉਸੇ ਦਿਨ ਉਹ ਸਰਾਇ ਨੂਰੱਦੀਨ ਦੀ ਲਾਹੌਰ ਨੂੰ ਜਾਂਦੀ ਸੜਕ ਉਤੇ ਹਾਕਮ ਬਣ ਬੈਠੇ, ਇਕ ਆਨਾ ਗੱਡਾ, ਪੈਸਾ ਖੋਤਾ। ਜਰਮਤ ਲਏ ਬਿਨਾਂ ਕਿਸੇ ਨੂੰ ਲੰਘਣ ਨਾ ਦੇਣਾ। ਜੇ ਕੋਈ ਨਾਂਹ-ਨੁੱਕਰ ਕਰੇ ਤਾਂ ਭੰਗ ਘੋਟਣੇ ਡੰਡਿਆਂ ਨਾਲ ਸਿੱਧਾ ਕਰ ਲੈਣ। ਏਸੇ ਤਰ੍ਹਾਂ ਅਨੇਕ ਤੱਲਕੇਦਾਰ ਅਹਿਲਕਾਰ ਟੈਕਸ ਦੇ ਕੇ ਲੰਘ ਗਏ, ਕਿਸੇ ਨੇ ਇਹ ਨਾ ਪੁਛਿਆ ਕਿ ਕਿਉਂ ਇਹ ਜਗਾਤ ਲੈਂਦੇ ਹੋ। ਓੜਕ ਬੋਤਾ ਸਿੰਘ ਨੇ ਸੂਬੇ ਖਾਨ ਬਹਾਦਰ ਨੂੰ ਚਿੱਠੀ ਲਿਖੀ, ਜਿਸ ਦੇ ਇਹ ਲਫਜ਼ ਸਨ :

ਚਿੱਠੀ ਲਿਖੈ ਯੌ ਸਿੰਘ ਬੋਤਾ।
ਹੱਥ ਹੈ ਸੋਟਾ ਵਿਚ ਰਾਹ ਖੜੋਤਾ।
ਆਨਾ ਲਾਯਾ ਗੱਡੇ ਨੂੰ ਤੇ ਪੈਸਾ ਲਾਯਾ ਖੋਤਾ।
ਆਖੋ ਭਾਬੀ ਖਾਨੋ ਨੂੰ ਤੂੰ ਯੌਂ ਆਖੈ ਸਿੰਘ ਬੋਤਾ।੧੪।

(ਦੇਖੋ, ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੨੩੦)

ਇਹ ਚਿੱਠੀ ਪੜ੍ਹਨ ਸਾਰ ਸੂਬੇ ਖਾਨ ਬਹਾਦਰ ਨੂੰ ਬਹੁਤ ਗੁੱਸਾ ਚੜ੍ਹਿਆ ਤੇ ਉਸ ਨੇ ਉਸੇ ਵੇਲੇ ਆਪਣੇ ਫੌਜਦਾਰ ਅਸਲਮ ਖਾਨ ਨੂੰ ਇਕ ਸੌ ਸਵਾਰ ਦੇ ਕੇ ਤੋਰਿਆ ਕਿ ਬੋਤਾ ਸਿੰਘ ਨੂੰ ਫੜ ਲਿਆਓ। ਜਦੋਂ ਸਿੰਘਾਂ ਨੇ ਫੌਜ ਆਉਂਦੀ ਦੇਖੀ ਤਾਂ ਸ਼ਹੀਦੀਆਂ ਪ੍ਰਾਪਤ ਕਰਨ ਦੀ ਖੁਸ਼ੀ ਵਿਚ ਲਾਲੀ ਚੜ੍ਹ ਗਈ। ਭਾਈ ਬੋਤਾ ਸਿੰਘ ਨੇ ਹੱਥ ਵਿਚ ਸੋਟਾ ਲਿਆ ਤੇ ਗਰਜਾ ਸਿੰਘ ਨੇ ਤਲਵਾਰ ਫੜੀ। ਫੌਜਦਾਰ ਜਲਾਲੁੱਦੀਨ ਨੇ ਉਹਨਾਂ ਨੂੰ ਘੇਰਾ ਪਾਉਣ ਸਾਰ ਕਿਹਾ ਕਿ ਕਿਉਂ ਐਵੇਂ ਜਾਨਾਂ

---

[1]ਸ਼ਮਸ਼ੇਰ ਖਾਲਸਾ (ਗਿਆਨ ਸਿੰਘ), ਛਾਪਾ ਪੱਥਰ, ਸੰਨ ੧੯੯੨, ਸਫਾ ੭੬

ਗਵਾਉਂਦੇ ਹੋ, ਮੇਰੇ ਨਾਲ ਲਾਹੌਰ ਚਲੋ, ਮੈਂ ਤੁਹਾਨੂੰ ਬਚਾਅ ਲਵਾਂਗਾ।' ਅੱਗੋਂ ਸਿੰਘਾਂ ਨੇ ਬੜੇ ਹੌਂਸਲੇ ਨਾਲ ਕਿਹਾ, 'ਅਸੀਂ ਜਾਨਾਂ ਬਚਾਉਣ ਲਈ ਪੈਦਾ ਨਹੀਂ ਹੋਏ। ਜਿਹੜੇ ਤੁਹਾਡੇ ਬਹਾਦਰ ਸਿਪਾਹੀ ਹਨ, ਉਹ ਵਾਰੋ ਵਾਰੀ ਚਾਰ ਚਾਰ ਅਗੇ ਵਧ ਕੇ ਮੈਦਾਨ ਵਿਚ ਆਉਣ ਤੇ ਫੇਰ ਸਾਡੇ ਹੱਥ ਵੇਖਣ।'

ਸਿੰਘਾਂ ਦੀ ਇਹ ਵੰਗਾਰ ਸੁਣ ਕੇ ਫ਼ੌਜਦਾਰ ਆਪਣੇ ਚਾਰ ਚਾਰ ਸਿਪਾਹੀ ਬੜੀ ਹੱਲਾਸ਼ੇਰੀ ਦੇ ਕੇ ਅਗੇ ਕੀਤੇ, ਪਰ ਉਹ ਸਿੰਘਾਂ ਦਾ ਇਕ ਵਾਰ ਵੀ ਝੱਲ ਨਾ ਸਕੇ ਤੇ ਮਾਰੇ ਗਏ। ਫੇਰ ਪੰਜ ਛੇ ਸਿਪਾਹੀ ਹੋਰ ਆਏ, ਉਹ ਵੀ ਸਿੰਘਾਂ ਨੇ ਇਕੋ ਝਪਟ ਵਿਚ ਮਾਰ ਮੁਕਾਏ। ਇਸ ਤਰ੍ਹਾਂ ਜਦ ਬਹੁਤ ਸਾਰੇ ਸਿਪਾਹੀ ਮਾਰੇ ਗਏ ਤਾਂ ਫੌਜਦਾਰ ਜਲਾਲੁੱਦੀਨ ਨੂੰ ਉਹਨਾਂ ਦੇ ਟਾਕਰੇ ਲਈ ਹੋਰ ਕੋਈ ਉਪਾਇ ਨਾ ਸੁਝਿਆ, ਜਿਸ ਕਰ ਕੇ ਉਸ ਦੇ ਹੁਕਮ ਨਾਲ ਉਸ ਦੇ ਸਾਰੇ ਸਿਪਾਹੀ ਇਕੋ ਵਾਰ ਉਹਨਾਂ ਸਿੰਘਾਂ ਤੇ ਟੁੱਟ ਪਏ। ਫੇਰ ਉਹਨਾਂ ਸਿੰਘਾਂ ਨੇ ਪਿੱਠਾਂ ਜੋੜ ਕੇ ਦੁਸ਼ਮਣ ਦਾ ਸਖ਼ਤ ਮੁਕਾਬਲਾ ਕੀਤਾ, ਪਰ ਆਖ਼ਰ ਬਹੁਤਿਆਂ ਦੇ ਨਾਲ ਉਹਨਾਂ ਦੀ ਕੋਈ ਪੇਸ਼ ਨਾ ਗਈ ਤੇ ਦੋਵੇਂ ਬੜੀ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋ ਗਏ। (ਦੇਖੋ ਸ਼ਮਸ਼ੇਰ ਖ਼ਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ, ਛਾਪਾ ਪੱਥਰ, ਸੰਨ ੧੮੯੨ ਈ., ਸ਼ਫ਼ਾ ੭੭)।

ਸਰਦਾਰ ਰਤਨ ਸਿੰਘ ਭੰਗੂ ਨੇ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਦੇ ਇਸ ਦਲੇਰੀ-ਭਰੇ ਧਰਮ-ਯੁੱਧ ਦਾ ਹਾਲ ਬੜੇ ਦਰਦਨਾਕ ਢੰਗ ਨਾਲ ਦਸਦਿਆਂ ਲਿਖਿਆ ਹੈ :

ਤੀਰ ਲਗੈਂ ਸਿੰਘ ਪੱਟ ਗਿਰਾਵੈਂ।
ਤੁਰਕਨ ਸੋ ਸੋ ਅੱਖੀਂ ਦਿਖਾਵੈ।
ਸਿੰਘ ਕਹੈਂ ਲਿਗ ਤੁਮਰੇ ਤੀਰ।
ਹਮਰੋ ਚੀਰ ਨ ਸਕੈਂ ਸਰੀਰ। ੩੧

ਤਬ ਲਾਗੇ ਤਲਵਾਰ ਚਲਾਨ।
ਸਿੰਘ ਸੋਟੇ ਸੋਂ ਰੋਕੈਂ ਤਾਨ।
ਦੋਊਅਨ ਸਿੰਘਨ ਲਈ ਪਿੱਠ ਜੋੜ।
ਸੋਟਨ ਨੋਂ ਦਏ ਘੋੜੇ ਮੋੜ। ੩੨।

ਦੋਹਰਾ ਘੋੜੇ ਛਡਿ ਪਯਾਦੇ ਭਏ, ਡਾਹੈਂ ਆਗੇ ਢਾਲ।
ਸੋਟਨ ਸੋ ਉਠ ਢਾਲ ਕੋ, ਕੀਨੋ ਬੁਰੋ ਹਵਾਲ। ੩੩।

ਦਲ ਖ਼ਾਲਸਾ ਤੇ ਸਿੰਘਾਂ ਦੇ ਪੰਜ ਜੱਥੇ

ਸੰਨ ੧੭੨੬ ਈ. ਵਿਚ ਹੀ ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਖਾਲਸਾ ਪੰਥ ਭੁਜੰਗੀਆਂ ਅਥਵਾ ਤੱਤ ਖਾਲਸਾ ਤੇ ਬੰਦਈ ਖਾਲਸਾ ਦੇ ਰੂਪ ਵਿਚ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ ਤੇ ਮੁਗਲ ਸਰਕਾਰ ਕਈ ਵਿੰਗੇ ਟੇਢੇ ਤਰੀਕੇ ਵਰਤ ਕੇ ਬੰਦਈਆਂ ਦੇ ਮੁਕਾਬਲੇ ਤੇ ਤੱਤ ਖਾਲਸੇ ਅਥਵਾ ਭੁਜੰਗੀਆਂ ਨਾਲ ਕੁਝ ਨਰਮੀ ਦਾ ਵਰਤਾਉ ਕਰਦੀ ਰਹੀ। ਉਸ ਸਮੇਂ ਸੂਬਾ ਲਾਹੌਰ ਦਾ ਹਾਕਿਮ ਅਬਦੁਸਪਦ ਖਾਨ ਬੁਖਾਰੀ ਸੀ, ਪਰ ਫੇਰ ਉਸ ਦੀ ਮੁਲਤਾਨ ਬਦਲੀ ਹੋਣ ਤੇ ਸੱਯਦ ਅਸਲਮ ਖਾਨ ਉਸਦੀ ਥਾਵੇਂ ਆਰਜੀ ਹਾਕਿਮ ਨੀਯਤ ਹੋਇਆ। ਕੁਝ ਮੁੱਲਾਂ ਮੁਲਾਣਿਆਂ ਦੀ ਉਕਸਾਹਟ ਕਾਰਣ ਸੰਨ ੧੭੨੯ ਵਿਚ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਦੀਨ ਇਸਲਾਮ ਦੇ ਨਾਂ ਤੇ ਹੈਦਰੀ ਝੰਡਾ ਖੜਾ ਕੀਤਾ ਗਿਆ, ਜਿਸ ਦੇ ਅਧੀਨ ਹਰੇਕ ਇਲਾਕੇ ਵਿਚੋਂ ਅਣਗਿਣਤ ਜਹਾਦੀ ਇਕੱਠੇ ਕੀਤੇ ਗਏ ਤੇ ਉਹ ਹਰਨਾਂ ਵਾਂਗੂ ਥਾਉਂ ਥਾਈਂ ਬੰਦੂਕਾਂ ਲੈ ਕੇ ਸਿੱਖਾਂ ਦਾ ਸ਼ਿਕਾਰ ਖੇਡਣ ਲੱਗੇ। ਜਦ ਇਸ ਤਰ੍ਹਾਂ ਬਹੁਤ ਸਾਰੇ ਸਿੰਘ ਮਾਰੇ ਗਏ ਤਾਂ ਸਿੰਘਾਂ ਨੂੰ ਵੀ ਹੋਸ਼ ਆਈ ਤੇ ਉਨ੍ਹਾਂ ਨੇ ਇਕ ਰਾਤੀਂ ਭੀਲੋਵਾਲ ਜ਼ਿਲਾ ਲਾਹੌਰ ਦੇ ਸਥਾਨ ਪਰ ਜਿੱਥੇ ਕਿ ਹਜ਼ਾਰਾਂ ਜਹਾਦੀ ਸ਼ਰਾਬ ਪੀ ਕੇ ਆਪਣੀ ਜਿੱਤ ਦੀਆਂ ਖੁਸ਼ੀਆਂ ਮਨਾ ਰਹੇ ਸਨ, ਇਕੋ ਜ਼ਬਰਦਸਤ ਹਮਲਾ ਕਰਕੇ ਤਹਿ ਤੇਗ ਕਰ ਦਿੱਤੇ ਜਿਸ ਕਾਰਨ ਮੁਗਲ ਹਾਕਮਾਂ ਦਾ ਦੀਨ ਇਸਲਾਮ ਦੇ ਨਾਂ ਤੇ ਖੜਾ ਕੀਤਾ ਇਹ ਹੈਦਰੀ ਝੰਡਾ ਲੀਰੋ-ਲੀਰ ਹੋ ਗਿਆ। ਇਸੇ ਕਾਰਣ ਉਸ ਸਮੇਂ ਤੋਂ ਇਹ ਪੰਜਾਬੀ ਅਖਾਣ ਪ੍ਰਚਲਿਤ ਹੈ :

ਮਾਰਨ ਗਏ ਸੋ ਮਰ ਗਏ, ਖੋਇ ਈਮਾਨ ਤੇ ਮਾਲ।
ਨੰਗੋ ਨੰਗੀ ਢੁਤਾਲ ਸੈ, ਡੇਰਾ ਭੀਲੋ ਵਾਲ॥
(ਸ਼ਮਸ਼ੇਰ ਖਾਲਸਾ, ਸਫਾ ੪੯)

ਸੂਬਾ ਅਸਲਮ ਖਾਨ ਨੂੰ ਇਹ ਨੁਕਸਾਨ ਉਠਾ ਕੇ ਸਰਕਾਰੀ ਹਾਲੀ ਮੁਆਮਲੇ ਦੀ ਉਗ੍ਰਾਹੀ ਦਾ ਫਿਕਰ ਹੋਇਆ ਜੋ ਇਸ ਹਫੜਾ-ਦਫੜੀ ਵਿਚ ਢੇਰ ਸਮੇਂ ਤੋਂ

ਚੌਪਈ ਤੌ ਤੁਰਕਨ ਨੇ ਪਾਨੀਆਨ ।
ਸਿੰਘਨ ਪਰ ਨਾ ਧਾਵੇਂ ਤਾਨ ।
ਤੋ ਤੁਰਕਨ ਬੰਦੂਕ ਸੰਭਾਰੀ ।
ਲਾਵੇਂ ਸਿੰਘਨ ਗੋਲੀ ਭਾਰੀ । ੩੪ ।

ਜਹਾਂ ਲਗੇ ਹੱਡ ਦੇਵੇ ਤੋੜ ।
ਸੋਟੇ ਲਾਵੇਂ ਹੱਥ ਦੇ ਫੋੜ ।
ਸਿੰਘਨ ਸੋਟੇ ਹੱਥ ਖੱਬੇ ਫੜੇ ।
ਮਾਰ ਬੰਦੂਕਨ ਲੰਗੜੇ ਕਰੇ । ੩੫ ।

ਟੂਕ ਟੂਕ ਸੋ ਤੁਰਕਨ ਕਰੇ ।
ਮਤ ਸਿੰਘ ਫੇਰ ਨ ਹੋਵੇਂ ਖਰੇ ।
ਇਸ ਬਿਧਿ ਸਿੰਘਨ ਸ਼ਹੀਦੀ ਪਾਈ ।
ਧੰਨ ਮਾਤਾ ਧੰਨ ਪਿਤਾ ਉਨ ਭਾਈ । ੪੧ ।

(ਦੇਖੋ, ਪ੍ਰਾਚੀਨ ਪੰਥ ਪ੍ਰਕਾਸ਼, ੧੯੩੯, ਸਫੇ ੨੩੧-੩੨)

ਬੰਦ ਸੀ ਤੇ ਸਰਕਾਰੀ ਖਜ਼ਾਨਾ ਖਾਲੀ ਪਿਆ ਸੀ। ਇਸ ਹਾਲਤ ਵਿਚ ਉਸ ਨੇ ਸਿੱਖਾਂ ਨੂੰ ਬਗਾਵਤ ਕਰਨੋਂ ਰੋਕਣ ਲਈ ਦਰਬਾਰ ਦਿੱਲੀ ਪਾਸੋਂ ੧੨ ਪਿੰਡਾਂ ਦੀ ਜਾਗੀਰ ਤੇ ਨਵਾਬੀ ਦੇਣ ਦੀ ਇਜਾਜ਼ਤ ਲੈ ਲਈ ਤੇ ਛੇਤੀ ਹੀ ਇਹ ਪੇਸ਼ਕਸ਼ ਆਪਣੇ ਕਰਮਚਾਰੀ ਸਰਦਾਰ ਸੁਬੇਗ ਸਿੰਘ ਜੇਬਰ ਰਾਹੀਂ ਭੇਜ ਕੇ ਸ੍ਰੀ ਅੰਮ੍ਰਿਤਸਰ ਦੇ ਸਥਾਨ ਪਰ ਸਰਦਾਰ ਕਪੂਰ ਸਿੰਘ ਨੂੰ, ਜੋ ਭਰੇ ਦਰਬਾਰ ਪੱਖਾ ਝੱਲ ਕੇ ਸਾਧ ਸੰਗਤ ਦੀ ਸੇਵਾ ਕਰ ਰਿਹਾ ਸੀ, ਗੁਰੂ ਪੰਥ ਦੀ ਸਰਬ ਸੰਮਤੀ ਨਾਲ ਨਵਾਬੀ ਦਾ ਖਿਲਅਤ ਦਿਤਾ ਗਿਆ। ਨਵਾਬ ਕਪੂਰ ਸਿੰਘ ਬੜੇ ਉੱਚੇ ਇਖ਼ਲਾਕ ਦਾ ਮਾਲਿਕ ਸੀ, ਇਸ ਲਈ ਹਰੇਕ ਸਿੰਘ ਨੂੰ ਦੀਵਾਨ ਦਰਬਾਰਾ ਸਿੰਘ ਰਾਹੀਂ ਉਸ ਦੀ ਜਾਗੀਰ ਦਾ ਹਿੱਸਾ ਮਿਲਦਾ ਰਿਹਾ, ਪਰ ਫੇਰ ਦੀਵਾਨ ਸਾਹਿਬ ਦਾ ਅਕਾਲ ਚਲਾਣਾ ਹੋਣ ਤੇ ਜਦ ਉਸ ਹਿੱਸੇਦਾਰੀ ਵਿਚ ਕੁਝ ਰਸਾ-ਕਸ਼ੀ ਹੋਣ ਲੱਗੀ ਤਾਂ ਨਵਾਬ ਕਪੂਰ ਸਿੰਘ ਨੇ ਤੱਤ ਖਾਲਸਾ ਅਥਵਾ ਦਲ ਖਾਲਸਾ ਦੇ ਪੰਜ ਜਥੇ ਬਣਾ ਦਿੱਤੇ।

੧. ਜੱਥਾ ਸ਼ਹੀਦਾਂ ਦਾ, ਜਿਸ ਵਿਚ ਸ. ਦੀਪ ਸਿੰਘ, ਨੱਥਾ ਸਿੰਘ ਆਦਿ ਸ਼ਹੀਦ ਸਨ।
੨. ਜੱਥਾ ਅੰਮ੍ਰਿਤਸਰੀਆਂ ਦਾ, ਜਿਸ ਵਿਚ ਪ੍ਰੇਮ ਸਿੰਘ, ਧਰਮ ਸਿੰਘ ਖਤ੍ਰੀ ਸ਼ਾਮਲ ਸਨ।
੩. ਜੱਥਾ ਡੱਲੇਵਾਲੀਆਂ ਦਾ, ਜਿਸ ਵਿਚ ਦਸੌਂਧਾ ਸਿੰਘ, ਫਤਿਹ ਸਿੰਘ ਆਦਿ ਸਨ।
੪. ਜੱਥਾ ਬਾਬੇ ਕਾਨ੍ਹ ਸਿੰਘ ਦਾ, ਜਿਸ ਵਿਚ ਤਰੇਹਠ, ਭੱਲੇ ਆਦਿ ਵੈ ਸਨ ਅਤੇ
੫. ਜੱਥਾ ਮਜ਼ੁਬੀਆਂ ਸਿੰਘ ਦਾ, ਜਿਸ ਵਿਚ ਵੀਰ ਸਿੰਘ, ਅਮਰ ਸਿੰਘ ਆਦਿ ਮਜ਼ੁਬੀ ਸਿੰਘ ਸ਼ਾਮਲ ਸਨ। ਇਹ ਜਥੇਬੰਦੀ ਸੰਨ ੧੭੪੪ ਈ: ਵਿਚ ਕਾਇਮ ਕੀਤੀ ਗਈ ਸੀ।

ਇਸ ਤੋਂ ਪਿਛੋਂ, ਜਿਵੇਂ ਕਿ ਸਰਦਾਰ ਰਤਨ ਸਿੰਘ ਭੰਗੂ ਨੇ ਲਿਖਿਆ ਹੈ:

ਦੋਹਰਾ—ਥੋਰੇ ਹੀ ਸੋ ਦਿਨ ਨ ਮੈਂ ਭਯੋ ਅਸਲਮ ਖਾਨ ਬਹੀਰ।
ਤਿਸ ਕੀ ਜਾਗਾ ਸੋ ਥਾਹਯੋ ਅਬਦੁਲ ਖਾਨ ਨਬੀਰ ॥੧॥

ਚੌਪਈ—ਅਸਮੁੰਦੂ ਖਾਨ ਕੋ ਜਜਯੋ ਰਬਾਬਾ।
ਹੁਤੋ ਦੁਸਟ ਸੋ ਬਹੁਤ ਖਰਾਬ।
ਉਸ ਕੈ ਮਨ ਸਡ ਗਰਬਾ ਆਇਆ।
ਉਨ ਸਿੰਘ ਕੋ ਖਰਚ ਹਟਾਇਆ ॥੨॥

ਦਈ ਖਾਲਸੇ ਤਉਕਰ ਛੂਟ।
ਲਗਿਓ ਕਰਨ ਪੰਥ ਤਿਮ ਲੂਟ।
ਤੁਰਕਨ ਫੌਜ ਸਿੰਘਨ ਪਰ ਆਈ।
ਸਿੰਘ ਭੀ ਲੁਕ ਕਿਤ ਕਰਤ ਲਗਾਈ ॥੩॥

(ਦੇਖੋ, ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੨੦੪)

ਅਰਥਾਤ, ਕੁਝ ਦਿਨਾਂ ਪਿਛੋਂ ਅਸਲਮ ਖਾਨ ਹਟਿਆ ਤੇ ਉਸ ਦੀ ਥਾਵੇਂ ਅਬਦੁਸ ਸਮਦ ਖਾਨ ਬੁਖ਼ਾਰੀ ਲਾਹੌਰ ਦਾ ਹਾਕਮ ਬਣਿਆ, ਜਿਸ ਕਾਰਣ ਸਿੰਘਾਂ ਦਾ ਖਰਚ ਹਟਣ ਤੇ ਇਲਾਕਾ ਪੰਜਾਬ ਵਿਚ ਫੇਰ ਉਸੇ ਤਰ੍ਹਾਂ ਲੁੱਟ-ਮਾਰ ਹੋਣ ਲੱਗੀ।

ਨਿਬਾਹੂ ਸਿੰਘ ਰੰਘਰੇਟੇ ਹੱਥੋਂ ਦੀਵਾਨ ਜਸਪਤ ਰਾਇ ਦਾ ਕਤਲ

ਪੰਜਾਬ ਦੀ ਹਕੂਮਤ ਅਸਲਮ ਖਾਨ ਤੋਂ ਨਵਾਬ ਅਬਦੁੱਸ ਸਮਦ ਖਾਨ ਤੇ ਫੇਰ ਉਸ ਦੇ ਪੁੱਤਰ ਨਵਾਬ ਜ਼ਕਰੀਆ ਖਾਨ (ਖਾਨ ਬਹਾਦੁਰ) ਦੇ ਹੱਥ ਆਈ। ਨਵਾਬ ਜ਼ਕਰੀਆ ਖਾਨ ਅਕਲਮੰਦ ਹੋਣ ਦੇ ਬਾਵਜੂਦ ਵੀ ਬੜਾ ਤੰਗ-ਦਿਲ, ਮਜ਼ਹਬੀ ਜਨੂੰਨੀ ਤੇ ਇਕ ਪਾਸੜ ਜਿਹੀ ਤਬੀਅਤ ਦਾ ਵਿਅਕਤੀ ਸੀ। ਬੁਖਾਰੇ ਦਾ ਜੰਮਪਲ ਹੋਣ ਕਰਕੇ ਪੰਜਾਬ ਨਾਲ ਤੇ ਖਾਸ ਕਰਕੇ ਸਿੱਖਾਂ ਨਾਲ ਇਸ ਦੀ ਰੱਤੀ-ਭਰ ਵੀ ਹਮਦਰਦੀ ਨਹੀਂ ਸੀ। ਚਾਲ ਚਲਣ ਵੀ ਇਸ ਦਾ ਇੰਨਾ ਗੰਦਾ ਸੀ ਕਿ ਇਸ ਨੇ ਆਪਣੇ ਘਰ ਗੁੱਲੀ ਬਾਈ ਨਾਮਕ ਮਿਰਾਸਣ ਰਖੇਲ ਬਣਾ ਕੇ ਰੱਖੀ ਹੋਈ ਸੀ ਤੇ ਇਸੇ ਅਯਾਸ਼ੀ ਕਾਰਣ ਉਸ ਨੇ ਗੁੱਲੂ ਬਾਈ ਦੇ ਨਾਂ ਤੇ ਲਾਹੌਰ ਦੇ ਯਕੀ ਦਰਵਾਜ਼ੇ ਇਕ ਆਲੀਸ਼ਾਨ ਹਵੇਲੀ ਤਾਮੀਰ ਕਰਵਾਈ ਸੀ ਜਿੱਥੇ ਰੋਜ਼ ਬੈਠ ਕੇ ਉਹ ਸਾਰੇ ਅਦਾਲਤੀ ਕੰਮ ਭੁਗਤਾਉਂਦਾ ਸੀ। ਪਿੱਛੋਂ ਸਿੱਖ ਰਾਜ ਸਮੇਂ ਇਹੋ ਗੁੱਲੂ ਬਾਈ ਦੀ ਹਵੇਲੀ ਆਹਲੂਵਾਲੀਆ ਦੀ ਹਵੇਲੀ ਦੇ ਨਾਂ ਨਾਲ ਮਸ਼ਹੂਰ ਹੋਈ। (ਦੇਖੋ, ਤਹਿਕੀਕਾਤਿ ਚਿਸ਼ਤੀ ਕ੍ਰਿਤ ਮੌਲਵੀ ਨੂਰ ਅਹਿਮਦ ਚਿਸ਼ਤੀ, ਸੰਨ ੧੩੨੪ ਹਿ:, ਸਫਾ ੬੪੫)

ਨਵਾਬ ਜ਼ਕਰੀਆ ਖ਼ਾਨ ਦੀ ਹਕੂਮਤ ਦਾ ਸਮਾਂ ਸੰਨ ੧੭੩੪ ਈ: ਤੋਂ ਸੰਨ ੧੭੪੫ ਈ: ਤਕ ਹੈ। ਹਕੂਮਤ ਦੇ ਇਸ ਸਮੇਂ ਦੇ ਦੌਰਾਨ ਉਸ ਨੇ ਦੀਵਾਨ ਲਖਪਤ ਰਾਇ ਤਾਂ ਆਪਣਾ ਦੀਵਾਨ ਤੇ ਉਸ ਦਾ ਛੋਟਾ ਭਾਈ ਦੀਵਾਨ ਜਸਪਤ ਰਾਇ ਸਕੱਤਰ ਥਾਪਿਆ। ਇਹ ਦੋਵੇਂ ਭਾਈ ਹਿੰਦੂ ਹੋਣ ਦੇ ਬਾਵਜੂਦ ਮਨ, ਵਚਨ, ਕਰਮ ਤੋਂ ਉਸ ਦੀ ਤੁਅੱਸਬ ਭਰੀ ਇਸਲਾਮਿਕ ਨੀਤੀ ਨੂੰ ਅਪਣਾਉਂਦੇ ਤੇ ਸਿੱਖਾਂ ਨਾਲ ਹਮੇਸ਼ਾਂ ਦੁਸ਼ਮਨਾਂ ਵਾਲਾ ਸਲੂਕ ਰਖਦੇ ਸਨ। ਦਲ ਖਾਲਸਾ ਦੇ ਦੋਵੇਂ ਜਥੇ ਬੁੱਢਾ ਦਲ ਤੇ ਤਰੁਣਾ ਦਲ ਉਸ ਸਮੇਂ ਗਰੀਬ ਹਿੰਦੂ-ਮੁਸਲਿਮ ਰਿਆਯਾ ਦੀ ਭਲਾਈ ਨੂੰ ਮੁੱਖ ਰਖ ਕੇ ਦੇਸ਼ ਦੀ ਆਜ਼ਾਦੀ ਦੀ ਘੋਲ ਘਰੋਂ ਬੇਘਰ

ਹੋ ਕੇ ਤੇ ਪੂਰਾ ਪੂਰਾ ਜ਼ੋਰ ਤ੍ਰਾਣ ਲਾ ਕੇ ਘੁਲਦੇ ਸਨ, ਪਰ ਇਹ ਦੋਵੇਂ ਖੱਤ੍ਰੀ ਹਾਕਿਮ ਉਨ੍ਹਾਂ ਨੂੰ ਹਰ ਪੱਖੋਂ ਹਮੇਸ਼ਾਂ ਪਛਾੜਨ ਦਾ ਜਤਨ ਕਰਦੇ ਸਨ। ਭਾਈ ਮਨੀ ਸਿੰਘ, ਹਰਕੀਰਤ ਬੋਤਾ ਸਿੰਘ, ਗਰਜਾ ਸਿੰਘ, ਮਹਿਤਾਬ ਸਿੰਘ ਮੀਰਾਂ ਕੋਟੀਆ, ਸੁਬੇਗ ਸਿੰਘ, ਸ਼ਾਹਬਾਜ਼ ਸਿੰਘ, ਧਰਮੀ ਹਕੀਕਤ ਰਾਇ ਤੇ ਭਾਈ ਤਾਰੂ ਸਿੰਘ ਪੂਹਲਾ ਦੀਆਂ ਸ਼ਹੀਦੀਆਂ ਨਵਾਬ ਜ਼ਕਰੀਆ ਖਾਨ ਦੇ ਹੁਕਮ ਨਾਲ ਇਨ੍ਹਾਂ ਹੀ ਖੱਤ੍ਰੀ ਹਾਕਿਮਾਂ ਦੀ ਅਮਲਦਾਰੀ ਸਮੇਂ ਹੋਈਆਂ ਸਨ, ਪਰ ਇਹ ਇਕ ਕੁਦਰਤੀ ਅਸੂਲ ਹੈ ਕਿ ਜਦ ਕੋਈ ਜਾਬਰ ਅੱਤ ਚੁੱਕ ਲਵੇ ਤਾਂ ਉਸ ਅੱਤ ਦਾ ਵੀ ਅੰਤ ਕਿਸੇ ਹੀਲੇ ਕਿਸੇ ਦਿਨ ਜ਼ਰੂਰ ਹੁੰਦਾ ਹੈ। ਸੋ ਇਹੋ ਗੱਲ ਇਨ੍ਹਾਂ ਦੋਹਾਂ ਜਾਬਰ ਹਿੰਦੂ ਭਰਾਵਾਂ ਨਾਲ ਇਸ ਤਰ੍ਹਾਂ ਹੋਈ ਜਿਸ ਤਰ੍ਹਾਂ ਕਿ ਅੱਗੇ ਦੱਸਿਆ ਜਾਂਦਾ ਹੈ।

ਸੰਨ ੧੭੪੬ ਈ: ਦੀ ਗੱਲ ਹੈ ਕਿ ਸਿੰਘਾਂ ਦਾ ਭੁੱਖਣ-ਭਾਣਾ ਇਕ ਜਥਾ ਇਲਾਕਾ ਬਾਰ ਦੇ ਜੰਗਲਾਂ ਥੀਂ ਹੁੰਦਾ ਹੋਇਆ ਅਚਾਨਕ ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ ਪਹੁੰਚ ਗਿਆ ਤੇ ਰਾਸ਼ਨ ਖਰੀਦ ਕੇ ਆਪਣੇ ਪ੍ਰਸਾਦ-ਪਾਣੀ ਦਾ ਪ੍ਰਬੰਧ ਕਰਨ ਲੱਗਾ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਇਸ ਜਥੇ ਦਾ ਜਥੇਦਾਰ ਸੀ। ਇਹ ਨਗਰ ਦੀਵਾਨ ਜਸਪਤ ਰਾਇ ਨੂੰ ਜਾਗੀਰ ਵਜੋਂ ਮਿਲਿਆ ਹੋਇਆ ਸੀ ਤੇ ਦੀਵਾਨ ਵੀ ਉਸ ਸਮੇਂ ਉਥੇ ਹੀ ਮਾਲੀਏ ਦੀ ਉਗਰਾਹੀ ਕਰ ਰਿਹਾ ਸੀ। ਪਤਾ ਲੱਗਣ ਤੇ ਉਸ ਨੇ ਸਿੰਘਾਂ ਨੂੰ ਸਖਤੀ ਦਿਖਾ ਕੇ ਮਾਰਨੇ ਸ਼ੁਰੂ ਕੀਤੇ ਤੇ ਕਿਹਾ ਕਿ ਤੁਸੀਂ ਛੇਤੀ ਹੀ ਏਥੋਂ ਚਲੇ ਜਾਓ, ਨਹੀਂ ਤਾਂ ਮੈਂ ਤੁਹਾਡੇ ਸਿਰ ਮੁੰਨ ਕੇ ਵਾਲਾਂ ਦੇ ਰੱਸੇ ਵਟਵਾਵਾਂਗਾ ਤੇ ਤੁਹਾਡੇ ਸਿਰਾਂ ਵਿਚ ਹੁੱਕੇ ਦਾ ਪਾਣੀ ਪਾਵਾਂਗਾ ਤੇ ਭਾਈ ਮਨੀ ਸਿੰਘ ਵਾਂਗ ਤੁਹਾਡੇ ਬੰਦ ਬੰਦ ਕਟਵਾ ਦੇਵਾਂਗਾ। ਸਿੱਖ ਉਸ ਦੀ ਇਹ ਬੇਹੂਦਾ ਬਕਵਾਸ ਕਿਵੇਂ ਝੱਲ ਸਕਦੇ ਸਨ, ਇਸ ਲਈ ਪਹਿਲਾਂ ਤਾਂ ਉਨ੍ਹਾਂ ਨੇ ਉਸ ਨੂੰ ਬੜੇ ਠਰੰਮੇ ਨਾਲ ਸਮਝਾਉਣ ਦਾ ਜਤਨ ਕੀਤਾ, ਪਰ ਜਦ ਉਹ ਫੌਜ ਲੈ ਕੇ ਹਾਥੀ ਉਤੇ ਚੜ੍ਹ ਆਇਆ ਤੇ ਮੱਲੋ ਜੋਰੀ ਸਿਰ ਚੜ੍ਹਦਾ ਹੀ ਗਿਆ ਤਾਂ ਭਾਈ ਨਿਬਾਹੂ ਸਿੰਘ ਰੰਘਰੇਟੇ ਨੇ, ਜੋ ਕਿ ਘੋੜੇ ਪਰ ਸਵਾਰ ਸੀ, ਉੱਲਰ ਕੇ ਇਕੋ ਝਪਟੇ ਨਾਲ ਤਲਵਾਰ ਮਾਰ ਕੇ ਉਸ ਦਾ ਸਿਰ ਲਾਹ ਦਿਤਾ। ਬਸ, ਫੇਰ ਕੀ ਸੀ, ਇਸ ਤਰ੍ਹਾਂ ਆਪਣੇ ਦੀਵਾਨ ਦੇ ਮਾਰੇ ਜਾਣ ਤੇ ਉਸ ਦੀ ਸਾਰੀ ਫੌਜ ਨੱਸ ਗਈ। ਕਵੀ ਇਤਿਹਾਸਕਾਰ ਸਰਦਾਰ ਰਤਨ ਸਿੰਘ ਭੰਗੂ ਦੇ ਦੀਵਾਨ ਜਸਪਤ ਰਾਇ ਦੀ ਮੌਤ ਨਬਾਹੂ ਸਿੰਘ ਹੱਥੋਂ ਮੌਤ ਦਾ ਹਾਲ ਇਸ ਤਰ੍ਹਾਂ ਚਿਤਰਿਆ ਹੈ :

ਦੋਹਰਾ—ਵਹਿ ਲੂਟਨ ਚੜ੍ਹਿਓ ਖਾਲਸੇ,
ਸੋ ਲੀਓ ਖਾਲਸੇ ਲੂਟ।

ਨਿਬਾਹੂ ਸਿੰਘ ਗਜ ਪੈ ਚੜ੍ਹਯੋ,
ਮਾਰਿ ਤੇਗ ਦੀਓ ਸੂਟ ॥੪੯॥

ਚੌਪਈ–ਨਿਬਾਹੂ ਸਿੰਘ ਗਜ ਪੈ ਚੜ੍ਹ ਗਯੋ ।
ਸੀਸ ਕਾਟਿ ਸਭ ਜੇਵਰ ਲਯੋ ।
ਔਰ ਦਰਬ ਦਈ ਉਪਰੋਂ ਗੇਰ ।
ਔਰ ਸਿੰਘਨ ਚਕ ਲੀਨੀ ਫੇਰ ॥੫੦॥

(ਪ੍ਰਾਚੀਨ ਪੰਥ ਪ੍ਰਕਾਸ਼, ੧੯੩੯, ਸਫ਼ਾ ੨੯੨)

ਬਸ, ਫੇਰ ਕੀ ਸੀ, ਇਸ ਕਤਲ ਦੀ ਖਬਰ ਲਾਹੌਰ ਪੁੱਜਣ ਤੇ ਦੀਵਾਨ ਲਖਪਤ ਰਾਇ ਬਹੁਤ ਲੋਹਾ ਲਾਖਾ ਹੋਇਆ ਤੇ ਉਸ ਨੇ ਨਵਾਬ ਯਾਹੀਆ ਖਾਨ ਨੂੰ ਕਹਿ ਕੇ ਤੁਰਤ ਹੀ ਸਿੰਘਾਂ ਪਰ ਫੌਜਕਸ਼ੀ ਦਾ ਹੁਕਮ ਦੇ ਦਿਤਾ, ਜਿਸ ਪਰ ਉਸੇ ਵੇਲੇ ਅਮਲੀ ਵਰਤੋਂ ਕੀਤੀ ਗਈ। ਤੇ ਪਿੰਡ ਬੱਦੋ ਕੀ ਗੁਸਾਈਆਂ ਦੇ ਨੇੜੇ ਉਥੋਂ ਦੇ ਮਹੰਤ ਨੇ, ਜੋ ਦੀਵਾਨ ਲਖਪਤ ਰਾਇ ਤੇ ਜਸਪਤ ਰਾਇ ਦਾ ਸਨੇਹੀ ਸੀ, ਸਿੰਘਾਂ ਪਾਸੋਂ ਦੀਵਾਨ ਦਾ ਸਿਰ ਬੜੇ ਜਤਨ ਨਾਲ ਲਿਆ ਤੇ ਉਥੇ ਧੜ ਸਮੇਤ ਉਸ ਦਾ ਸਸਕਾਰ ਕਰ ਦਿਤਾ। ਫੇਰ ਲਾਹੌਰੋਂ ਮੁਗਲੇਈ ਫੌਜ ਚੜ੍ਹਨ ਤੇ, ਜੋ ਸਿੰਘਾਂ ਦਾ ਪਿੱਛਾ ਕਰਦੀ ਹੋਈ ਕਾਹਨੂੰਵਾਨ (ਗੁਰਦਾਸਪੁਰ) ਦੇ ਛੰਭ ਤਕ ਗਈ, ਸੰਨ ੧੭੪੬ ਦਾ ਛੋਟਾ ਘੱਲੂਘਾਰਾ ਜਿਸ ਵਿਚ ਸੈਂਕੜੇ ਸਿੰਘ ਮਾਰੇ ਗਏ, ਦੀਵਾਨ ਲਖਪਤ ਰਾਇ ਦੀ ਇਸੇ ਸਾਜ਼ਿਸ਼ ਦਾ ਨਤੀਜਾ ਸੀ।

ਚੌਦ੍ਹਵਾਂ ਕਾਂਡ

ਭਾਈ ਵੀਰ ਸਿੰਘ ਰੰਘਰੇਟਾ, ਸੰਘੇੜਿਆਂ ਦਾ ਜੰਗ ਤੇ ਬਾਬਾ ਆਲਾ ਸਿੰਘ ਦੀ ਫ਼ਤਹਿ

ਜਿਵੇਂ ਕਿ ਪਿਛੇ ਦਸਿਆ ਗਿਆ ਹੈ, ਇਕ ਸੀ ਤੇ
ਪਹਿਲ੍ਹਾਂ ਖਾਲਸਾ ਦਲ, ਪਿਛੋਂ ਥੋੜ੍ਹਾ
ਚਿਰ, ਬੁੱਢਾ ਦਲ ਤੇ ਤਰੁਣਾ ਦਲ ਨਾਂ ਹੇਠ ਉਸ ਦੇ ਦੋ ਭਾਗ ਹੋ ਗਏ। ਪਿਛੋਂ ਥੋੜ੍ਹਾ
ਹੀ ਸਮਾਂ ਗੁਜ਼ਰਨ ਤੇ ਨਵਾਬ ਕਪੂਰ ਸਿੰਘ ਨੇ ਜਦ ਇਸ ਦਲ ਦੇ ਪਜ ਜਥੇ-ਜੱਥਾ
ਸ਼ਹੀਦਾਂ ਦਾ, ਜੱਥਾ ਡੱਲੇਵਾਲੀਆਂ ਦਾ ਆਦਿ, ਬਣਾਏ ਤਾਂ ਉਨ੍ਹਾਂ ਵਿਚੋਂ ਛੇਕੜਲਾ
ਇਕ ਜੱਥਾ ਰੰਘਰੇਟੇ ਅਥਵਾ ਮਜ਼੍ਹਬੀ ਸਿੰਘਾਂ ਦਾ ਸੀ। ਮਜ਼੍ਹਬੀ ਸਿੰਘਾ ਦਾ ਇਹੋ ਜੱਥਾ,
ਜਦ ਸੰਨ ੧੭੫੦ ਤੋਂ ੧੭੬੦ ਤਕ ਸਿਖਾਂ ਦੀਆਂ ਬਾਰ੍ਹਾਂ ਮਿਸਲਾਂ ਬਣੀਆਂ ਤਾਂ
ਇਨ੍ਹਾਂ ਮਿਸਲਾਂ ਤੋਂ ਬਿਲਕੁਲ ਅਲੱਗ ਥਲੱਗ ਤੇ ਨਿਰਪੱਖ ਰਹਿ ਕੇ ਸ੍ਰੀ ਦਸਮੇਸ਼ ਦੇ
ਸਾਜੇ ਨਿਵਾਜੇ ਮੁਕਤੇ ਨਿਹੰਗ ਸਿੰਘਾਂ ਵਾਂਗ ਗੁਰੂ ਪੰਥ ਦੀ ਖਿਦਮਤ ਕਰਨ ਲੱਗਾ।
ਇਸ ਦੇ ਜਥੇਦਾਰ ਸਨ ਸ: ਜੀਉਣ ਸਿੰਘ, ਬਦਨ ਸਿੰਘ ਤੇ ਵੀਰ ਸਿੰਘ ਅਤੇ ਇਸ
ਜਥੇ ਵਿਚ ੧੩੦੦ ਘੋੜ ਸਵਾਰ ਸਨ।[1]

ਸ੍ਰੀ ਗੁਰੁ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਦੇ ਕਥਨ ਅਨੁਸਾਰ ਰੰਘਰੇਟੇ ਸਿੰਘਾਂ
ਦੇ ਇਸ ਜਥੇ ਦੇ ਜਥੇਦਾਰਾਂ, ਸ: ਜੀਉਣ ਸਿੰਘ, ਬਦਨ ਸਿੰਘ ਤੇ ਵੀਰ ਸਿੰਘ ਜੀ,
ਜੋ ਬੁੱਢੇ ਦਲ ਦੇ ਮੋਢੇ ਨਾਲ ਮੋਢਾ ਜੋੜ ਕੇ ਦੇਸ਼ ਕੌਮ ਦੀ ਆਜ਼ਾਦੀ ਲਈ ਬਾਰ੍ਹਾਂ
ਮਿਸਲਾਂ ਦੇ ਸਮੇਂ ਤੋਂ ਸਿੱਖ ਰਾਜ ਦੇ ਸਮੇਂ ਤਕ ਲਗਾਤਾਰ ਕੁਰਬਾਨੀਆਂ ਕਰਦੇ
ਰਹੇ, ਕਦੇ ਪੰਥਕ ਸੇਵਾ ਤੋਂ ਮੁਨਹਰਫ਼ ਨਹੀਂ ਹੋਏ। ਕਦੇ ਇਹ ਪੱਛਮੀ ਪੰਜਾਬ ਵਿਚ
ਸੁਕਰਚੱਕੀਆਂ ਦੀ ਮਿਸਲ ਦਾ ਸਾਥ ਦਿੰਦੇ ਤੇ ਕਦੇ ਮਾਲਵੇ ਵਿਚ ਪਹੁੰਚ ਕੇ
ਫੂਲਕੀਆਂ ਦੀ ਮਿਸਲ ਦਾ ਸਾਥ ਦਿੰਦੇ ਤੇ ਕਦੇ ਮਾਲਵੇ ਵਿਚ ਪਹੁੰਚ ਕੇ ਫੂਲਕੀਆਂ

---

[1] ਹੁਤੋ ਰੰਘਰੇਟੋ ਚੂਹੜੋ ਵੀਰ ਸਿੰਘ ਜੋ ਜਵਾਨ।
ਸਗ ਤੇਰਾ ਸੋ ਘੋੜ ਚੜ੍ਹੇ। ਨਗਾਰੋ ਜੁਦੋ ਨਿਸ਼ਾਨ ॥੪੨॥
(ਸ੍ਰੀ ਗੁਰੁ ਪੰਥ ਪ੍ਰਕਾਸ਼, ਕ੍ਰਿਤ ਰਤਨ ਸਿੰਘ ਭੰਗੂ)

ਦੀ ਮਿਸਲ ਦੀ ਸਹਾਇਤਾ ਕਰਦੇ ਸਨ। ਪੰਜਾਬ ਵਿਚ ਸੰਨ ੧੭੪੬ ਈ: ਤੋਂ ੧੭੯੯ ਈ: ਤਕ ਲਗਾਤਾਰ ਜੱਦੋ-ਜਹਿਦ ਕਰਕੇ ਦੁੱਰਾਨੀਆਂ ਦਾ ਦਿਲੀ ਇਰਾਦਾ ਏਥੇ ਪਠਾਨਾਂ ਦੀ ਹਕੂਮਤ ਕਾਇਮ ਕਰਨਾ ਸੀ। ਪਹਿਲਾਂ ਇਸ ਸੰਬੰਧ ਵਿਚ ਦਰਿਆ ਸਤਲੁਜ ਤੇ ਬਿਆਸਾ ਤੋਂ ਪਾਰ ਕਸੂਰੀਏ ਪਠਾਣਾਂ ਉਤੇ ਇਕ ਭਰਪੂਰ ਹੱਲਾ ਕਰਕੇ ਉਨ੍ਹਾਂ ਦੀ ਗਿੱਚੀ ਮਰੋੜਨਾ ਮਿਸਲ ਭੰਗੀਆਂ ਦੇ ਮੋਢੀ ਸਰਦਾਰ ਹਰੀ ਸਿੰਘ ਦਾ ਕੰਮ ਸੀ ਤੇ ਫੇਰ ਏਧਰ ਹਿਤਾੜ ਸਤਲੁਜ਼ ਦੇ ਇਲਾਕੇ ਵਿਚ ਰਿਆਸਤ ਮਾਲੇਰ ਕੋਟਲਾ ਦੇ ਨਵਾਬਾਂ ਦੀ ਵਧਦੀ ਤਾਕਤ ਅੱਗੇ ਰੋਕ ਪਾਉਣਾ ਭਾਈ ਵੀਰ ਸਿੰਘ ਰੰਘਰੇਟੇ ਦੇ ਹਿੱਸੇ ਆਇਆ। ਨਾਦਿਰ ਸ਼ਾਹ ਤੇ ਅਹਿਮਦ ਸ਼ਾਹ ਦੁੱਰਾਨੀ ਦੇ ਹੱਲਿਆ ਸਮੇਂ ਰਿਆਸਤ ਮਲੇਰ ਕੋਟਲਾ ਰੋਪੜ, ਈਸੜ, ਮਨਸੂਰ ਪੁਰ (ਤੀਟਾਂ ਵਾਲਾ), ਭੀਖੀ, ਮਾਨਸਾ, ਮੂਲਕ, ਬਠਿੰਡਾ, ਬਰਨਾਲਾ, ਭਦੌੜ ਆਦਿ ਤਕ ਫੈਲੀ ਹੋਈ ਸੀ। ਜਦੋਂ ਫੂਲਕੀਆਂ ਦੀ ਮਿਸਲ ਦੇ ਆਗੂ ਬਾਬਾ ਆਲਾ ਸਿੰਘ ਜੀ ਆਦਿ ਇਨ੍ਹਾਂ ਇਲਾਕਿਆਂ ਨੂੰ ਆਜ਼ਾਦ ਕਰਵਾਉਣ ਤੇ ਠਿੱਲ ਆਉਂਦੇ ਤੇ ਸਿੱਖ ਮਿਸਲਾਂ ਦੇ ਸਰਦਾਰ ਉਨ੍ਹਾਂ ਦੀ ਮਦਦ ਉਤੇ ਪਹੁੰਚਦੇ ਸਨ ਤਾਂ ਉਨ੍ਹਾਂ ਨੂੰ ਕੁਝ ਸੁਖ ਦਾ ਸਾਹ ਆਉਂਦਾ ਸੀ, ਨਹੀਂ ਤਾਂ ਸਿੰਘਾਂ ਦੇ ਪਾਸਾ ਪਰਤਣ ਸਾਰ ਨਵਾਬ ਮਲੇਰ-ਕੋਟਲਾ ਆਪਣੇ ਗਵਾਂਢੀ ਮੁਸਲਮਾਨ ਰਈਸਾਂ ਦੀ ਮਦਦ ਨਾਲ ਉਹੋ ਇਲਾਕੇ ਫੂਲਕਿਆਂ ਤੋਂ ਖੋਹ ਲੈਂਦੇ ਸਨ। ਸਰਦਾਰ ਰਤਨ ਸਿੰਘ ਭੰਗੂ ਨੇ ਉਨ੍ਹਾਂ ਦੀ ਇਸ ਖੋਹ-ਖਿੰਜ ਦਾ ਸਹੀ ਸਹੀ ਤੇ ਹੂਬਹੂ ਨਕਸ਼ਾ ਕੁਝ ਇਸ ਤਰ੍ਹਾਂ ਉਲੀਕਿਆ ਹੈ :

ਚੌਪਈ—ਪੰਥ ਨਿਕਲ ਜਬ ਮਾਲਵਯੋ ਜਾਵੈ।
ਤੁਰਕ ਮਾਲਵੇ ਪਰ ਚੜ ਧਾਵੈ।
ਜਾਵੈਂ ਕੁਟ ਲੁਟ ਟਕੇ ਮੰਗਾਹਿ।
ਜੇਤਿਕ ਉਨ ਤੇ ਦਏ ਨ ਜਾਹਿ ॥੨॥

ਮੁਹਰੇ ਹੋਇ ਤੁਰੈ ਮਲੇਰੀ ਪਠਾਨਾ।
ਓਇ ਚਾਹੈਂ ਦਯੈ ਕਢਵਾਯੋ ਹਿੰਦੁਸਤਾਨਾ।
ਮਲਵਯਨ ਇਮ ਮਿਥੀ ਸਲਾਹਿ।
ਲਯਾਇ ਖਾਲਸੇ ਲਯੋ ਮਲੇਰੀ ਮਰਵਾਇ ॥੩॥

ਇਮ ਮਿਥ ਤੁਰਯੋ ਮਾਲੋ ਸਿੰਘ ਆਪ।
ਸਾਥ ਬੁੱਢਾ ਸਿੰਘ ਗੁਰਬਖਸ਼ ਸਿੰਘ ਥਾਪ।
ਪੰਥ ਅੰਮ੍ਰਿਤਸਰ ਹੁੱਤੇ ਡੇਰੇ।
ਤੋ ਦਏ ਨਜ਼ਰਾਨੇ ਸਭ ਪੰਥ ਕੇਰੇ ॥੪॥

ਹੁਤੋ ਪੰਥ ਅਕਾਲ ਬੁੰਗੇ ਲਗਯੋਦਿਵਾਨ ।
ਸੁਨੈ ਰਹਿਰਾਸ ਪੰਥ ਨਿਤ ਆਨ ।
ਆਲੈ ਸਿੰਘ ਲਏ ਭਾਈ ਸਾਥ ।
ਜੋੜ ਖੜਯੋ ਖਾਲਸੇ ਢਿਗ ਹਾਥ ॥੫॥

ਦੋਹਰਾ–ਕਹੀ ਹਕੀਕਤ ਖੜ ਉਨੈ, ਸੁਨੀ ਪੰਥ ਦੇ ਕਾਨ ।
ਉਨ ਜਹੀ, ਸਤਾਵੈ ਤੁਰਕਹਮ, ਮਲੇਰੋਂ ਉਠਿ ਪਠਾਨ ॥੬॥

ਚੌਪਈ–ਹਮ ਕੋ ਆਇ ਮਲੇਰੀ ਸਤਾਵੈ ।
ਮੁਲਕ ਹਮਾਰੋ ਲੁੱਟ ਲਿਜਾਵੈ ।
ਸੁਨ ਕਰਿ ਉੱਤਰ ਪੰਥ ਉਚਾਰਯੋ ।
ਅਸੀਂ ਕਰੈਂਗੇ ਉਨ ਚੜਿ ਮਾਰਯੋ ॥੭॥

ਬਸ ਦੇਰ ਕੀ ਸੀ, ਸਿੰਘਾਂ ਨੇ ਬਾਬਾ ਸਿੰਘ ਜੀ ਦੇ ਇਸ ਤਰ੍ਹਾਂ ਕਹਿਣ ਤੇ ਦੀਪਮਾਲਾ ਦੇ ਮੇਲੇ ਪਿਛੋਂ ਚੜ੍ਹਾਈ ਕਰ ਦਿਤੀ । ਬਾਬਾ ਆਲਾ ਸਿੰਘ ਨੇ ਬਰਨਾਲੇ ਦੇ ਨੇੜੇ ਪਿੰਡ ਸੰਘੇੜੇ ਦੀ ਗੜ੍ਹੀ ਵਿਚ ਮੋਰਚੇ ਜਾ ਲਾਏ । ਉਧਰ ਮਲੇਰੀ ਪਠਾਨਾਂ ਨੇ ਰਾਇ ਕੋਟ ਦੇ ਰਈਸ ਦੀ ਫੌਜੀ ਮਦਦ ਨਾਲ ਤੋਪਾਂ, ਜੰਬੂਰੇ ਲੈ ਕੇ ਬਾਬਾ ਆਲਾ ਸਿੰਘ ਨੂੰ ਉਥੇ ਹੀ ਜਾ ਘੇਰਿਆ । ਇਧਰ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਖਾਲਸੇ ਦੀ ਦਰਿਆ ਸਤਲੁਜੋਂ ਪਾਰ ਹੁੰਦਿਆਂ ਹੀ ਬੜੀ ਤੇਜ਼ੀ ਨਾਲ ਹੱਲਾ ਬੋਲਿਆ ਤੇ ਮਲੇਰੀਆਂ ਤੇ ਰਾਇਕਿਆਂ ਨੂੰ ਤੁਰੰਤ ਹੀ ਜਾ ਦਬੋਚਿਆ, ਜਿਵੇਂ ਕਿ ਕਵੀ ਰਤਨ ਸਿੰਘ ਭੰਗੂ ਨੇ ਲਿਖਿਆ ਹੈ :

ਸਿੰਘ ਅਚਾਨਕ ਇਮ ਪਰੇ,
ਜਿਮ ਪਰੇ ਅਕਾਸ਼ੋਂ ਇੱਲ ।
ਚਿਰੀਅਨ ਜਿਮ ਤੁਰਕ ਲੁਕ ਨਠੇ,
ਰਹੀ ਨ ਉਨ ਮਧ ਗਿੱਲਾ ॥੨੭॥

ਇਸ ਜੰਗ ਵਿਚ ਮਲੇਰ ਕੋਟਲੇ ਦੇ ਪਠਾਨ ਤੇ ਰਾਇ ਕੇ ਬਹੁ-ਗਿਣਤੀ ਵਿਚ ਮਾਰੇ ਗਏ ਤੇ ਉਨ੍ਹਾਂ ਦਾ ਸਾਰਾ ਜੰਗੀ ਸਾਮਾਨ ਤੋਪਾਂ, ਬੰਦੂਕਾਂ, ਰਹਕਲੇ, ਜੰਬੂਰੇ ਆਦਿ ਬਾਬਾ ਆਲਾ ਸਿੰਘ ਦੇ ਹੱਥ ਲੱਗਾ । ਇਸ ਤਰ੍ਹਾਂ ਇਸ ਜੰਗ ਵਿਚ ਪੂਰੀ ਪੂਰੀ ਫ਼ਤਹਿ ਹੋਣ ਤੇ ਬਾਬਾ ਆਲਾ ਸਿੰਘ ਬੜੀ ਅਧੀਨਗੀ ਨਾਲ ਘੋੜੇ ਤੋਂ ਉਤਰ ਗੁਰੂ ਪੰਥ ਦੀ ਸੇਵਾ ਵਿਚ ਨੰਗੇ ਪੈਰੀਂ ਹਾਜ਼ਰ ਹੋਇਆ, ਜਿਵੇਂ ਕਿ ਪੰਥ ਪ੍ਰਕਾਸ਼ ਵਿਚ ਲਿਖਿਆ ਹੈ :

ਹਾਥ ਜੋੜ ਕੇ ਸੀਸ ਝੁਕਾਯੋ।
ਛੱਡ ਘੋੜੇ ਕੋ ਚਰਨੀ ਧਾਯੋ।
ਨਿਵ ਨਿਵ ਕੁਨਸੋ ਲਾਗੋ ਕਰਨ।
ਮਿਲੇਂ ਨਿਹੰਗ ਤਿਸ ਛੋਹੈ ਗੋਡੇ ਚਰਨ ॥੩੪॥
ਭਰਿ ਮੁਠੀ ਉਨ ਰੁੱਪਯਨ ਦੇਹਿ।
ਕਰਵਾਇ ਅਰਦਾਸ ਔਰ ਖੁਸ਼ੀਆਂ ਲੇਹਿ।
ਘੋੜੇ ਪੁਯੇ ਜੋ ਨਿਹੰਗ ਜੁਪਾਇ।
ਤੁਰਤ ਦੇਹਿ ਘੋੜੇ ਫੜਵਾਇ ॥੩੫॥

ਫੇਰ ਬਾਬਾ ਆਲਾ ਸਿੰਘ ਜੀ ਨੇ ਬੜੀ ਅਧੀਨਗੀ ਨਾਲ ੧੩੦੦ ਘੋੜ ਸਵਾਰਾਂ ਦੇ ਸਰਦਾਰ ਭਾਈ ਵੀਰ ਸਿੰਘ ਰੰਘਰੇਟੇ ਨੂੰ ਸਭ ਤੋਂ ਪਹਿਲਾਂ ਚੰਗਾ ਘੋੜਾ ਪੇਸ਼ ਕੀਤਾ ਤੇ ਫੇਰ ਪਿਛੋਂ ਹੋਰ ਪੰਥਕ ਆਗੂਆਂ ਨੂੰ ਘੋੜੇ ਦਿਤੇ। ਭਾਈ ਵੀਰ ਸਿੰਘ ਰੰਘਰੇਟੇ ਨੂੰ ਚੰਗਾ ਘੋੜਾ ਪਹਿਲਾਂ ਇਸ ਕਰਕੇ ਦਿੱਤਾ ਕਿ ਮੈਦਾਨਿ-ਜੰਗ ਵਿਚ ਇਹ ਸਭ ਤੋਂ ਅੱਗੇ ਵੱਧ ਵੱਧ ਕੇ ਤੇਗਾਂ ਮਾਰ ਦੁਸ਼ਮਣ ਦੇ ਆਹੂ ਲਾਹੁੰਦਾ ਸੀ।

ਸੋ ਦੌੜ ਜੰਗ ਮਧ ਮੁਹਰੇ ਰਹੇ।
ਉਸ ਯਾਦ ਪੰਥ ਕਰ ਪਹਿਲੋਂ ਦਏ ॥੪੩॥

ਅਜਿਹਾ ਅਦੁੱਤੀ ਜੋਧਾ ਭਾਈ ਵੀਰ ਸਿੰਘ ਵੀ ਇਕ ਵੇਰ ਕਿਸੇ ਗੱਲੋਂ ਨਾਰਾਜ਼ ਹੋ ਆਪਣੇ ਘੋੜ ਸਵਾਰੀ ਸਮੇਤ ਦੁਸ਼ਮਣ ਦੇ ਨਾਲ ਜਾ ਰਲਿਆ ਤੇ ਦੁਸ਼ਮਣ ਨੇ ਇਸੇ ਖੁਸ਼ੀ ਵਿਚ ਸਿੰਘਾਂ ਨੂੰ ਤਾਹਨਾ ਵੀ ਮਾਰਿਆ, "ਦੇਖੋ ਤੁਹਾਡਾ ਅਦੁੱਤੀ ਜੋਧਾ ਤੁਹਾਡੇ ਨਾਲੋਂ ਵਿਛੜ ਕੇ ਸਾਡੇ ਨਾਲ ਆ ਰਲਿਆ ਹੈ, ਇਸ ਲਈ ਹੁਣ ਤੁਸੀਂ ਉਸ ਤੋਂ ਬਿਨਾਂ ਕੀ ਕਰੋਗੇ ?" ਸਿੰਘਾਂ ਨੇ ਇਹ ਤਾਹਨਾ ਸੁਣਦਿਆਂ ਹੀ ਭਾਈ ਵੀਰ ਸਿੰਘ ਨੂੰ ਇਸ ਗੱਲੋਂ ਸ਼ਰਮਿੰਦਾ ਕੀਤਾ, ਜਿਸ ਕਰਕੇ ਉਹ ਉਸੇ ਵੇਲੇ ਦੁਸ਼ਮਣ ਦਾ ਸਾਥ ਛੱਡ ਮੁੜ ਗੁਰੂ ਪੰਥ ਨਾਲ ਆ ਰਲਿਆ ਤੇ ਪੰਥ ਵਲੋਂ ਮੁਆਫ ਕੀਤਾ ਗਿਆ :

ਜੂਨਿ ਅਰਦਾਸ ਸੋ ਆਯੋ ਧਾਇ।
ਇਮ ਖਾਲਸੇ ਉਸ ਹੇਤ ਰਖਾਇ। (ਪੰਥ ਪ੍ਰਕਾਸ਼)

ਸੰਘੇੜਿਆਂ ਦੇ ਇਸ ਜੰਗ ਤੇ ਇਸ ਦੀ ਫਤਹਿ ਦਾ ਨਤੀਜਾ ਇਹ ਹੋਇਆ ਕਿ ਨਵਾਬ ਮਲੇਰ ਕੋਟਲਾ ਦੇ ਹੱਥੋਂ ਪਿੰਡ ਸੰਘੇੜਾ ਸ਼ੇਰਪੁਰ ਭਸੌੜ ਤੇ ਗੁਆਰਾ ਸਾਹਿਤ ਜ਼ਿਲਾ ਬਰਨਾਲਾ ਦਾ ਇਹ ਸਾਰਾ ਹੀ ਇਲਾਕਾ ਨਿਕਲ ਕੇ ਰਿਆਸਤ ਪਟਿਆਲਾ

ਵਿਚ ਸ਼ਾਮਲ ਹੋ ਗਿਆ। ਤੇ ਇਲਾਕਾ ਰੋਪੜ, ਈਸੜੂ ਤੇ ਮਨਸੂਰ ਪੁਰ (ਛੀਂਟਾ ਵਾਲਾ) ਚੂੰਕਿ ਇਸ ਤੋਂ ਕੁਝ ਪਹਿਲਾਂ ਹੀ ਮਲੇਰੀਆਂ ਹੱਥੋਂ ਨਿਕਲ ਚੁਕੇ ਸਨ, ਇਸ ਲਈ ਮਲੇਰੀਆਂ ਦੀ ਇਹ ਪਠਾਣੀ ਰਿਆਸਤ, ਜੋ ਦੁੱਰਾਨੀ ਦੇ ਰਾਜ ਸਮੇਂ ਆਪਣੀ ਤਾਕਤ ਦੀਆਂ ਬੜੀਆਂ ਬੜੀਆਂ ਡੀਗਾਂ ਮਾਰਦੀ ਸੀ, ਆਪਣੀ ਹੀ ਇਸ ਰਾਜਧਾਨੀ ਦੇ ਥੋੜ੍ਹੇ ਜਿਹੇ ਇਲਾਕੇ ਤਕ ਸੁੰਘੜ ਕੇ ਸਿਰਫ ਨਾਮ ਮਾਤਰ ਹੀ ਰਹਿ ਗਈ ਤੇ ਸਰਦਾਰ ਵੀਰ ਸਿੰਘ, ਜੀਵਨ ਸਿੰਘ, ਮਦਨ ਸਿੰਘ ਆਦਿ ਨਿਹੰਗ ਰੰਘਰੇਟਿਆਂ ਦੀ ਬਹਾਦਰੀ ਕਾਰਣ ਨਿਹੱਥੀ ਪਰਜਾ ਦੇ ਦਿਲ ਤੋਂ ਪਠਾਣੀ ਹਕੂਮਤ ਦਾ ਇਹ ਹਊਆ ਹਮੇਸ਼ਾ ਲਈ ਲਹਿ ਗਿਆ। ਇਹ ਵਾਕਿਆ ਸੰਨ ੧੭੫੭ ਈ: ਦਾ ਹੈ।

(ਦੇਖੋ, ਤਾਰੀਖ਼ਿ ਪਟਿਆਲਾ ਤੇ ਹਾਲਾਤ ਬਾਬਾ ਆਲਾ ਸਿੰਘ)

ਪੰਦਰਵਾਂ ਕਾਂਡ

ਸਿੱਖ ਰਾਜ, ਅਕਾਲ ਰਜਮਟ ਤੇ ਸ੍ਰੀ ਅਕਾਲ ਤਖ਼ਤ

ਅਠਾਰ੍ਹਵੀਂ ਸਦੀ ਈਸਵੀ ਦੇ ਪਿਛਲੇ ਉਨਤਾਲੀ ਵਰ੍ਹਿਆਂ ਵਿਚ-ਸੰਨ ੧੭੬੧ ਤੋਂ ੧੭੯੯ ਈ: ਤਕ—ਬਾਰਾਂ ਮਿਸਲਾਂ ਦੀ ਥਾਵੇਂ ਮਿਸਲ ਸ਼ੁਕਰਚੱਕੀਆਂ ਦਾ ਜ਼ੋਰ ਵਧਣ ਤੇ ਜਦ ਹੌਲੀ ਹੌਲੀ ਸਿੱਖ ਰਾਜ ਕਾਇਮ ਹੋਇਆ ਤਾਂ ਸਿੱਖ ਫੌਜ ਵਿਚ ਬੁੱਢਾ ਦਲ ਦੇ ਨਿਹੰਗ ਸਿੰਘਾਂ ਦਾ, ਜਿਨ੍ਹਾਂ ਵਿਚ ਬਹੁਤੇ ਰੰਘਰੇਟੇ ਸਿੱਖ ਸਨ, ਵਧੇਰੇ ਹੱਕ ਰੱਖਿਆ ਗਿਆ, ਜਿਸ ਕਰਕੇ ਸਿੱਖ ਰਾਜ ਦੀਆਂ ਆਈਨੀ ਫੌਜਾਂ ਦੇ ਨਾਲ ਹੀ ਇਕ ਗੈਰ ਆਈਨੀ ਫੌਜ ਅਕਾਲ ਰਜਮਟ ਦੇ ਨਾਂ ਹੇਠ ਕਾਇਮ ਕੀਤੀ ਗਈ ਤੇ ਇਹ ਗੈਰ ਆਈਨੀ ਫੌਜ ਦਰਅਸਲ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੀ ਸੀ। ਇਸ ਅਕਾਲ ਰਜਮਟ ਦੀ ਗਿਣਤੀ ਕਿਤਨੀ ਸੀ, ਇਸ ਬਾਰੇ ਸਹੀ ਅੰਦਾਜ਼ਾ ਲਾਉਣਾ ਕੁਝ ਔਖੀ ਜਿਹੀ ਗੱਲ ਹੈ ਕਿਉਂਕਿ ਇਸ ਵਿਚ ਸਮੇਂ ਦੀ ਲੋੜ ਮੁਤਾਬਿਕ ਬਹੁਤੇ ਜਵਾਨ ਵਧਦੇ ਘਟਦੇ ਰਹਿੰਦੇ ਸਨ। ਸਿੱਖ ਰਾਜ ਦੀ ਆਈਨੀ ਫੌਜ ਤੇ ਗੈਰ ਆਈਨੀ ਫੌਜ ਵਿਚ ਸਭ ਤੋਂ ਵੱਡਾ ਇਹੋ ਫਰਕ ਸੀ ਕਿ ਆਈਨੀ ਫੌਜ ਦੇ ਸਿਪਾਹੀ ਯੂਰਪੀਅਨ ਅਫਸਰਾਂ ਦੀ ਦੇਖ-ਰੇਖ ਵਿਚ ਕਿਵੇਂ ਹਥਿਆਰਾਂ ਨਾਲ ਸੱਜ ਕੇ ਹਮੇਸ਼ਾਂ ਅੱਛੀ ਜੰਗੀ ਟਰੇਨਿੰਗ ਲੈਂਦੇ ਰਹਿੰਦੇ ਸਨ ਤੇ ਅਕਾਲ ਰਜਮਟ ਦੇ ਨਿਹੰਗ ਇਸ ਟਰੇਨਿੰਗ ਤੋਂ ਨੱਕ ਵੱਟਣ ਤੇ ਮਨਮਰਜ਼ੀ ਦੇ ਪਲੱਥੇਬਾਜ਼ ਹੋਣ ਕਰਕੇ ਗੈਰ ਆਈਨੀ ਅਰਥਾਤ irregular ਸਿਪਾਹੀ ਮੰਨੇ ਜਾਂਦੇ ਸਨ। ਹੋਰ ਆਈਨੀ ਫੌਜੀ ਪੁਸ਼ਾਕ ਤੇ ਗੈਰ ਆਈਨੀ ਪੁਸ਼ਾਕ ਦਾ ਵੀ ਪ੍ਰਸਪਰ ਜ਼ਮੀਨ ਅਸਮਾਨ ਦਾ ਫਰਕ ਸੀ। ਪ੍ਰਸਿੱਧ ਜੋਧੇ ਭਾਈ ਫੂਲਾ ਸਿੰਘ ਜੀ ਅਕਾਲੀ ਇਸ ਗੈਰ ਆਈਨੀ 'ਅਕਾਲ ਰਜਮਟ' ਦੇ ਸਿਪਾਹ-ਸਾਲਾਰ ਸਨ।

ਨਿਹੰਗ ਸਿੰਘਾਂ ਦੇ ਬੁੱਢਾ ਦਲ ਦਾ ਅੰਮ੍ਰਿਤਸਰ ਵਿਚ ਮੁੱਖ ਕੇਂਦਰ ਉਸ ਸਮੇਂ ਬੁਰਜ ਅਕਾਲੀਆਂ ਅਰਥਾਤ--ਅਕਾਲੀ ਫੂਲਾ ਸਿੰਘ ਦਾ ਬੁਰਜ ਸੀ, ਜਿਥੋਂ ਉਹ ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਿਤ ਸ੍ਰੀ ਅਕਾਲ ਤਖਤ ਦਾ ਪ੍ਰਬੰਧ ਬਖ਼ੂਬੀ

ਚਲਾਉਂਦੇ ਸਨ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਇਸ ਤੋਂ ਪਹਿਲਾਂ
ਬਾਰ੍ਹਾਂ ਮਿਸਲਾਂ ਦੇ ਸਮੇਂ ਤੋਂ ਹੀ ਗੁਰੂ ਖਾਲਸੇ ਦੀ ਸਰਬ ਸੰਮਤੀ ਨਾਲ ਕੁਝ
ਚੋਣਵੇਂ ਪੁਜਾਰੀ ਸਿੰਘਾਂ ਦੇ ਹੱਥ ਦਿੱਤਾ ਹੋਇਆ ਸੀ। ਗੁਰੂ ਖਾਲਸੇ ਵਿਚ ਪ੍ਰੰਪਰਾ
ਤੋਂ ਚਲੀ ਆ ਰਹੀ ਗੁਰਮਤੇ ਦੀ ਰਸਮ ਜਿਸ ਵਿਚ ਸਰਬ ਸੰਮਤੀ ਦਾ ਪ੍ਰਮੁਖ
ਸਥਾਨ ਸੀ, ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਦੇ ਦਰਮਿਆਨ,
ਦਰਸ਼ਨੀ ਡਿਉਢੀ ਤੋਂ ਬਾਹਰ ਵਾਰ ਇਕ ਆਰਜ਼ੀ ਬੰਦ ਕਮਰੇ ਵਿਚ, ਜੋ ਇਸੇ
ਮਕਸਦ ਲਈ ਨਸਲ ਕੀਤਾ ਜਾਂਦਾ, ਬੁੱਢਾ ਦਲ ਦੇ ਅਧੀਨ ਨਿਹੰਗ ਸਿੰਘਾਂ ਦੇ
ਸਖਤ ਪਹਿਰੇ ਵਿਚ ਬੜੇ ਗੁਪਤ ਢੰਗ ਨਾਲ ਅਦਾ ਹੋਇਆ ਕਰਦੀ ਸੀ। ਬੁੱਢਾ ਦਲ
ਅਤੇ ਤਰੁਣਾ ਦਲ ਅਥਵਾ ਬਾਰ੍ਹਾਂ ਮਿਸਲਾਂ ਦੇ ਚੋਣਵੇਂ ਸਿੰਘ ਇਸ ਗੁਰਮਤਾ-ਸੰਮੇਲਨ
ਵਿਚ ਸ਼ਾਮਲ ਹੋਇਆ ਕਰਦੇ ਸਨ। ਫੇਰ ਇਸ ਤਰ੍ਹਾਂ ਸਰਬ ਸੰਮਤੀ ਨਾਲ ਜੋ
ਗੁਰਮਤਾ ਪਾਸ ਹੁੰਦਾ ਉਸ ਉਤੇ ਸਾਰਾ ਸਿੱਖ ਪੰਥ ਮਨ ਕਰਮ ਤੋਂ ਅਮਲ ਕਰਿਆ
ਕਰਦਾ ਸੀ।

ਸ੍ਰੀ ਅਕਾਲ ਤਖਤ ਦਾ ਇਹ ਪ੍ਰਬੰਧ ਬਾਰ੍ਹਾਂ ਮਿਸਲਾਂ ਦੇ ਸਮੇਂ ਤੋਂ ਸਿੱਖ ਰਾਜ
ਦੇ ਸਮੇਂ ਸੰਨ ੧੮੪੬ ਦੇ ਸ਼ੁਰੂ ਤਕ ਲਗਾਤਾਰ ਨਿਹੰਗ ਸਿੰਘਾਂ ਦੇ ਕਬਜ਼ੇ ਵਿਚ
ਰਿਹਾ। ਫੇਰ ਇਸ ਤੋਂ ਪਿਛੋਂ ਮਹੀਨਾ ਫਰਵਰੀ ੧੮੪੬ ਵਿਚ ਸਤਲੁਜ ਦੀ
ਲੜਾਈ ਤੋਂ ਬਾਅਦ ਜਦ ਅੰਗਰੇਜ਼ ਜੇਤੂ ਬਣ ਕੇ ਲਾਹੌਰ ਆਏ ਤਾਂ ਉਨ੍ਹਾਂ ਨੇ
ਪੰਜਾਬ ਵਿਚੋਂ ਸਿੱਖਾਂ ਦਾ ਗਲਬਾ ਖਤਮ ਕਰਨ ਲਈ ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ ਦਾ ਪ੍ਰਬੰਧ ਤਾਂ ਆਪਣੇ ਇਕ ਸਰਬਰਾਹ ਦੇ ਸਪੁਰਦ ਕੀਤਾ ਤੇ ਸ੍ਰੀ
ਅਕਾਲ ਤਖਤ ਦਾ ਪ੍ਰਬੰਧ ਨਿਹੰਗਾਂ ਦੇ ਹੱਥੋਂ ਖੋਹ ਕੇ ਪੁਜਾਰੀਆਂ ਦੇ ਹੱਥ ਦਿੱਤਾ।
ਇਸ ਧੱਕੇਸ਼ਾਹੀ ਵਿਰੁਧ ਜੱਦੋ-ਜਹਿਦ ਵਿਚ ਬਹੁਤ ਸਾਰੇ ਨਿਹੰਗ ਅੰਗਰੇਜ਼ੀ ਫੌਜ
ਦੇ ਹੱਥੋਂ ਗੋਲੀਆਂ ਨਾਲ ਸ਼ਹੀਦ ਕੀਤੇ ਗਏ। ਇਸ ਸਮੇਂ ਇਸ ਪਵਿੱਤਰ
ਇਤਿਹਾਸਿਕ ਸਥਾਨ ਦੀ ਰੱਖਿਆ ਲਈ ਜੋ ਨਿਹੰਗ ਸਿੰਘ ਬੁਰੀ ਤਰ੍ਹਾਂ ਗੋਲੀਆਂ ਨਾਲ
ਭੁੰਨੇ ਗਏ ਉਨ੍ਹਾਂ ਵਿਚ ਬਹੁਤੇ ਰੰਘਰੇਟੇ ਸਿੱਖ ਹੀ ਸਨ। ਉਨ੍ਹਾਂ ਦੇ ਲਹੂ ਨਾਲ ਸ੍ਰੀ
ਅਕਾਲ ਤਖਤ ਦੀ ਪਵਿੱਤਰ ਧਰਤੀ ਅੰਦਰ ਤੇ ਬਾਹਰ ਹਰ ਥਾਵੇਂ ਸੁਰਖ ਸ਼ਹਾਬ ਦੀ
ਤਰ੍ਹਾਂ ਰੰਗੀ ਗਈ।

ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਬੁੰਗੇ

ਸਿੱਖ ਇਤਿਹਾਸ ਵਿਚ ਸ੍ਰੀ ਅੰਮ੍ਰਿਤਸਰ ਤੇ ਦਰਬਾਰ ਸਾਹਿਬ ਤਰਨ ਤਾਰਨ ਦੇ ਬੁੰਗੇ, ਜੋ ਮਸ਼ਹੂਰ ਸਿੱਖ ਮਿਸਲਾਂ, ਸਰਦਾਰਾਂ ਤੇ ਵੱਖੋ ਵੱਖ ਜਥੇਬੰਦੀਆਂ ਨੇ ਆਪਣੇ ਨਾਂ ਤੇ ਬਣਾਏ, ਬੜੇ ਮਸ਼ਹੂਰ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੁੰਗਿਆਂ ਵਿਚ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਕੌਰ ਨੌਨਿਹਾਲ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਦੇ ਬੁੰਗੇ, ਮਲਵਈ ਬੁੰਗਾ, ਬੁੰਗਾ ਜੱਲੇ ਵਾਲੀਆਂ ਦਾ, ਬੁੰਗਾ ਰਾਮਗੜ੍ਹੀਆਂ, ਬੁੰਗਾ ਸੋਹਲਾਂ ਵਾਲਾ, ਬੁੰਗਾ ਸ਼ਹੀਦਾਂ ਦਾ, ਬੁੰਗਾ ਸਿੰਘ ਪੁਰੀਆਂ ਅਥਵਾ ਫੈਜ਼ੁੱਲਾ ਪੁਰੀਆਂ ਦਾ, ਸ੍ਰੀ ਝੰਡਾ ਬੁੰਗਾ ਆਦਿ ੧੯ ਬੁੰਗੇ ਤੇ ਇਨ੍ਹਾਂ ਬੁੰਗਿਆਂ ਦੇ ਨਾਲ ਦੁਖ ਭੰਜਨੀ ਬੇਰੀ ਦੇ ਲਾਗੇ, ਨਵੇਂ ਬਣੇ ਵੱਡੇ ਦਰਵਾਜ਼ੇ ਤੋਂ ਖੱਬੇ ਹੱਥ ਬੁੰਗਾ ਰਾਮਗੜ੍ਹੀਆਂ ਦੇ ਨਾਲ ਲਗਦਾ ਮਜ਼ਹਬੀ ਸਿੰਘਾਂ ਦਾ ਇਕ ਮਸ਼ਹੂਰ ਬੁੰਗਾ ਸੀ। ਇਹ ਬੁੰਗਾ ਸੰਮਤ ੧੯੮੬ ਬਿ: ਮੁਤਾਬਕ ਸੰਨ ੧੯੨੯ ਈ: ਵਿਚ ਰੰਘਰੇਟੇ ਸਿੰਘਾਂ ਨੇ ਉਗਰਾਹੀ ਕਰਕੇ ੨੧੦੦੦/- ਰੁਪਏ ਦੀ ਲਾਗਤ ਨਾਲ ਤਿਆਰ ਕਰਵਾਇਆ ਸੀ। ਹੁਣ ਇਹ ਬੁੰਗਾ ਸੰਤ ਬਾਬਾ ਖੜਕ ਸਿੰਘ ਜੀ ਨੇ ਰੰਘਰੇਟੇ ਸਿੰਘਾਂ ਨੂੰ ਉਚਿਤ ਮੁਆਵਜ਼ਾ ਦੇ ਕੇ ਬੁੰਗਾ ਰਾਮਗੜ੍ਹੀਆਂ ਦੇ ਸਥਾਨ ਪਰ ਨਵੇਂ ਬਣੇ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਸ਼ਾਮਲ ਕਰਵਾ ਦਿਤਾ ਹੈ ਜਿਸ ਕਰਕੇ ਇਸ ਦੀ ਹੋਂਦ ਮਿਟ ਗਈ ਹੈ। ਖਾਲਸਾ ਪੰਥ ਦੇ ਇਹ ਬੁੰਗੇ ਬਾਰ੍ਹਾਂ ਸਿੱਖ ਮਿਸਲਾਂ ਤੇ ਸਿੱਖ ਰਾਜ ਦੇ ਸਮੇਂ ਵਿਚ ਬਣੇ ਸਨ, ਜੋ ਹੁਣ ਸ੍ਰੀ ਦਰਬਾਰ ਸਾਹਿਬ ਦੇ ਨਵੇਂ ਪ੍ਰਬੰਧ ਹੇਠ ਪ੍ਰਕਰਮਾਂ ਚੌੜੀਆਂ ਹੋਣ ਕਰਕੇ ਖਤਮ ਹੋ ਗਏ ਹਨ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੁੰਗਿਆਂ ਵਾਂਗ ਹੀ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਬੁੰਗੇ ਉਥੋਂ ਦੇ ਅੰਮ੍ਰਿਤ ਸਰੋਵਰ ਦੇ ਨਾਲੋ ਨਾਲ ਸਿੱਖ ਮਿਸਲਾਂ ਦੇ ਸਮੇਂ ਤੋਂ ਹੀ ਬਹੁਗਿਣਤੀ ਵਿਚ ਬਣੇ ਹੋਏ ਸਨ, ਜਿਨ੍ਹਾਂ ਵਿਚੋਂ ਸਰਦਾਰ ਹਰੀ ਸਿੰਘ ਨਲਵੇ ਦਾ ਬੁੰਗਾ ਤੇ ਮਜ਼ਹਬੀ ਸਿੰਘਾਂ ਦਾ ਬੁੰਗਾ ਮਸ਼ਹੂਰ ਸਨ। ਇਹ ਬੁੰਗੇ ਵੀ ਹੁਣ ਨਵੇਂ ਗੁਰਦੁਆਰਾ ਪ੍ਰਬੰਧ ਦੇ ਅਧੀਨ ਬਹੁਗਿਣਤੀ ਵਿਚ ਮਿਸ਼ਮਾਰ ਹੋ ਚੁਕੇ ਹਨ। ਇਤਿਹਾਸ ਪ੍ਰੇਮੀ ਯਾਤਰੂ ਇਨ੍ਹਾਂ ਬੁੰਗਿਆਂ ਦੀਆਂ ਕੁਝ ਕੁਝ ਨਿਸ਼ਾਨੀਆਂ ਅਜੇ ਵੀ ਵੇਖ-ਚਾਖ ਸਕਦੇ ਹਨ।

ਸਤਾਰੁਵਾਂ ਕਾਂਡ

ਅੰਗਰੇਜ਼ੀ ਰਾਜ ਤੇ ਮਜ਼ਹਬੀ ਸਿੱਖ ਰਜਮਟਾਂ

ਸੰਨ ੧੮੪੬ ਈ: ਵਿਚ ਸਤਲੁਜ ਦੀ ਲੜਾਈ ਤੋਂ ਬਾਦ ਹੀ ਅੰਗਰੇਜ਼ੀ ਹਕੂਮਤ ਨੇ ਬੜੀ ਦੂਰ-ਅੰਦੇਸ਼ੀ ਨਾਲ ਸਿਖਾਂ ਦੀ ਫੌਜੀ ਭਰਤੀ ਉਤੇ ਜ਼ੋਰ ਦਿੱਤਾ, ਕਿਉਂਕਿ ਇਸ ਤੋਂ ਪਹਿਲੇ ਸਿੱਖ-ਅੰਗਰੇਜ਼ ਜੁੱਧ ਵਿਚ, ਜੋ ਕਿ ਸੰਨ ੧੮੪੫-੪੬ ਈ: ਵਿਚ ਮੁਦਕੀ, ਬੱਦੋਵਾਲ, ਅਲੀਵਾਲ, ਫੇਰੂ ਸ਼ਹਿਰ ਤੇ ਸੁਭਰਾਉ ਦੇ ਸਥਾਨ ਪਰ ਹੋਇਆ, ਦਰਬਾਰ ਲਾਹੌਰ ਦੀ ਆਈਨੀ ਫੌਜ ਦੇ ਨਾਲ ਹੀ ਗੈਰ ਆਈਨੀ ਫੌਜ ਅਕਾਲ ਰਜਮਟ ਨੇ ਵੀ, ਜਿਸ ਵਿਚ ਬਹੁਤੇ ਮਜ਼ਹਬੀ ਸਿੱਖ ਸਨ, ਬੜੀ ਜ਼ਬਰਦਸਤ ਟੱਕਰ ਲਈ ਸੀ। ਇਸ ਤੋਂ ਇਲਾਵਾ ਸੰਨ ੧੮੪੬-੪੭ ਵਿਚ ਇਕ ਗੋਰੇ ਸਿਪਾਹੀ ਵਲੋਂ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਇਕ ਥਾਵੇਂ ਪਹਿਰਾ ਦਿੰਦਿਆਂ ਇੱਕ ਮਾਰਖੰਡ ਗਊ ਨੂੰ, ਜੋ ਗਊਆਂ ਦੇ ਵੱਗ ਵਿਛਨ ਸਮੇਂ ਅਚਾਨਕ ਉਸ ਸਿਪਾਹੀ ਨੂੰ ਟੱਕਰ ਮਾਰ ਕੇ ਲੰਘੀ ਤਾਂ ਉਸ ਸਿਪਾਹੀ ਦੇ ਬੱਲਮ ਘੁਮਾਉਣ ਤੇ ਕੁਝ ਜ਼ਖਮ ਲੱਗੇ ਸਨ, ਬਸ ਫੇਰ ਇਸੇ ਜ਼ਖਮ ਕਾਰਣ ਇਹ ਕਹਿ ਕੇ ਅੰਗਰੇਜ਼ ਗਊਆਂ ਦਾ ਘਾਤ ਕਰਦੇ ਹਨ, ਚਾਣਚੱਕ ਹੀ ਕੁਝ ਗਊ ਭਗਤ ਹਿੰਦੂਆਂ ਵਲੋਂ ਬਗ਼ਾਵਤ ਫੈਲਾਉਣ ਤਕ ਨੌਬਤ ਪਹੁੰਚ ਗਈ। ਨਵੇਂ ਆਏ ਅੰਗਰੇਜ਼ ਅਫਸਰਾਂ ਨੇ ਇਸ ਡਰ ਨਾਲ ਕਿ ਕਿਤੇ ਇਹ ਬਗ਼ਾਵਤ ਵਧੇਰੇ ਨਾ ਫੈਲ ਜਾਵੇ ਕਿਤਨੇ ਹੀ ਅਕਾਲ ਰਜਮਟ ਦੇ ਸਿੱਖ ਸਿਪਾਹੀ, ਜਿਨ੍ਹਾਂ ਵਿਚ ਬਹੁਤੇ ਮਜ਼ਹਬੀ ਸਿੱਖ ਸਨ, ਫਾਂਸੀਆਂ ਉਤੇ ਲਟਕਾ ਦਿਤੇ। ਲਾਹੌਰ ਵਿਚ ਇਹ ਤਸ਼ੱਦਦ ਅੰਗਰੇਜ਼ ਅਫਸਰਾਂ ਵਲੋਂ ਠੀਕ ਉਸੇ ਤਰ੍ਹਾਂ ਹੋਇਆ ਜਿਵੇਂ ਕਿ ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਦੇ ਸਥਾਨ ਪਰ ਕਿਤਨੇ ਹੀ ਅਕਾਲੀ ਨਿਹੰਗਾਂ ਨੂੰ ਮੱਲੋ ਜ਼ੋਰੀ ਮੌਤ ਦੇ ਘਾਟ ਉਤਾਰਿਆ ਗਿਆ ਸੀ। ਸਤਲੁਜ ਦੀ ਲੜਾਈ ਹਾਰਨ ਕਰਕੇ ਸਿੱਖ ਉਸ ਸਮੇਂ ਤੋਂ ਪਹਿਲਾਂ ਹੀ ਨਿਰਾਸ਼ ਸਨ, ਇਸ ਲਈ ਅੰਗਰੇਜ਼ ਅਫਸਰਾਂ ਦਾ ਇਹ ਤਸ਼ੱਦਦ ਉਨ੍ਹਾਂ ਨੇ ਖਾਮੋਸ਼ੀ ਨਾਲ ਝੱਲ ਲਿਆ।

ਇਸ ਲਈ ਸੰਨ ੧੮੪੬ ਵਿਚ ਹੀ ਅੰਗਰੇਜ਼ੀ ਸਰਕਾਰ ਵਲੋਂ ਲੁਧਿਆਣੇ ਤੇ ਫੀਰੋਜ਼ਪੁਰ ਨਵੀਆਂ ਸਿੱਖ ਰਜਮਟਾਂ ਦੀ ਭਰਤੀ ਸ਼ੁਰੂ ਹੋਈ ਤੇ ਉਨ੍ਹਾਂ ਰਜਮਟਾਂ

ਵਿਚ ਹੋਰ ਸਿਖਾਂ ਦੇ ਨਾਲ ਹੀ ਮਜ਼ਹਬੀ ਸਿੱਖ ਵੀ ਜਿਨ੍ਹਾਂ ਦੀ ਦਲੇਰੀ ਦਾ ਸਿੱਕਾ ਉਨ੍ਹਾਂ ਦੇ ਦਿਲ ਉਤੇ ਜੰਮਿਆ ਹੋਇਆ ਸੀ, ਬਹੁ-ਗਿਣਤੀ ਵਿਚ ਭਰਤੀ ਕੀਤੇ। ਇਹ ਰਜਮਟਾਂ ਨੰ: ੧੪ (ਫੀਰੋਜ਼ਪੁਰ ਸਿਖਸ) ਅਤੇ ਨੰ: ੧੫ (ਲੁਧਿਆਣਾ ਸਿਖਸ) ਇਸ ਤੋਂ ਬਾਦ ਸੰਨ ੧੮੪੮-੪੯ ਵਿਚ ਦੂਜਾ ਸਿੱਖ-ਅੰਗਰੇਜ਼ ਜੁੱਧ ਛਿੜਿਆ, ਜੋ ਚਿੱਲੀਆਂ ਵਾਲਾ, ਰਾਮਨਗਰ ਤੇ ਗੁਜਰਾਤ ਦੀ ਲੜਾਈ ਦੇ ਨਾਂ ਨਾਲ ਮਸ਼ਹੂਰ ਹੈ। ਇਸ ਜੁੱਧ ਸਮੇਂ ਸੰਤ ਸਿਪਾਹੀ ਭਾਈ ਮਹਾਰਾਜ ਸਿੰਘ (ਰੱਬੋਂ ਵਾਲੇ) ਦੀ ਫੌਜ ਵਿਚ ਵੀ ਬਹੁਤ ਮਜ਼ਹਬੀ ਸਿੱਖ ਅੰਗਰੇਜ਼ਾਂ ਤੋਂ ਦੇਸ਼ ਦੀ ਬੰਦ-ਖਲਾਸੀ ਲਈ ਸ਼ਾਮਲ ਹੋਏ ਸਨ, ਪਰ ਇਹ ਧਰਮ ਜੁੱਧ ਵੀ ਰਾਜਾ ਗੁਲਾਬ ਸਿੰਘ ਜੰਮੂ-ਕਸ਼ਮੀਰ ਦੀ ਬੇਈਮਾਨੀ ਕਾਰਣ ਕਾਮਯਾਬ ਨਾ ਹੋਇਆ, ਜਿਸ ਕਰਕੇ ਸਾਰਾ ਪੰਜਾਬ ਸਿਖਾਂ ਹੱਥੋਂ ਖੁੱਸ ਕੇ ਅਖੀਰ ਮਾਰਚ ਸੰਨ ੧੮੪੯ ਵਿਚ ਅੰਗਰੇਜ਼ੀ ਹਕੂਮਤ ਦੇ ਪੇਟੇ ਜਾ ਪਿਆ।

ਗੁਲਾਮੀ ਦੇ ਇਸ ਕੌੜੇ ਤਜਰਬੇ ਕਾਰਣ ਸਿੱਖ ਅੰਗਰੇਜ਼ਾਂ ਦੇ ਵਿਰੋਧੀ ਸਨ, ਪਰ ਇਸ ਤੋਂ ਬਾਦ ੬ ਕੁ ਸਾਲਾਂ ਵਿਚ ਸੰਨ ੧੮੫੫ ਈ: ਦੇ ਨੇੜੇ ਤੇੜੇ ਪੂਰਬੀਆਂ ਵਲੋਂ, ਜਿਸ ਵਿਚ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ 'ਜ਼ਫਰ' ਦਾ ਖਾਸ ਹੱਥ ਸੀ, ਕੁਝ ਗ਼ਦਰ ਦੇ ਆਸਾਰ ਪੈਦਾ ਹੋਣ ਲੱਗ ਪਏ, ਜਿਸ ਕਰਕੇ ਸਿਖਾਂ ਦੀ ਬਹਾਦਰੀ ਤੋਂ ਲਾਭ ਉਠਾਉਣ ਲਈ ਇਸੇ ਸਾਲ ਰੈਟਰੇ ਦੇ ਅਧੀਨ ਇਕ ਹੋਰ ਨਵੀਂ ਸਿੱਖ ਰਜਮਟ ਨੰ: ੪੫ ਖੜੀ ਕੀਤੀ ਗਈ। ਇਸ ਤੋਂ ਪਹਿਲਾਂ ਸਿੱਖ ਅੰਗਰੇਜ਼ੀ ਫੌਜ ਵਿਚ ਕੇਵਲ ੧੯੦੦ ਹੀ ਸਨ, ਪਰ ਇਹ ਨਵੀਂ ਰਜਮਟ ਬਣਨ ਤੇ ਸਿਖਾਂ ਦੀ ਗਿਣਤੀ ਛੇਤੀ ਹੀ ੪੬੦੦੦ ਤਕ ਅੱਪੜ ਗਈ। ਇਸੇ ਤਰ੍ਹਾਂ ੮ ਜੂਨ ੧੮੫੭ ਨੂੰ ਲਾਹੌਰ ਛਾਉਣੀ ਵਿਚ ੧/੨੪ ਪੰਜਾਬ ਰਜਮਟ ਵੀ ਪੂਰਬੀਆਂ ਦੇ ਗ਼ਦਰ ਦੇ ਮੁਕਾਬਲੇ ਤੇ ਭਰਤੀ ਕੀਤੀ ਗਈ ਤੇ ਬਹੁਤ ਸਾਰੇ ੬੦-੬੦ ਵਰ੍ਹਿਆਂ ਦੇ ਬੁੱਢੇ ਸਿੱਖ ਸਰਦਾਰ ਜੋ ਸੰਨ ੧੮੪੫-੪੬ ਤੇ ਸੰਨ ੧੮੪੮-੪੯ ਦੀਆਂ ਲੜਾਈਆਂ ਵਿਚ ਤੋਪਾਂ ਡਾਹ ਕੇ ਅੰਗਰੇਜ਼ਾਂ ਦੇ ਮੁਕਾਬਲੇ ਤੇ ਬੜੀ ਬਹਾਦਰੀ ਨਾਲ ਲੜੇ ਸਨ, ਇਸ ਮੌਕੇ ਤੇ ਮਾਝੇ ਤੇ ਦੁਆਬੇ ਦੇ ਪਿੰਡਾਂ ਵਿਚੋਂ ਲੱਭ ਲੱਭ ਕੇ ਬੜੇ ਆਦਰ ਨਾਲ ਭਰਤੀ ਕੀਤੇ ਗਏ। ਤੇ ਇਸੇ ਤਰ੍ਹਾਂ ਮਜ਼ਹਬੀ ਸਿੰਘਾਂ ਦੇ ਨਾਂ ਤੇ ੩੨, ੩੬ ਤੇ ਦੋ ੬ ਨੰ: ਦੀਆਂ ਪਲਟਨਾਂ ਤੇ ੫੦੦-੬੦੦ ਮਜ਼ਹਬੀ ਸਿਖਾਂ ਦੀ ਇਕ ਸਫਰ ਸੈਨਾ ਵੀ ਬਣਾਈ ਗਈ। ਮੇਜਰ ਹਡਸਨ ਦੇ ਸਿੱਖ ਘੋੜ ਸਵਾਰਾਂ ਦੀ ਭਰਤੀ ਇਸ ਤੋਂ ਅਲੱਗ ਹੋਈ ਤੇ ਫੇਰ ਮਜ਼ਹਬੀ ਸਿੰਘਾਂ ਨੂੰ ਸਰਕਾਰ ਅੰਗਰੇਜ਼ੀ ਵਲੋਂ ਸ਼ੇਖੂਪੁਰਾ, ਮਿੰਟਗੁਮਰੀ ਤੇ ਸਰਗੋਧੇ ਦੇ ਇਲਾਕਿਆਂ ਵਿਚ ਬਹਾਦਰੀ ਵਜੋਂ ਭਰਪੂਰ ਜਾਗੀਰਾਂ

ਵੀ ਦਿਤੀਆਂ ਗਈਆਂ।

ਸੰਨ ੧੮੪੭ ਦੇ ਗ਼ਦਰ ਵਿਚ ਫਤਹਿਯਾਬ ਹੋਣ ਤੇ ਭਾਵੇਂ ਸਰਕਾਰ ਅੰਗਰੇਜ਼ੀ ਨੇ ਲੜਾਈਆਂ ਤਾਂ ਹੋਰ ਵੀ ਲੜੀਆਂ, ਪਰ ਅਸਲ ਤੇ ਵੱਡੀ ਲੜਾਈ ਦੂਜਾ ਅਫਗਾਨ-ਜੁੱਧ ਸੀ, ਜੋ ਸਨ ੧੮੭੯-੮੦ ਈ: ਵਿਚ ਅਮੀਰ ਕਾਬਲ ਤੇ ਰੂਸ ਦਾ ਗੱਠਜੋੜ ਹੋਣ ਤੇ ਹੋਇਆ। ਇਸੇ ਤਰ੍ਹਾਂ ਸੰਨ ੧੮੮੪ ਈ: ਵਿਚ ਫੇਰ ਰੂਸ ਨੇ ਸਿਰ ਚੁਕਿਆ ਤੇ ਅਫਗਾਨਿਸਤਾਨ ਵਿਚ ਊਧਮ ਮਚਾਇਆ। ਇਸ ਲਈ ਅੰਗਰੇਜ਼ੀ ਹਕੂਮਤ ਨੇ ਦੋ ਹੋਰ ਸਿੱਖ ਰਜਮਟਾਂ ੩੫-੩੮ ਨੰਬਰਾਂ ਹੇਠ ਖੜੀਆਂ ਕੀਤੀਆਂ।

ਫੇਰ ਇਸ ਤੋਂ ਪਿਛੋਂ ਸਮਾਂ ਆਇਆ ਪਹਿਲੇ ਯੂਰਪੀ ਮਹਾਂ-ਜੁੱਧ (ਸੰਨ ੧੯੧੪-੧੭) ਤੋਂ ਦੂਜੇ ਯੂਰਪੀ ਮਹਾਂ-ਜੁੱਧ (ਸੰਨ ੧੯੩੯-੪੨) ਦਾ। ਇਨ੍ਹਾਂ ਮਹਾਂ-ਜੁੱਧਾਂ ਸਮੇਂ ਵੀ ਮਜ਼ਹਬੀ ਸਿੱਖ ਸਿਪਾਹੀਆਂ ਨੇ ਬੜੇ ਕਰਾਰੇ ਹੱਥ ਦਿਖਾਏ ਤੇ ਸਰਕਾਰੋਂ ਦਰਬਾਰੋਂ ਬੜੇ ਬੜੇ ਮਾਣ ਪ੍ਰਾਪਤ ਕੀਤੇ। ਪਹਿਲਾਂ ਉਪਰੋਕਤ ਸਿਖ ਰਜਮਟਾਂ ਵਿਚ ਕੇਵਲ ਮਜ਼ਹਬੀ ਸਿੱਖ ਹੀ ਭਰਤੀ ਕੀਤੇ ਜਾਂਦੇ ਸਨ, ਪਰ ਦੂਜੇ ਮਹਾਂ ਜੁੱਧ ਸਮੇਂ ਇਹ ਸਵਾਲ ਪੈਦਾ ਹੋਣ ਤੇ ਕਿ ਰਵਿਦਾਸੀਏ ਸਿੱਖ ਵੀ ਮਜ਼ਹਬੀ ਸਿਖਾਂ ਵਾਂਗ ਹੀ ਬੜੇ ਜੰਗਜੂ ਹੁੰਦੇ ਹਨ, ਇਸ ਲਈ ਇਸ ਜੁੱਧ ਸਮੇਂ ਇਕ ਨਵੀਂ ਮਿਲਵੀਂ ਫੌਜ **M.R. Sikh Regiment** ਅਰਥਾਤ—ਮਜ਼ਹਬੀ-ਰਵਿਦਾਸੀਆ ਸਿੱਖ ਰਜਮਟ ਖੜੀ ਕੀਤੀ ਗਈ, ਜੋ ਹੁਣ ਤਕ ਇਨ੍ਹਾਂ ਦੋਹਾਂ ਗੁੱਟਬੰਦੀਆਂ ਦੇ ਆਪਸੀ ਪ੍ਰੇਮ-ਸੰਮੇਲਨ ਦਾ ਸੁਹਾਵਣਾ ਨਜ਼ਾਰਾ ਪੇਸ਼ ਕਰਦੀ ਹੋਈ ਬਾਕਾਇਦਾ ਸਰਕਾਰੀ ਸਰਵਿਸ ਕਰਦੀ ਆ ਰਹੀ ਹੈ।

ਅਠਾਰ੍ਹਵਾਂ ਕਾਂਡ

ਸਿੰਘਾਵਲੋਕਨ–ਇਕ ਪਰਤਵੀਂ ਝਾਤ : ਰੰਘਰੇਟੇ ਖ਼ਾਨਦਾਨ ਤੇ ਹੋਰ ਗੋਤ

ਪਿੱਛੇ ਜਿਵੇਂ ਪਹਿਲੇ ਕਾਂਡ ਵਿਚ ਬਾਬਾ ਜੀਵਨ ਸਿੰਘ ਦੀ ਵੰਸ਼-ਪਰੰਪਰਾ ਦੇ ਪ੍ਰਾਗੈਤਿਹਾਸਿਕ ਸਮੇਂ ਦਾ ਜ਼ਿਕਰ ਕਰਦਿਆਂ ਦੱਸ ਆਏ ਹਾਂ ਕਿ ਇਨ੍ਹਾਂ ਦੀ ਧਾਣਿਕ ਵੰਸ਼ ਦਾ ਮੁੱਢ ਦ੍ਰਾਵਿੜ ਕੌਮ ਦੇ ਚੂੜਾਮਣਿ (ਸ਼੍ਰੋਮਣੀ) ਸੈਨਿਕਾਂ ਤੋਂ ਚਲਿਆ, ਫੇਰ ਪੁਰਾਣਿਕ ਤੇ ਰਾਜਪੂਤੀ ਕਾਲ ਵਿਚ ਉਹੋ ਸੈਨਿਕ ਚੂੜਾਮਣੀ ਦੋ ਹਿੱਸਿਆਂ ਵਿਚ ਵੰਡੇ ਗਏ (੧) ਬਾਲਮੀਕੀ ਧਾਣਿਕ ਤੇ (੨) ਲਾਲ ਬੇਗੀ, ਜੋ ਮੁਸਲਮਾਨੀ ਅਸਰ ਹੇਠ ਹਜ਼ਰਤ ਪੀਰ ਲਾਲ ਬੇਗ ਨੂੰ ਮੰਨਦੇ ਹਨ। ਇਹੋ ਪੀਰ ਲਾਲ ਬੇਗ ਪੰਜਾਬ ਦੇ ਮਾਲਵਾ ਪ੍ਰਾਂਤ ਵਿਚ ਖੇੜੇ ਦੇ ਨਾਂ ਨਾਲ ਮਸ਼ਹੂਰ ਹੈ, ਜਿਵੇਂ ਕਿ ਪਿੰਡ ਭਸੌੜ ਤਹਿਸੀਲ ਧੂਰੀ, ਜ਼ਿਲਾ ਸੰਗਰੂਰ ਵਿਚ ਗੁਰਦੁਆਰਾ ਪੰਚਖੰਡ ਦੇ ਨੇੜੇ ਹੀ ਲਾਲ ਖੇੜੇ ਦਾ ਇਕ ਮਠ ਵੀ ਬਣਿਆ ਹੋਇਆ ਹੈ। ਬਹੁਤੇ ਨਿਮਨ ਸ਼੍ਰੇਣੀ ਦੇ ਹਿੰਦੂ ਲੋਕ ਉਸ ਨੂੰ ਮੰਨਦੇ ਪੂਜਦੇ ਹਨ, ਪਰ ਪੰਜਾਬ ਦੇ ਮਜ਼ਹਬੀ ਸਿਖਾਂ ਦਾ ਜ਼ਾਤੀ ਸੰਬੰਧ ਕੇਵਲ ਮਹਾਂਰਿਖੀ ਆਦਿ ਕਵੀ ਬਾਲਮੀਕ ਨਾਲ ਹੈ, ਜਿਸ ਨੂੰ ਉਹ ਆਪਣਾ ਵਡੇਰਾ ਮੰਨਦੇ ਹਨ ਤੇ ਪੀਰ ਲਾਲ ਬੇਗ ਜਾਂ ਖੇੜੇ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ।

ਬਾਬਾ ਜੀਵਨ ਸਿੰਘ ਦੇ ਵਡਾਰੂ ਵੈਦਿਕ ਕਾਲ ਤੋਂ ਰਿਖੀ ਬਾਲਮੀਕ ਥੀ ਹੁੰਦੇ ਹੋਏ ਪੁਰਾਣਿਕ ਕਾਲ ਲੰਘ ਸਿੱਧੇ ਪੰਜਾਬ ਦੇ ਰਾਜਪੂਤੀ ਕਾਲ ਦੇ ਸ਼ਾਹੀ ਖੋਖਰ ਖਾਨਦਾਨ ਨਾਲ ਜਾ ਰਲਦੇ ਹਨ। ਇਸੇ ਖੋਖਰ ਖਾਨਦਾਨ ਦੇ ਵਡੇਰੇ ਸ਼ੇਖਾ ਖੋਖਰ ਨੇ ਆਪਣੇ ਸਾਥੀ ਖੋਖਰ ਰਾਜਪੂਤਾਂ ਸਮੇਤ ਅਮੀਰ ਤੈਮੂਰ ਦੇ ਹਮਲੇ ਤੋਂ ਪਹਿਲਾਂ ਸਿਆਲਕੋਟ ਤੇ ਲਾਹੌਰ ਉਤੇ ਕਬਜ਼ਾ ਕਰਕੇ ਪੰਜਾਬ ਦਾ ਰਾਜ ਭਾਗ ਮਾਣਿਆ ਤੇ ਫੇਰ ਰਾਜਾ ਦਸਰਥ ਖੋਖਰ ਨੇ, ਜੋ ਸ਼ੇਖਾ ਖੋਖਰ ਦਾ ਪੁੱਤਰ ਸੀ, ਬੜੀ ਦਲੇਰੀ ਨਾਲ ਦਿੱਲੀ ਦੇ ਸੱਯਦ ਸੁਲਤਾਨਾਂ ਦੇ ਸਮੇਂ ਤੋਂ ਮੁਗਲਾਂ ਦੇ ਪ੍ਰਾਰੰਭ ਕਾਲ ਤਕ ਸਰਹਿੰਦ ਬਾਵਨੀ ਤਕ ਸਾਰਾ ਇਲਾਕਾ, ਜਿਸ ਵਿਚ ਦਰਿਆ ਸਤਲੁਜ ਤੋਂ ਉਰਾਰ ਪਾਰ ਦੇ ਸਾਰੇ ਪਰਗਨੇ ਸ਼ਾਮਲ ਸਨ, ਆਪਣੇ ਅਧਿਕਾਰ ਹੇਠ ਲੈ ਲਿਆ। ਫੇਰ ਮੁਗਲਾਂ ਦੀ

ਚੜ੍ਹਦੀ ਕਲਾ ਤੇ ਖੋਖਰ ਰਾਜ ਦੀ ਗਿਰਾਵਟ ਹੋਣ ਤੇ ਬਹੁਤੇ ਪਰਗਨੇ ਉਸਦੇ ਅਧਿਕਾਰ ਹੇਠੋਂ ਨਿਕਲ ਗਏ। ਗਾਲਬਨ ਸੱਯਦ-ਕਾਲ ਵਿਚ ਹੀ ਖੋਖਰ ਵੰਸ਼ ਦੇ ਇਕ ਮਹਾਨ ਵਿਅਕਤੀ ਰਾਇ ਕਲਿਆਣ ਨੇ ਪੰਜਾਬ ਦੇ ਪਰਗਨਾ ਬਟਾਲੇ ਵਿਚ ਆਪਣੇ ਅਧਿਕਾਰ ਹੇਠ ਰਾਇ ਨੰਗਲ ਨਾਮੀ ਇਕ ਪਿੰਡ ਵਸਾਇਆ ਜੋ ਪਿਛੋਂ ਲੋਦੀ-ਕਾਲ ਵਿਚ ਹੀ ਰੰਧਾਵੇ ਜੱਟਾਂ ਦੇ ਵਾਧੇ ਕਾਰਣ ਉਨ੍ਹਾਂ ਦੇ ਵਡੇਰੇ ਕੱਥੂ ਰੰਧਾਵੇ ਦੇ ਨਾਂ ਤੇ ਕੱਥੂ ਨੰਗਲ ਪ੍ਰਸਿੱਧ ਹੋ ਗਿਆ। ਇਸੇ ਕਾਰਣ ਹੁਣ ਇਹ ਪਿੰਡ ਕੱਥੂ ਨੰਗਲ ਦੇ ਨਾਂ ਨਾਲ ਹੀ ਮਸ਼ਹੂਰ ਹੈ।

ਬਾਬਾ ਜੀਵਨ ਸਿੰਘ ਜੀ ਰੰਘਰੇਟੇ ਇਸੇ ਰਾਇ ਕਲਿਆਣ ਦੇ ਪੁੱਤਰ ਪੋਤਰੇ ਸਨ ਤੇ ਇਨ੍ਹਾਂ ਦੇ ਵਡੇਰੇ ਇਥੋਂ ਕੱਥੂ ਨੰਗਲ ਤੋਂ ਹੀ ਪਹਿਲਾਂ ਪਿੰਡ ਗੱਗੋ ਮਾਹਲ ਤੇ ਫੇਰ ਬਾਬਾ ਝੰਡਾ ਜੀ ਬੁੱਢੇ ਕੇ ਦੇ ਨਵੇਂ ਵਸਾਏ ਨਗਰ ਰਾਮਦਾਸਪੁਰੇ ਜਾ ਆਬਾਦ ਹੋਏ ਸਨ। ਭਾਈ ਜਾਗੂ ਅਥਵਾ ਜੈਤਾ (ਫੇਰ ਪਿਛੋਂ ਅੰਮ੍ਰਿਤ ਛਕਣ ਤੇ ਜੀਵਨ ਸਿੰਘ) ਇਸੇ ਪਿੰਡ ਦਾ ਆਦੀ ਵਸਨੀਕ ਸੀ। ਇਸੇ ਭਾਈ ਜੀਵਨ ਸਿੰਘ ਦੇ ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਚਾਰ ਪੁੱਤਰ–ਭਾਈ ਗੁਰਦਿਆਲ ਸਿੰਘ, ਗੁਲਜ਼ਾਰ ਸਿੰਘ, ਸੁੱਖਾ ਸਿੰਘ ਤੇ ਸੇਵਾ ਸਿੰਘ ਹੋਏ, ਜੋ ਆਪਣੀ ਮਾਤਾ ਰਾਜ ਕੌਰ ਸਮੇਤ ਆਪਣੇ ਚਾਚੇ ਖੀਵਣ ਸਿੰਘ ਦੇ ਸਹਾਰੇ ਸਮਾਂ ਬਿਤਾਉਂਦੇ ਰਹੇ, ਫੇਰ ਉਨ੍ਹਾਂ ਦੇ ਹੀ ਖਾਨਦਾਨ ਵਿਚੋਂ ਭਾਈ ਉਜਾਗਰ ਸਿੰਘ ਜੀ, ਜੋ ਅਜ ਕਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਿਚ ਬੜਾ ਅਹਿਮ ਦਰਜਾ ਰਖਦੇ ਹਨ, ਆਪਣੇ ਹਰੇ ਭਰੇ ਪਰਿਵਾਰ ਤੇ ਭਾਈਚਾਰੇ ਸਮੇਤ ਰੰਘਰੇਟਾ ਖਾਨਦਾਨ ਦਾ ਨਾਂ ਉੱਚਾ ਕਰ ਰਹੇ ਹਨ।

ਸਰ ਡੈਨਜ਼ਿਲ ਇਬਟਸਨ ਦੇ ਕਥਨ ਅਨੁਸਾਰ ਇਸ ਖਾਨਦਾਨ ਦੇ ਲੋਕ ਸੋਲ੍ਹਾਂ ਗੋਤਾਂ ਵਿਚ ਵੰਡੇ ਹੋਏ ਹਨ, ਜੋ ਇਹ ਹਨ—ਸਹੋਤੇ, ਗਿੱਲ, ਭੱਟੀ, ਖੋਖਰ, ਪੱਟੂ,ਖਾਰੂ, ਕਲਿਆਣਾ, ਲੱਧੜ, ਸਿੰਧੂ, ਛਪਰ ਬੰਧ, ਉਟਵਾਲ, ਕੰਦਾਬਾੜੀ, ਹਾਂਸੀ, ਖੋਸਰ, ਬੋਰਤ ਤੇ ਧਾਰੀਵਾਲ। ਭੱਟੀ ਤੇ ਖੋਖਰ ਵਧੇਰੇ ਰਾਵਲ ਪਿੰਡੀ ਤੇ ਮੁਲਤਾਨ ਦੇ ਇਲਾਕਿਆਂ ਵਿਚ ਰਹਿੰਦੇ ਸਨ ਤੇ ਬਾਕੀ ਲਾਹੌਰ, ਅੰਮ੍ਰਿਤਸਰ ਆਦਿ ਪੰਜਾਬ ਦੇ ਇਲਾਕਿਆਂ ਵਿਚ ਮਜ਼ਹਬੀ ਸਿੱਖਾਂ ਦੇ ਕਈ ਹੋਰ ਗੋਤ ਨੱਯਰ, ਚੁਹਾਨ ਆਦਿ ਵੀ ਇਨ੍ਹਾਂ ਵਿਚ ਹੀ ਸ਼ਾਮਲ ਹਨ।

ਉੱਨੀਵਾਂ ਕਾਂਡ

ਸਮਾਜ ਸੁਧਾਰਕ ਲਹਿਰਾਂ ਅਤੇ ਮਜ਼੍ਹਬੀ ਸਿੱਖਾਂ ਦਾ ਭਵਿੱਖ

ਪੰਜਾਬ ਦੀਆਂ ਪ੍ਰਸਿੱਧ ਸਿੱਖ ਸਮਾਜ ਸੁਧਾਰਿਕ ਲਹਿਰਾਂ ਇਹ ਹਨ— (੧) ਨਿਰੰਕਾਰੀ ਲਹਿਰ, (੨) ਨਾਮਧਾਰੀ ਲਹਿਰ (੩) ਸਿੰਘ ਸਭਾ ਲਹਿਰ, (੪) ਸਿੱਖ ਸਿਦਯਕ ਲਹਿਰ ਤੇ (੫) ਗੁਰਦੁਆਰਾ ਸੁਧਾਰ ਅਥਵਾ ਅਕਾਲੀ ਲਹਿਰ। ਭਾਵੇਂ ਇਹਨਾਂ ਲਹਿਰਾਂ ਵਿਚ ਨੰ: ੨ ਤੇ ੪ ਦੀਆਂ ਲਹਿਰਾਂ ਪਿਛੋਂ ਜਾ ਕੇ ਸਿਆਸੀ ਲਹਿਰਾਂ ਵੀ ਬਣ ਗਈਆਂ, ਪਰ ਇਹ ਸਿੱਖ ਪੰਥ ਦੇ ਬੁਨਿਆਦੀ ਸਮਾਜਕ ਸੁਧਾਰਾਂ ਨੂੰ ਮੁਖ ਰੱਖ ਕੇ ਧਰਮ ਸੰਬੰਧੀ ਸਮਾਜਕ ਸੁਧਾਰਾਂ ਦਾ ਹੀ ਪ੍ਰਮੁਖ ਅੰਗ ਮੰਨੀਆਂ ਜਾਂਦੀਆਂ ਹਨ। ਇਹ ਪੰਜੇ ਲਹਿਰਾਂ ਸੰਨ ੧੮੫੫ ਤੋਂ ਲੈ ਕੇ ਸੰਨ ੧੯੨੬ ਤੱਕ ਅੰਗਰੇਜ਼ੀ ਰਾਜ ਸਮਕਾਲੀਨ ਧਾਰਮਿਕ ਤੇ ਸਮਾਜਿਕ ਜੱਦੋ-ਜਹਿਦ ਦੀਆਂ ਹੀ ਲਹਿਰਾਂ ਹਨ ਜਿਨ੍ਹਾਂ ਨੇ ਸਿੱਖਾਂ ਦੀ ਪਛੜ ਰਹੀ ਸਮਾਜਿਕ ਹਾਲਤ ਨੂੰ ਉਤਾਂਹ ਚੁੱਕਣ ਤੇ ਹਿੰਦੂ, ਮੁਸਲਮਾਨਾਂ ਤੇ ਈਸਾਈਆਂ ਦੇ ਬਰਾਬਰ ਲਿਜਾ ਖੜੀ ਕਰਨ ਦਾ ਪ੍ਰਯਤਨ ਕੀਤਾ ਹੈ।

ਮਜ਼ਹਬੀ ਸਿੱਖ ਮੁੱਢ ਤੋਂ ਹੀ ਇਨ੍ਹਾਂ ਸਮਾਜਿਕ ਸੁਧਾਰਕ ਲਹਿਰਾਂ ਨਾਲ ਲਹੂ-ਮਾਸ ਦਾ ਰਿਸ਼ਤਾ ਰੱਖ ਕੇ ਸੰਬੰਧਿਤ ਰਹੇ ਹਨ, ਇਸ ਲਈ ਮਜ਼੍ਹਬੀ ਸਿੱਖ ਨਿਰੰਕਾਰੀ ਵੀ ਬਣੇ ਤੇ ਨਾਮਧਾਰੀਆਂ ਨਾਲ ਵੀ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੇ ਰਹੇ। ਇਹਨਾਂ ਤੋਂ ਪਿਛੋਂ ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦੀ ਤਾਂ ਉਹ ਰੂਹਿ-ਰਵਾਂ ਸਨ। ਜੇ ਸੱਚ ਪੁੱਛੋ ਤਾਂ ਨਵੰਬਰ ਸੰਨ ੧੯੨੦ ਵਿਚ ਜਦੋਂ ਖਾਲਸਾ ਬਰਾਦਰੀ ਦੇ ਨਾਂ ਕਰੜੀ ਜੱਦੋ-ਜਹਿਦ ਕਰਕੇ ਜਿਨ੍ਹਾਂ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਤੋਂ ਅਰਦਾਸੇ ਸੋਧ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਉਥੋਂ ਦੇ ਆਪ-ਹੁਦਰੇ ਪੁਜਾਰੀਆਂ ਨੂੰ, ਜੋ ਮੁੱਢ ਕਦੀਮ ਤੋਂ ਅੰਗਰੇਜ਼ੀ ਸਰਕਾਰ ਦੇ ਟੋਡੀ ਬਣੇ ਆ ਰਹੇ ਸਨ, ਗੱਜ ਵੱਜ ਕੇ ਵੰਗਾਰਿਆ ਤੇ ਉਥੋਂ ਨਸਾਇਆ ਅਤੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਨੂੰ ਮੁੜ ਪੰਥਕ ਪ੍ਰਬੰਧ ਹੇਠ ਲਿਆਂਦਾ, ਇਹ

ਮਜ਼ਹਬੀ ਸਿੱਖ ਹੀ ਸਨ। ਉਹਨਾਂ ਦੇ ਨਾਂ ਸਨ ਭਾਈ ਢੇਰਾ ਸਿੰਘ ਤੇ ਭਾਈ ਦੀਵਾਨ ਸਿੰਘ। ਇਹਨਾਂ ਦੇ ਨਾਲ ਹੋਰ ਪੰਥਕ ਆਗੂ ਸ: ਕਰਤਾਰ ਸਿੰਘ ਝੱਬਰ ਤੇ ਸ: ਤੇਜਾ ਸਿੰਘ ਭੁੱਚਰ ਆਦਿ ਤਾਂ ਸਿਰਫ ਨਾਮਧਰੀਕ ਮੋਢੀ ਸਨ। ਇਸੇ ਕਾਰਣ ਸੰਨ ੧੯੨੦ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕਾਇਮ ਹੋਣ ਤੇ ਇਹਨਾਂ ਦੇ ਮੈਂਬਰਾਂ ਵਿਚ ਹੁਣ ਤਕ ਮਜ਼ਹਬੀ ਸਿੱਖਾਂ ਦਾ ਇਕ ਖਾਸ ਸਥਾਨ ਹੈ ਤੇ ਇਹਨਾਂ ਦੀ ਰਾਇ ਦਾ ਬੜਾ ਮਾਣ ਕੀਤਾ ਜਾਂਦਾ ਹੈ। ਇਸੇ ਕਾਰਣ, ਜਿਵੇਂ ਕਿ ਪ੍ਰੋਫੈਸਰ ਧਰਮ ਸਿੰਘ ਸਹੋਤਾ ਦਾ ਕਥਨ ਹੈ ਕਿ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਮਜ਼੍ਹਬੀਆਂ ਆਦਿ ਦੀਆਂ ੨੦ ਫੀ ਸਦੀ ਸੀਟਾਂ ਰਾਖਵੀਆਂ ਕਰ ਦਿੱਤੀਆਂ ਹਨ। ਇਹ ਵੀ ਪਾਸ ਕੀਤਾ ਗਿਆ ਕਿ ਦਫਾ ੮੭ ਦੇ ਲੋਕਲ ਗੁਰਦੁਆਰਿਆਂ ਵਿਚ ਭਾਵੇਂ ਮੈਂਬਰ ਚੁਣੇ ਜਾਣ ਜਾਂ ਨਾਮਜ਼ਦ ਕੀਤੇ ਜਾਣ, ਪਰ ਹਰ ਪੰਜ ਮੈਂਬਰਾਂ ਪਿਛੇ ਘੱਟ ਤੋਂ ਘੱਟ ਪਛੜੀ ਸ਼੍ਰੇਣੀ ਦਾ ਇਕ ਮੈਂਬਰ ਜ਼ਰੂਰ ਲਿਆ ਜਾਵੇਗਾ।"

(ਵੇਖੋ, ਸਿਆਸਤ ਦਾ ਧਨੀ, ਸਫਾ ੪੬)

ਵੀਹਵਾਂ ਕਾਂਡ

ਮਜ਼੍ਹਬੀ ਸਿੱਖ ਪੱਤਰਕਾਰੀ ਦੇ ਮੈਦਾਨ ਵਿਚ

ਮਜ਼ਹਬੀ ਸਿੱਖਾਂ ਨੇ ਇਸ ਤਰ੍ਹਾਂ, ਨਾ ਕੇਵਲ ਪੰਥਕ ਕੰਮਾਂ ਵਿਚ ਹੀ ਹਿੱਸਾ ਲਿਆ, ਸਗੋਂ ਸਾਹਿੱਤਕ ਤੇ ਵਿਦਿਅਕ ਕੰਮਾਂ ਵਿਚ ਵੀ ਬੜੀ ਗਰਮਜੋਸ਼ੀ ਨਾਲ ਰੋਲ ਅਦਾ ਕੀਤਾ ਹੈ, ਜਿਸ ਦੇ ਨਮੂਨੇ ਪੰਜਾਬੀ ਪੱਤਰਕਾਰੀ ਦੇ ਮੈਦਾਨ ਵਿਚ ਮਜ਼ਹਬੀ ਸਿੱਖਾਂ ਦੇ ਪ੍ਰਮੁੱਖ ਪੱਤਰ ਨਿਰੋਲ ਖਾਲਸਾ (੧੯੨੪), ਖਾਲਸਾ ਬ੍ਰਾਦਰ, ਮਜ਼ਹਬੀ ਹਰੀਜਨ ਉਧਾਰ, ਆਦਿ ਧਰਮੀ (੧੯੨੮), ਆਦਿ ਡੰਕਾ, ਖਾਲਸਾ ਮਜ਼ਹਬੀ ਗਜ਼ਟ (੧੯੪੯), ਬਾਬਾ ਜੀਵਨ ਸਿੰਘ ਗਜ਼ਟ (੧੯੪੯) ਤੇ ਜਗਜੀਵਨ (੧੯੫੦), ਪੰਜਾਬੀ ਪੱਤਰਕਾਰੀ ਦੇ ਮੈਦਾਨ ਵਿਚ ਆਪਣਾ ਅਹਿਮ ਹਿੱਸਾ ਪਾਉਂਦੇ ਰਹੇ ਹਨ।

ਇਨ੍ਹਾਂ ਪੱਤਰਾਂ ਦੇ ਪੱਤਰਕਾਰ ਸ: ਲੱਖਾ ਸਿੰਘ ਬਜਾਜ਼, ਬਾਬਾ ਗੰਡਾ ਸਿੰਘ ਭੱਦਰ, ਨਿਹੰਗ ਕੇਸਰ ਸਿੰਘ, ਮੋਹਨ ਸਿੰਘ ਸੰਧੂ ਅੰਮ੍ਰਿਤਸਰ ਅਤੇ ਪੰਡਿਤ ਲਛਮਣ ਸਿੰਘ ਸ਼ੇਸ਼ ਮ੍ਰਿਗੇਸ਼ (ਸ਼ਿਮਲਾ) ਹੁਨਰੀ ਪੱਖ ਤੋਂ ਆਪਣੀ ਮਿਸਾਲ ਆਪ ਸਨ। ਮੈਂ ਸੰਨ ੧੯੪੩ ਵਿਚ ਪੈਪਸੂ ਸਰਕਾਰ ਪਟਿਆਲਾ ਦੇ ਮਹਿਕਮਾ ਪੰਜਾਬੀ ਵਲੋਂ ਛਾਪੀ 'ਪੰਜਾਬ ਪੱਤਰ ਕਲਾ' ਨਾਮੀ ਪੁਸਤਕ ਦੇ ਪੱਤਰਿਆਂ ਉਤੇ ਇਹਨਾਂ ਪੱਤਰ-ਪੱਤ੍ਰਕਾਵਾਂ ਦਾ ਖਾਸ ਤੌਰ ਤੇ ਬੜੇ ਮਾਣ ਸਹਿਤ ਜ਼ਿਕਰ ਕੀਤਾ ਹੈ।

ਸਹਾਇਕ ਪੁਸਤਕਾਂ ਦੀ ਸੂਚੀ

ਗੁਰਮੁਖੀ-ਪੰਜਾਬੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪ੍ਰਕਾਸ਼ਕ–ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਸ੍ਰੀ ਦਸਮ ਗ੍ਰੰਥ ਸਾਹਿਬ, ਪ੍ਰਕਾਸ਼ਕ–ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੧੯੧੭ ਈਸਵੀ।

ਦਸਮ ਗ੍ਰੰਥ ਤੁਕ-ਤਤਕਰਾ, ਸੰਪਾਦਕ–ਭਾਈ ਭਗਵੰਤ ਸਿੰਘ ਹਰੀ ਜੀ, ਨਾਭਾ, ਪ੍ਰਕਾਸ਼ਕ—ਸ੍ਰੀ ਗੁਰੂ ਗ੍ਰੰਥ ਸਾਹਿਬ ਖੋਜ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸੰਨ ੧੯੬੯ ਈਸਵੀ।

ਗੁਰਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ), ਸੰਪਾਦਕ—ਸ਼ਮਸ਼ੇਰ ਸਿੰਘ ਅਸ਼ੋਕ, ਪ੍ਰਕਾਸ਼ਕ—ਪੰਜਾਬੀ ਯੂਨੀਵਰਸਿਟੀ ਪਟਿਆਲਾ, ਸੰਨ ੧੯੬੮ ਈਸਵੀ।

ਗੁਰਬਿਲਾਸ ਪਾਤਸ਼ਾਹੀ ੧੦ (ਸੁੱਖਾ ਸਿੰਘ), ਪ੍ਰਕਾਸ਼ਕ–ਗੁਰਮਤ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ, ਛਾਪਾ—ਚਸ਼ਮੇ ਨੂਰ ਪ੍ਰੈਸ, ਅੰਮ੍ਰਿਤਸਰ, ਸੰ.ਗੁ.ਨਾ. ੪੨੦

ਪੋਥੀ ਗੁਰਬਿਲਾਸ ਕੀ (ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼), ਸ੍ਰੀ ਗੁਰੂ ਗੋਬਿੰਦ ਸਿੰਘ ਚਰਿਤ੍ਰ, ਕ੍ਰਿਤ ਬਾਵਾ ਸੁਮੇਰ ਸਿੰਘ, ਅੰਤ ਪਟਨਾ ਸਾਹਿਬ (ਬਿਹਾਰ), ਸੰਨ ੧੮੮੨ ਈਸਵੀ।

ਸ੍ਰੀ ਗੁਰੁ ਪੰਥ ਪ੍ਰਕਾਸ਼ (ਸ. ਰਤਨ ਸਿੰਘ ਭੰਗੂ), ਪ੍ਰਕਾਸ਼ਕ–ਖਾਲਸਾ ਸਮਾਚਾਰ, ਅੰਮ੍ਰਿਤਸਰ, ਸੰਨ ੧੯੩੯ ਈ.।

ਸ੍ਰੀ ਗੁਰੁ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ), ਪ੍ਰਕਾਸ਼ਕ–ਮਤਬੇ ਆਫਤਾਬ ਪੰਜਾਬ, ਛਾਪਕ–ਦੀਵਾਨ ਬੂਟਾ ਸਿੰਘ ਜੀ ਲਾਹੌਰ, ਸੰਨ ੧੮੮੯ ਈ.।

ਸ੍ਰੀ ਗੁਰੁ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ), ਪੰਜ ਭਾਗ, ਸੰਪਾਦਕ—ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ੧੯੭੧ ਈ.।

ਗੁਰ ਪ੍ਰਤਾਪ ਸੂਰਜ (ਭਾਈ ਸੰਤੋਖ ਸਿੰਘ),ਪ੍ਰਕਾਸ਼ਕ–ਖਾਲਸਾ ਸਮਾਚਾਰ,ਅੰਮ੍ਰਿਤਸਰ ੧੯੬੫ ਈ. ।

ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (ਕ੍ਰਿਤ ਕੇਸਰ ਸਿੰਘ ਛਿੱਬਰ), ਸੰਪਾਦਕ ਡਾਕਟਰ ਰਤਨ ਸਿੰਘ ਜੱਗੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ੧੯੭੨ ਈਸਵੀ ।

ਤਵਾਰੀਖ ਅੰਮ੍ਰਿਤਸਰ (ਗਿਆਨ ਸਿੰਘ), ਪ੍ਰਕਾਸ਼ਕ–ਦਰਬਾਰ ਪਟਿਆਲਾ, ਸੰਨ ੧੯੨੩ ।

ਤਵਾਰੀਖ ਗੁਰੂ ਖਾਲਸਾ, ਭਾਗ ੧, (ਸ਼ਮਸ਼ੇਰ ਖਾਲਸਾ ਸਮੇਤ), ਛਾਪਾ ਪੱਥਰ, ਗੁਰੂ ਗੋਬਿੰਦ ਸਿੰਘ ਪ੍ਰੈਸ, ਸਿਆਲਕੋਟ, ਸੰਨ ੧੮੯੧ ਈ. ।

ਤਵਾਰੀਖ ਗੁਰੂ ਖਾਲਸਾ, (ਸ਼ਮਸ਼ੇਰ ਖਾਲਸਾ ਤੇ ਰਾਜ ਖਾਲਸਾ ਸਮੇਤ), ਪੰਜ ਭਾਗ ਕ੍ਰਿਤ ਗਿਆਨੀ ਗਿਆਨ ਸਿੰਘ, ਪ੍ਰਕਾਸ਼ਕ––ਖਾਲਸਾ ਨੈਸ਼ਨਲ ਏਜੰਸੀ, ਛਾਪਾ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਸੰਨ ੧੯੨੫ ਈਸਵੀ ।

ਪੰਜਾਬੀ ਪੱਤ੍ਰ ਕਲਾ (ਸ਼ਮਸ਼ੇਰ ਸਿੰਘ ਅਸ਼ੋਕ), ਮਹਿਕਮਾ ਪੰਜਾਬੀ, ਪਟਿਆਲਾ, ਸੰਨ ੧੯੫੩ ਈ. ।

ਜੀਵਨ ਚਰਿਤ੍ਰ ਬਾਬਾ ਬੁੱਢਾ ਜੀ, ਕ੍ਰਿਤ ਭਾਈ ਮੰਗਲ ਸਿੰਘ ਉਪਦੇਸ਼ਕ, ਚੀਫ਼ ਖਾਲਸਾ ਦੀਵਾਨ, ਪ੍ਰਕਾਸ਼ਕ—ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ੧੯੧੬ ਈਸਵੀ।

ਸ੍ਰੀ ਗੁਰੂ ਕਲਗੀਧਰ ਚਮਤਕਾਰ (ਦੋ ਭਾਗ), ਭਾਈ ਵੀਰ ਸਿੰਘ, ਖਾਲਸਾ ਸਮਾਚਾਰ ਅੰਮ੍ਰਿਤਸਰ ।

ਸ੍ਰੀ ਗੁਰੂ ਸ਼ਬਦ ਰਤਨਾਕਰ, ਮਹਾਨ ਕੋਸ਼,ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ, ਸੰਪਾਦਕ–ਸ਼ਮਸ਼ੇਰ ਸਿੰਘ ਅਸ਼ੋਕ, ਪ੍ਰਕਾਸ਼ਕ—ਭਾਸ਼ਾ ਵਿਭਾਗ ਪੰਜਾਬ ਪਟਿਆਲਾ, ੧੯੬੦ ।

ਗਿਆਨੀ ਕਰਤਾਰ ਸਿੰਘ—ਸਿਆਸਤ ਦਾ ਧਨੀ (ਪ੍ਰੋ. ਧਰਮ ਸਿੰਘ ਸਹੋਤਾ), ਨਿਊ ਬੁੱਕ ਕੰਪਨੀ, ਜਲੰਧਰ, ੧੯੮੨ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਕ੍ਰਿਤ, ਸ਼ਮਸ਼ੇਰ ਸਿੰਘ ਅਸ਼ੋਕ, ਪ੍ਰਕਾਸ਼ਕ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ੧੯੮੧।

ਮਹਾਰਾਜਾ ਕੌੜਾ ਮੱਲ ਬਹਾਦੁਰ, ਕ੍ਰਿਤ ਡਾਕਟਰ ਗੰਡਾ ਸਿੰਘ, ਖਾਲਸਾ ਕਾਲਜ ਅੰਮ੍ਰਿਤਸਰ, ੧੯੪੧।

ਸਿਖ ਧਰਮ ਅਤੇ ਪੱਛੜੀਆਂ ਸ਼੍ਰੇਣੀਆਂ, ਕ੍ਰਿਤ, ਪ੍ਰੋ. ਸ਼ੇਰ ਸਿੰਘ ਐਮ. ਏ., ਪ੍ਰਕਾਸ਼ਕ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੪੯ ਈ.।

ਸ਼ਹੀਦੀਆਂ, ਕ੍ਰਿਤ ਗਿਆਨੀ ਦਿੱਤ ਸਿੰਘ, ਐਡੀਟਰ—ਖਾਲਸਾ ਅਖਬਾਰ ਲਾਹੌਰ, ਪ੍ਰਕਾਸ਼ਕ—ਭਾਈ ਵਿ. ਪੰ. ਪਟਿਆਲਾ।

ਗੁਰ ਕਾ ਬੇਟਾ—ਇਤਿਹਾਸ ਸ਼ਹੀਦ ਬਾਬਾ ਜੀਵਨ ਸਿੰਘ ਜੀ, ਲੇਖਕ—ਗਿਆਨੀ ਊਧਮ ਸਿੰਘ, ਪ੍ਰਕਾਸ਼ਕ—ਜੀਵਨ ਲਹਿਰ, ੨ ਕ੍ਰਿਸ਼ਨ ਨਗਰ ਅੰਮ੍ਰਿਤਸਰ, ੧੯੬੮ ਈ.।

ਮਜ਼ੁਬੀ ਸਿਖਾਂ ਦੀ ਜਦੋਜਹਿਦ ਕ੍ਰਿਤ, ਹਰੀ ਸਿੰਘ ਨਿਰਭੈ, ਬਾਬਾ ਜੀਵਨ ਸਿੰਘ ਮਜ਼ਹਬੀ ਦਲ, ਅੰਮ੍ਰਿਤਸਰ, ੧੯੪੫।

ਸਿਖ ਗੁਰੂ ਸਾਹਿਬਾਨ ਤੇ ਛੂਤ ਛਾਤ (ਪ੍ਰੋ. ਕਰਤਾਰ ਸਿੰਘ). ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੭੩।

ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਕੁਰਬਾਨੀ, ਕ੍ਰਿਤ ਗਿਆਨੀ ਹਰੀ ਸਿੰਘ ਬਿਲਗਾ, ਸਿਖ ਮਿਸ਼ਨਰੀ, ਪ੍ਰਕਾਸ਼ਕ—ਭਾਰਤ ਜੀਵਨ ਸੁਧਾਰ ਸਭਾ, ਯੂ. ਕੇ. ਸਾਊਥ ਹਾਲ, ਮਿਡਲ ਸੈਕਸ, ਲੰਡਨ।

ਮਜ਼ਹਬੀ ਸਿਖਾਂ ਦਾ ਇਤਿਹਾਸ (ਬਾਬਾ ਜੀਵਨ ਸਿੰਘ ਦੇ ਜੀਵਨ ਸਹਿਤ), ਕ੍ਰਿਤ ਸ਼ਮਸ਼ੇਰ ਸਿੰਘ ਅਸ਼ੋਕ, ਛਾਪਕ—ਸ. ਕਰਤਾਰ ਸਿੰਘ ਨਯਰ, ਸਾਊਥ ਹਾਲ, ਮਿਡਲ ਸੈਕਸ, ਲੰਡਨ (ਪ੍ਰੈਸ ਵਿਚ)।

ਰੋਜ਼ਾਨਾ ਅਕਾਲੀ ਟਾਈਮਜ਼ (ਜਲੰਧਰ), ੧੧-੧੫, ਸੰਨ ੧੯੮੦ ਵਿਚੋਂ ਗੁ: ਚਮਕੌਰ ਸਾਹਿਬ ਦੇ ਇਤਿਹਾਸ ਬਾਰੇ ਮੇਰਾ ਲੇਖ।

ਹਿੰਦੀ ਸੰਸਕ੍ਰਿਤ ਪੁਸਤਕਾਂ

ਗੌਤਮ ਧਰਮ ਸੂਤ੍ਰਾਣਿ ਸਟੀਕ, ਕ੍ਰਿਤ ਪੰ: ਉਮੇਸ਼ ਚੰਦ੍ਰ ਪਾਂਡੇਯ, ਚੌਖੰਬਾ, ਸੰਸਕ੍ਰਿਤ ਸੀਰੀਜ਼, ਬਨਾਰਸ, ਸੰਨ ੧੯੬੬ ।

ਦ੍ਰਾਵਿੜ੍ਰਾਮਨਾਯ ਦਿਵਯ ਪ੍ਰਬੰਧ (ਦ੍ਰਾਵਿੜਾਂ ਦਾ ਧਰਮ ਸ਼ਾਸਤ੍ਰ), ਪ੍ਰਕਾਸ਼ਕ—ਸ੍ਰੀ ਵੇਂਕਟੇਸ਼੍ਵਰ ਸਟੀਮ ਪ੍ਰੈਸ, ਬੰਬਈ ।

ਮਨੁ-ਸਿਮ੍ਰਤੀ ਸਟੀਕ, ਟੀਕਾਕਾਰ ਪੰਡਿਤ ਹਰਿਪ੍ਰਸਾਦਿ, ਨਿਰਣਯ ਸਾਗਰ ਪ੍ਰੈਸ, ਬੰਬਈ, ਸੰਨ ੧੮੮੨ ।

ਬ੍ਰਾਹਮਣੋਤਪੱਤਿ ਮਾਰਤੰਡ ਸਟੀਕ, ਪੰਡਿਤ ਹਰਿਕ੍ਰਿਸ਼ਨ ਸ਼ਾਸਤਰੀ, ਸ੍ਰੀ ਵੇਂਕਟੇਸ਼੍ਵਰ ਸਟੀਮ ਪ੍ਰੈਸ, ਬੰਬਈ, ਸੰਨ ੧੯੫੪ ।

ਸ਼ਹੀਦ ਬਾਬਾ ਜੀਵਨ ਸਿੰਘ

ਦਾ

ਸੰਖੇਪ ਜੀਵਨ

(ਸ: ਜੰਗ ਸਿੰਘ ਗਿਆਨੀ)

ਬਾਬਾ ਜੀਵਨ ਸਿੰਘ ਦਾ ਜਨਮ ਕਿਸ ਨਗਰ ਵਿਚ ਹੋਇਆ ? ਆਪ ਜੀ ਦੇ ਮਾਤਾ ਪਿਤਾ ਦਾ ਨਾਮ ਕੀ ਸੀ ? ਬਚਪਨ ਦਾ ਜੀਵਨ ਕਿਥੇ ਤੇ ਕਿਵੇਂ ਗੁਜ਼ਰਿਆ ? ਅਤੇ ਗੁਰੂ ਸਾਹਿਬ ਜੀ ਦੇ ਸੰਪਰਕ 'ਚ ਕਿਸ ਸਮੇਂ ਆਏ ? ਇਸ ਬਾਰੇ ਲੇਖਕ ਅਤੇ ਇਤਿਹਾਸਕ ਖੋਜੀਆਂ ਵਿਚ ਬੜੇ ਮਤਭੇਦ ਹਨ। ਅਸਲ ਵਿਚ ਜਦੋਂ ਕਿਸੇ ਵਿਅਕਤੀ ਦੀ ਵਿਸ਼ੇਸ਼ ਕੁਰਬਾਨੀ ਜਾਂ ਘਾਲਨਾ ਕਰ ਕੇ ਉਸ ਦਾ ਨਾਮ ਇਤਿਹਾਸ ਵਿਚ ਪ੍ਰਸਿੱਧ ਹੋ ਜਾਂਦਾ ਹੈ ਤਾਂ ਉਸ ਦੇ ਸਾਰੇ ਜੀਵਨ ਦੀ ਖੋਜ ਸ਼ੁਰੂ ਹੁੰਦੀ ਹੈ, ਪ੍ਰੰਤੂ ਉਸ ਸਮੇਂ ਉਸ ਦਾ ਪੂਰਾ ਜੀਵਨ ਪ੍ਰਾਪਤ ਨਹੀਂ ਹੋ ਸਕਦਾ। ਇਹੋ ਗੱਲ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਬਾਰੇ ਕਹੀ ਜਾ ਸਕਦੀ ਹੈ।

ਕੁਝ ਇਤਿਹਾਸ ਖੋਜੀਆਂ ਦਾ ਖਿਆਲ ਹੈ ਕਿ ਬਾਬਾ ਜੀਵਨ ਸਿੰਘ ਦੇ ਪਿਤਾ ਭਾਈ ਸੱਦਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੰਪਰਕ ਵਿਚ ਆ ਚੁਕੇ ਸਨ ਅਤੇ ਜਦੋਂ ਗੁਰੂ ਜੀ ਪੰਜਾਂ ਸਿੰਘਾਂ ਸਮੇਤ ਧਰਮ ਦੀ ਖਾਤਰ ਆਪਣਾ ਬਲੀਦਾਨ ਦੇਣ ਲਈ ਦਿੱਲੀ ਗਏ ਤਾਂ ਭਾਈ ਸੱਦਾ ਵੀ ਦਿੱਲੀ ਪਹੁੰਚ ਗਏ ਅਤੇ ਉਥੇ ਉਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਦੇ ਸਪੁੱਤਰ ਭਾਈ ਜੈਤਾ ਜੀ ਸ੍ਰੀ ਅਨੰਦਪੁਰ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਨਾਨਕੀ ਜੀ ਅਤੇ ਉਹਨਾਂ ਦੇ ਪ੍ਰਵਾਰ ਦੀ ਸੇਵਾ ਵਿਚ ਲਗੇ ਰਹਿੰਦੇ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਦਿੱਲੀ ਵਿਚ ਕੈਦ ਸਨ ਤਾਂ ਭਾਈ ਜੈਤਾ ਜੀ ਸ੍ਰੀ ਅਨੰਦਪੁਰ ਸਾਹਿਬ ਵਿਚੋਂ ਇਕ ਦੋ ਵੇਰ ਚਿੱਠੀਆਂ ਲੈ ਕੇ ਦਿੱਲੀ ਪੁਜੇ ਅਤੇ ਜਦੋਂ ਗੁਰੂ ਜੀ ਦੇ ਸ਼ਹੀਦ ਹੋਣ ਦਾ ਸਮਾਂ ਆਇਆ ਤਾਂ ਉਸ ਵੇਲੇ ਵੀ ਆਪ ਸ੍ਰੀ ਅਨੰਦਪੁਰ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ :

ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥
ਨਾਨਕ ਸਭ ਕਿਛੁ ਤੁਮਰੇ ਹਾਥ ਮਹਿ ਤੁਮਹੀ ਹੋਤ ਸਹਾਇ ॥

ਵਾਲਾ ਸੰਦੇਸ਼ (ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਉਚਾਰਨ ਕੀਤੇ ਸਲੋਕਾਂ ਵਿਚ ਦਰਜ ਹੈ) ਲੈ ਕੇ ਦਿੱਲੀ ਪਹੁੰਚੇ ਸਨ। ਇਸ ਸਬੰਧ ਵਿਚ ਉਘੇ ਵਿਦਵਾਨ ਰਾਜਾ ਸਰਦਲਜੀਤ ਸਿੰਘ ਜੀ ਆਪਣੀ ਪੁਸਤਕ ਜੀਵਨ ਸ੍ਰੀ ਗੁਰੂ ਤੇਗ ਬਹਾਦਰ ਵਿਚ ਲਿਖਦੇ ਹਨ :

"ਹੁਣ ਸਮਾਂ ਆ ਚੁੱਕਾ ਸੀ ਜਦੋਂ ਗੋਬਿੰਦ ਰਾਏ ਨੂੰ ਗੁਰੂ ਥਾਪਨਾ ਸੀ। ਗੁਰੂ ਜੀ ਉਹਨਾਂ ਦੇ ਹੌਂਸਲੇ-ਬਲ ਤੇ ਧੀਰਜ ਦੀ ਪ੍ਰੀਖਿਆ ਲੈਣੀ ਚਾਹੁੰਦੇ ਸਨ ਕਿ ਉਹ ਗੁਰੂ ਦੇ ਫਰਜ਼ ਨੂੰ ਪੂਰਾ ਕਰ ਸਕਣਗੇ।" ਇਸ ਮੰਤਵ ਲਈ ਆਪ ਨੇ ਹੇਠ ਲਿਖਿਆ ਸਲੋਕ ਲਿਖਿਆ ਤੇ ਉੱਤਰ ਦੀ ਆਸ ਕੀਤੀ :

ਬਲ ਛੁਟਕਿਉ ਬੰਧਨ ਪਰੇ ਕਛੂ ਨ ਹੋਤ ਉਪਾਏ ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥

ਗੁਰੂ ਜੀ ਨੇ ਆਪਣਾ ਪੱਤਰ ਹਰਕਾਰੇ ਨੂੰ ਦੇ ਦਿੱਤਾ ਤੇ ਉਸ ਨੂੰ ਆਖਿਆ ਕਿ ਗੋਬਿੰਦ ਰਾਏ ਪਾਸੋਂ ਉੱਤਰ ਲੈ ਕੇ ਆਵੇ। ਹਰਕਾਰਾ ਅਨੰਦਪੁਰ ਨੂੰ ਪੱਤਰ ਲੈ ਆਇਆ ਤੇ ਗੋਬਿੰਦ ਰਾਏ ਨੂੰ ਦੇ ਦਿੱਤਾ। ਗੋਬਿੰਦ ਰਾਇ ਜੀ ਨੇ ਇਹ ਪੱਤਰ ਆਪਣੇ ਮਾਤਾ ਜੀ (ਮਾਤਾ ਗੁਜਰੀ) ਅਤੇ ਦਾਦੀ (ਮਾਤਾ ਨਾਨਕੀ) ਅਤੇ ਸਿਖਾਂ ਨੂੰ ਸੁਣਾਇਆ। ਫਿਰ ਬੜੇ ਹੌਸਲੇ ਤੇ ਗੰਭੀਰਤਾ ਨਾਲ ਹੇਠ ਲਿਖਿਆ ਸਲੋਕ ਉੱਤਰ ਵਿਚ ਲਿਖਿਆ ਤੇ ਹਰਕਾਰੇ ਨੂੰ ਕਿਹਾ ਕਿ ਇਹ ਤੁਰਤ ਗੁਰੂ ਜੀ ਪਾਸ ਪਹੁੰਚਾਇਆ ਜਾਵੇ :

ਬਲੁ ਹੋਆ ਬੰਧਨ ਛੁਟੇ ਸਭ ਕਿਛ ਹੋਤ ਉਪਾਇ ॥
ਨਾਨਕ ਸਭ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ ॥

ਜਦੋਂ ਗੁਰੂ ਜੀ ਨੂੰ ਆਪਣੇ ਸਪੁੱਤਰ ਪਾਸੋਂ ਉਪ੍ਰੋਕਤ ਉੱਤਰ ਮਿਲਿਆ ਤਾਂ ਆਪ ਬੜੇ ਪ੍ਰਸੰਨ ਤੇ ਸੰਤੁਸ਼ਟ ਹੋਏ ਅਤੇ ਆਖਣ ਲੱਗੇ ਗੋਬਿੰਦ ਰਾਏ ਗੱਦੀ ਦੇ ਯੋਗ ਹੈ। ਫਿਰ ਗੁਰੂ ਜੀ ਨੇ ਇਕ ਨਲੀਏਰ ਅਤੇ ਪੰਜ ਪੈਸੇ ਭੇਜੇ ਅਤੇ ਪੁਰਾਤਨ ਰਸਮ ਅਨੁਸਾਰ ਇਹੀ ਚੀਜ਼ਾਂ ਅਗੇ ਰੱਖ ਕੇ ਤੇ ਦੂਰ ਬੈਠੇ ਆਪਣੇ ਸਪੁੱਤਰ ਦਾ ਧਿਆਨ ਕਰਕੇ ਉਹਨਾਂ ਨੂੰ ਗੁਰੂ ਥਾਪ ਦਿੱਤਾ। ਅਗੇ ਚਲ ਕੇ ਰਾਜਾ ਸਰਦਲਜੀਤ ਸਿੰਘ ਜੀ ਲਿਖਦੇ ਹਨ :

ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਆਏ ਸਿੱਖ ਨੂੰ ਆਖਿਆ, "ਮੇਰਾ ਅੰਤ ਸਮਾਂ ਆ ਗਿਆ ਹੈ। ਮੈਥੋਂ ਦੂਰ ਨ ਖੜੋਵੋ। ਮੇਰਾ ਸੀਸ ਤੇਰੀ ਗੋਦੀ ਵਿਚ ਆ ਕੇ

ਡਿਗੇਗਾ। ਕਿਸੇ ਤੋਂ ਡਰਨਾ ਨਾ ਅਤੇ ਸੀਸ ਨੂੰ ਅਨੰਦਪੁਰ ਲੈ ਜਾਣਾ। ਮੇਰਾ ਸਪੁੱਤਰ ਇਸ ਦਾ ਸਸਕਾਰ ਕਰ ਦੇਵੇਗਾ।" ਇਹ ਸੁਣ ਕੇ ਸਿੱਖ ਹੀ ਨਹੀਂ, ਸਗੋਂ ਜੇਲ੍ਹ ਦਾ ਦਰੋਗਾ ਵੀ ਅੱਥਰੂ ਕੇਰਨੋਂ ਨਾ ਰਹਿ ਸਕਿਆ। ਗੁਰੂ ਜੀ ਨੇ ਉਹਨਾਂ ਨੂੰ ਧੀਰਜ ਦਿੰਦਿਆਂ ਆਖਿਆ, "ਉਹ ਵੱਡੇ ਭਾਗਾਂ ਵਾਲਾ ਹੈ ਜੋ ਆਪਣੇ ਅਮੋਲਕ ਜੀਵਨ ਨੂੰ ਸਿਰਫ ਖਾਣ ਪੀਣ ਤੇ ਦੁਨਿਆਵੀ ਪਦਾਰਥਾਂ ਮਗਰ ਭਟਕ ਕੇ ਬੇਅਰਥ ਨਹੀਂ ਗਵਾਉਂਦਾ, ਸਗੋਂ ਬਿਨਾਂ ਕਿਸੇ ਨਫ਼ਰਤ-ਪਾਪ ਜਾਂ ਪਛਤਾਵੇ ਦੇ ਲੇਸ਼ ਦੇ ਆਪਣਾ ਕਾਰਜ ਨਿਭਾ ਜਾਂਦਾ ਹੈ।"

ਗੁਰੂ ਜੀ ਨੂੰ ਪਿੰਜਰੇ ਵਿਚੋਂ ਬਾਹਰ ਕਢਿਆ ਗਿਆ। ਉਹਨਾਂ ਨੇ ਨੇੜੇ ਦੇ ਖੂਹ ਤੇ ਇਸ਼ਨਾਨ ਕੀਤਾ। ਬਹੁਤ ਸਾਰੇ ਲੋਕ ਇਹ ਕਤਲ ਦੇਖਣ ਲਈ ਇਕੱਠੇ ਹੋ ਗਏ ਸਨ। ਗੁਰੂ ਜੀ ਇਸ਼ਨਾਨ ਕਰਨ ਪਿਛੋਂ ਬੋਹੜ ਦੇ ਦਰਖਤ ਹੇਠ ਆ ਕੇ ਬੈਠ ਗਏ। ਉਹਨਾਂ ਨੇ ਜੱਲਾਦ ਨੂੰ ਆਖਿਆ ਜਦੋਂ ਮੈਂ ਬਾਣੀ ਦਾ ਪਾਠ ਕਰ ਕੇ ਸਿਰ ਝੁਕਾਵਾਂ ਉਸ ਵੇਲੇ ਤੂੰ ਮੇਰਾ ਸੀਸ ਉਤਾਰ ਦੇਈਂ।

ਜਿਹਾ ਕਿ ਸਤਿਗੁਰੂ ਜੀ ਨੇ ਆਖਿਆ ਸੀ, "ਗੁਰੂ ਜੀ ਦਾ ਸੀਸ ਉਡ ਕੇ ਉਸ ਸਿੱਖ (ਭਾਈ ਜੈਤਾ) ਦੀ ਗੋਦੀ ਵਿਚ ਜਾ ਡਿੱਗਾ। ਉਸ ਸਮੇਂ ਇਕ ਬੜਾ ਤੂਫਾਨ ਆਇਆ। ਸਾਰਿਆਂ ਦੀਆਂ ਅੱਖਾਂ ਵਿਚ ਘੱਟਾ ਪਾ ਦਿੱਤਾ ਤੇ ਸਾਰੇ ਹਨੇਰ ਘੁੱਪ ਹੋ ਗਿਆ। ਕੋਈ ਵੀ ਸਿੱਖ ਨੂੰ ਵੇਖ ਨਾ ਸਕਿਆ ਤੇ ਉਹ ਸੀਸ ਲੈ ਕੇ ਬੜੀ ਤੇਜ਼ੀ ਨਾਲ ਸ੍ਰੀ ਅਨੰਦਪੁਰ ਸਾਹਿਬ ਵਲ ਨੂੰ ਚਲ ਪਿਆ।"

ਕੁਝ ਇਤਿਹਾਸਕਾਰਾਂ ਨੇ ਭਾਈ ਜੈਤਾ ਦੇ ਉਸ ਸਮੇਂ ਚਾਂਦਨੀ ਚੌਕ ਵਿਚ ਹਾਜ਼ਰ ਹੋਣ ਬਾਰੇ ਕਿਆਸ ਆਰਾਈਆਂ ਕੀਤੀਆਂ ਹਨ ਕਿ ਉਹ ਉਥੇ ਕਿਸ ਰੂਪ ਵਿਚ ਹਾਜ਼ਰ ਸਨ। ਕਈਆਂ ਨੇ ਲਿਖ ਦਿੱਤਾ ਹੈ ਕਿ ਉਹ ਸਫਾਈ ਮਜ਼ਦੂਰ ਦਾ ਭੇਸ ਧਾਰ ਕੇ ਉਥੇ ਹਾਜ਼ਰ ਹੋਏ। ਪਰ ਰਾਜਾ ਸਰ ਦਲਜੀਤ ਸਿੰਘ ਜੀ ਦੀ ਲਿਖਿਤ ਅਨੁਸਾਰ ਭਾਈ ਜੈਤਾ ਸ੍ਰੀ ਅਨੰਦਪੁਰ ਸਾਹਿਬ ਤੋਂ ਹਰਕਾਰੇ ਦੇ ਰੂਪ ਵਿਚ ਗੁਰੂ ਜੀ ਪਾਸ ਪੁਜਿਆ ਅਤੇ ਗੁਰੂ ਜੀ ਨੇ ਅੰਤ ਸਮੇਂ ਉਸ ਨੂੰ ਪਾਸ ਖੜੇ ਰਹਿਣ ਦੀ ਹਦਾਇਤ ਕੀਤੀ ਅਤੇ ਇਹ ਵੀ ਫੁਰਮਾਇਆ ਕਿ ਮੇਰਾ ਸੀਸ ਤੇਰੀ ਗੋਦ ਵਿਚ ਆ ਕੇ ਡਿਗੇਗਾ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਪੰਜਾਂ ਪਿਆਰਿਆਂ ਤੋਂ ਸੀਸ ਭੇਟ ਲੈ ਕੇ ਉਹਨਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਫਿਰ ਉਹਨਾਂ ਤੋਂ ਖੁਦ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ :

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

ਦਾ ਮਹਾਨ ਕੌਤਕ ਰਚਿਆ ਤਾਂ ਉਸ ਤੋਂ ਉਪ੍ਰੰਤ ਸ੍ਰੀ ਅਨੰਦਪੁਰ ਸਾਹਿਬ ਵਿਚ ਅੰਮ੍ਰਿਤਧਾਰੀ ਸਿੰਘਾਂ ਦੀ ਗਿਣਤੀ ਦਿਨੋ ਦਿਨ ਵਧਣ ਲੱਗੀ। ਗੁਰੂ ਜੀ ਦਾ ਸੰਗਤਾਂ ਨੂੰ ਹੁਕਮ ਸੀ ਕਿ ਧਰਮ ਦੀ ਤੇ ਮਜ਼ਲੂਮਾਂ ਦੀ ਰਖਿਆ ਲਈ ਮੁਗਲ ਸਾਮਰਾਜ ਨਾਲ ਅੰਤਮ ਦੌਰ ਦੀ ਟੱਕਰ ਹੋਣ ਵਾਲੀ ਹੈ, ਇਸ ਲਈ ਵੱਧ ਤੋਂ ਵੱਧ ਗਿਣਤੀ ਵਿਚ ਅੰਮ੍ਰਿਤ ਛਕ ਕੇ ਸ਼ਸਤ੍ਰਧਾਰੀ ਸਿੰਘ ਬਣ ਜਾਣਾ ਚਾਹੀਦਾ ਹੈ ਅਤੇ ਅਕਾਲ ਪੁਰਖ ਦੀ ਫੌਜ ਵਿਚ ਭਰਤੀ ਹੋ ਜਾਣਾ ਚਾਹੀਦਾ ਹੈ। ਇਕ ਇਤਿਹਾਸਕ ਰਵਾਇਤ ਅਨੁਸਾਰ ਇਕ ਦਿਨ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਕਿਹਾ ਮੇਰੇ ਪੰਜਾਂ ਸਾਹਿਬਜ਼ਾਦਿਆਂ ਨੂੰ ਪੰਜੇ ਕਕਾਰ ਪਹਿਨਾ ਕੇ ਦੀਵਾਨ ਵਿਚ ਹਾਜ਼ਰ ਕਰੋ। ਸਿੰਘਾਂ ਨੂੰ ਗੁਰੂ ਸਾਹਿਬ ਦੇ ਇਸ ਨਿਰਾਲੇ ਫੁਰਮਾਣ ਦੀ ਸਮਝ ਨਾ ਆਈ, ਕਿਉਂਕਿ ਉਹ ਸਮਝਦੇ ਸਨ ਕਿ ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦੇ ਹਨ। ਉਹ ਚੌਹਾਂ ਸਾਹਿਬ-ਜ਼ਾਦਿਆਂ ਨੂੰ ਮਹਿਲਾਂ ਵਿਚੋਂ ਲੈ ਆਏ ਤੇ ਦੀਵਾਨ ਵਿਚ ਹਾਜ਼ਰ ਕਰ ਦਿਤਾ। ਗੁਰੂ ਜੀ ਨੇ ਫਿਰ ਫੁਰਮਾਇਆ ਭਾਈ ਅਸੀਂ ਤੁਹਾਨੂੰ ਪੰਜਾਂ ਸਾਹਿਬਜ਼ਾਦਿਆਂ ਨੂੰ ਲਿਆਉਣ ਲਈ ਕਿਹਾ ਸੀ। ਪੰਜਵੇਂ ਨੂੰ ਨਾਲ ਕਿਉਂ ਨਹੀਂ ਲਿਆਏ ? ਸਿੰਘਾਂ ਕਿਹਾ, ਮਹਾਰਾਜ ! ਆਪ ਜੀ ਦਾ ਪੰਜਵਾਂ ਸਾਹਿਬਜ਼ਾਦਾ ਕਿਹੜਾ ਹੈ ? ਅਸੀਂ ਸਮਝੇ ਨਹੀਂ। ਤਾਂ ਗੁਰੂ ਜੀ ਨੇ ਕਿਹਾ ਭਾਈ ਜੈਤਾ, ਜਿਸ ਨੂੰ ਅਸੀਂ ਆਪਣੀ ਛਾਤੀ ਨਾਲ ਲਾ ਕੇ—'ਰੰਘਰੇਟੇ ਗੁਰੂ ਕੇ ਬੇਟੇ' ਦਾ ਵਰਦਾਨ ਦੇ ਚੁਕੇ ਹਾਂ, ਉਹ ਸਾਡਾ ਪੰਜਵਾਂ ਸਾਹਿਬਜ਼ਾਦਾ ਹੈ ਉਸ ਨੂੰ ਵੀ ਲਿਆਓ। ਸਿੰਘਾਂ ਨੇ ਇਹ ਗੱਲ ਮਹਿਲਾਂ ਵਿਚ ਜਾ ਕੇ ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨੂੰ ਦੱਸੀ। ਭਾਈ ਜੈਤਾ ਜੀ ਉਸ ਸਮੇਂ ਗੁਰੂ ਜੀ ਦੇ ਪ੍ਰਵਾਰ ਦੀ ਸੇਵਾ ਕਰ ਰਹੇ ਸਨ। ਮਾਤਾ ਜੀ ਨੇ ਉਹਨਾਂ ਨੂੰ ਸੁੰਦਰ ਬਸਤਰ ਪਹਿਨਾਏ। ਪੰਜੇ ਕਕਾਰ ਦਿਵਾਏ ਤੇ ਸਿੰਘਾਂ ਦੇ ਨਾਲ ਉਨ੍ਹਾਂ ਨੂੰ ਦੀਵਾਨ ਵਿਚ ਗੁਰੂ ਸਾਹਿਬ ਜੀ ਦੇ ਹਜ਼ੂਰ ਭੇਜਿਆ। ਗੁਰੂ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਪੰਜਾਂ ਨੂੰ ਅੰਮ੍ਰਿਤ ਛਕਾਇਆ ਤੇ ਇਕ ਕਤਾਰ ਵਿਚ ਖੜੇ ਕਰ ਕੇ ਕਿਹਾ ਕਿ ਇਹ ਹਨ ਸਾਡੇ ਪੰਜ ਸਾਹਿਬਜ਼ਾਦੇ :

੧. ਸਾਹਿਬਜ਼ਾਦਾ ਅਜੀਤ ਸਿੰਘ ਜੀ।
੨. ਸਾਹਿਬਜ਼ਾਦਾ ਜੁਝਾਰ ਸਿੰਘ ਜੀ।
੩. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ।
੪. ਸਾਹਿਬਜ਼ਾਦਾ ਫਤਹਿ ਸਿੰਘ ਜੀ।
੫. ਸਾਹਿਬਜ਼ਾਦਾ ਜੀਵਨ ਸਿੰਘ ਜੀ।

ਇਸ ਘਟਨਾ ਦਾ ਭਾਈ ਜੀਵਨ ਸਿੰਘ ਜੀ ਦੇ ਕੋਮਲ ਹਿਰਦੇ ਉਤੇ ਕਿਤਨਾ

ਅਸਰ ਹੋਇਆ ? ਉਹ ਕਥਨ ਤੋਂ ਬਾਹਰ ਹੈ। ਇਸ ਕਥਨ ਵਿਚ ਕਿਤਨੀ ਸਾਰਥਕਤਾ ਹੈ, ਉਸ ਦਾ ਅਨੁਮਾਨ ਪੁਰਾਤਨ ਗ੍ਰੰਥ ਵਿਚ ਲਿਖੀ ਕਵਿਤਾ ਤੋਂ ਹੋ ਸਕਦਾ ਹੈ :

ਨਾਮ ਗਰੀਬ ਨਿਵਾਜ ਹਮਾਰਾ।
ਹੈ ਜਗ ਮੇਂ ਪ੍ਰਸਿੱਧ ਅਪਾਰਾ।

ਇਹ ਜਗ ਮੇਂ ਸਫਲਾ ਤਬ ਥੈ ਹੈ।
ਲਘੂ ਜਾਤਨ ਕੋ ਬਡਪਨ ਦੈ ਹੈ।

ਜਿਨ ਕੀ ਜਾਤਿ ਗੋਤ ਕੁਲ ਮਾਹੀਂ।
ਸਰਦਾਰੀ ਨਾ ਭਈ ਕਦਾਹੀਂ।

ਤਿਨ ਹੀ ਕੋ ਸਰਦਾਰ ਬਨਾਊਂ।
ਤਬਹਿ ਗੋਬਿੰਦ ਸਿੰਘ ਨਾਮ ਕਹਾਊਂ।

ਗੁਰੂ ਜੀ ਨੇ ਭਾਈ ਜੈਤਾ ਨੂੰ ਆਪਣੇ ਸਾਹਿਬਜ਼ਾਦਿਆਂ ਨਾਲ ਅੰਮ੍ਰਿਤ ਛਕਾ ਕੇ ਅਤੇ ਪੰਜਵਾਂ ਸਾਹਿਬਜ਼ਾਦਾ ਹੋਣ ਦਾ ਵਰਦਾਨ ਦੇ ਕੇ ਜਾਤਿ ਪਾਤਿ ਤੇ ਛੂਆ-ਛੂਤ ਨੂੰ ਉੱਕਾ ਹੀ ਖਤਮ ਕਰਨ ਦਾ ਜੋ ਉਤਮ ਉਦਾਹਰਣ ਪੇਸ਼ ਕੀਤਾ ਉਸ ਦੀ ਸੰਸਾਰ ਦੇ ਇਤਿਹਾਸ ਵਿਚੋਂ ਹੋਰ ਕੋਈ ਮਿਸਾਲ ਨਹੀਂ ਮਿਲਦੀ। ਸੱਚਾ-ਪ੍ਰੇਮ ਹਰ ਪ੍ਰਕਾਰ ਦੇ ਵਿਤਕਰੇ ਖਤਮ ਕਰ ਦਿੰਦਾ ਹੈ। ਗੁਰੂ ਜੀ ਨੇ ਆਪਣੇ ਸਿੱਖਾਂ ਨਾਲ ਕੇਵਲ ਜ਼ਬਾਨੀ ਹੀ ਹਮਦਰਦੀ ਨਹੀਂ ਕੀਤੀ ਸਗੋਂ ਉਸ ਦੇ ਕੁਝ ਐਸੇ ਅਮਲੀ ਸਬੂਤ ਪੇਸ਼ ਕੀਤੇ ਜੋ ਗੁਰ-ਇਤਿਹਾਸ ਦੇ ਸਰਬੋਤਮ ਅੰਗ ਹਨ ਅਤੇ ਸੁਨਹਿਰੀ ਅੱਖਰਾਂ ਵਿਚ ਲਿਖਣ ਦੇ ਯੋਗ ਹਨ।

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਗੜ੍ਹੀ ਵਿਚ ੪੦ ਭੁਖਣ-ਭਾਣੇ ਸਿੱਖ ਅਤੇ ਦੋਹਾਂ ਵਡੇ ਸਾਹਿਬਜ਼ਾਦਿਆਂ ਸਮੇਤ ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਦਸ ਲੱਖ ਫੌਜ ਦੇ ਘੇਰੇ ਵਿਚ ਆਏ ਹੋਏ ਸਨ ਤਾਂ ਬਾਬਾ ਜੀਵਨ ਸਿੰਘ ਜੀ ਨੇ ਗੁਰਬਾਣੀ ਦੇ ਮਹਾਵਾਕ :

ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰ ਚਲੀਐ॥
ਧ੍ਰਿਗ ਜੀਵਨ ਸੰਸਾਰ ਤਾ ਕੇ ਪਾਛੈ ਜੀਵਣਾ।

ਉਪਰ ਅਮਲ ਕਰਦੇ ਹੋਏ ਚਮਕੌਰ ਦੀ ਰਖਿਆ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ ਅਤੇ ਇਹ ਸਾਬਤ ਕਰ ਦਿਤਾ ਕਿ ਜੋ ਗੁਰੂ ਜੀ ਨੇ ਉਨ੍ਹਾਂ ਨੂੰ ਛਾਤੀ ਨਾਲ ਲਾ ਕੇ :

'ਰੰਘਰੇਟੇ ਗੁਰੂ ਕੇ ਬੇਟੇ'
ਦਾ ਮਾਣ ਬਖਸ਼ਿਆ ਸੀ ਤਾਂ ਉਹਨਾਂ ਨੇ ਗੁਰੂ ਸਾਹਿਬ ਦੇ ਦੋਹਾਂ ਵਡੇ ਸਾਹਿਬਜ਼ਾਦਿਆਂ ਤੋਂ ਪਹਿਲਾਂ ਸ਼ਹੀਦੀ ਪ੍ਰਾਪਤ ਕਰ ਕੇ ਗੁਰੂ ਜੀ ਵਲੋਂ ਮਿਲੇ ਵਰਦਾਨ ਨੂੰ ਸਫਲ ਕੀਤਾ। ਬਾਬਾ ਜੀ ਦੀ ਯਾਦਗਾਰ ਚਮਕੌਰ ਸਾਹਿਬ ਵਿਚ ਮੌਜੂਦ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਵੀ ਆਪ ਜੀ ਦੀ ਇਕ ਯਾਦਗਾਰ ਕਾਇਮ ਕੀਤੀ ਜਾ ਰਹੀ ਹੈ।

ਭਾਈ ਜੈਤਾ (ਬਾਬਾ ਜੀਵਨ ਸਿੰਘ) ਯਾਦਗਾਰੀ ਹਸਪਤਾਲ

ਜਿਥੇ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਮਨੁੱਖੀ ਇਤਿਹਾਸ ਵਿਚ ਲਾਸਾਨੀ ਹੈ ਉਥੇ ਗੁਰੂ ਸਾਹਿਬ ਦੇ ਸ਼ਰਧਾਲੂਆਂ ਦੀਆਂ ਕੁਰਬਾਨੀਆਂ ਤੇ ਕਾਰਨਾਮੇ ਵੀ ਅਦੁੱਤੀ ਹਨ। ਇਸ ਸਬੰਧ ਵਿਚ ਭਾਈ ਜੈਤਾ ਜੀ ਦਾ ਸਥਾਨ ਬਹੁਤ ਉੱਚਾ ਹੈ।

ਸਿਵਲ ਹਸਪਤਾਲ ਅਨੰਦਪੁਰ ਸਾਹਿਬ ਭਾਈ ਜੈਤਾ ਜੀ ਨੂੰ ਸਮਰਪਤ ਕੀਤਾ ਗਿਆ ਹੈ, ਜਿਨ੍ਹਾਂ ਨੇ ਦਿੱਲੀ ਵਿਖੇ ਚਾਂਦਨੀ ਚੌਕ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਉਪਰੰਤ ਉਹਨਾਂ ਦਾ ਸੀਸ ਆਨੰਦਪੁਰ ਸਾਹਿਬ ਲਿਆਂਦਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਭਾਈ ਜੈਤਾ ਜੀ ਦੇ ਆਰੰਭਕ ਜੀਵਨ ਬਾਰੇ ਘਟ ਹੀ ਪਤਾ ਹੈ। ਇਸੇ ਅਦੁੱਤੀ ਕਾਰਨਾਮੇ ਕਰਕੇ ਉਹ ਪ੍ਰਸਿੱਧ ਹੋ ਗਏ। ਜਿਸ ਸੂਰਬੀਰਤਾ ਅਤੇ ਦਲੇਰੀ ਨਾਲ ਉਹ ਗੁਰੂ ਸਾਹਿਬ ਦਾ ਸੀਸ ਲੈ ਕੇ ਆਏ, ਅਜਿਹੀ ਕੁਰਬਾਨੀ ਅਤੇ ਹਿੰਮਤ ਦੀ ਮਿਸਾਲ ਦੁਨੀਆਂ ਵਿਚ ਕਿਤੇ ਵੀ ਨਹੀਂ ਮਿਲਦੀ। ਗੁਰੂ ਸਾਹਿਬ ਜੀ ਦੀ ਸ਼ਹੀਦੀ ਨੇ ਉਹਨਾਂ ਵਿਚ ਮਹਾਨ ਆਦਰਸ਼ਵਾਦ ਪੈਦਾ ਕੀਤਾ ਜਿਸ ਕਰਕੇ ਉਹਨਾਂ ਨੇ ਸ਼ਾਹੀ ਫੁਰਮਾਨਾਂ ਦੀ ਉਲੰਘਣਾ ਕਰਦਿਆਂ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਿਆ।

ਭਾਈ ਜੈਤਾ ਜੀ ਦਿੱਲੀ ਵਿਖੇ ਹੀ ਸਨ ਕਿ ਉਹਨਾਂ ਨੂੰ ਇਹ ਪਤਾ ਲਗਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਿੱਲੀ ਆ ਰਹੇ ਹਨ। ਗੁਰੂ ਜੀ ਨੇ ਮਨੁੱਖੀ ਸੁਤੰਤ੍ਰਤਾ ਦੇ ਮੁਢਲੇ ਸਿੱਧਾਂਤਾਂ ਦੀ ਰਖਿਆ ਲਈ ਆਵਾਜ਼ ਉਠਾਈ ਸੀ। ਗੁਰੂ ਜੀ ਦੇ ਨਾਲ ਦੀਵਾਨ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਭੀ ਮੁਗਲ ਸਮਰਾਟ ਦੇ ਹੁਕਮਾਂ ਅਨੁਸਾਰ ਬੰਦੀ ਬਣਾ ਲਿਆ ਗਿਆ। ਉਹਨਾਂ ਨੂੰ ਕੋਤਵਾਲੀ ਵਿਚ ਇਕ ਤੰਗ ਕੋਠੜੀ ਵਿਚ ਬੰਦ ਕਰ ਦਿਤਾ ਗਿਆ। ਭਾਈ ਜੈਤਾ ਜੀ ਨੂੰ ਗੁਰੂ ਸਾਹਿਬ ਦੇ ਦਰਸ਼ਨ ਹਰ ਰੋਜ਼ ਹੋ ਜਾਇਆ ਕਰਦੇ ਸਨ। ਗੁਰੂ ਸਾਹਿਬ ਨੇ ਧਾਰਮਕ ਆਜ਼ਾਦੀ ਲਈ ਔਰੰਗਜ਼ੇਬ ਨੂੰ ਮਨਾਉਣ ਲਈ ਅਣਥੱਕ ਕੋਸ਼ਿਸ਼ਾਂ

ਕੀਤੀਆਂ ਪਰ ਉਹ ਨਾ ਮੰਨਿਆ ਤੇ ਉਸ ਨੇ ਹੁਕਮ ਦਿਤਾ ਕਿ ਇਹਨਾਂ ਨੂੰ ਓਨਾ ਚਿਰ ਤਸੀਹੇ ਦਿਤੇ ਜਾਣ ਜਿੰਨਾ ਚਿਰ ਉਹ ਉਹਦੀ ਧਰਮ ਬਦਲੀ ਦੀ ਗੱਲ ਨਾ ਮੰਨ ਲੈਣ। ਗੁਰੂ ਜੀ ਅਤੇ ਉਹਨਾਂ ਦੇ ਸ਼ਰਧਾਲੂ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਸਨ। ਉਹ ਆਪਣੇ ਮਹਾਨ ਆਦਰਸ਼ਾਂ ਨੂੰ ਤਿਆਗਣ ਲਈ ਬਿਲਕੁਲ ਤਿਆਰ ਨਹੀਂ ਸਨ ਸਗੋਂ ਉਹ ਇਨ੍ਹਾਂ ਲਈ ਜਾਨ ਤੱਕ ਵਾਰ ਦੇਣ ਲਈ ਵੀ ਤੱਤਪਰ ਸਨ। ਦਿੱਲੀ ਦੇ ਧਨਾਢ ਸ਼ਹਿਰੀਆਂ ਨੇ ਗੁਰੂ ਸਾਹਿਬ ਨੂੰ ਮੁਕਤ ਕਰਾਉਣ ਲਈ ਵੱਡੀ ਤੋਂ ਵੱਡੀ ਰਕਮ ਦੇਣ ਦੀ ਵੀ ਪੇਸ਼ਕਸ਼ ਕੀਤੀ, ਪਰ ਗੁਰੂ ਜੀ ਨੇ ਨਾਂਹ ਕਰ ਦਿਤੀ ਅਤੇ ਆਖਿਆ ਕਿ ਉਹ ਇਖ਼ਲਾਕੀ ਅਤੇ ਅਧਿਆਤਮਿਕ ਸੁਤੰਤਰਤਾ ਲਈ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਔਰੰਗਜ਼ੇਬ ਦੇ ਮਨ ਨੂੰ ਬਦਲਣ ਲਈ ਇਥੇ ਆਏ ਹਨ।

ਦੀਵਾਨ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਮਾਨਵਤਾ ਦੀ ਰਖਿਆ ਤੇ ਧਾਰਮਿਕ ਸੁਤੰਤਰਤਾ ਦੇ ਸਿਧਾਂਤਾਂ ਲਈ ਡਟੇ ਰਹਿਣ ਕਾਰਣ ਤਸੀਹੇ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ। ਗੁਰੂ ਸਾਹਿਬ ਨੇ ਤਿੰਨਾਂ ਨੂੰ ਛਾਤੀ ਨਾਲ ਲਾਇਆ ਅਤੇ ਅਸ਼ੀਰਵਾਦ ਦੇਂਦਿਆਂ ਕਿਹਾ 'ਮਨੁਖਤਾ ਲਈ ਤੁਹਾਡੀ ਸ਼ਹਾਦਤ ਤੇ ਸੂਰਬੀਰਤਾ ਦੁਨੀਆਂ ਦੇ ਇਤਿਹਾਸ ਵਿਚ ਬੇਮਿਸਾਲ ਰਹੇਗੀ। ਤੁਹਾਡੀ ਸੂਰਬੀਰਤਾ ਨੂੰ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣਗੀਆਂ।" ਇਸ ਤਰ੍ਹਾਂ ਦੀਵਾਨ ਮਤੀ ਦਾਸ ਜੀ ਨੂੰ ਜੀਂਦੇ ਜੀਅ ਆਰੇ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਜੀ ਦੀ ਬੋਟੀ ਬੋਟੀ ਕਰ ਦਿਤੀ ਗਈ ਅਤੇ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ।

ਹੁਣ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦੀ ਵਾਲੇ ਸਥਾਨ ਤੇ ਲਿਆਂਦਾ ਗਿਆ। ਭਾਈ ਜੈਤਾ ਜੀ ਸ਼ਹੀਦੀ ਵਾਲੇ ਸਥਾਨ ਤੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪਹੁੰਚ ਗਏ। ਉਹ ਦਿਲ ਵਿਚ ਹੀ ਪਾਠ ਕਰ ਰਹੇ ਸਨ ਅਤੇ ਉਹਨਾਂ ਦੀ ਲਿਵ ਗੁਰੂ ਸਾਹਿਬ ਦੇ ਚਰਨਾਂ ਵਿਚ ਜੁੜੀ ਹੋਈ ਸੀ। ਗੁਰੂ ਸਾਹਿਬ ਨੇ ਭਾਈ ਜੈਤੇ ਨੂੰ ਪਛਾਣ ਲਿਆ।

ਇਨਸਾਫ, ਮਨੁੱਖੀ ਹੱਕਾਂ ਅਤੇ ਹਕੀਕੀ ਧਰਮ ਲਈ ਮਹਾਨ ਕੁਰਬਾਨੀ ਦਿਤੀ ਜਾਣ ਵਾਲੀ ਸੀ, ਮਾਨਵਤਾ ਦੇ ਇਤਿਹਾਸ ਦੀ ਬੇਮਿਸਾਲ ਸ਼ਹੀਦੀ ਦਾ ਮਹਾਂ ਨਾਦ ਹੋਣ ਵਾਲਾ ਸੀ। ਗੁਰੂ ਸਾਹਿਬ ਨੇ ਉਥੇ ਖੜੇ ਸਾਰੇ ਲੋਕਾਂ ਨੂੰ ਧੀਰਜ ਤੇ ਆਸ਼ੀਰਵਾਦ ਦਿੱਤੀ। ਕੁਝ ਮਿੰਟਾਂ ਪਿਛੋਂ ਜਦ ਗੁਰੂ ਸਾਹਿਬ ਸਮਾਧੀ ਲਾਈ ਬੈਠੇ ਸਨ ਤਾਂ ਜਲਾਦ ਨੇ ਤਲਵਾਰ ਲਹਿਰਾਈ ਅਤੇ ਗੁਰੂ ਜੀ ਦਾ ਸੀਸ ਧੜ ਨਾਲੋਂ ਅੱਡ ਕਰ ਦਿਤਾ।

ਗੁਰੂ ਜੀ ਨੇ ਭਾਰਤ ਦੇ ਉੱਚਤਮ ਫਲਸਫੇ ਦੀਆਂ ਮਾਨਵਵਾਦੀ ਰਵਾਇਤਾਂ ਅਤੇ ਸਹਿਨਸ਼ੀਲਤਾ ਦੇ ਸਿਧਾਂਤ ਨੂੰ ਉਜਾਗਰ ਕਰਨ ਲਈ ਆਪਣੀ ਕੁਰਬਾਨੀ ਦੇ ਦਿਤੀ। ਜ਼ੁਲਮ ਦੀ ਹਨੇਰੀ ਨੇ ਇਕ ਮਹਾਨ ਪੈਗ਼ੰਬਰ, ਕਵੀ, ਸੰਤ ਸਿਪਾਹੀ ਅਤੇ ਮਾਨਵ-ਹਿਤੈਸ਼ੀ ਦਾਰਸ਼ਨਿਕ ਨੂੰ ਸ਼ਹੀਦ ਕਰ ਦਿਤਾ।

ਰੋਂਦੇ ਅਤੇ ਕੁਰਲਾਂਦੇ ਲੋਕ ਗੁਰੂ ਸਾਹਿਬ ਦੇ ਅੰਤਮ ਦਰਸ਼ਨਾਂ ਲਈ ਉਨ੍ਹਾਂ ਦੀ ਦੇਹ ਕੋਲ ਆਏ। ਚਾਰੇ ਪਾਸੇ ਘੁੱਪ ਹਨ੍ਹੇਰਾ ਛਾ ਚੁਕਾ ਸੀ ਅਤੇ ਤੂਫਾਨ ਝੁੱਲ ਰਿਹਾ ਸੀ।

ਜਦੋਂ ਪੀੜਤ ਲੋਕਾਂ ਦੀ ਭੀੜ ਗੁਰੂ ਸਾਹਿਬ ਦੇ ਅੰਤਮ ਦਰਸ਼ਨਾਂ ਲਈ ਹੋਰ ਨੇੜੇ ਆਈ ਤਾਂ ਇਕ ਆਦਮੀ ਭੀੜ ਨੂੰ ਪਿਛੇ ਧਕੇਲ ਕੇ ਅੱਗੇ ਆਇਆ। ਸੰਤਰੀ ਨੇ ਉਸ ਨੂੰ ਰੋਕਣ ਦਾ ਯਤਨ ਕੀਤਾ। ਇਹ ਭਾਈ ਜੈਤਾ ਸੀ। ਉਸ ਨੇ ਗੁਰੂ ਸਾਹਿਬ ਦਾ ਸੀਸ ਫੁਰਤੀ ਨਾਲ ਚੁਕਿਆ ਅਤੇ ਬਿਜਲੀ ਦੀ ਤਰ੍ਹਾਂ ਭੀੜ ਵਿਚ ਗੁੰਮ ਹੋ ਗਿਆ। ਹੁਣ ਉਸ ਮਹਾਨ ਸ਼ਰਧਾਲੂ ਵਿਚ ਨਵੀਂ ਸ਼ਕਤੀ ਆ ਗਈ ਸੀ ਅਤੇ ਉਹ ਆਨੰਦਪੁਰ ਸਾਹਿਬ ਵਲ ਨੂੰ ਚਲ ਪਿਆ। ਭਾਈ ਜੈਤਾ ਜੀ ਜਮਨਾ ਦਰਿਆ ਦੇ ਨਾਲ ਨਾਲ ਚਲਦੇ ਹੋਏ ਰਾਹ ਵਿਚ ਰਾਤਾਂ ਗੁਜ਼ਾਰਦੇ ਆਪਣੇ ਟੀਚੇ ਵਲ ਵਧਦੇ ਗਏ।

ਚਾਰੇ ਪਾਸੇ ਹਨ੍ਹੇਰਾ ਸੀ ਅਤੇ ਬਹੁਤ ਤੇਜ਼ ਹਵਾ ਵਗ ਰਹੀ ਸੀ। ਸਰਕਾਰੀ ਠੇਕੇਦਾਰ ਲੱਖੀ ਸ਼ਾਹ ਤੇ ਉਸ ਦੇ ਪੁੱਤਰ ਨਗਾਹੀਆ ਦਾ ਗੱਡਿਆਂ, ਊਠਾਂ ਅਤੇ ਘੋੜਿਆਂ ਦਾ ਇਕ ਕਾਫਲਾ ਉਥੋਂ ਲੰਘਿਆ, ਉਹ ਸਭ ਜ਼ੋਰ ਜ਼ੋਰ ਦੀ ਭੀੜ ਨੂੰ ਕਹਿ ਰਹੇ ਸਨ ਸਰਕਾਰੀ ਠੇਕੇਦਾਰ ਦੇ ਕਾਫ਼ਲੇ ਨੂੰ ਲੰਘਣ ਲਈ ਰਾਹ ਦਿਉ। ਕਾਫ਼ਲੇ ਨਾਲ ਕਾਫੀ ਧੂੜ ਉਡ ਰਹੀ ਸੀ। ਭਾਈ ਲੱਖੀ ਸ਼ਾਹ, ਭਾਈ ਉਦੇ ਦੀ ਸਹਾਇਤਾ ਨਾਲ ਗੁਰੂ ਜੀ ਦਾ ਧੜ ਚੁੱਕ ਕੇ ਲੈ ਗਿਆ। ਜਦੋਂ ਕਾਫਲਾ ਲੰਘ ਗਿਆ ਅਤੇ ਧੂੜ ਬਹਿ ਗਈ ਤਾਂ ਗੁਰੂ ਸਾਹਿਬ ਜੀ ਦਾ ਸੀਸ ਅਤੇ ਧੜ ਉਥੇ ਨਹੀਂ ਸਨ। ਗੁਰੂ ਸਾਹਿਬ ਦਾ ਧੜ ਲੱਖੀ ਸ਼ਾਹ ਅਤੇ ਉਸ ਦੇ ਲੜਕੇ ਆਪਣੇ ਪਿੰਡ "ਰਇਸੀਨਾ" ਲੈ ਗਏ ਜਿਥੇ ਹੁਣ ਰਕਾਬਗੰਜ ਗੁਰਦੁਆਰਾ ਹੈ। ਉਨ੍ਹਾਂ ਨੇ ਗੁਰੂ ਸਾਹਿਬ ਦਾ ਧੜ ਬੜੇ ਸਤਿਕਾਰ ਨਾਲ ਬਿਸਤਰੇ ਤੇ ਰੱਖ ਦਿਤਾ ਅਤੇ ਸਾਰੇ ਘਰ ਨੂੰ ਅੱਗ ਲਾ ਦਿਤੀ ਤਾਂ ਜੋ ਕਿਸੇ ਨੂੰ ਸ਼ਕ ਨਾ ਪਵੇ।

੧੬ ਨਵੰਬਰ ੧੬੭੫ ਨੂੰ ਭਾਈ ਜੈਤਾ ਗੁਰੂ ਸਾਹਿਬ ਦਾ ਸੀਸ ਲੈ ਕੇ ਕੀਰਤਪੁਰ ਪਹੁੰਚ ਗਏ ਜਿਥੇ ਨੌਵੇਂ ਗੁਰੂ ਦੇ ਸਾਹਿਬਜ਼ਾਦਾ ਗੋਬਿੰਦ ਰਾਏ, ਮਾਤਾ ਗੁਜਰੀ ਅਤੇ ਮਾਤਾ ਨਾਨਕੀ ਨੇ ਗੁਰੂ ਜੀ ਦੇ ਸੀਸ ਨੂੰ ਆਦਰ ਸਹਿਤ ਪ੍ਰਾਪਤ

ਕੀਤਾ। ਉਹ ਸੀਸ ਨੂੰ ਪਾਲਕੀ ਵਿਚ ਪਾ ਕੇ ਆਨੰਦਪੁਰ ਸਾਹਿਬ ਲੈ ਗਏ। ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ) ਜੀ ਨੇ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਾਇਆ ਅਤੇ ਕਿਹਾ "ਰੰਘਰੇਟਾ ਗੁਰੂ ਕਾ ਬੇਟਾ" ਅਤੇ ਅਸੀਸ ਦਿਤੀ ਕਿ "ਵਾਹਿਗੁਰੂ ਤੁਹਾਡੇ ਤੇ ਬਖਸ਼ਸ਼ ਕਰੇ ਅਤੇ ਗੁਰੂ ਤੁਹਾਡੇ ਹਮੇਸ਼ਾਂ ਅੰਗ ਸੰਗ ਰਹੇ।" ਮਾਤਾ ਨਾਨਕੀ ਜੀ ਨੇ ਵੀ ਆਪਣੇ ਪੁੱਤਰ ਦੇ ਸੀਸ ਨੂੰ ਚੁੰਮਿਆ ਅਤੇ ਅਸ਼ੀਰਵਾਦ ਦਿਤੀ। ਮਾਤਾ ਗੁਜਰੀ ਨੇ ਬੜੀ ਸ਼ਰਧਾ ਨਾਲ ਆਪਣੇ ਸਤਿਕਾਰਯੋਗ ਪਤੀ ਜੀ ਅਗੇ ਸੀਸ ਨਿਵਾਇਆ ਅਤੇ ਉਨ੍ਹਾਂ ਪ੍ਰਣ ਕੀਤਾ ਕਿ ਗੁਰੂ ਜੀ ਦੇ ਮਹਾਨ ਆਦਰਸ਼ਾਂ ਦੀ ਪੂਰਤੀ ਲਈ ਜੀਵਨ ਬਤੀਤ ਕਰਣਗੇ। ਉਹਨਾਂ ਇਹ ਵੀ ਪ੍ਰਣ ਕੀਤਾ ਕਿ ਉਹ ਉਸ ਮਹਾਨ ਕਾਰਜ ਲਈ ਜਾਨ ਕੁਰਬਾਨ ਕਰ ਦੇਣਗੇ ਜਿਸ ਲਈ ਉਨ੍ਹਾਂ ਦੇ ਪਤੀ ਪਰਮੇਸ਼ਵਰ ਨੇ ਸ਼ਹੀਦੀ ਪਾਈ ਸੀ। ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਆਨੰਦਪੁਰ ਸਾਹਿਬ ਵਿਖੇ ਉਨ੍ਹਾਂ ਦੇ ਘਰ ਲਾਗੇ ਕਰ ਦਿਤਾ ਗਿਆ, ਜਿਥੇ ਹੁਣ ਗੁਰਦੁਆਰਾ ਸੀਸ-ਗੰਜ ਹੈ।

ਇਸ ਤੋਂ ਬਾਅਦ ਭਾਈ ਜੈਤਾ ਜੀ ਸਦਾ ਲਈ ਗੁਰੂ ਗੋਬਿੰਦ ਸਿੰਘ ਜੀ ਪਾਸ ਹੀ ਰਹੇ। ਉਨ੍ਹਾਂ ਨੇ ਕਈ ਯੁੱਧਾਂ ਵਿਚ ਭਾਗ ਲਿਆ। ਸੰਨ ੧੬੯੯ ਨੂੰ ਵਿਸਾਖੀ ਵਾਲੇ ਦਿਨ ਹਜ਼ਾਰਾਂ ਸਿੰਘਾਂ ਨਾਲ ਉਨ੍ਹਾਂ ਵੀ ਅੰਮ੍ਰਿਤ ਛਕਿਆ ਅਤੇ ਉਹਨਾਂ ਨੂੰ ਵੀ ਖਾਲਸਾ ਪੰਥ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਉਹਨਾਂ ਦਾ ਨਾਂ ਜੀਵਨ ਸਿੰਘ ਰਖ ਦਿਤਾ ਗਿਆ। ਉਹ ੧੭੦੪ ਈ: ਵਿਚ ਧਰਮ-ਯੁਧ ਵਿਚ ਸ਼ਹੀਦ ਹੋ ਗਏ।

ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਜੈਤਾ ਜੀ ਦੀਆਂ ਕੁਰਬਾਨੀਆਂ ਨੂੰ ਆਉਣ ਵਾਲੀਆਂ ਨਸਲਾਂ ਹਮੇਸ਼ਾਂ ਯਾਦ ਰੱਖਣਗੀਆਂ।

ਪੰਜਾਬ ਸਰਕਾਰ ਨੇ ਇਹਨਾਂ ਪਵਿੱਤਰ ਆਤਮਾਵਾਂ ਦੀ ਯਾਦ ਵਿਚ ਯੋਗ ਯਾਦਗਾਰਾਂ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਸਿਵਲ ਹਸਪਤਾਲ ਆਨੰਦਪੁਰ ਸਾਹਿਬ ਭਾਈ ਜੈਤਾ ਜੀ ਨੂੰ ਸਮਰਪਤ ਕੀਤਾ ਗਿਆ ਹੈ। ਇਨ੍ਹਾਂ ਸ਼ਰਧਾਲੂਆਂ ਦੀਆਂ ਕੁਰਬਾਨੀਆਂ ਦੇਸ਼ ਵਿਚ ਰਾਸ਼ਟਰੀ ਏਕਤਾ ਤੇ ਧਾਰਮਿਕ ਸ਼ਹਿਨਸ਼ੀਲਤਾ ਨੂੰ ਬਲ ਦੇਂਦੀਆਂ ਰਹਿਣਗੀਆਂ ਅਤੇ ਉਹਨਾਂ ਦੇ ਪਵਿੱਤਰ ਆਦਰਸ਼ਾਂ ਦੀ ਪੂਰਤੀ ਲਈ ਕੀਤੇ ਕੰਮ ਸਾਨੂੰ ਨਵਾਂ ਉਤਸ਼ਾਹ ਦੇਂਦੇ ਰਹਿਣਗੇ। ਇਹਨਾਂ ਆਦਰਸ਼ਾਂ ਖਾਤਰ ਹੀ ਸਾਡੇ ਮਹਾਨ ਗੁਰੂ ਅਤੇ ਉਹਨਾਂ ਦੇ ਸ਼ਰਧਾਲੂਆਂ ਨੇ ਆਪਣੇ ਜੀਵਨ ਕੁਰਬਾਨ ਕਰ ਦਿਤੇ ਸਨ।

ਗੁਰੂ ਤੇਗ ਬਹਾਦਰ ਜੀ

ਸ: ਸੂਰਤ ਸਿੰਘ ਯਾਦ

ਡੀ-190 ਗੁਰੂ ਤੇਗ ਬਹਾਦਰ ਨਗਰ, ਬੰਬਈ-37

ਨੌਵੇਂ ਪਾਤਸ਼ਾਹ ਚਾਂਦਨੀ ਚੌਕ ਅੰਦਰ,
ਮੌਤ ਨਾਲ ਟਕਰਾ ਕੇ ਪਏ ਹੋਏ ਸਨ।
ਜੋਤਾਂ ਮੰਦਰਾਂ ਦੇ ਅੰਦਰ ਬਾਲਣੇ ਨੂੰ,
ਜੀਵਨ ਜੋਤ ਜਗਾ ਕੇ ਪਏ ਹੋਏ ਸਨ।
ਧੜ ਤੇ ਸਰ ਦੋਵੇਂ ਜੁਦਾ ਜੁਦਾ ਹੋ ਕੇ,
ਅਣਖੀ ਰਤ ਅੰਦਰ ਨ੍ਹਾ ਕੇ ਪਏ ਹੋਏ ਸਨ।
ਜਿਨ੍ਹਾਂ ਲਈ ਹਜ਼ੂਰ ਸ਼ਹੀਦ ਹੋਏ,
ਉਹ ਡਰਪੋਕ ਊਂਧੀ ਪਾ ਕੇ ਪਏ ਹੋਏ ਸਨ।

ਭਰੇ ਸ਼ਹਿਰ ਚੋਂ ਇਕ ਵੀ ਨਿਤਰਿਆ ਨਹੀਂ,
ਜਿਹੜਾ ਫਰਜ਼ ਦਾ ਰਾਹ ਅਖਤਿਆਰ ਕਰਦਾ।
ਸੀਨਾ ਤਾਣ ਕੇ ਆਉਂਦਾ ਮੈਦਾਨ ਅੰਦਰ,
ਸੀਸ ਦੇਂਦਾ ਜਾ ਸਿਰ ਦਾ ਸਸਕਾਰ ਕਰਦਾ।

ਏਧਰ ਜ਼ਾਲਮ ਹਕੂਮਤ ਦੇ ਨਸ਼ੇ ਅੰਦਰ,
ਚੜ੍ਹ ਕੇ ਛੱਤਾਂ ਤੇ ਜਲੀਆਂ ਪਾ ਰਹੇ ਸਨ।
ਹੱਥੀਂ ਅੱਲਾ ਦਾ ਨੂਰ ਸ਼ਹੀਦ ਕਰਕੇ,
ਹਾਸਦ ਹੀਰ ਦੇ ਜਸ਼ਨ ਮਨਾ ਰਹੇ ਸਨ।
ਪਹਿਰੇਦਾਰ ਤਲਵਾਰਾਂ ਬੇ-ਪਰਦ ਕਰਕੇ,
ਖਬਰਦਾਰ ਦੇ ਹੋਕਰੇ ਲਾ ਰਹੇ ਸਨ।
ਏਧਰ ਤਿਲਕਧਾਰੀ ਉੱਚੀ ਜਾਤ ਵਾਲੇ,
ਬੂਹੇ ਭੇੜਕੇ ਟੱਲ ਖੜਕਾ ਰਹੇ ਸਨ।

ਮਤੇ ਟੱਲੀਆਂ ਦੀ ਸੁਣ ਕੇ ਅਵਾਜ਼ ਕੋਈ,
ਹਾਕਮ ਕੋਲ ਸ਼ਿਕਾਇਤ ਨਾ ਲਾ ਦੇਵੇ।
ਔਰੰਗਜ਼ੇਬ ਗੁੱਸੇ ਵਿਚ ਆ ਕੇ ਤੇ,
ਕਿਧਰੇ ਸਾਨੂੰ ਨਾ ਲੰਮਿਆਂ ਪਾ ਦੇਵੇ।

ਧਰਤੀ ਅਤੇ ਅਸਮਾਨ ਦਾ ਫਰਕ ਕਿੰਨੈ,
ਨਜ਼ਰਾਂ ਵਾਲਿਓ ਨਜ਼ਰਾਂ ਦੇ ਨਾਲ ਵੇਖੋ।
ਏਧਰ ਇਹਨਾਂ ਸ਼ਹੀਦਾਂ ਦੀ ਸ਼ਾਨ ਦੇਖੋ,
ਉਧਰ ਉਹਨਾਂ ਮਰਦੂਦਾਂ ਦਾ ਹਾਲ ਵੇਖੋ।
ਬੂਹਾ ਮੌਤ ਦਾ ਆਪ ਖੜਕਾਉਣ ਆ ਕੇ,
ਸਤਿਗੁਰੂ ਆਪ ਤੇ ਉਹਨਾਂ ਦੇ ਲਾਲ ਵੇਖੋ।
ਬੂਹਾ ਭੇੜ ਕੇ ਟੱਲ ਖੜਕਾਉਣ ਵਾਲੇ,
ਹਿੰਦੂ ਵੀਰਾਂ ਦਾ ਏਧਰ ਕਮਾਲ ਵੇਖੋ।

ਜਿਨ੍ਹਾਂ ਲੋਕਾਂ ਦੇ ਤਿਲਕ ਤੇ ਜੰਞੂ ਖਾਤਰ,
ਮੌਤ ਨਾਲ ਸਤਿਗੁਰੂ ਬਗਲਗੀਰ ਹੋ ਗਏ।
ਉਹ ਡਰਪੋਕ ਮੌਤੋਂ ਡਰ ਕੇ ਰੱਬ ਜਾਣੇ,
ਰਾਤੋ ਰਾਤ ਖਬਰੇ ਕਿਧਰ ਤੀਰ ਹੋ ਗਏ।

ਸ਼ਹਿਰੋਂ ਦੂਰ ਇਕ ਬਸਤੀ ਸੀ ਬੜੀ ਗੰਦੀ,
ਘਿਰਣਾ ਆਉਂਦੀ ਸੀ ਜੀਹਦਾ ਨਜ਼ਾਰਾ ਕਰਕੇ।
ਉਥੇ ਰਹਿੰਦੇ ਸਨ ਮਰਦ ਦੋ ਪਿਤਾ ਪੁੱਤਰ,
ਜੀਵਨ ਲਈ ਹਰ ਕਸ਼ਟ ਗਵਾਰਾ ਕਰਕੇ।
ਸੌਣ ਲੱਗਿਆਂ ਪੁੱਤਰ ਇਹ ਕਹਿਣ ਲੱਗਾ,
ਆਪਣੇ ਪਿਤਾ ਨੂੰ ਚਿੱਤ ਕਰਾਰਾ ਕਰਕੇ।

ਕਹਿੰਦਾ ਬਾਪੂ ਮੈਂ ਸੁਣਿਆ ਹੈ ਧਰਮ ਉਤੋਂ,
ਗੁਰੂ ਮਹਾਰਾਜ ਕੁਰਬਾਨ ਹੋ ਗਏ।
ਚੋਲ਼ਾ ਉਹਨਾਂ ਦਾ ਕੋਈ ਸੰਭਾਲਦਾ ਨਹੀਂ,
ਕਿੰਨੇ ਲੋਕ ਸਾਡੇ ਬੇਈਮਾਨ ਹੋ ਗਏ।

ਸੁਣਕੇ ਬਾਬੇ ਘਸੀਟੇ ਨੂੰ ਰੋਹ ਚੜ੍ਹਿਆ,
ਉਠਿਆ ਮੰਜੇ ਤੋਂ ਡਾਢੇ ਹੁਲਾਰੇ ਦੇ ਨਾਲ।

ਕਹਿੰਦਾ ਚਲ ਸ਼ੇਰਾ ਆਪਾਂ ਚਲਦੇ ਹਾਂ,
ਪ੍ਰੀਤ ਪਾਲਣ ਲਈ ਆਪਣੇ ਪਿਆਰੇ ਦੇ ਨਾਲ।
ਉਸ ਕੌਮ ਨੂੰ ਜੀਣ ਦਾ ਹੱਕ ਕੀ ਏ,
ਧੋਖਾ ਕਰੇ ਜੋ ਅਣਖੀ ਬਣਜਾਰੇ ਦੇ ਨਾਲ।
ਮੌਤ ਪੈਂਦੀ ਸੀ, ਜੇ ਦਸ ਵੀਹ ਮਰ ਜਾਂਦੇ,
ਚੋਲਾ ਸਾਂਭ ਲੈਂਦੇ ਸਾਂਝੇ ਕਾਰੇ ਦੇ ਨਾਲ।
ਐਪਰ ਜੈਤਿਆ ਇਹ ਉੱਚੀ ਜਾਤ ਵਾਲੇ,
ਤੇਗ ਨਹੀਂ ਮੈਦਾਨ ਵਿਚ ਮਾਰ ਸਕਦੇ।
ਸਾਨੂੰ ਨੀਚ ਕਹਿ ਕੇ ਨਫ਼ਰਤ ਕਰਨ ਵਾਲੇ,
ਆਪਣੀ ਨੀਚਤਾ ਨਹੀਂ ਵਸਾਰ ਸਕਦੇ।

ਸਾਡੀ ਜ਼ਿੰਦਗੀ ਦਾ ਜੀਊਣਾ ਲੱਖ ਲਾਹਨਤ,
ਰੁਲਦਾ ਰਿਹਾ ਜੇ ਸਾਡੇ ਦਾਤਾਰ ਦਾ ਸਿਰ।
ਆਪਾ ਮਾਹੀ ਦੇ ਸੀਸ ਤੋਂ ਵਾਰ ਦੇਣੈ,
ਸਣੇ ਆਪਣੇ ਸਾਰੇ ਪਰਵਾਰ ਦਾ ਸਿਰ।

ਉਨੀ ਦੇਰ ਮੁਸ਼ਕਲ ਆਉਣਾ ਉਸ ਸਿਰ ਦਾ,
ਜਿੰਨੀ ਦੇਰ ਕੋਈ ਮਰਦ ਨਹੀਂ ਵਾਰਦਾ ਸਿਰ।
ਅਣਖੀ ਸਿਰਾਂ ਤੇ ਹੀ ਚੁਕਿਆ ਜਾਏਗਾ ਉਹ
ਉਹ ਹੈ ਅਣਖੀ ਸ਼ਹੀਦ ਸਰਦਾਰ ਦਾ ਸਿਰ।

ਕਾਹਦਾ ਗਿਲਾ ਹੈ ਬੁਜ਼ਦਿਲਾਂ ਬੰਦਿਆਂ ਤੇ,
ਉਹਨਾਂ ਵਿਚ ਜੇ ਅਣਖ ਦੀ ਕਣੀ ਹੁੰਦੀ।
ਹੁਣ ਤਕ ਕਦੋਂ ਦੇ ਬਦਲ ਹਾਲਾਤ ਜਾਂਦੇ,
ਕਿਸਮਤ ਕੌਮ ਦੀ ਕਦੋਂ ਦੀ ਬਣੀ ਹੁੰਦੀ।

ਸੀਸ ਲੈ ਕੇ ਜੈਤਾ ਗਿਆ ਅਨੰਦਪੁਰ,
ਚਾਦਰ ਗਈ ਉਤਾਰੀ ਜਾ ਸੀਸ ਉਤੋਂ।

ਗੁਰੂ ਘਰੋਂ ਫਿਰ ਸਿਖੀ ਦੀ ਦਾਤ ਪਾਈ,
ਮਾਤ ਗੁਜਰੀ ਨੇ ਉਸ ਵਲ ਝਾਤ ਪਾਈ।
ਨੈਣੋਂ ਅੱਥਰੂ ਨਹੀਂ, ਅੰਗਾਰ ਡਿੱਗੇ,
ਸਾਹਿਬਾਂ ਉਹਨਾਂ ਅੰਗਾਰਾਂ ਚੋਂ ਦਾਤ ਪਾਈ।

ਮਾਤਾ ਦੇਖਿਆ ਫੇਰ ਦਸਮੇਸ਼ ਵਲੇ,
ਨਜ਼ਰਾਂ ਨਾਲ ਦਸਮੇਸ਼ ਨੂੰ ਬਾਤ ਪਾਈ।
ਸੀਸ ਲੈ ਕੇ ਜੈਤਾ ਗਿਆ ਅਨੰਦਪੁਰ,
ਗੁਰੂ ਘਰੋਂ ਫਿਰ ਸਿਖੀ ਦੀ ਦਾਤ ਪਾਈ।
ਚਾਦਰ ਗਈ ਉਤਾਰੀ ਜਾ ਸੀਸ ਉਤੋਂ,
ਮਾਤਾ ਗੁਜਰੀ ਨੇ ਉਸ ਵਲ ਝਾਤ ਪਾਈ।
ਉਸੇ ਨਜ਼ਰ ਨੇ ਸਿਖ ਨਿਰਮਾਣ ਵਾਲੀ,
ਗੋਬਿੰਦ ਸਿੰਘ ਅੰਦਰ ਕਰਾਮਾਤ ਪਾਈ।
ਹੋਣੀ ਜੰਗ ਹਜ਼ੂਰ ਨੇ ਕਿਹਾ ਰੋਹ ਵਿਚ,
ਮਾਤਾ ਤੇਰਾ ਅਹਿਸਾਨ ਚੁਕਾ ਦਿਆਂਗਾ।
ਧਰਮੀ ਪਿਤਾ ਦੇ ਸੀਸ ਦਾ ਲਊਂ ਬਦਲਾ,
ਪਾਪੀ ਰਾਜ ਦੀ ਅੱਲਖ ਮੁਕਾ ਦਿਆਂਗਾ।

ਰੁਬਾਈ

ਚਾਦਰ ਹਿੰਦ ਦੀ ਬਣ ਕੇ ਤਣ ਗਿਆ ਜੋ,
ਆਉ ਉਸ ਬਲਕਾਰ ਦੀ ਗੱਲ ਕਰੀਏ।
ਦਿੱਲ ਦਿੱਲੀ ਦਾ ਜਿਸ ਨੇ ਆਣ ਮੋਹਿਆ,
ਦਿਲ ਵਾਲੇ ਦਿਲਦਾਰ ਦੀ ਗੱਲ ਕਰੀਏ।

ਕਰੀਏ ਬੰਦਨਾਂ ਜੋੜ ਕੇ ਹੱਥ ਦੋਵੇਂ,
ਉਹਦੇ ਉੱਚੇ ਕਿਰਦਾਰ ਦੀ ਗੱਲ ਕਰੀਏ।

ਬਾਬਾ ਵਿਚ ਬਕਾਲੇ ਜੋ ਜ਼ਾਹਰ ਹੋਇਆ,
ਨੌਵੇਂ ਗੁਰੂ ਦਾਤਾਰ ਦੀ ਗੱਲ ਕਰੀਏ।

ਗੁਰੂ ਕਾ ਬੇਟਾ

(ਸ੍ਰੀ ਬਾਊ ਰਾਮ ਲੁਭਾਇਆ 'ਪਦਮ', ਅੰਮ੍ਰਿਤਸਰ)

ਚਾਂਦਨੀ ਚੌਕ ਮਾਨੁਖਤਾ ਗਈ ਚੀਰੀ,
ਬਾਈਬਲ, ਗ੍ਰੰਥ, ਪੁਰਾਨ, ਕੁਰਾਨ ਕੰਬੇ।
ਸੱਤਾਂ ਸਾਗਰਾਂ ਵਿਚ ਤੂਫਾਨ ਆ ਗਏ,
ਸੱਤੇ ਧਰਤੀਆਂ, ਸੱਤੇ ਅਸਮਾਨ ਕੰਬੇ।
ਸੀਨਾ ਫਟ ਗਿਆ, ਕੁਦਰਤ ਦਾ ਫੱਟ ਤੱਕ ਕੇ,
ਸ਼ੇਸ਼ ਨਾਗ ਤੇ ਵਿਸ਼ਨੂੰ ਭਗਵਾਨ ਕੰਬੇ।
ਕਾਬਾ ਕੰਬਿਆ, ਕੰਬ ਗਏ ਹੱਜ ਕਰਦੇ,
ਰੱਬੀ ਖੌਫ ਵਾਲੇ ਮੁਸਲਮਾਨ ਕੰਬੇ।

ਐਪਰ ਸੀਸ ਹੈ ਸੀ ਹੱਸਦਾ ਸਤਿਗੁਰਾਂ ਦਾ,
ਧੜ ਤੋਂ ਵੱਖਰਾ ਪਰ ਮੁਸਕਰਾ ਰਿਹਾ ਸੀ।
ਜਮਨਾ ਤੱਕ ਤੱਕ ਕੇ ਗੋਤੇ ਖਾ ਰਹੀ ਸੀ,
ਦਿਲ ਦਿੱਲੀ ਦਾ ਡੁਬਦਾ ਜਾ ਰਿਹਾ ਸੀ।

ਪੈਰ ਪੈਰ ਤੇ ਫੌਜ ਦਾ ਕੜਾ ਪਹਿਰਾ,
ਦਿੱਲੀ ਸੁੰਨ-ਮਸਾਨ ਪਈ ਜਾਪਦੀ ਸੀ।
ਪੁੰਨ ਸੌ ਸੌ ਸਿਜਦੇ ਕਰ ਰਿਹਾ ਸੀ,
ਧੌਣ ਸ਼ਰਮ ਅੰਦਰ ਝੁਕਦੀ ਪਾਪ ਦੀ ਸੀ।
ਕੰਧੀਂ ਲੱਗੇ ਸੀ ਮੱਖੀਆਂ ਵਾਂਗ ਲੋਕੀਂ,
ਤੋਬਾ ਕਰ ਰਹੇ ਬਾਪ ਦੇ ਬਾਪ ਦੀ ਸੀ।
ਧੰਨ ਧੰਨ ਆਸਮਾਨ ਚੋਂ ਵਾਜ ਆਵੇ,
ਬਰਕਤ ਸਾਰੀ ਇਹ ਜਪਜੀ ਜੀ ਦੇ ਜਾਪ ਦੀ ਸੀ।

ਅਤਿ ਵੇਖ ਸਰਬੱਤ ਨੂੰ ਆਏ ਚੱਕਰ,
ਚੜ੍ਹੀ ਲਾਲ ਹਨੇਰੀ ਆਕਾਸ਼ ਉਤੇ।

ਚੱਦਰ ਸੋਗ ਦੀ ਉਸ ਨੇ ਤਾਣ ਦਿੱਤੀ,
ਸੂਰਜ ਦੇਵ ਦੇ ਨੂਰੀ ਪ੍ਰਕਾਸ਼ ਉਤੇ।

ਚੌਕ ਵਿਚ ਨਹੀਂ ਸੀ ਚਿੜੀ ਫੜਕ ਸਕਦੀ,
ਜ਼ਬਰਦਸਤ ਹੈ ਸੀ ਇੰਤਜ਼ਾਮ ਉਥੇ।
ਸਾਰੇ ਸ਼ਹਿਰ ਵਿਚ ਫੌਜ ਸੀ ਗਸ਼ਤ ਕਰਦੀ,
ਡਟੇ ਹੋਏ ਸਨ ਅਫਸਰ ਤਮਾਮ ਉਥੇ।
ਔਰੰਗਜ਼ੇਬ ਮਸੀਤ 'ਚੋਂ ਵੇਖਦਾ ਸੀ,
ਬੈਠਾ ਪੌੜੀਆਂ ਵਿਚ ਅਮਾਮ ਉਥੇ।
ਉਸ ਵੇਲੇ ਦਸਮੇਸ਼ ਦਾ ਸ਼ੇਰ ਜੈਤਾ,
ਆਇਆ ਘਾਤ ਲਾ ਕੇ ਸ਼ਰੇਆਮ ਉਥੇ।

ਉਸ ਗੁਰੂ ਦੇ ਬੇਟੇ ਨਿਡੱਰ ਸੂਰੇ,
ਰੰਘਰੇਟੜੇ ਜਿਗਰਾ ਕਮਾਲ ਦੱਸਿਆ।
ਅਦਬ ਨਾਲ ਲਪੇਟ ਕੇ ਸੀਸ ਪਾਵਨ,
ਚੁਕ ਕੇ ਸੀਸ ਤੇ ਧਰਮ ਨੂੰ ਪਾਲ ਦੱਸਿਆ।

ਪੈਰਾਂ ਵਿਚ ਭੁਚਾਲ ਦੀ ਚਾਲ ਲੈ ਕੇ,
ਅਣਖੀ ਸ਼ੇਰ ਦਸਮੇਸ਼ ਦਾ ਮਾਨ ਤੁਰਿਆ।
ਬੁਲ੍ਹ ਟੁੱਕਦਾ ਗੁੱਸੇ 'ਚ ਲਾਲ ਹੋਇਆ,
ਡੱਕ ਡੱਕ ਕੇ ਦਿਲੀ-ਅਰਮਾਨ ਤੁਰਿਆ।
ਰਾਹ ਵਿਚ ਕਵੇ ਦਿਲ ਨੂੰ, ਬਦਲਾ ਛੱਡਣਾ ਨਹੀਂ,
ਓਹ ਧਿਆਨ ਵਿਚ ਕਰਦਾ ਧਿਆਨ ਤੁਰਿਆ।
ਕੀਰਤਪੁਰ ਅੰਦਰ ਸਿੱਧਾ ਜਾ ਪੁੱਜਾ,
ਸ਼ੇਰ ਦਿਲ ਸਰਦਾਰੀਆਂ ਪਾਨ ਤੁਰਿਆ।

ਜਾ ਕੇ ਗੁਰੂ ਦਸਮੇਸ਼ ਦੀ ਵਿਚ ਝੋਲੀ,
ਸੀਸ ਧਰਿਆ ਪੂਰੇ ਸਨਮਾਨ ਦੇ ਨਾਲ।
ਜੋਤ, ਜੋਤ ਦੇ ਨਾਲ ਸੀ ਮਿਲੀ ਹੋਈ,
ਨੌਵੇਂ ਪਾਤਸ਼ਾਹ ਦੀ ਅੰਤਰ ਧਿਆਨ ਦੇ ਨਾਲ।

ਸੀਸ ਲੈ ਕੇ ਸਤਿਗੁਰਾਂ ਸਤਿਗੁਰਾਂ ਦਾ,
ਸੀਨੇ ਨਾਲ ਲਾ ਕੇ ਸੀ ਸਨਮਾਨ ਕੀਤਾ।
ਪੂਜਾ ਓਸ ਦੀ ਕੀਤੀ ਅਰਦਾਸ ਕਰਕੇ,
ਪੂਰਾ ਅਦਬ ਕੀਤਾ, ਪੂਰਾ ਮਾਨ ਕੀਤਾ।
ਫੇਰ ਜੈਤੇ ਨੂੰ ਆਖਿਆ ਜੀਵਨ ਜੋਗੇ,
ਜੀਵਨ ਵਿਚ ਤੂੰ ਕਾਰਜ ਮਹਾਨ ਕੀਤਾ।
ਤੂੰ ਰੰਘਰੇਟੜਾ ਗੁਰੂ ਕਾ ਬੇਟੜਾ ਏਂ,
ਸੰਗਤ ਸਜੀ ਦੇ ਵਿਚ ਐਲਾਨ ਕੀਤਾ।

ਤੂੰ ਤਾਂ ਲੋਕ ਪ੍ਰਲੋਕ ਸਵਾਰ ਲੀਤਾ,
ਸਿੱਖੀ ਸਿਦਕ ਨੂੰ ਪੂਰਾ ਨਿਭਾ ਲਿਆ ਏ।
'ਪਦਮ' ਬਣ ਕੇ ਚਮਕੇਗਾ ਨਾਮ ਤੇਰਾ,
ਜੀਵਨ ਆਪਣਾ ਅਮਰ ਬਣਾ ਲਿਆ ਏ।

ਭਾਈ ਜੈਤਾ ਜੀ

(ਸ: ਧੰਨਾ ਸਿੰਘ 'ਰੰਗੀਲਾ', ਅੰਮ੍ਰਿਤਸਰ)

ਚਾਦਰ ਹਿੰਦ ਦੀ, ਰਾਖੇ ਮਾਨੁੱਖਤਾ ਦੇ,
ਦਿੱਲੀ ਵਿਚ ਜਾਂ ਆਣ ਕੁਰਬਾਨ ਹੋ ਗਏ।
ਮੁਗਲ-ਰਾਜ ਦੇ ਜ਼ੁਲਮ ਦੀ ਅਤਿ ਹੋ ਗਈ,
ਜਜ਼ਬੇ ਹਿੰਦ ਦੇ ਲਹੂ-ਲੁਹਾਨ ਹੋ ਗਏ।
ਖਾ ਕੇ ਸੱਟ ਹਰ ਹਿੰਦੀ ਦੀ ਅਣਖ ਜਾਗੀ,
ਪੈਦਾ ਕਤਰਿਆਂ ਵਿਚੋਂ ਤੂਫਾਨ ਹੋ ਗਏ।
ਉਦੋਂ ਭਾਈ ਜੈਤਾ ਹੋਰੀਂ ਸੀਸ ਲੈ ਕੇ,
ਕੀਰਤਪੁਰ ਦੇ ਵਲ ਰਵਾਨ ਹੋ ਗਏ।
ਰਵਾਂ ਰਵੀਂ ਦਰਬਾਰ ਵਿਚ ਆਣ ਪਹੁੰਚੇ,
ਚਰਨੀਂ ਸੀਸ ਝੁਕਾਇਆ ਪਿਆਰ ਦੇ ਨਾਲ।
ਲਾ ਕੇ ਸੀਨੇ ਜੋ ਗੁਰਾਂ ਦਾ ਸੀਸ ਆਂਦਾ,
ਬਾਲ-ਗੁਰੂ ਨੂੰ ਦਿਤਾ ਸਤਿਕਾਰ ਦੇ ਨਾਲ।

ਸੀਸ ਨਾਲ ਹੰਝੂ ਮੋਤੀ ਭੇਟ ਕਰ ਕੇ,
ਜੈਤਾ ਬੜੇ ਵੈਰਾਗ ਵਿਚ ਬੋਲਿਆ ਸੀ।
ਦਾਤਾ ਜਦੋਂ ਗੁਰਦੇਵ ਸ਼ਹੀਦ ਹੋ ਗਏ,
ਧਰਤੀ ਕੰਬ ਉੱਠੀ, ਅੰਬਰ ਡੋਲਿਆ ਸੀ।
ਮਤੀ ਦਾਸ ਗਿਆ ਚੀਰਿਆ ਨਾਲ ਆਰੇ,
ਜਾਂ ਉਸ ਭੇਤ ਹਕੀਕਤ ਦਾ ਖੋਲਿਆ ਸੀ।
ਸਾਰੀ ਦਿੱਲੀ ਦੇ ਵਿਚ ਕੁਰਲਾਟ ਮਚਿਆ,
ਰੋ ਰੋ ਨੀਰ ਜ਼ਮਾਨੇ ਨੇ ਡੋਲ੍ਹਿਆ ਸੀ।
ਆਲੂ ਵਾਂਗ ਦਿਆਲਾ ਉਬਾਲ ਕੇ ਤੇ,
ਬੁਰੇ ਹਾਲ ਨਾਲ ਕੀਤਾ ਸ਼ਹੀਦ ਗਿਆ।

ਸੌ ਸੌ ਲਾਹਨਤ ਔਰੰਗੇ ਨੇ ਖਟ ਲਈ ਏ,
ਸੌਦਾ ਸੱਚ ਦਾ ਸਿਦਕੀ ਖਰੀਦ ਗਿਆ।

ਡਕ ਡਕ ਜਲ ਨਾਲ ਭਰੇ ਸੀ ਨੈਣ ਓਹਦੇ,
ਗੱਲਾਂ ਕਰੀ ਜਾਏ, ਨਾਲੇ ਰੋਈ ਜਾਵੇ।
ਸੁਰਤੀ ਜੁੜ ਰਹੀ ਸੀ, ਨੈਣਾਂ ਬਾਰੀਆਂ ਨੂੰ,
ਕਦੇ ਜਾਏ ਖੋਲ੍ਹੀ, ਕਦੇ ਢੋਈ ਜਾਵੇ।
ਭੁੱਲੀ ਆਪਣੇ ਆਪ ਦੀ ਸੁੱਧ ਓਹਨੂੰ,
ਐਸਾ ਪ੍ਰੇਮ ਅੰਦਰ ਬੌਰਾ ਹੋਈ ਜਾਵੇ।
ਕਦੇ ਬਾਲ ਦਸਮੇਸ਼ ਵਲ ਝੁਕੀ ਜਾਵੇ,
ਜਗਤ-ਮਾਤਾ ਦੇ ਚਰਨਾਂ ਨੂੰ ਧੋਈ ਜਾਵੇ।
ਉਠ ਕੇ ਸੀਨੇ ਨਾਲ ਲਾ ਕੇ ਦਸਮੇਸ਼ ਬੋਲੇ,
ਗੁਰੂ ਘਰ ਵਿਚ ਹੋਇਆ ਪ੍ਰਵਾਨ ਏਂ ਤੂੰ।
'ਰੰਘਰੇਟੜਾ, ਗੁਰੂ ਕਾ ਬੇਟੜਾ' ਤੂੰ,
ਗੋਬਿੰਦ ਰਾਇ ਦੀ ਜਿੰਦ ਤੇ ਜਾਨ ਏਂ ਤੂੰ।

ਚੰਡੀ ਧੂ ਫਿਰ ਕੜਕ ਦਸਮੇਸ਼ ਬੋਲੇ,
ਜ਼ੁਲਮ ਜਗ ਦੇ ਵਿਚੋਂ ਮਿਟਾਵਾਂਗਾ ਮੈਂ।
ਖੰਡੇ ਧਾਰ ਦਾ ਅੰਮ੍ਰਿਤ ਤਿਆਰ ਕਰਕੇ,
ਐਸਾ ਖਾਲਸਾ ਪੰਥ ਸਜਾਵਾਂਗਾ ਮੈਂ।
ਲੱਖ ਲੱਖ ਨਾਲ ਕੱਲਾ ਲੜਾਵਾਂਗਾ ਮੈਂ,
ਬਾਜ ਚਿੜੀਆਂ ਦੇ ਕੋਲੋਂ ਤੁੜਾਵਾਂਗਾ ਮੈਂ।
ਖੱਤ੍ਰੀ, ਬਾਣੀਏ ਤੱਕੜੀ ਤੋਲਦੇ ਜੋ,
ਖੰਡੇ ਉਹਨਾਂ ਦੇ ਹੱਥੀਂ ਫੜਾਵਾਂਗਾ ਮੈਂ।
ਕੀੜੀ ਮਾਰਨੀ ਸਮਝਦੇ ਪਾਪ ਜਿਹੜੇ,
ਹੱਥਾਂ ਨਾਲ ਉਹਨਾਂ ਹਾਥੀ ਮਾਰਨੇ ਨੇ।
ਏਠੇ ਭਾਗਾਂ ਨੂੰ ਅਜ ਜੋ ਰੋ ਰਹੇ ਨੇ,
ਇਹਨਾਂ ਦੇਸ਼ ਦੇ ਭਾਗ ਸਵਾਰਨੇ ਨੇ।

ਐਸੀ ਅਣਖ ਦੀ ਕਰਾਂਗਾ ਸ਼ਮ੍ਹਾਂ ਰੌਸ਼ਨ,
ਜ਼ੁਲਮ ਸਿਤਮ ਦਾ ਦੂਰ ਹਨੇਰ ਹੋਣਾ।

ਝਟ ਸਿੰਘ ਪਛਾਣਿਆਂ ਜਾਓ ਮੇਰਾ,
ਸੀਸ ਤਲੀ ਧਰ ਕੇ ਬੱਬਰ ਸ਼ੇਰ ਹੋਣਾ।
ਲੱਖਾਂ ਨਾਲ ਮੁਕਾਬਲਾ ਕਰੂ ਕੱਲਾ,
ਐਸਾ ਦਿਲ ਦਾ ਓਸ ਦਲੇਰ ਹੋਣਾ।
ਰੰਦੇ ਸਿਰਾਂ ਦੇ ਪਹਿਲੇ ਨੇ ਲਾਏ ਜਾਣੇ,
ਸਿੱਖੀ ਕਿਲਾ ਮਜ਼ਬੂਤ ਏ ਫੇਰ ਹੋਣਾ।

ਧੱਕਾ ਲਿਸਿਆਂ ਨਾਲ ਜੋ ਕਰ ਰਹੀ ਏ,
ਧੱਕੇ ਸ਼ਾਹੀ ਨੂੰ ਮੈਂ ਬਰਬਾਦ ਕਰਨਾ।
ਆਪ ਰਵਾਂ, ਨਾ ਰਵਾਂ, ਚਾਹੇ ਬੰਸ ਲੱਗੇ,
ਹਿੰਦੁਸਤਾਨ 'ਰੰਗੀਲੇ' ਆਜ਼ਾਦ ਕਰਨਾ।

ਔਰੰਗਜ਼ੇਬ ਦਾ ਐਲਾਨ

(ਬਚਨ ਪਹਿਲਵਾਨ 'ਬਚਨ', ਅੰਮ੍ਰਿਤਸਰ)

ਪੀਰ ਹਿੰਦ ਦਾ ਅੱਜ ਤੋਂ ਗਿਆ ਉਥੇ,
ਜਿਥੇ ਗਿਆ ਨਾ ਪਰਤਿਆ ਗਿਆ ਹੋਇਆ ।
ਮੈਂ ਤੇ ਆਪਣੇ ਪਿਤਾ ਨੂੰ ਬਖਸ਼ਿਆ ਨਹੀਂ,
ਕੁਝ ਕੁ ਕਾਫਰ ਜੇ ਮਰੇ ਤਾਂ ਕਿਆ ਹੋਇਆ ।
ਮੁਸਲਮਾਨ ਬਣਾਵਾਂਗਾ ਜ਼ਬਰਦਸਤੀ,
ਹਿੰਦੂ ਬਚਿਆ ਜੇ ਕੋਈ ਰਿਹਾ ਹੋਇਆ ।
ਆਇਆ ਸਿਰ ਬਚਾਣ ਜੋ ਬ੍ਰਾਹਮਣਾਂ ਦੇ,
ਓਹਦਾ ਸਿਰ ਚੁਰਾਹੇ 'ਚ ਪਿਆ ਹੋਇਆ ।

ਓਹਦਾ ਨਾਮ-ਲੇਵਾ ਕੋਈ ਨਜ਼ਰ ਨਹੀਂ ਆਉਂਦਾ,
ਓਹਦਾ ਸਿਰ ਕੋਈ ਡਰਦਿਆਂ ਚੁਕਦਾ ਨਹੀਂ ।
ਮੈਂ ਨਹੀਂ ਤੇਗ ਮਿਆਨ ਦੇ ਵਿਚ ਪਾਉਣੀ,
ਹਿੰਦੂ ਧਰਮ ਇਹ ਜਦ ਤਕ ਮੁੱਕਦਾ ਨਹੀਂ ।

ਕਿਵੇਂ ਸਿਰ ਨੂੰ ਚੁੱਕਦਾ ਕੋਈ ਆ ਕੇ,
ਲੱਗੇ ਉਸ ਥਾਂ ਤੇ ਪਹਿਰੇ ਕੜੇ ਹੋਏ ਸੀ ।
ਨਾਰ੍ਹੇ ਅੱਲਾ-ਹੂ ਅਕਬਰ ਦੇ ਲਗ ਰਹੇ ਸੀ,
ਚੱਪੇ ਚੱਪੇ ਤੇ ਸੰਤਰੀ ਖੜੇ ਹੋਏ ਸੀ ।
ਲੱਕ ਨਾਲ ਤਲਵਾਰਾਂ ਸੀ ਲਟਕ ਰਹੀਆਂ,
ਹੱਥਾਂ ਵਿਚ ਨੇਜ਼ੇ ਤਿੱਖੇ ਫੜੇ ਹੋਏ ਸੀ ।
ਛੇ ਛੇ ਫੁੱਟ ਤੋਂ ਘੱਟ ਜਵਾਨ ਕੋਈ ਨਾ,
ਜਿਹੜੇ ਘੋੜਿਆਂ ਤੇ ਗਸ਼ਤ ਚੜ੍ਹੇ ਹੋਏ ਸੀ ।

ਇਹੋ ਜਿਹਾ ਭਿਆਨਕ ਉਹ ਸਮਾਂ ਹੈ ਸੀ,
ਮੌਤ ਕੱਦ ਜਵਾਨਾਂ ਦੇ ਅੰਗ ਰਹੀ ਸੀ ।

ਲਵੇ ਡਰਦਿਆਂ ਕੋਈ ਨਾ ਸਾਹ ਉੱਚਾ,
ਹਵਾ ਸਹਿਮ ਕੇ ਉਥੋਂ ਦੀ ਲੰਘ ਰਹੀ ਸੀ।

ਭਾਈ ਜੈਤੇ ਨੂੰ ਟੁੰਬਿਆ ਅਣਖ ਐਸਾ,
ਉਹਦੇ ਦਿਲ ਅੰਦਰ ਜਵਾਲਾ ਭੜਕ ਉੱਠੀ।
ਚਿਣਗਾਂ ਫੁੱਟੀਆਂ ਉਹਦੇ ਸਰੀਰ ਵਿਚੋਂ,
ਰੱਤ ਹਠੀ ਜਵਾਨ ਦੀ ਗੜਕ ਉੱਠੀ।
ਅੱਖਾਂ ਰੱਤੀਆਂ, ਰੱਤੀਆਂ ਵਾਂਗ ਹੋਈਆਂ,
ਬਿਜਲੀ ਗੈਰਤ ਦੀ ਸਿਰ ਤੇ ਕੜਕ ਉੱਠੀ।
ਜਿਉਂ ਜਿਉਂ ਸੀਨ ਸ਼ਹੀਦੀ ਦਾ ਆਏ ਸਾਹਵੇਂ,
ਰੜਕ ਤਿਉਂ ਤਿਉਂ ਸੀਨੇ 'ਚ ਰੜਕ ਉੱਠੀ।

ਉਹਦੇ ਦਿਲ ਦੇ ਵਿਚ ਖਿਆਲ ਆਇਆ,
ਚੁੱਕਣਾ ਚਾਹੀਦੈ ਨੌਵੇਂ ਹਜ਼ੂਰ ਦਾ ਸਿਰ।
ਉਹਦੇ ਸਿਰ ਦਾ, ਸਿਰ ਨਹੀਂ ਕੋਈ ਸਾਨੀ,
ਨੀਵਾਂ ਕੀਤਾ ਏ ਉਹਨੇ ਗ਼ਰੂਰ ਦਾ ਸਿਰ।

ਏਨੇ ਚਿਰ ਨੂੰ ਕੁਦਰਤੀ ਰਾਤ ਵੇਲੇ
ਮੀਂਹ ਆਇਆ ਤੇ ਸਮੇਂ 'ਚ ਫੇਰ ਆਇਆ।
ਜੜ੍ਹਾਂ ਉਤੋਂ ਸੀ ਹਵਾ ਨੇ ਰੁੱਖ ਪੁੱਟੇ,
ਇਹੋ ਜਿਹਾ ਸੀ ਝੱਖੜ ਹਨ੍ਹੇਰ ਆਇਆ।
ਸ਼ਮ੍ਹਾਦਾਨ ਦੀਵੇ ਜਦੋਂ ਗੁੱਲ ਹੋ ਗਏ,
ਉਦੋਂ ਹਰਕਤ ਦੇ ਵਿਚ ਸੀ ਸ਼ੇਰ ਆਇਆ।
ਸੀਸ ਜਿਥੇ ਗੁਰਦੇਵ ਦਾ ਪਿਆ ਹੋ ਸੀ,
ਉਸੇ ਥਾਂ ਤੇ ਝੱਟ ਦਲੇਰ ਆਇਆ।

ਸ਼ਰਧਾ ਨਾਲ ਲਪੇਟ ਕੇ ਵਿਚ ਚਾਦਰ,
ਜਾਨ ਤਲੀ ਤੇ ਧਰ ਹਠੀਲਾ ਤੁਰਿਆ।
ਗੁਰੂ ਨਾਨਕ ਮਹਾਰਾਜ ਤੇ ਰੱਖ ਡੋਰੀ,
ਧਰ ਕੇ ਸਿਰ ਤੇ ਸਿਰ ਅਣਖੀਲਾ ਤੁਰਿਆ।

ਤੁਰਿਆ ਨਾਮ ਦੀ ਮਸਤੀ 'ਚ ਮਸਤ ਹੋ ਕੇ,
ਭੌਰਾ ਜਿਸ ਤਰ੍ਹਾਂ ਮਸਤ ਫੁਲਵਾੜੀਆਂ ਵਿਚ।

ਰਾਹ ਛੱਡ ਕੁਰਾਹ ਨੂੰ ਦਿਨੇ ਤੁਰਦਾ,
ਲੁਕ ਲੁਕ ਰਾਤ ਗੁਜ਼ਾਰਦਾ ਝਾੜੀਆਂ ਵਿਚ।
ਅੱਖ ਲਾ ਕੇ ਓਸ ਨਾ ਪਲ ਵੇਖੀ,
ਅੰਨ ਖਾਧਾ ਨਾ ਭੋਰਾ ਦਿਹਾੜੀਆਂ ਵਿਚ।
ਆਖਰ ਸੂਰਮੇ ਮੰਜ਼ਿਲ ਮੁਕਾ ਲੀਤੀ,
ਕੀਰਤਪੁਰ ਆ ਪੁੱਜਾ ਪਹਾੜੀਆਂ ਵਿਚ।

ਭਾਈ ਜੈਤੇ ਦਾ ਜੀਵਨ ਸੀ ਸਫਲ ਹੋਇਆ,
ਨਾਨਕ ਦਰੋਂ ਹੋ ਖੁਸ਼ੀਆਂ ਅਲਾਟ ਗਈਆਂ।
ਹਠੀ ਮਰਦ ਅਣਖੀਲੇ ਨਾ ਸੀ ਕੀਤੀ,
ਭਾਵੇਂ ਪੈਰਾਂ ਦੀਆਂ ਤਲੀਆਂ ਪਾਟ ਗਈਆਂ।

ਕਿਸੇ ਸਿੱਖ ਦਸਮੇਸ਼ ਨੂੰ ਕਿਹਾ ਆ ਕੇ,
ਕਠਨ ਜੈਤਾ ਜੀ ਘਾਲਣਾ ਘਾਲ ਆਏ।
ਸੀਸ ਪਿਤਾ ਜੀ ਦਾ ਉਹਨਾਂ ਲੈ ਆਂਦਾ,
ਹਾਲ ਸੁਨਣ ਵਾਲਾ ਜਿਹੜੇ ਹਾਲ ਆਏ।
ਗੋਬਿੰਦ ਰਾਇ ਜੀ ਪਾਲਕੀ ਲੈ ਸੁੰਦਰ,
ਕਰਨ ਸੀਸ ਦਾ ਸੀ ਇਸਤਕਬਾਲ ਆਏ।
ਸਿਰ ਦੇ ਸਾਈਂ ਦੇ ਸੀਸ ਨੂੰ ਕਰਨ ਸਜਦਾ,
ਗੁਜਰੀ ਮਾਂ ਜੀ ਚਲ ਕੇ ਨਾਲ ਆਏ।

ਜੀਵਨ ਜੋਗਿਆ ਸੰਗ ਨਾ ਲੱਗ ਸੀਨੇ,
ਤਾਂ ਕੀ ਜੇ ਜ਼ਾਤੋਂ ਰੰਘਰੇਟਾ ਏਂ ਤੂੰ।
ਤੇਰੀ ਭਿਟ ਨੂੰ ਭੇਟ ਵਡਿਆਈ ਕਰਨਾ,
'ਬਚਨ' ਅੱਜ ਤੋਂ ਗੁਰੂ ਕਾ ਬੇਟਾ ਏਂ ਤੂੰ।

ਕੁਰਬਾਨੀ ਤੇ ਸਿੱਖ

(ਸ: ਬਲਵੰਤ ਸਿੰਘ 'ਤੇਗ', ਅੰਮ੍ਰਿਤਸਰ)

ਭਾਨੀ ਜੀ ਦੇ ਭਾਨ ਅਤੇ ਨਾਨਕੀ ਦੇ ਨੂਰ ਜੀਓ !
ਪੱਤ ਸੀ ਬਚਾਈ ਤੁਸਾਂ ਲੁੱਛਦੀ ਜਵਾਨੀ ਦੀ।
ਰੰਗ ਤੇਰੇ ਵੇਖ ਕੇ ਔਰੰਗ ਬਦਰੰਗ ਹੋਇਆ,
ਨੀਵੀਂ ਹੋਈ ਧੌਣ ਉਸ ਪਾਪੀ ਅਭਿਮਾਨੀ ਦੀ।
ਐਸੀ ਚਾਲ ਚਲੀ, ਲੋਕ ਵੇਖ ਕੇ ਹੈਰਾਨ ਹੋਏ,
ਚਾਲ ਮਾਤ ਪਾਈ ਝੂਠੀ ਸ਼ਰ੍ਹਾ ਤੇ ਸ਼ੈਤਾਨੀ ਦੀ।
ਤੇਗਾਂ ਹੇਠਾਂ ਬੈਠਾ ਤੈਨੂੰ ਵੇਖ ਕੇ ਸੁਮੇਰ ਵਾਂਗ,
ਆਖਦੇ ਸੀ ਕਾਜ਼ੀ ਬੜੀ ਗੱਲ ਹੈ ਹੈਰਾਨੀ ਦੀ।

ਨਾਨਕੀ ਦੇ ਚੰਨ, ਚੌਂਕ ਚਾਂਦਨੀ ਦੇ ਵਿਚ ਚੜ੍ਹ,
ਰੱਤ ਵੀ ਵਹਾਈ, ਚਮਕਾਈ ਸ਼ਾਨ ਭਾਨੀ ਦੀ।
ਫੜਕੇ ਮਸਾਲ, ਜੇ ਜਹਾਨ ਸਾਰਾ ਭਾਲੀਏ ਤਾਂ,
ਮਿਲੇ ਨਾ ਮਿਸਾਲ ਕਿਤੇ ਤੇਰੀ ਕੁਰਬਾਨੀ ਦੀ।

ਤੇਰਾ ਹੀ ਸਬੂਰੀ ਰੂਪ ਧਾਰ ਕੇ ਹਿਮਾਲੀਆ ਦਾ,
ਰੋਕ ਦਿਤਾ ਚੜ੍ਹੇ ਹੋਏ ਧੱਕੇ ਦੇ ਤੂਫਾਨ ਨੂੰ।
ਪੈਰਾਂ ਵਿਚ ਡਿਗੇ ਹੋਏ ਹਿੰਦ ਨੂੰ ਖਲ੍ਹਾਰ ਦਿਤਾ,
ਧੀਰਜ ਦਿਲਾਸਾ ਦਿਤਾ ਰੋਂਦੇ ਇਨਸਾਨ ਨੂੰ।
ਹੌਕਿਆਂ ਤੇ ਹੰਝੂਆਂ ਨੂੰ ਹਾਸਿਆਂ ਦਾ ਰੂਪ ਦੇ ਕੇ,
ਖੇੜਾ ਖੁਲ੍ਹਾ ਵੰਡਿਆ ਏ ਜਨਤਾ ਦੀ ਜਾਨ ਨੂੰ।
ਤੋਬਾ ਅੱਲ੍ਹਾ ਆਖ ਉਠੇ ਵੇਖ ਕੁਰਬਾਨੀ ਤੇਰੀ,
ਭੁਲੇ ਸੀ ਜੋ ਅੱਲ੍ਹਾ ਨੂੰ, ਹਦੀਸ਼ ਨੂੰ, ਕੁਰਾਨ ਨੂੰ।

ਰੋੜ੍ਹ ਕੇ ਤੇ ਨਾਲ ਮੁਗਲਈਆ ਸਾਰਾ ਲੈ ਗਿਆ ਉਹ,
ਹੈਸੀ ਚਾਲ ਤਿੱਖੀ ਤੇਰੇ ਖੂਨ ਦੀ ਰਵਾਨੀ ਦੀ।

ਸੱਚ ਦਿਆ ਆਸ਼ਕਾ! ਨਾ ਆਖਣੋਂ ਹੈ ਰਿਹਾ ਜਾਂਦਾ,
ਮਿਲੇ ਨਾ ਮਿਸਾਲ ਕਿਤੇ ਤੇਰੀ ਕੁਰਬਾਨੀ ਦੀ।

ਧੜ ਨਾਲੋਂ ਸੀਸ ਤੇਰਾ ਵੱਖ ਹੋਇਆ ਜਦੋਂ ਦਾਤਾ,
ਹਿੰਮਤ ਨਾ ਕੀਤੀ ਕਿਸੇ ਸੀਸ ਨੂੰ ਉਠਾਣ ਦੀ।
ਹਾ ਵਾਲਾ ਨਾਹਰਾ ਕਿਸੇ ਧਰਮੀ ਨੇ ਮਾਰਿਆ ਨਾ,
ਸਾਰੇ ਇਹੋ ਸੋਚਦੇ ਸੀ ਜਾਨ ਨੂੰ ਬਚਾਣ ਦੀ।
ਚਾਂਦਨੀ ਦਾ ਚੌਂਕ ਪਿਆ ਅਜ ਵੀ ਗਵਾਹੀ ਦੇਵੇ,
ਜਾਨ ਦੇ ਕੇ ਜਾਨ ਸੀ ਬਚਾਈ ਹਿੰਦੁਸਤਾਨ ਦੀ।
ਸੋਚਦਾ ਸੀ ਜਿਹੜਾ, ਕਰਾਂ ਮੋਮਨ ਮੈਂ ਹਿੰਦ ਸਾਰਾ,
ਮਿੱਟੀ ਵਿਚ ਮੇਲੀ ਖਾਹਸ਼ ਉਸ ਹੁਕਮਰਾਨ ਦੀ।

ਲਾਲੀ ਜਿਹੜੀ ਦਿਸੇ ਕਸ਼ਮੀਰ ਦਿਆਂ ਫੁੱਲਾਂ ਉਤੇ,
ਬਖਸ਼ਿਸ਼ ਏ ਸਾਰੀ ਦਾਤਾ! ਤੇਰੀ ਮਿਹਰਬਾਨੀ ਦੀ।
ਮਿਲਦੀਆਂ ਮਿਸਾਲਾਂ ਹੈਣ ਬਹੁਤ ਕੁਰਬਾਨੀ ਦੀਆਂ,
ਮਿਲੇ ਨਾ ਮਿਸਾਲ ਕਿਤੇ ਤੇਰੀ ਕੁਰਬਾਨੀ ਦੀ।

ਚੜ੍ਹਿਆ ਤੂਫਾਨ ਜਦੋਂ, ਭਾਈ ਜੈਤੇ ਓਸ ਵੇਲੇ,
ਜੁਰਤ ਦੇ ਨਾਲ ਹੈ ਸੀ ਸਮੇਂ ਨੂੰ ਸੰਭਾਲਿਆ।
ਗੁਰੂ ਜੀ ਦੇ ਚਰਨਾਂ 'ਚ ਉਸ ਨੇ ਸੀ ਸੁਰਤ ਜੋੜੀ,
ਅਗੇ ਹੋ ਕੇ ਸੀਸ ਉਹਨੇ ਗੁਰੂ ਦਾ ਉਠਾ ਲਿਆ।
ਅੱਖ ਸੀ ਬਚਾ ਕੇ ਗਿਆ ਵੈਰੀਆਂ ਤੋਂ ਲੰਘਦਾ ਉਹ,
ਕਰੇ ਅਰਦਾਸ, ਕਰੀਂ ਮਿਹਰ, ਮਿਹਰਾਂ ਵਾਲਿਆ।
ਕਰ ਕਰ ਕੀਰਤੀ ਉਹ, ਪਹੁੰਚਿਆ ਸੀ ਕੀਰਤਪੁਰ,
ਨੈਣਾਂ ਚੋਂ ਵੈਰਾਗ ਵਿਚ ਨੀਰ ਸੀ ਉਛਾਲਿਆ।

ਬੜੇ ਸਤਿਕਾਰ ਨਾਲ ਗੁਰਾਂ ਅਗੇ ਸੀਸ ਧਰ,
ਜਿਵੇਂ ਬੀਤੀ ਦੱਸੀ ਗੱਲ, ਜ਼ੁਲਮ ਦੀ ਕਹਾਣੀ ਦੀ।
ਜਿਵੇਂ ਕੁਰਬਾਨੀ ਕੀਤੀ, ਦਾਤਾ! ਨੌਵੇਂ ਪਾਤਸ਼ਾਹ ਨੇ,
ਮਿਲੇ ਨਾ ਮਿਸਾਲ ਕਿਤੇ ਉਹਦੀ ਕੁਰਬਾਨੀ ਦੀ।

ਬੜੇ ਸਤਿਕਾਰ ਨਾਲ ਝੋਲੀ ਵਿਚ ਸੀਸ ਲੈ ਕੇ,
ਬਾਲ ਦਸਮੇਸ਼, ਬੜੇ ਰੋਹ ਵਿਚ ਆ ਗਿਆ।
ਸੰਗਤਾਂ ਉਦਾਸ ਹੋਈਆਂ, ਜਗਤ-ਮਾਤਾ ਸਣੇ ਸਭ,
ਚਾਰ ਚੁਫੇਰੇ ਹੀ ਵੈਰਾਗ ਜਿਹਾ ਛਾ ਗਿਆ।
ਬੋਲਿਆ ਗੋਬਿੰਦ ਰਾਏ, ਸ਼ੇਰ ਪੈਦਾ ਕਰਾਂਗਾ ਮੈਂ,
ਗੁਰੂ-ਪਿਤਾ ਟਿੱਕੇ, ਜੰਝੂ ਹਿੰਦ ਨੂੰ ਬਚਾ ਗਿਆ।
ਭਾਈ ਜੈਤਾ, ਰੰਘਰੇਟਾ, ਗੁਰੂ ਕਾ ਤੂੰ ਬੇਟਾ ਚੰਨਾ,
ਅਲੋਕਾਰ ਜਿਹੜੀ ਸੇਵਾ ਅੱਜ ਤੂੰ ਕਮਾ ਗਿਆ।

ਖੁੰਡੀ ਕੀਤੀ ਜ਼ੁਲਮ-ਤੇਗ, ਤੇਗ ਬਹਾਦਰ ਪਿਤਾ,
ਉਪਮਾ ਨਾ ਹੋਵੇ, ਉਹਦੀ ਨਿਮਰਤਾ ਲਾਸਾਨੀ ਦੀ।
ਓਹਦੀ ਕੁਰਬਾਨੀ ਜਿਵੇਂ ਭੁੱਲਣੀ ਨਹੀਂ ਜਗ ਤਾਈਂ,
ਤਿਵੇਂ ਤੇਰੀ ਚਰਚਾ ਪਈ ਹੋਊ ਕੁਰਬਾਨੀ ਦੀ।

ਚਮਕੇਗਾ ਨਾਂ ਤੇਰਾ ਸਦਾ ਇਤਿਹਾਸ ਵਿਚ,
ਸੀਨੇ ਲਾ ਕੇ ਕਿਹਾ ਗੁਰਾਂ, ਧੰਨ ਤੇਰੀ ਮਾਈ ਏ।
ਮੌਤ ਕੋਲੋਂ ਡਰਦਿਆਂ ਜਾਂ ਧਰਮੀਆਂ ਨੇ ਮੂੰਹ ਮੋੜੇ,
ਉਦੋਂ ਜਾਨ ਆਪਣੀ ਤੂੰ ਤਲੀ ਤੇ ਟਿਕਾਈ ਏ।
ਝੱਖੜਾਂ, ਤੂਫਾਨਾਂ ਵਿਚੋਂ ਸੀਸ ਲੈ ਕੇ ਆ ਗਿਆ ਏਂ,
ਹਿੰਮਤ, ਦਲੇਰੀ, ਬੜੀ ਜੁਰਤ ਵਿਖਾਈ ਏ।
ਜੱਸ ਤੇਰਾ ਜੈਤਿਆ, ਜਹਾਨ ਸਦਾ ਗਾਏਗਾ ਇਹ,
ਜੱਗ ਵਿਚ ਪਾਈ ਤੂੰ ਤੇ ਵੱਡੀ ਵਡਿਆਈ ਏ।

ਕਹਿਣ ਲੱਗਾ ਜੈਤਾ, ਮੈਂ ਤੇ ਸੋਚਿਆ ਸੀ ਏਹੋ,
'ਤੇਗ' ਲਾ ਦੇਵਾਂ ਗੁਰੂ ਲੇਖੇ ਬਾਜ਼ੀ ਜ਼ਿੰਦਗਾਨੀ ਦੀ।
ਸੂਰਜ ਤੇ ਚੰਨ ਤਾਰੇ, ਧਰਤੀ, ਆਕਾਸ਼ ਆਖੇ,
ਮਿਲੇ ਨਾ ਮਿਸਾਲ ਕਿਤੇ, ਉਹਦੀ ਕੁਰਬਾਨੀ ਦੀ।

ਸੀਸ ਚੁੱਕਿਆ ਜਿਨ੍ਹੇ ਪਰਮਾਤਮਾ ਦਾ

(ਜਾਗੀਰ 'ਆਸ਼ਾ' ਅੰਮ੍ਰਿਤਸਰੀ)

ਜੀਵਨ ਸਿੰਘ ਦਾ ਜੀਵਨ ਕਮਾਲ ਜੀਵਨ,
ਜੀਵਨ ਜਿਹਨੇ ਸੀ ਔਕੜ ਵਿਚ ਪਾ ਦਿਤਾ।
ਪਾ ਦਿਤਾ ਸੀ ਬਲਦੀ ਵਿਚ ਹੱਥ ਓਹਨੇ,
ਸਿਰ-ਲੱਥ ਯੋਧਿਆਂ ਨੂੰ ਨਵਾਂ ਰਾਹ ਦਿਤਾ।
ਰਾਹ ਦਿਤਾ ਸੀ ਅਣਖ ਲਈ ਮਿਟਣ ਵਾਲਾ,
ਆਪਣੀ ਜਾਨ ਨੂੰ ਬਾਜ਼ੀ ਤੇ ਲਾ ਦਿਤਾ।
ਲਾ ਦਿਤਾ ਸੀ ਬਾਗ ਬਹਾਦਰੀ ਦਾ,
ਅਣਖੀ ਭੌਰਿਆਂ ਨੂੰ ਨਵਾਂ ਚਾਅ ਦਿਤਾ।

ਚਾਅ ਦਿਤਾ ਸੀ ਓਸ ਨੂੰ ਆਪ ਕੁਦਰਤ,
ਰੋਕ ਸਕੇ ਨਾ ਆਉਂਦੀਆਂ ਫਾਹੀਆਂ ਦੇ ਹੱਥ।
ਹੱਥ ਓਸ ਦੇ ਬਿਜਲੀ ਦਾ ਰੂਪ ਬਣ ਗਏ,
ਰੋਕ ਸਕੇ ਨਾ ਮੁਗਲ ਸਿਪਾਹੀਆਂ ਦੇ ਹੱਥ।

ਚੌਂਕ ਚਾਂਦਨੀ ਦਿੱਲੀ ਵਿਚ ਭੀੜ ਡਾਹਢੀ,
ਉਸ ਨੇ ਸੀਸ ਨੂੰ ਚੁੱਕ ਲਿਆ ਸੀਸ ਉਤੇ।
ਕਦੇ ਬੁੱਕਲ ਵਿਚ ਰਖਦਾ ਨਾਲ ਸ਼ਰਧਾ,
ਤੁਰਿਐ ਵਾਹਿਗੁਰੂ ਵਾਲੀ ਅਸੀਸ ਉਤੇ।
ਲਾਂ ਅਨੰਦ, ਅਨੰਦਪੁਰ ਪਹੁੰਚ ਕੇ ਮੈਂ,
ਤੇਜ਼ ਗੱਡੀ ਦੀ ਭੱਜ ਕੇ ਰੀਸ ਉਤੇ।
ਆਵੇ ਕੋਈ ਮੁਸੀਬਤ ਪਰਵਾਹ ਕਾਹਦੀ,
ਜਾਂਦੈ ਆਪਣੇ ਸਿਰ ਦੀ ਫੀਸ ਉਤੇ।

ਕਹਿੰਦੈ ਮਾਤ ਗੁਜਰੀ ਜਦੋਂ ਸੀਸ ਤੱਕੂ,
ਜਾਗ ਪਵੇਗਾ ਪਤੀ ਦਾ ਮੋਹ ਓਹਦਾ।

ਸੀਸ ਪਿਤਾ ਦਾ ਬਾਲ ਗੋਬਿੰਦ ਵੇਖੂ,
ਜਾਗ ਪਵੇਗਾ ਹਿਰਦੇ ਦਾ ਰੋਹ ਓਹਦਾ।

ਨਜ਼ਰ ਬੀਤੇ ਇਤਿਹਾਸ ਵਲ ਮਾਰਦਾ ਏ,
ਪੰਜਵੇਂ ਗੁਰੂ ਅਰਜਨ ਨਜ਼ਰੀਂ ਆ ਰਹੇ ਨੇ।
ਕੂਲੇ ਰੇਸ਼ਮੀ ਸੋਹਲ ਸਰੀਰ ਉਤੇ,
ਕੜਛੇ ਰੇਤ ਦੇ ਕਹਿਰ ਕਮਾ ਰਹੇ ਨੇ।
ਮਤੀ ਦਾਸ ਦਾ ਕਦੇ ਦ੍ਰਿਸ਼ ਦਿਸਦੈ,
ਆਰੇ ਨਾਲ ਜਿਹੜੇ ਚੀਰੇ ਜਾ ਰਹੇ ਨੇ।
ਸਤੀਦਾਸ ਜੀ ਰੂੰਅ ਦੇ ਵਿਚ ਸੜਦੇ,
ਫਿਰ ਵੀ ਵਾਹਿਗੁਰੂ ਦਾ ਜੱਸ ਗਾ ਰਹੇ ਨੇ।

ਦੇਗ ਅੰਦਰ ਹੈ ਉਬਲਦਾ ਪਿਆ ਪਾਣੀ,
ਬਹਿ ਕੇ ਦਿਆਲਾ ਜੀ ਵਿਚ ਮੁਸਕਾਈ ਜਾਂਦੇ।
ਦੁੱਖ ਸੁੱਖ ਇਕ ਬਰਾਬਰ ਨੇ ਗੁਰਮੁਖਾਂ ਲਈ,
ਏਸ ਕਥਨ ਨੂੰ ਹੈਣ ਦੋਹਰਾਈ ਜਾਂਦੇ।

ਸੀਸ ਚੁੱਕ ਕੇ ਫਰਜ਼ ਨਿਭਾਉਣ ਲੱਗਿਆਂ,
ਓਸ ਸੂਰੇ ਨੂੰ ਚਾਅ ਮਹਾਨ ਚੜ੍ਹਿਆ।
ਗਦ ਗਦ ਨੈਣ ਹੋ ਗਏ ਸੀਸ ਵੇਂਹਦਿਆਂ ਹੀ,
ਏਸ ਆਸ਼ਕ ਦਾ ਇਸ਼ਕ ਪਰਵਾਨ ਚੜ੍ਹਿਆ।
ਇਹ ਤਾਰੂ ਕਿਨਾਰੇ ਨੂੰ ਛੋਹੀ ਜਾਂਦੈ,
ਇਸ ਤੋਂ ਹਾਰ ਹੈ ਗਿਆ ਤੂਫਾਨ ਚੜ੍ਹਿਆ।
ਜਾਨੀ ਜਾਨ ਦੀ ਜਿਹਦੇ ਤੇ ਮਿਹਰ ਦਿਸੇ,
ਪਿਛੇ ਵਾਹਰ ਲੈ ਕੇ ਅਜ ਅਨਜਾਨ ਚੜ੍ਹਿਆ।

ਸੀਸ ਗੁਰਾਂ ਦੇ ਨੂੰ ਹੱਥ ਲਾਉਂਦਿਆਂ ਹੀ,
ਲੂੰਅ ਲੂੰਅ ਠਰ ਗਿਆ ਸੀ ਜੀਹਦੀ ਆਤਮਾ ਦਾ।
ਭਲਾ ਓਸ ਦੇ ਸੀਸ ਨੂੰ ਕੀ ਖਤਰਾ,
ਸੀਸ ਚੁੱਕਿਆ ਜਿਹਨੇ ਪਰਮਾਤਮਾ ਦਾ।

ਪੈਂਡੇ ਮਾਰਦਾ ਉਹ ਕੀਰਤਪੁਰ ਆਇਆ,
ਗੋਬਿੰਦ ਰਾਇ ਤੇ ਗੁਜਰੀ ਜੀ ਆਏ ਓਥੇ।
ਇਕ ਨੇ ਪਤੀ ਤੱਕਿਆ, ਇਕ ਨੇ ਪਿਤਾ ਤੱਕਿਆ,
ਆਪੋ ਆਪਣੇ ਪਿਆਰ ਵਿਖਾਏ ਓਥੇ।
ਮਾਤਾ ਨਾਨਕੀ ਪੁੱਤ ਦਾ ਸੀਸ ਤੱਕਿਆ,
ਅਕਾਲ ਪੁਰਖ ਦੇ ਸ਼ੁਕਰ ਮਨਾਏ ਓਥੇ।
ਮਾਈ ਭਾਈ ਸਭ ਨੇ, ਨਮਸਕਾਰ ਕੀਤਾ,
ਕਈਆਂ ਆਪਣੇ ਨੈਣ ਬਰਸਾਏ ਓਥੇ।

ਭਾਈ ਜੈਤਾ ਜੀ ਨੂੰ ਗੋਬਿੰਦ ਰਾਇ ਕਿਹਾ,
ਰੰਘਰੇਟਾ ਗੁਰ-ਬੇਟਾ ਤੂੰ ਰਹੀਂ ਸਿੱਖਾ।
ਕਾਰਨਾਮਾ ਜੋ ਕਰਕੇ ਤੂੰ ਆਇਐਂ,
ਤੇਰੇ ਜਿਹਾ 'ਆਸ਼ਾ' ਕੋਈ ਨਹੀਂ ਸਿੱਖਾ।

ਸਿੰਘ ਸਭਾ ਲਹਿਰ, ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ
ਅਤੇ ਦੇਸ਼ ਦੀ ਅਜ਼ਾਦੀ ਦੇ ਸੰਗ੍ਰਾਮੀਏ

ਭਾਈ ਗਿਆਨ ਸਿੰਘ ਜੀ

(ਸ: ਹਰੀ ਸਿੰਘ ਬਿਲਗਾ)

ਭਾਈ ਸਾਹਿਬ ਜੀ ਦਾ ਜਨਮ ਮਾਤਾ ਭਾਗੋ, ਪਿਤਾ ਭਾਈ ਮਈਆ ਸਿੰਘ ਜੀ ਦੇ ਘਰ, ਸੰਨ ੧੮੭੫ ਈਸਵੀ ਨੂੰ ਪਿੰਡ ਕਸਬਾ ਬਿਲਗਾ, ਤਹਿਸੀਲ ਫਿਲੌਰ, ਜ਼ਿਲਾ ਜਲੰਧਰ ਵਿਖੇ ਹੋਇਆ। ਆਪ ਦੇ ਪਿਤਾ ਜੀ ਭੀ ਧਾਰਮਿਕ ਵਿਚਾਰਾਂ ਵਾਲੇ ਸਨ। ਇਸ ਲਈ ਆਪ ਜੀ ਵੀ ਮੁੱਢ ਤੋਂ ਹੀ ਧਾਰਮਿਕ ਵਿਚਾਰ ਰੱਖਦੇ ਸਨ।

ਭਾਈ ਗਿਆਨ ਸਿੰਘ ਜੀ ਨੇ ਮੁੱਢਲੀ ਵਿਦਿਆ ਪੰਜਾਬੀ, ਨਗਰ ਦੇ ਗੁਰਦੁਆਰੇ ਦੇ ਮਹੰਤ ਪਾਸੋਂ ਪੜ੍ਹੀ। ਆਪ ਦੀ ਤੀਖਣ ਬੁਧੀ ਅਤੇ ਉੱਚਾ ਆਚਰਣ ਸੀ। ਲਗਪਗ ਤੀਹ ਸਾਲ ਦੀ ਉਮਰ ਤਕ ਘਰੋਗੀ ਕੰਮ-ਕਾਜ ਅਤੇ ਬੱਚਿਆਂ ਦੀ ਸੇਵਾ-ਸੰਭਾਲ ਵਿਚ ਲੱਗੇ ਰਹੇ। ਬਾਅਦ ਵਿਚ ਚਾਰ-ਪੰਜ ਸਾਲ ਫੌਜ ਵਿਚ ਸਰਵਿਸ ਕੀਤੀ। ਆਪ ਚੰਗੇ ਗ੍ਰਿਹਸਤੀ, ਵਡੇ ਪ੍ਰਵਾਰ ਵਾਲੇ ਸਨ। ਆਪ ਦੀਆਂ ਚਾਰ ਲੜਕੀਆਂ ਅਤੇ ਇਕ ਲੜਕਾ ਹੈ।

ਆਪ ਪੂਰਨ ਗੁਰਸਿੱਖ, ਰਹਿਤਵਾਨ, ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਪੂਰੇ ਗੁਰਮਤਿ ਦੇ ਧਾਰਨੀ ਸਨ। ਪਹਿਲਾ ਨਾਮ ਆਪ ਦਾ ਲੱਖਾ ਸਿੰਘ ਸੀ। ਦੁਬਾਰਾ ਸ੍ਰੀ ਅਕਾਲ ਤਖਤ ਤੋਂ ਅੰਮ੍ਰਿਤ ਛਕਿਆ ਅਤੇ ਆਪ ਦਾ ਨਾਮ ਭਾਈ ਗਿਆਨ ਸਿੰਘ ਪ੍ਰਸਿੱਧ ਹੋਇਆ। ਆਪ ਨੇ ਇਸ ਸਮੇਂ ਵਿਚ ਦੁਆਬੇ ਦੇ ਪਿੰਡਾਂ, ਨਗਰਾਂ, ਸ਼ਹਿਰਾਂ ਅੰਦਰ ਸਿਖ ਧਰਮ ਦਾ ਪ੍ਰਚਾਰ ਕੀਤਾ। ਗੁਰਦੁਆਰੇ ਕਾਇਮ ਕੀਤੇ, ਗੁਰਪੁਰਬ ਮਨਾਉਣੇ, ਵੱਡੇ ਵੱਡੇ ਧਾਰਮਿਕ, ਸਮਾਜਿਕ ਅਤੇ ਰਾਜਸੀ ਦੀਵਾਨ ਕਰਨੇ, ਜਲੂਸ ਕੱਢਣੇ, ਆਪ ਜੀ ਦਾ ਮੁਖ ਮਨੋਰਥ ਸੀ। ਆਪ ਸੱਚੇ ਅਰਥਾਂ ਵਿਚ ਦੇਸ਼-ਭਗਤ ਸਨ।


ਸੰਨ ੧੯੦੦ ਈਸਵੀ ਤੋਂ ਹੀ ਆਪ ਸਿੰਘ ਸਭਾ ਨਾਲ ਮਿਲ ਕੇ ਧਾਰਮਿਕ ਅਤੇ ਵਿਦਿਆ, ਸਮਾਜ ਸੁਧਾਰ ਦਾ ਪ੍ਰਚਾਰ ਕਰਦੇ ਰਹੇ। ਬਾਅਦ ਵਿਚ ੧੯੧੪


ਤੋਂ ਅੰਗਰੇਜ਼ੀ ਸਰਕਾਰ ਦੇ ਜ਼ੁਲਮ, ਅੱਤਿਆਚਾਰਾਂ ਤੋਂ ਦੁਖੀ ਲੋਕਾਂ ਨੇ ਇਕੱਠੇ ਹੋਣਾ ਸ਼ੁਰੂ ਕਰ ਦਿਤਾ। ਖਾਸ ਕਰ ੧੯੧੯ ਵਿਚ ਰੋਲਟ ਐਕਟ ਵਿਰੁਧ ਸਾਰੇ ਦੇਸ਼ ਵਿਚ ਐਜੀਟੇਸ਼ਨ ਸ਼ੁਰੂ ਹੋਈ। ਮਾਈਕਲ ਓਡਵਾਇਰ ਨੇ ਮਾਰਸ਼ਲ-ਲਾਅ ਜਾਰੀ ਕੀਤਾ। ਜਲ੍ਹਿਆਂ ਵਾਲੇ ਬਾਗ ਵਿਚ ਨਿਹੱਥੇ ਦੇਸ਼ਵਾਸੀਆਂ ਤੇ ਗੋਲੀ ਚਲਾਈ। ਬਹੁਤ ਸਾਰੇ ਮਾਰੇ ਗਏ ਤੇ ਫੱਟੜ ਵੀ ਹੋਏ। ਇਹਨਾਂ ਮਜ਼ਲੂਮਾਂ ਦੇ ਡੁੱਲ੍ਹੇ ਖੂਨ ਨੇ ਦੇਸ਼ ਵਿਚ ਰਾਜਨੀਤਕ ਜਾਗਰਤ ਪੈਦਾ ਕਰ ਦਿੱਤੀ।

ਸੋ ਉਸ ਦਿਨ ਤੋਂ ਭਾਈ ਗਿਆਨ ਸਿੰਘ ਜੀ ਭੀ ਜ਼ੁਲਮ ਦੇ ਬਰਖਿਲਾਫ ਹਰ ਐਜੀਟੇਸ਼ਨ ਤੇ ਸਤਿਆਗ੍ਰਹਿ ਵਿਚ ਸਭ ਤੋਂ ਅਗੇ ਹੋ ਕੇ ਹਿੱਸਾ ਲੈਣ ਲੱਗੇ।

੧੯੨੦ ਵਿਚ ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਚੱਲੀ। ਅਕਾਲੀ ਦਲ ਨੇ ਗੁਰੂ ਕਾ ਬਾਗ, ਤਰਨ ਤਾਰਨ, ਅੰਮ੍ਰਿਤਸਰ, ਸ੍ਰੀ ਨਨਕਾਣਾ ਸਾਹਿਬ, ਭਾਈ ਫੇਰੂ ਅਤੇ ਜੈਤੋ ਆਦਿ ਮੋਰਚੇ ਲਾਏ ਜੋ ੧੯੨੫ ਵਿਚ ਸਮਾਪਤ ਹੋਏ। ਗੁਰਦੁਆਰਾ ਐਕਟ ਬਣ ਗਿਆ।

ਭਾਈ ਸਾਹਿਬ ਨੇ ਗੁਰੂ ਕਾ ਬਾਗ ੬ ਮਹੀਨੇ, ਨਨਕਾਣਾ ਸਾਹਿਬ ੬ ਮਹੀਨੇ ਜੇਹਲ ਯਾਤਰਾ ਕੀਤੀ, ਅਤੇ ਮੋਰਚਾ ਭਾਈ ਫੇਰੂ ੨ ਸਾਲ ੬ ਮਹੀਨੇ ਜੇਹਲ ਯਾਤਰਾ ਕੀਤੀ। ੧ ਸਾਲ ਜੈਤੋ ਦੇ ਮੋਰਚੇ ਵਿਚ ਜੇਹਲ ਯਾਤਰਾ ਤੇ ਅੰਤ ੮੫ ਸਾਲ ਦੀ ਉਮਰ ਭੋਗ ੧੯੬੦ ਵਿਚ ਭਾਈ ਗਿਆਨ ਸਿੰਘ ਜੀ ਗੁਰਪੁਰੀ ਜਾ ਬਿਰਾਜੇ।







ਸ: ਕਰਤਾਰ ਸਿੰਘ ਨੱਯਰ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਪ੍ਰੀਤਮ ਕੌਰ ਜਿਹਨਾਂ ਨੇ 'ਮਜ਼ਹਬੀ ਸਿਖਾਂ ਦਾ ਇਤਿਹਾਸ' ਛਪਵਾਉਣ ਵਿਚ ਅਣਥੱਕ ਮਿਹਨਤ ਕੀਤੀ।




ਭਾਈ ਜੈਤਾ (ਬਾਬਾ ਜੀਵਨ ਸਿੰਘ ਜੀ) ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਿਜਾਂਦੇ ਹੋਏ ਜੰਗਲੋ-ਜੰਗਲ, ਵਾਹੋ-ਦਾਹੀ ਰਾਤ-ਦਿਨ ਲੰਘੀ ਜਾ ਰਹੇ ਹਨ।




ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੀਵਨ ਸਿੰਘ ਜੀ ਚਮਕੌਰ ਦੇ ਜੰਗ ਵਿਚ ਮੁਗ਼ਲ ਫ਼ੌਜਾਂ ਨਾਲ ਟਾਕਰਾ ਕਰਦੇ ਹੋਏ ।



ਗੁ: ਸੀਸ ਗੰਜ ਅਨੰਦਪੁਰ ਸਾਹਿਬ ਜਿਥੇ ਗੁਰੂ ਤੇਗ ਬਹਾਦਰ ਜੀ ਦੇ
ਸੀਸ ਦਾ ਸਸਕਾਰ ਹੋਇਆ ਸੀ ।



ਬੁੰਗਾ ਬਾਬਾ ਜੀਵਨ ਸਿੰਘ ਜੀ, ਸ੍ਰੀ ਅਨੰਦਪੁਰ ਸਾਹਿਬ



ਗੁਰੂ ਗੋਬਿੰਦ ਸਿੰਘ ਜੀ
ਬੰਦੂਕ ਦੀ ਪਰਖ ਸਮੇਂ ਭਾਈ ਡੱਲੇ ਦਾ ਮਾਣ ਤੋੜਦੇ ਹੋਏ




ਭਾਈ ਜੈਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਤੇਗ ਬਹਾਦਰ ਜੀ ਦਾ ਸੀਸ ਭੇਟ ਕੀਤਾ ਤਾਂ ਗੁਰੂ ਜੀ ਨੇ ਭਾਈ ਜੀ ਨੂੰ ਛਾਤੀ ਨਾਲ ਲਾਕੇ




ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਜਿਨ੍ਹਾਂ ਇਕ ਆਨਾ ਹਰ ਗੱਡੇ ਕੋਲੋਂ ਤੇ ਪੌਲਾ ਹਰ ਖੋਤੇ ਵਾਲੇ ਕੋਲੋਂ ਟੈਕਸ ਉਗਰਾਹਿਆ ਸੀ। ਲਗਭਗ ਸੰਨ ੧੭੪੦ ਵਿਚ ਮੁਗ਼ਲ ਫ਼ੌਜਾਂ ਦਾ ਮੁਕਾਬਲਾ ਕਰਕੇ ਸਿੰਘਾਂ ਦੀ ਚੜ੍ਹਦੀ ਕਲਾ ਦਰਸਾ ਰਹੇ ਹਨ।





(ਉੱਪਰ) ਬਾਬਾ ਜੀਵਨ ਸਿੰਘ ਜੀ ਸਾਹਿਬਜ਼ਾਦਾ ਅਜੀਤ ਸਿੰਘ ਨੂੰ
ਸ਼ਸਤਰ-ਵਿਦਿਆ ਸਿਖਾਉਂਦੇ ਹੋਏ ।
(ਥੱਲੇ) ਚਮਕੌਰ ਦੀ ਜੰਗ ਵਿਚ ਬਾਬਾ ਜੀਵਨ ਸਿੰਘ



ਗੁਰਦੁਆਰਾ ਸ੍ਰੀ ਚਮਕੌਰ ਸਾਹਿਬ